Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Personal Injury and Wrongful Death Attorneys
ਹਾਦਸਿਆਂ ਵਿਚ ਜ਼ਖ਼ਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

Covered California
Certified Insurance Agent
Global Green Insurance Agency
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 41; October 10, 2026
20451 N. Plum Grove Rd., Palatine, IL 60074
Ph:847-359-0746, Fax:847-705-9388

## ਗਿਆਨੇਸ਼ ਨੂੰ ਮੁਅੱਤਲ ਕਰਨ ਦਾ ਅੰਤ੍ਰਿਮ ਆਦੇਸ਼ ਦੇਣ ਤੋਂ ਸੁਪਰੀਮ ਕੋਰਟ ਦਾ ਇਨਕਾਰ

### ਫ਼ੈਸਲਾ ਕਾਨੂੰਨ ਮੁਤਾਬਕ ਨਾ ਹੋਇਆ ਤਾਂ ਰੱਦ ਕਰਾਂਗੇ: ਸੁਪਰੀਮ ਕੋਰਟ

**ਨਵੀਂ ਦਿੱਲੀ:**ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ 'ਤੇ ਕਈ ਮਾਮਲਿਆਂ ਵਿੱਚ ਇਕ ਪਾਸੜ ਫੈਸਲੇ ਲੈਣ ਤੇ ਦੋ ਚੋਣ ਕਮਿਸ਼ਨਰਾਂ ਦੀ ਮਨਜ਼ੂਰੀ ਦੇ ਬਿਨਾਂ ਫ਼ੈਸਲਾ ਲਏ ਜਾਣ ਦੇ ਦੋਸ਼ ਲਗਾਉਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਨੇ ਨੋਟਿਸ ਤਾਂ ਜਾਰੀ ਕਰ ਦਿੱਤਾ, ਪਰ ਉਨ੍ਹਾਂ ਨੂੰ ਮੁਅੱਤਲ ਕਰਨ ਦਾ ਅੰਤ੍ਰਿਮ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਕੋਰਟ ਨੇ ਕਿਹਾ ਕਿ ਅਖ਼ਬਾਰ ਦੀ ਰਿਪੋਰਟ ਦੇ ਆਧਾਰ 'ਤੇ ਫ਼ੈਸਲਾ ਨਹੀਂ ਲਿਆ ਜਾ ਸਕਦਾ। ਦੂਜੇ ਪੱਖ ਨੂੰ ਸੁਣਨਾ ਜ਼ਰੂਰੀ ਹੈ। ਕੋਰਟ ਨੇ ਇਹ ਵੀ ਕਿਹਾ ਕਿ ਕਮਿਸ਼ਨ ਦਾ ਜੇਕਰ ਕੋਈ ਫ਼ੈਸਲਾ ਕਾਨੂੰਨ ਦੇ ਮੁਤਾਬਕ ਨਹੀਂ ਪਾਇਆ ਗਿਆ ਤਾਂ ਉਹ ਉਸ ਨੂੰ ਰੱਦ ਕਰ ਦੇਵੇਗੀ।



ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਯਮਾਲਿਆ ਬਾਗਚੀ ਤੇ ਜਸਟਿਸ ਵੀ. ਉਹਨਾ ਦੇ ਬੈਂਚ ਨੇ ਪਟਨਾ ਵਾਸੀ ਰਾਕੇਸ਼ ਕੁਮਾਰ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਸੀਨੀਅਰ ਵਕੀਲ ਵਿਕਾਸ ਸਿੰਘ ਦੀਆਂ ਦਲੀਲਾਂ ਸੁਣਨ ਮਗਰੋਂ ਪਟੀਸ਼ਨ 'ਚ ਵਿਰੋਧੀ ਧਿਰ ਬਣਾਈ ਗਈ ਕੇਂਦਰ ਸਰਕਾਰ, ਚੋਣ ਕਮਿਸ਼ਨ, ਮੁੱਖ ਚੋਣ ਕਮਿਸ਼ਨਰ (ਸੀਈਸੀ) ਗਿਆਨੇਸ਼ ਕੁਮਾਰ, ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ,ਚੋਣ ਕਮਿਸ਼ਨਰ ਵਿਵੇਕ ਜੋਸ਼ੀ, ਸੀਨੀਅਰ ਚੋਣ ਕਮਿਸ਼ਨਰ ਮਨੀਸ਼ ਗਰਗ ਤੇ ਚੋਣ ਕਮਿਸ਼ਨ 'ਚ ਡਾਇਰੈਕਟਰ ਜਨਰਲ (ਆਈਟੀ) ਸੀਮਾ ਖੰਨਾ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ।

ਸੁਣਵਾਈ ਦੌਰਾਨ ਵਿਕਾਸ ਸਿੰਘ ਨੇ ਕਿਹਾ ਕਿ ਸੀਈਸੀ ਦੀ ਨਿਯੁਕਤੀ ਨਾਲ ਜੁੜੇ ਕਾਨੂੰਨ ਦਾ ਮਸਲਾ ਵੱਡੇ ਬੈਂਚ ਕੋਲ ਵਿਚਾਰ ਅਧੀਨ ਹੈ। ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਨੂੰ 2023 ਦੇ ਸੋਧੇ ਕਾਨੂੰਨ ਦੀ ਧਾਰਾ 16 ਦੇ ਤਹਿਤ ਦਿੱਤੀ ਗਈ ਵਿਸ਼ੇਸ਼ ਸੁਰੱਖਿਆ 'ਤੇ ਸਵਾਲ ਚੁੱਕਿਆ। ਵਿਕਾਸ ਸਿੰਘ ਨੇ ਮੁੱਖ ਚੋਣ ਕਮਿਸ਼ਨਰ ਨੂੰ ਤਤਕਾਲ ਮੁਅੱਤਲ ਕਰਨ ਦੀ ਵੀ ਮੰਗ ਕੀਤੀ। ਪਰ ਕੋਰਟ ਨੇ ਕਿਹਾ ਕਿ ਜਵਾਬ ਆਉਣ ਦਿਓ, ਇਸ ਤਰ੍ਹਾਂ ਇਕਪਾਸੜ ਫ਼ੈਸਲਾ ਨਹੀਂ ਲਿਆ ਜਾ ਸਕਦਾ। ਚੀਫ ਜਸਟਿਸ ਨੇ ਕਿਹਾ ਕਿ ਜੇਕਰ ਸੀਈਸੀ ਨੂੰ ਮੁਅੱਤਲ ਕਰ ਦਿੱਤਾ ਗਿਆ ਤਾਂ ਚੋਣ ਕਮਿਸ਼ਨ ਦਾ ਕੰਮਕਾਜ ਠੱਪ ਹੋ ਜਾਏਗਾ, ਚੋਣਾਂ ਕੌਣ ਕਰਵਾਏਗਾ? ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਰਬਸੰਮਤੀ ਨਾਲ ਜਾਂ ਬਹੁਮਤ ਨਾਲ ਫ਼ੈਸਲਾ ਕਰੇਗਾ। ਜੇਕਰ ਕੋਈ ਫ਼ੈਸਲਾ ਕਾਨੂੰਨ ਦੇ ਮੁਤਾਬਕ ਨਹੀਂ ਪਾਇਆ ਗਿਆ, ਤਾਂ ਉਹ ਉਸ ਨੂੰ ਰੱਦ ਕਰ ਦੇਵੇਗਾ।

## ਫਾਰਮ 6 ਸਬੰਧੀ ਨਹੀਂ ਦਿੱਤੀ ਸੀ ਕਿਸੇ ਤਰ੍ਹਾਂ ਦੀ ਮਨਜ਼ੂਰੀ: ਸੀਜੇਆਈ

ਇਸ ਮਾਮਲੇ 'ਚ ਹੋਰ ਵੀ ਕਈ ਪਟੀਸ਼ਨਾਂ ਹਨ, ਜਿਨ੍ਹਾਂ 'ਚ ਚੋਣ ਕਮਿਸ਼ਨ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕੇ ਗਏ ਹਨ। ਸੁਣਵਾਈ ਦੌਰਾਨ ਇਕ ਹੋਰ ਪਟੀਸ਼ਨਰ ਵਲੋਂ ਪੇਸ਼ ਸੀਨੀਅਰ ਵਕੀਲ ਮੇਨਕਾ ਗੁਰੂਸਵਾਮੀ ਨੇ ਫਾਰਮ-6 'ਚ ਕੀਤੇ ਗਏ । ਬਦਲਾਵਾਂ 'ਤੇ ਚਿੰਤਾ ਜ਼ਾਹਰ ਕੀਤੀ, ਜਿਸ ਦੀ ਵਰਤੋਂ ਨਾਗਰਿਕ ਵੋਟਰ ਸੂਚੀ 'ਚ ਆਪਣਾ ਨਾਂ ਸ਼ਾਮਲ ਕਰਨ ਦੀ ਅਰਜ਼ੀ ਦੇਣ ਲਈ ਕਰਦੇ ਹਨ। ਇਨ੍ਹਾਂ ਦਲੀਲਾਂ 'ਤੇ ਚੀਫ ਜਸਟਿਸ ਨੇ ਸਪੱਸ਼ਟ ਕੀਤਾ ਕਿ ਫਾਰਮ-6 'ਚ ਕੀਤੀ। ਗਈ ਕਿਸੇ ਵੀ ਸੋਧ ਨੂੰ ਅਸੀਂ ਮਨਜ਼ੂਰੀ ਨਹੀਂ ਦਿੱਤੀ। ਜਦੋਂ ਰਿਕਾਰਡ ਪੇਸ਼ ਕੀਤਾ ਜਾਏਗਾ, ਤਾਂ ਅਸੀਂ ਇਹ ਦੇਖਣਾ ਚਾਹਾਂਗੇ ਕਿ ਕਿਸ ਨੇ ਸੋਧ ਕੀਤੀ ਹੈ। ਕੋਰਟ ਦੇ ਇਸ ਬਿਆਨ ਤੋਂ ਵਿਰੋਧੀ ਧਿਰ ਉਤਸ਼ਾਹਤ ਹੈ ਤੇ ਕਮਿਸ਼ਨ ਕੋਰਟ ਦੇ ਇਸ ਬਿਆਨ ਤੋਂ ਸਹਿਮਤ ਹੈ। ਖ਼ੁਦ ਕਮਿਸ਼ਨ ਨੇ ਸਪੱਸ਼ਟ ਕੀਤਾ ਸੀ ਕਿ ਫਾਰਮ-6 ਸੋਧਿਆ ਨਹੀਂ ਗਿਆ। ਉਸ ਦੇ ਨਾਲ

*(ਬਾਕੀ ਸਫ਼ਾ 4 'ਤੇ)*

## ਹਾਈ ਕੋਰਟ ਵਲੋਂ ਪੰਜਾਬ ਦੇ ਅਧਿਕਾਰੀਆਂ ਵਿਰੁੱਧ ਸੀ. ਬੀ. ਆਈ. ਜਾਂਚ ਦੇ ਹੁਕਮ ਹੁੰਦਿਆਂ ਹੀ ਛਾਪੇਮਾਰੀ ਸ਼ੁਰੂ

### ਭਗਵੰਤ ਮਾਨ ਦੇ ਓ.ਐਸ.ਡੀ. ਦੇ ਘਰ ਅਤੇ ਦਫ਼ਤਰ ਉੱਤੇ ਰੇਡ




**ਚੰਡੀਗੜ੍ਹ:**ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਤੇ ਵੱਖ-ਵੱਖ ਕਥਿਤ ਘਪਲਿਆਂ 'ਚ ਸ਼ਮੂਲੀਅਤ ਦੇ ਲੱਗੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪਣ ਦੇ ਹੁਕਮ ਹੁੰਦਿਆਂ ਹੀ ਲਗਭਗ 24 ਘੰਟਿਆਂ ਵਿਚ ਹੀ ਸੀ.ਬੀ. ਆਈ. ਨੇ ਮੁੱਖ ਮੰਤਰੀ ਦੇ ਓ ਐਸ ਡੀ ਰਾਜਬੀਰ ਸਿੰਘ ਘੁੰਮਣ ਦੇ ਟਿਕਾਣਿਆਂ ਉੱਤੇ ਤਾਬੜ-ਤੋੜ ਛਾਪੇਮਾਰੀ ਸ਼ੁਰੂ ਕਰ ਦਿੱਤੀ। ਸੈਕਟਰ-2 ਦੀ ਕੋਠੀ ਨੰਬਰ 50 ਉੱਤੇ, ਮੋਹਾਲੀ ਦੇ ਫੇਜ਼ 11 ਵਿੱਚ ਅਤੇ ਮੁੱਖ ਮੰਤਰੀ ਦੇ ਦਫਤਰ ਉੱਤੇ ਅਤੇ ਰਾਜਬੀਰ ਸਿੰਘ ਘੁੰਮਣ ਦੇ ਸੰਗਰੂਰ ਵਿੱਚ ਪੈਂਦੇ ਪਿੰਡ ਘਰਚੋਂ ਵਾਲੇ ਘਰ ਵਿੱਚ ਵੀ ਸੀ.ਬੀ.ਆਈ. ਦੀ ਵੱਡੀ ਟੀਮ ਨੇ ਛਾਪੇਮਾਰੀ ਕੀਤੀ ਹੈ, ਜੋ ਇਹ ਖਬਰ ਲਿਖੇ ਜਾਣ ਤੱਕ ਵੀ ਲਗਾਤਾਰ ਜਾਰੀ ਹੈ। ਸੀ.ਬੀ.ਆਈ. ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਸ ਨੇ ਮੁੱਖ ਮੰਤਰੀ ਦੇ ਓ.ਸੀ.ਡੀ. ਰਾਜਬੀਰ ਘੁੰਮਣ, ਰੋਮੀ ਰਾਜਾ, ਨਿਤਿਨ ਗੋਹਲ ਅਤੇ ਦੋ ਵੱਡੇ ਅਧਿਕਾਰੀਆਂ ਸਮੇਤ ਛੇ ਵਿਅਕਤੀਆਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਹੈ ਅਤੇ ਦੋ ਵਿਚੋਲੀਏ ਵੀ ਸ਼ਾਮਿਲ ਹਨ। ਉਨ੍ਹਾਂ ਨੇ ਅੱਠ ਥਾਵਾਂ 'ਤੇ ਛਾਪੇ ਮਾਰੇ ਜਿਨ੍ਹਾਂ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਪਟਿਆਲਾ, ਸੰਗਰੂਰ ਤੇ ਚੰਡੀਗੜ੍ਹ ਸ਼ਾਮਿਲ ਹਨ। ਇਸ ਤੋਂ ਪਹਿਲਾਂ ਹਾਈ ਕੋਰਟ ਦੇ ਮੁੱਖ ਜੱਜ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ 'ਤੇ ਆਧਾਰਿਤ ਡਵੀਜ਼ਨ ਬੈਂਚ ਨੇ ਕਿਹਾ ਸੀ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਪੰਜਾਬ ਪੁਲਿਸ ਨੂੰ ਮੁਹੱਈਆ ਕਰਵਾਈ ਗਈ ਸਮੱਗਰੀ ਪਹਿਲੀ ਨਜ਼ਰੇ ਸੰਗੀਨ ਅਪਰਾਧ ਵੱਲ ਇਸ਼ਾਰਾ ਕਰਦੀ ਹੈ। 'ਅਜਿਹੀ ਸਥਿਤੀ 'ਚ ਐੱਫ਼.ਆਈ.ਆਰ. ਦਰਜ ਕਰਕੇ ਨਿਰਪੱਖ ਜਾਂਚ ਸ਼ੁਰੂ ਕੀਤੀ ਜਾਣੀ ਚਾਹੀਦੀ ਸੀ।

*(ਬਾਕੀ ਸਫ਼ਾ 4 'ਤੇ)*

DHILLON
IMMIGRATION LAW FIRM, PC
101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | 516-620-3656
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law

Raja SWEETS & CATERING
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ: ਪੰਜਾਬੀ ਭਾਸ਼ਾ, ਸਾਹਿਤ ਅਤੇ ਨਵੀਂ ਪੀੜ੍ਹੀ ਦੇ ਭਵਿੱਖ ਬਾਰੇ ਹੋਇਆ ਗੰਭੀਰ ਸੰਵਾਦ

## ਨਾਟਕ, ਵਿਚਾਰ-ਚਰਚਾ, ਕਵੀ ਦਰਬਾਰ ਦੌਰਾਨ ਦਰਸ਼ਕਾਂ ਵਲੋਂ ਭਰਵਾਂ ਹੁੰਗਾਰਾ

ਫਰੀਮੌਂਟ: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਬੀਤੇ ਐਤਵਾਰ ਫਰੀਮੌਂਟ ਵਿਖੇ 26ਵੀਂ ਵਿਸ਼ਵ ਪੰਜਾਬੀ ਸਾਹਿਤਕ ਕਾਨਫਰੰਸ ਬੜੇ ਉਤਸ਼ਾਹ ਅਤੇ ਮਾਂ-ਬੋਲੀ ਪ੍ਰਤੀ ਡੂੰਘੀ ਵਚਨਬੱਧਤਾ ਨਾਲ ਕਰਵਾਈ ਗਈ। ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਕੈਨੇਡਾ, ਯੂ.ਕੇ. ਅਤੇ ਅਮਰੀਕਾ ਤੋਂ ਨਾਮਵਰ ਵਿਦਵਾਨਾਂ, ਲੇਖਕਾਂ, ਕਵੀਆਂ ਅਤੇ ਸਾਹਿਤ-ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਸਮੁੱਚੀ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੇ ਵਰਤਮਾਨ, ਸਾਹਿਤ ਦੇ ਸਰੋਕਾਰਾਂ ਅਤੇ ਨਵੀਂ ਪੀੜ੍ਹੀ ਤੱਕ ਪੰਜਾਬੀ ਨੂੰ ਪਹੁੰਚਾਉਣ ਦੀਆਂ ਚੁਣੌਤੀਆਂ ਬਾਰੇ ਗੰਭੀਰ ਅਤੇ ਸਾਰਥਕ ਵਿਚਾਰ-ਵਟਾਂਦਰਾ ਹੋਇਆ।

26 ਸਤੰਬਰ ਦੀ ਸ਼ਾਮ ਨੂੰ ਕੈਲੀਫ਼ੋਰਨੀਆ ਦੀ ਸਹਿਯੋਗੀ ਸੰਸਥਾ ਪੰਜਾਬ ਲੋਕ ਰੰਗ ਵਲੋਂ ਸੁਰਿੰਦਰ ਸਿੰਘ ਧਨੋਆ ਦੀ ਨਿਰਦੇਸ਼ਨਾ ਹੇਠ 'ਬੰਦਾ ਸਿੰਘ ਬਹਾਦਰ' ਨਾਟਕ ਖੇਡਿਆ ਗਿਆ। ਨਾਟਕ ਦੇ ਸਾਰੇ ਕਿਰਦਾਰ ਸਥਾਨਕ ਕਲਾਕਾਰਾਂ ਨੇ ਬਾਖ਼ੂਬੀ ਨਿਭਾਏ। ਡਾ. ਆਤਮ ਸਿੰਘ ਰੰਧਾਵਾ ਅਤੇ ਡਾ. ਨਬੀਲਾ ਰਹਿਮਾਨ ਨੇ ਇਤਿਹਾਸ ਨੂੰ ਨਿਰਪੱਖ ਅਤੇ ਲੋਕਾਈ ਦੇ ਨਜ਼ਰੀਏ ਤੋਂ ਪੇਸ਼ ਕਰਨ ਲਈ ਨਾਟਕ ਦੀ ਪ੍ਰਸ਼ੰਸਾ ਕੀਤੀ। ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਪ੍ਰੋ. ਬਲਵਿੰਦਰ ਲਾਲੀ ਧਨੋਆ ਅਤੇ ਪੂਰੀ ਟੀਮ ਵਲੋਂ ਡਾ. ਨਬੀਲਾ ਰਹਿਮਾਨ, ਡਾ. ਆਤਮ ਸਿੰਘ ਰੰਧਾਵਾ ਅਤੇ ਮਕਬੂਲ ਪੰਜਾਬੀ ਸ਼ਾਇਰਾ ਤਹਿਰਾ ਸਰਾ ਦਾ ਸਨਮਾਨ ਕੀਤਾ ਗਿਆ। ਇਸ ਨਾਟਕ ਨੂੰ ਦੇਖਣ ਲਈ ਦਰਸ਼ਕ ਹੁੰਮ-ਹੁੰਮਾ ਕੇ ਪਹੁੰਚੇ ਅਤੇ ਰੂਹ ਨਾਲ ਇਸ ਇਤਿਹਾਸਕ ਨਾਟਕ ਨੂੰ ਮਾਣਿਆ।

ਕਾਨਫ਼ਰੰਸ ਦੀ ਸ਼ੁਰੂਆਤ ਵਿਚ ਪੰਡਿਤ ਹਬੀਬ ਖਾਨ ਦੇ ਸ਼ਾਗਿਰਦ ਚਾਰਲਸ ਲਿਓਡ (ਫ੍ਰੀਮੌਂਟ ਸਕੂਲ ਫਾਰ ਬਲਾਈਂਡਜ਼ ਦੇ ਸੰਗੀਤ ਨਿਰਦੇਸ਼ਕ) ਨੇ ਸਿਤਾਰ ਵਾਦਨ ਰਾਹੀਂ ਸਰੋਤਿਆਂ ਨੂੰ ਸੰਗੀਤਕ ਰਸ ਨਾਲ ਜੋੜਿਆ। ਮਸ਼ਹੂਰ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਪੰਜਾਬੀ ਸੂਫ਼ੀ ਕਾਵਿ ਵਿਚੋਂ ਰਚਨਾਵਾਂ ਦਾ ਗਾਇਨ ਕਰਕੇ ਕਾਨਫ਼ਰੰਸ ਦਾ ਮਾਹੌਲ ਅਗਲੇ ਪ੍ਰੋਗਰਾਮ ਲਈ ਢੁਕਵਾਂ ਬਣਾ ਦਿੱਤਾ। ਪ੍ਰਧਾਨਗੀ ਭਾਸ਼ਣ ਵਿਚ ਵਿਪਸਾ ਦੇ ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਆਖਦਿਆਂ ਵਿਪਸਾ ਦੀਆਂ ਪਿਛਲੀਆਂ ਕਾਨਫ਼ਰੰਸਾਂ ਨੂੰ 26ਵੀਂ ਕਾਨਫ਼ਰੰਸ ਨਾਲ ਜੋੜਦਿਆਂ ਕਾਨਫ਼ਰੰਸ ਦੇ ਮਕਸਦ ਅਤੇ ਸਰਗਰਮੀਆਂ ਬਾਰੇ ਵਿਚਾਰ ਪੇਸ਼ ਕੀਤੇ। ਪਿਛਲੇ ਸਾਲਾਂ ਦੀਆਂ ਗਤੀਵਿਧੀਆਂ 'ਤੇ ਝਾਤੀ ਮਾਰਦੀ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ।







ਕਾਨਫਰੰਸ ਨੂੰ ਚਾਰ ਮਹੱਤਵਪੂਰਨ ਸੈਸ਼ਨਾਂ ਵਿਚ ਵੰਡਿਆ ਗਿਆ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿਚ ਲਿਆਂਦਾ।

ਪਹਿਲਾ ਸੈਸ਼ਨ 'ਪੰਜਾਬ, ਭਾਰਤ ਅਤੇ ਵਿਦੇਸ਼ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਚੁਣੌਤੀਆਂ' ਵਿਸ਼ੇ 'ਤੇ ਕੇਂਦਰਿਤ ਸੀ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਜਸਵੀਰ ਗਿੱਲ ਸਨ ਅਤੇ ਪ੍ਰਧਾਨਗੀ ਡਾ. ਨਬੀਲਾ ਰਹਿਮਾਨ ਨੇ ਕੀਤੀ। ਡਾ. ਗਿੱਲ ਨੇ ਵਿਚਾਰ-ਚਰਚਾ ਲਈ ਵਿਦਵਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਇਸ ਵਿਸ਼ੇ ਉਪਰ ਵਿਦਵਾਨ ਦੋਸਤਾਂ ਦੇ ਵਿਚਾਰ ਸੁਣਨ ਲਈ ਉਤਸੁਕ ਹਨ। ਸੈਸ਼ਨ ਦੀ ਸੰਚਾਲਕਾ ਲਾਜ ਨੀਲਮ ਸੈਣੀ ਨੇ ਸਰੋਤਿਆਂ ਨੂੰ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਮੁੱਖ ਵਕਤਾ ਵਜੋਂ ਪੰਜਾਬੀ ਭਾਸ਼ਾ ਦੇ ਵਿਕਾਸ, ਇਸ ਦੇ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰਾਂ ਅਤੇ ਵਿਦੇਸ਼ਾਂ ਵਿਚ ਪੰਜਾਬੀ ਦੇ ਭਵਿੱਖ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਖਾਸ ਤੌਰ 'ਤੇ ਦੋਵਾਂ ਪੰਜਾਬਾਂ ਦੇ ਸੰਦਰਭ ਵਿਚ ਪੰਜਾਬੀ ਭਾਸ਼ਾ ਨਾਲ ਜੁੜੇ ਭਾਵਨਾਤਮਕ, ਇਤਿਹਾਸਕ ਅਤੇ ਵਿਹਾਰਕ ਪੱਖਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਉਭਾਰਿਆ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਪਰਵਾਸ ਵਿਚ ਤਿੰਨ ਪੀੜ੍ਹੀਆਂ ਦੇ ਸੰਦਰਭ ਵਿਚ ਭਾਸ਼ਾ ਦੇ ਵਿਕਾਸ ਦੀ ਗੱਲ ਕੀਤੀ। ਤੀਸਰੀ ਪੀੜ੍ਹੀ ਨਾਮਾਤਰ ਹੀ ਬੋਲੀ ਨਾਲ ਜੁੜੀ ਰਹਿੰਦੀ ਹੈ ਪਰ ਅੱਜ ਦੇ ਵਕਤ ਵਿਚ ਭਾਸ਼ਾ ਨੂੰ ਅਗਲੀਆਂ ਪੀੜ੍ਹੀਆਂ ਤੱਕ ਲੈ ਜਾਣ ਲਈ ਡਿਜੀਟਲ ਟੂਲ, ਸੋਸ਼ਲ ਮੀਡੀਆ ਅਤੇ ਏ.ਆਈ. ਸਹਾਈ ਹੋ ਸਕਦੇ ਹਨ। ਸੁਖਵਿੰਦਰ ਕੰਬੋਜ ਨੇ ਇਤਿਹਾਸਕ ਸੰਦਰਭ ਵਿਚ ਪੰਜਾਬੀ ਬੋਲੀ ਬਾਰੇ ਗੱਲ ਕਰਦਿਆਂ ਪੰਜਾਬੀ ਦੇ ਭਵਿੱਖ ਬਾਰੇ ਕਿਹਾ ਕਿ ਸਾਡਾ ਆਪਣੀ ਮਾਂ ਬੋਲੀ ਪ੍ਰਤੀ ਅਵੇਸਲੇ ਰਹਿਣ ਦੇ ਬਾਵਜੂਦ ਪੰਜਾਬੀ ਦਾ ਭਵਿੱਖ ਆਸ਼ਾ ਭਰਪੂਰ ਹੈ। ਡਾ. ਮੋਨੋਜੀਤ ਨੇ ਜੰਮੂ-ਕਸ਼ਮੀਰ ਵਿਚ ਪੰਜਾਬੀ ਨਾਲ ਵਿਤਕਰੇ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰੀ ਅੰਕੜਿਆਂ ਵਿਚ ਪੰਜਾਬੀ ਨੂੰ ਸਿਰਫ ਸਿੱਖਾਂ ਨਾਲ ਜੋੜ ਕੇ ਸੂਬੇ ਦੇ ਹੋਰ ਬਾਸ਼ਿੰਦਿਆਂ ਤੋਂ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਦਾ ਮੌਕਾ ਵੀ ਖੋਹ ਲਿਆ ਗਿਆ ਹੈ, ਹਾਲਾਕਿ ਸੂਬੇ ਵਿਚ ਬਹੁਤ ਸਾਰੇ ਲੋਕ ਪਹਿਲੀ ਜ਼ੁਬਾਨ ਵਜੋਂ ਪੰਜਾਬੀ ਬੋਲੀ ਬੋਲਦੇ ਹਨ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਨਬੀਲਾ ਰਹਿਮਾਨ ਨੇ ਆਖਿਆ ਕਿ ਦੋਹਾਂ ਪੰਜਾਬਾਂ ਵਿਚ ਹੀ ਪੰਜਾਬੀਆਂ ਵਲੋਂ ਆਪਣੀ ਮਾਂ ਬੋਲੀ ਨੂੰ ਅਪਣਾਉਣ ਤੋਂ ਪਾਸਾ ਵੱਟਣ ਨਾਲ ਨੁਕਸਾਨ ਤਾਂ ਹੋਇਆ ਹੈ ਪਰ ਹਾਲੇ ਵੀ ਲਹਿੰਦੇ ਪੰਜਾਬ ਵਿਚ ਆਮ ਲੋਕ ਪੰਜਾਬੀ ਬੋਲਦੇ ਹਨ, ਕਾਲਜਾਂ ਵਿਚ ਪੰਜਾਬੀ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ ਅਤੇ ਕੋਸ਼ਿਸ਼ ਹੈ ਕਿ ਪ੍ਰਾਇਮਰੀ ਸਕੂਲ ਤੋਂ ਬੱਚੇ ਆਪਣੀ ਮਾਂ ਬੋਲੀ ਪੜ੍ਹਨੀ ਸ਼ੁਰੂ ਕਰਨ, ਉਨ੍ਹਾਂ ਉਮੀਦ ਪ੍ਰਗਟਾਈ ਕਿ ਅਜਿਹਾ ਸੰਭਵ ਹੈ। ਹਰਜਿੰਦਰ ਕੰਗ, ਅਮਰਜੀਤ ਕੌਰ ਪੰਨੂੰ ਅਤੇ ਕਰਨੈਲ ਸਿੰਘ ਕੈਲ ਨੇ ਵੀ ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਸ਼ਮੂਲੀਅਤ ਕੀਤੀ।

ਕਾਨਫ਼ਰੰਸ ਦਾ ਦੂਜਾ ਸੈਸ਼ਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਸਾਂਝੇ ਇਤਿਹਾਸ ਅਤੇ ਚੁਣੌਤੀਆਂ ਨਾਲ ਸਬੰਧਤ ਸੀ। ਇਸ ਸੈਸ਼ਨ ਵਿਚ ਮੁੱਖ-ਵਕਤਾ ਲਹਿੰਦੇ ਪੰਜਾਬ ਤੋਂ ਓਰੀਐਂਟਲ ਕਾਲਜ ਲਾਹੌਰ ਦੀ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਸਨ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਪ੍ਰੋ. ਹਰਿੰਦਰ ਕੌਰ ਸੋਹੀ ਨੇ ਸੁਚੱਜੇ ਢੰਗ ਨਾਲ ਨਿਭਾਈ। ਸੈਸ਼ਨ ਦੇ ਮੁੱਖ ਮਹਿਮਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ ਅਤੇ ਮੁਖੀ ਡਾ. ਰਾਜੇਸ਼ ਸ਼ਰਮਾ ਨੇ ਸਰੋਤਿਆਂ ਦੀ ਵਿਸ਼ੇ ਨਾਲ ਜਾਣ-ਪਹਿਚਾਣ ਕਰਾਈ। ਉਨ੍ਹਾਂ ਤੋਂ ਬਾਅਦ ਡਾ. ਨਬੀਲਾ ਰਹਿਮਾਨ ਨੇ ਸਾਂਝੇ ਪੰਜਾਬ ਅਤੇ ਪਾਕਿਸਤਾਨ ਵਿਚ ਵੰਡ ਤੋਂ ਬਾਅਦ ਲਿਖੀ ਗਈ ਗਜ਼ਲ ਅਤੇ ਕਵਿਤਾ ਨੂੰ ਆਧਾਰ ਬਣਾ ਕੇ ਪੰਜਾਬੀ ਦੇ ਇਤਿਹਾਸ, ਵਿਕਾਸ ਅਤੇ ਚੁਣੌਤੀਆਂ ਨੂੰ ਬਾ-ਖ਼ੂਬੀ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਪੰਜਾਬ ਵਿਚ ਛੇਵੀਂ ਜਮਾਤ ਤੱਕ ਪੰਜਾਬੀ ਦੀ ਪੜ੍ਹਾਈ ਨਹੀਂ ਕਰਾਈ ਜਾਂਦੀ ਪਰ ਸੱਤਵੀਂ ਤੋਂ ਬਾਅਦ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਪੜ੍ਹਾਈ ਚੋਣਵੇਂ ਵਿਸ਼ੇ ਵਜੋਂ ਉਪਲਬਧ ਹੈ।

ਪ੍ਰੋਫੈਸਰ ਸੁਰਿੰਦਰ ਸਿੰਘ ਸੀਰਤ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਸੁਹਿਰਦ ਕਾਰਜਾਂ ਅਤੇ ਦਰਪੇਸ਼ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਕੈਨੇਡਾ ਤੋਂ ਪੁੱਜੇ ਵਿਦਵਾਨ ਭੁਪਿੰਦਰ ਮੱਲ੍ਹੀ ਨੇ ਗਲੋਬਲ ਪੰਜਾਬ ਦੇ ਸੰਦਰਭ ਵਿਚ ਪੰਜਾਬੀ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ 'ਤੇ ਰੌਸ਼ਨੀ ਪਾਈ। ਕੈਲੀਫ਼ੋਰਨੀਆ ਦੀ ਨਾਮਵਰ ਪੰਜਾਬੀ ਵਕਤਾ ਆਸ਼ਾ ਸ਼ਰਮਾ ਨੇ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿਚ ਕਵਿੱਤਰੀ ਸੁਰਜੀਤ ਸਖੀ ਅਤੇ ਡਾ. ਰਾਮ ਸਿੰਘ ਹਾਜ਼ਰਾ ਵੀ ਸ਼ਾਮਲ ਸਨ। ਇਸ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਡਾ. ਆਤਮ ਸਿੰਘ ਰੰਧਾਵਾ ਨੇ ਸੈਸ਼ਨ ਵਿਚ ਹੋਈ ਵਿਚਾਰ-ਚਰਚਾ ਦਾ ਨਿਚੋੜ ਕੱਢਦਿਆਂ ਦੋਵਾਂ ਪੰਜਾਬਾਂ ਦੇ ਖਿੱਤਿਆਂ ਵਿਚ ਪੰਜਾਬੀ ਭਾਸ਼ਾ ਲਈ ਹੋ ਰਹੇ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ। ਅਖੀਰ ਵਿਚ ਪ੍ਰੋ. ਸੋਹੀ ਨੇ ਸਾਰੇ ਬੁਲਾਰਿਆਂ ਦਾ ਧੰਨਵਾਦ ਕੀਤਾ। ਇਸ ਸੈਸ਼ਨ ਨੇ ਵੰਡ ਦੇ ਬਾਵਜੂਦ ਪੰਜਾਬੀ ਭਾਸ਼ਾ ਦੀ ਸਾਂਝੀ ਵਿਰਾਸਤ ਅਤੇ ਸਾਹਿਤਕ ਰਿਸ਼ਤਿਆਂ ਨੂੰ ਨਵੇਂ ਸੰਦਰਭ ਵਿਚ ਸਮਝਣ ਦਾ ਮੌਕਾ ਦਿੱਤਾ।

ਤੀਜਾ ਸੈਸ਼ਨ 'ਸਾਹਿਤ ਅਤੇ ਸਾਹਿਤਕਾਰ-ਜਿੱਥੇ ਭਾਸ਼ਾ ਦੀ ਤਕਦੀਰ ਬਦਲਦੀ ਹੈ' ਵਿਸ਼ੇ 'ਤੇ ਕੇਂਦਰਿਤ ਰਿਹਾ। ਪ੍ਰਸਿੱਧ ਸ਼ਾਇਰ ਜਸਵਿੰਦਰ ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ, ਜਦਕਿ ਪ੍ਰਧਾਨਗੀ ਡਾ. ਗੁਰਪ੍ਰੀਤ ਧੁੱਗਾ ਨੇ ਕੀਤੀ। ਮੁੱਖ ਬੁਲਾਰੇ ਡਾ. ਰਾਜੇਸ਼ ਸ਼ਰਮਾ ਨੇ ਸਾਹਿਤ ਦੀ ਪਰਿਭਾਸ਼ਾ, ਸਾਹਿਤਕਾਰ ਦੀ ਭੂਮਿਕਾ ਅਤੇ ਸਾਹਿਤ ਦੇ ਸਮਾਜ ਨਾਲ ਰਿਸ਼ਤੇ ਸਮੇਤ ਕਈ ਅਹਿਮ ਪੱਖਾਂ 'ਤੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਾਹਿਤਕਾਰ ਨੂੰ ਭਾਸ਼ਾ ਦੇ ਸਿਰਜਕ ਵਜੋਂ ਆਪਣੀ ਭੂਮਿਕਾ ਪਹਿਚਾਨਣ ਦੀ ਲੋੜ ਹੈ। ਸੈਸ਼ਨ ਦੌਰਾਨ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਸਾਹਿਤ ਕੇਵਲ ਮਨੋਰੰਜਨ ਜਾਂ ਸ਼ਬਦਾਂ ਦੀ ਕਲਾਤਮਕ ਬਣਤਰ ਨਹੀਂ ਸਗੋਂ ਸਮਾਜਿਕ ਚੇਤਨਾ, ਮਨੁੱਖੀ ਸੰਵੇਦਨਾ ਅਤੇ ਸਮੇਂ ਦੀ ਗਵਾਹੀ ਹੈ। ਅਮਰੀਕੀ ਪੰਜਾਬੀ ਆਲੋਚਕ ਬਲਜਿੰਦਰ ਸਵੈਚ ਨੇ ਮਿਸਾਲਾਂ ਸਹਿਤ ਦਰਸਾਇਆ ਕਿ ਕਿਵੇਂ ਸਾਹਿਤਕਾਰ ਆਪਣੀਆਂ ਕਿਰਤਾਂ ਵਿਚ ਭਾਸ਼ਾਈ ਨਿਵੇਕਲਾਪਨ ਲਿਆ ਕੇ ਭਾਸ਼ਾ ਦੀ ਅਮੀਰੀ ਵਿਚ ਇਜ਼ਾਫਾ ਕਰਦਾ ਹੈ ਜੋ ਵਕਤ ਨਾਲ ਵਡੇਰੀ ਲੋਕ ਭਾਸ਼ਾ ਦਾ ਹਿੱਸਾ ਬਣ ਜਾਂਦਾ ਹੈ। ਡਾ. ਗੁਰਪ੍ਰੀਤ ਧੁੱਗਾ ਨੇ ਇਸ ਸੈਸ਼ਨ ਦਾ ਨਿਚੋੜ ਕਰਦਿਆਂ ਕਿਹਾ ਕਿ ਡਾ. ਰਾਜੇਸ਼ ਸ਼ਰਮਾ ਨੇ ਸਾਹਿਤ ਬਾਰੇ ਬਹੁਤ ਬਰੀਕ ਨੁਕਤੇ ਸਾਡੇ ਸਾਹਮਣੇ ਰੱਖੇ ਹਨ ਅਤੇ ਸਭ ਨੂੰ ਕੁਝ ਨਵਾਂ ਸਿੱਖਣ ਨੂੰ ਮਿਲਿਆ ਹੈ। ਹਰਜਿੰਦਰ ਕੰਗ ਨੇ ਇਸ ਸੈਸ਼ਨ ਦੀ ਸੰਚਾਲਨਾ ਕਰਦਿਆਂ ਵਿਚਾਰਾਂ ਦੀ ਲੜੀ ਜੋੜੀ ਰੱਖੀ ਅਤੇ ਵਿਚਾਰ-ਚਰਚਾ ਨੂੰ ਰੋਚਕ ਬਣਾਈ ਰੱਖਿਆ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਰਾਜਵੰਤ ਰਾਜ, ਗੁਲਸ਼ਨ ਦਿਆਲ, ਦਿਲ ਨਿੱਜਰ, ਅਮਰ ਸੂਫ਼ੀ ਅਤੇ ਹਰਪ੍ਰੀਤ ਕੌਰ ਧੂਤ ਵੀ ਸ਼ਾਮਲ ਹੋਏ।

ਚੌਥਾ ਸੈਸ਼ਨ 'ਨਵੀਂ ਪੀੜ੍ਹੀ ਅਤੇ ਅਮਰੀਕਾ ਵਿਚ ਪੰਜਾਬੀ ਭਾਸ਼ਾ ਦਾ ਪ੍ਰਸਾਰ ਅਤੇ ਸਿੱਖਿਆ' ਵਿਸ਼ੇ ਨੂੰ ਸਮਰਪਿਤ ਸੀ। ਇਸ ਦੇ ਮੁੱਖ ਮਹਿਮਾਨ ਬਲਵਿੰਦਰ ਸਿੰਘ (ਲਾਲੀ) ਧਨੋਆ ਸਨ ਅਤੇ ਪ੍ਰਧਾਨਗੀ ਡਾ. ਪਿਆਰਾ ਸਿੰਘ ਕੁੱਦੋਵਾਲ ਨੇ ਕੀਤੀ। ਇਸ ਸੈਸ਼ਨ ਦੀ ਵਿਸ਼ੇਸ਼ਤਾ ਇਹ ਰਹੀ ਕਿ ਨਵੀਂ ਪੀੜ੍ਹੀ ਨਾਲ ਸਬੰਧਤ ਬੱਚਿਆਂ, ਅਸੀਸ ਕੌਰ, ਨਵਨੂਰ ਕੌਰ ਅਤੇ ਹਰਮੇਹਰ ਕੌਰ ਨੇ ਖ਼ੁਦ ਪੰਜਾਬੀ ਭਾਸ਼ਾ ਸਿੱਖਣ ਦੇ ਆਪਣੇ ਤਜਰਬੇ ਸਾਂਝੇ ਕੀਤੇ। ਸੈਸ਼ਨ ਦੇ ਸੰਚਾਲਕ ਜਗਜੀਤ ਨੌਸ਼ਹਿਰਵੀ ਵਲੋਂ ਨਵਨੂਰ ਕੌਰ ਨਾਲ ਗੱਲਬਾਤ ਦੌਰਾਨ ਕਈ ਨੁਕਤੇ ਸਾਹਮਣੇ ਆਏ। ਅਸੀਸ ਕੌਰ ਨੇ ਪੰਜਾਬੀ ਕਵਿਤਾ ਗਾ ਕੇ ਸੁਣਾਈ ਅਤੇ ਹਰਮੇਹਰ ਨੇ ਬਹੁਤ ਖ਼ੂਬਸੂਰਤ ਲਿਖਾਈ ਵਿਚ ਲਿਖ ਕੇ ਪੰਜਾਬੀ ਮਾਂ ਬੋਲੀ ਸਿੱਖਣ ਦੀ ਪ੍ਰੇਰਣਾ ਬਾਰੇ ਆਪਣੇ ਨਾਨਾ ਜੀ ਅਤੇ ਬਾਕੀ ਪਰਿਵਾਰ ਦੀ ਭੂਮਿਕਾ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਦੀਆਂ ਗੱਲਾਂ ਨੇ ਇਹ ਅਹਿਸਾਸ ਕਰਵਾਇਆ ਕਿ ਪਰਦੇਸ ਦੀ ਧਰਤੀ 'ਤੇ ਅਗਲੀ ਪੀੜ੍ਹੀ ਦੀ ਪੰਜਾਬੀ ਨਾਲ ਸਾਂਝ ਬਣਾਉਣ ਲਈ ਪਰਿਵਾਰ, ਸਕੂਲ ਅਤੇ ਸਾਹਿਤਕ ਸੰਸਥਾਵਾਂ ਦੀ ਭੂਮਿਕਾ ਕਿੰਨੀ ਅਹਿਮ ਹੈ। ਦਲਜੀਤ ਸਰਾ ਨੇ ਕਿਹਾ ਕਿ ਬੱਚੇ ਹੀ ਮਾਂ ਬੋਲੀ ਦਾ ਭਵਿੱਖ ਹੁੰਦੇ ਹਨ। ਹਰ ਕਾਨਫਰੰਸ ਵਿਚ ਬੱਚਿਆਂ ਦਾ ਸੈਸ਼ਨ ਜ਼ਰੂਰ ਹੋਣਾ ਚਾਹੀਦਾ ਹੈ। ਪੰਜਾਬੀ ਅਧਿਆਪਕਾ ਅਤੇ ਲੇਖਿਕਾ ਮਨਜੀਤ ਕੌਰ ਸੇਖੋਂ ਨੇ ਦੱਸਿਆ ਕਿ ਕੈਲੀਫ਼ੋਰਨੀਆ ਦੇ ਬਹੁਤ ਸਾਰੇ ਸਕੂਲਾਂ ਵਿਚ ਚੋਣਵੇਂ ਵਿਸ਼ੇ ਵਜੋਂ ਬੱਚੇ ਪੰਜਾਬੀ ਸਿੱਖ ਰਹੇ ਹਨ। ਕਈ ਸਕੂਲਾਂ ਅਤੇ ਕਾਲਜਾਂ ਜਿਵੇਂ ਸੈਕਰਾਮੈਂਟੋ, ਯੂਨੀਅਨ ਸਿਟੀ, ਫ਼ਰਿਜ਼ਨੋ ਅਤੇ ਹੋਰ ਥਾਈਂ ਭਾਰੀ ਗਿਣਤੀ ਵਿਚ ਬੱਚੇ ਪੰਜਾਬੀ ਪੜ੍ਹ-ਲਿਖ ਰਹੇ ਹਨ ਸੋ ਸਾਨੂੰ ਬੋਲੀ ਦੇ ਬਿਲਕੁਲ ਵਿਸਰ ਜਾਣ ਬਾਰੇ ਨਿਸ਼ਚਿੰਤ ਹੋ ਜਾਣਾ ਚਾਹੀਦਾ ਹੈ ਅਤੇ ਯਤਨ ਜਾਰੀ ਰੱਖਣੇ ਚਾਹੀਦੇ ਹਨ। ਬਲਬੀਰ ਸਿੰਘ MA ਨੇ ਅਮਰੀਕੀ ਜੰਮਪਲ ਬੱਚਿਆਂ ਨੂੰ ਉਦਾਹਰਣਾਂ ਦੇ ਕੇ ਸਹੀ ਉਚਾਰਨ ਸਿੱਖਣ ਦੀ ਤਾਕੀਦ ਕੀਤੀ। ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਅਸ਼ੋਕ ਭੌਰਾ ਨੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੀ ਅਹਿਮੀਅਤ ਬਾਰੇ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਭਾਸ਼ਾ ਅਤੇ ਸੰਗੀਤ ਆਪਣੇ ਵਿਰਸੇ ਦੀਆਂ ਕਦਰਾਂ-ਕੀਮਤਾਂ ਨਾਲ ਜੁੜਨ ਦੇ ਵਧੀਆ ਮਾਧਿਅਮ ਹਨ। ਪੰਜਾਬੀ ਰੇਡੀਓ ਹੋਸਟ ਮਸੂਦ ਮੱਲ੍ਹੀ ਨੇ ਵੀ ਆਪਣੇ ਵਿਚਾਰ ਰੱਖੇ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਇੰਗਲੈਂਡ ਵਿਚ ਸਭ ਤੋਂ ਪਹਿਲਾਂ ਪੰਜਾਬੀਆਂ ਪਰਵਾਸ ਕੀਤਾ ਪਰ ਉਨ੍ਹਾਂ ਦੀ ਚੌਥੀ ਪੀੜ੍ਹੀ ਪੰਜਾਬੀ ਤੋਂ ਦੂਰ ਹੋ ਗਈ ਸੀ ਪਰ ਅੱਜ ਦੇ ਪਰਵਾਸੀਆਂ ਕੋਲ ਨਵਾਂ ਮੀਡੀਆ, ਸੁਖਾਲੀ ਲਿਪੀਆਂਤਰ ਦੀ ਸਹੂਲਤ, ਸੰਗੀਤ/ਵੀਡੀਓ ਅਤੇ ਪੰਜਾਬ ਨਾਲ ਸੰਚਾਰ ਦੇ ਸਸਤੇ ਸਾਧਨ ਹਨ, ਇਸ ਲਈ ਪੰਜਾਬੀ ਭੁੱਲ ਜਾਣ ਦਾ ਏਨਾ ਖਤਰਾ ਨਹੀਂ।

ਵਿਪਸਾ ਦੇ ਮੋਢੀ ਮੈਂਬਰ ਅਤੇ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸੂਫੀ ਅਤੇ ਮਿਆਰੀ ਲੋਕ ਗਾਇਕੀ ਨਾਲ ਸ਼ਿੱਦਤ ਨਾਲ ਜੁੜੇ ਹੋਏ ਗਾਇਕ ਸੁਖਦੇਵ ਸਾਹਿਲ ਨੂੰ ਉਨ੍ਹਾਂ ਦੇ ਪੰਜਾਬੀ ਸੰਗੀਤ ਵਿਚ ਪਾਏ ਗਏ ਯੋਗਦਾਨ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਆਸ਼ਾ ਸ਼ਰਮਾ ਨੇ ਕਿਹਾ ਕਿ ਸੁਖਦੇਵ ਸਾਹਿਲ ਨੇ ਬਹੁਤ ਪੈਸੇ ਕਮਾਉਣ ਨਾਲੋਂ ਸਮਾਜ ਨੂੰ ਚੰਗੀ ਸੇਧ ਦੇਣ ਵਾਲੀ ਸੁੱਚੀ ਅਤੇ ਸੁਚੱਜੀ ਗਾਇਕੀ ਨੂੰ ਚੁਣਿਆ ਅਤੇ ਇਸਨੂੰ ਆਪਣਾ ਜੀਵਨ ਸਮਰਪਤ ਕੀਤਾ ਹੋਇਆ ਹੈ। ਕੁਲਵਿੰਦਰ ਨੇ ਕਿਹਾ ਕਿ ਸੁਖਦੇਵ ਸਾਹਿਲ ਦੀ ਮਖ਼ਮਲੀ ਆਵਾਜ਼ ਵਿਚ ਪੰਜਾਬ ਦੇ ਪੁਰਾਣੇ ਸੂਫ਼ੀ ਫ਼ਕੀਰਾਂ ਦੀ ਗੂੰਜ ਸੁਣਾਈ ਦਿੰਦੀ ਹੈ।

ਕਾਨਫ਼ਰੰਸ ਦੇ ਅੰਤ ਵਿਚ ਵਿਸ਼ਾਲ ਕਵੀ ਦਰਬਾਰ ਹੋਇਆ, ਜਿਸ ਵਿਚ ਮੁਕੇਸ਼ ਸ਼ਰਮਾ, ਗੁਰਪ੍ਰੀਤ ਸੋਹਲ (ਸਿਆਟਲ), ਲਖਵਿੰਦਰ ਕੌਰ ਲੱਕੀ, ਨਛੱਤਰ ਭੋਗਲ (ਇੰਗਲੈਂਡ), ਸੰਤੋਖ ਸਿੰਘ ਮਿਨਹਾਸ, ਅਮਰਜੀਤ ਸਿੰਘ ਜੌਹਲ, ਅਮਰਜੀਤ ਕੌਰ ਪੰਨੂੰ, ਅਮਰ ਸੂਫ਼ੀ, ਹਰਿੰਦਰ ਕੌਰ ਸੋਹੀ, ਪਿਆਰਾ ਸਿੰਘ ਕੁੱਦੋਵਾਲ, ਬਲਦੇਵ ਬਾਵਾ, ਡਾ. ਬਿਕਰਮ ਸੋਹੀ, ਹਰਪ੍ਰੀਤ ਕੌਰ ਧੂਤ, ਕੁਲਵੰਤ ਸੇਖੋਂ, ਮਨਦੀਪ ਗੋਰਾ, ਦਿਲ ਨਿੱਜਰ, ਹਰਜੀਤ ਹਠੂਰ, ਗਗਨਦੀਪ ਮਾਹਲ, ਅੰਜੂ ਮੀਰਾ, ਹਰਜਿੰਦਰ ਮੱਟੂ, ਰਾਜਵੰਤ ਰਾਜ, ਹਰਜਿੰਦਰ ਕੰਗ, ਡਾ. ਅੰਬਰੀਸ਼, ਸੁਰਜੀਤ ਸਖੀ, ਹਰਦਮ ਮਾਨ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਜਸਵੀਰ ਗਿੱਲ, ਤਾਹਿਰਾ ਸਰਾ ਅਤੇ ਸ਼ਾਇਰ ਜਸਵਿੰਦਰ ਨੇ ਆਪਣੀਆਂ ਗ਼ਜ਼ਲਾਂ, ਨਜ਼ਮਾਂ ਅਤੇ ਗੀਤਾਂ ਰਾਹੀਂ ਬੌਧਿਕ ਮਾਹੌਲ ਵਿਚ ਕਾਵਿਕ ਰਸ ਘੋਲ ਦਿੱਤਾ। ਵਿਪਸਾ ਦੇ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਉਨ੍ਹਾਂ ਨੂੰ ਅਫਸੋਸ ਹੈ ਕਿ ਬਾਕੀ ਪ੍ਰੋਗਰਾਮ ਲੰਮਾ ਹੋ ਜਾਣ ਕਾਰਨ ਬਹੁਤ ਸਾਰੇ ਨਾਮਵਰ ਕਵੀ ਆਪਣੀਆਂ ਰਚਨਾਵਾਂ ਨਾ ਸੁਣਾ ਸਕੇ। ਇਨ੍ਹਾਂ ਵਿਚ ਕਾਕਾ ਕਲੇਰ, ਸੁੱਖ ਗਿੱਲ, ਆਜ਼ੀਮ ਤੱਤਲਾ, ਗੁਲਸ਼ਨ ਦਿਆਲ, ਕਰਨੈਲ ਸਿੰਘ ਕੈਲ, ਐਸ਼ ਕੁਮ ਐਸ਼, ਚਰਨਜੀਤ ਸਿੰਘ ਪੰਨੂ, ਗੁਰਦੀਪ ਕਲਾਲਵਾਲਾ, ਜਸਵੰਤ ਸ਼ਾਦ, ਤਾਰਾ ਸਿੰਘ ਸਾਗਰ, ਕੁਲਵਿੰਦਰ ਬਾਠ, ਮਨਜੀਤ ਕੌਰ ਸੇਖੋਂ, ਜੋਤ ਰਣਜੀਤ ਜੋਤ, ਹਰਜੀਤ ਹਮਸਫ਼ਰ, ਡਾ. ਗੁਰਪ੍ਰੀਤ ਧੁੱਗਾ, ਪੰਕਜ ਆਂਸਲ, ਸਤਨਾਮ ਸਿੰਘ ਖਾਲਸਾ (ਸਾਡੇ ਲੋਕ), ਜਗਤਾਰ ਗਿੱਲ, ਸ਼ਾਇਰ ਕੁਲਵਿੰਦਰ, ਜਗਜੀਤ ਨੌਸ਼ਹਿਰਵੀ ਅਤੇ ਲਾਜ ਨੀਲਮ ਸੈਣੀ ਸ਼ਾਮਲ ਹਨ।

ਸਾਰੇ ਹਾਜ਼ਰ ਕਵੀਆਂ ਅਤੇ ਸਰੋਤਿਆਂ ਨੇ ਪਿਆਰ ਨਾਲ ਕਵੀ ਦਰਬਾਰ ਦਾ ਆਨੰਦ ਮਾਣਿਆ। ਵਿਪਸਾ ਨੂੰ ਫ਼ਖਰ ਹੈ ਕਿ ਮਕਬੂਲ ਪੰਜਾਬੀ ਸ਼ਾਇਰਾ ਤਾਹਿਰਾ ਸਰਾ ਕਵੀ ਦਰਬਾਰ ਦੇ ਮੁੱਖ ਮਹਿਮਾਨ ਸਨ ਅਤੇ ਭਾਰਤੀ ਸਾਹਿਤ ਅਕਾਦਮੀ ਸਨਮਾਨਿਤ ਕਨੇਡਾ ਤੋਂ ਸ਼ਾਇਰ ਜਸਵਿੰਦਰ ਨੇ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਕੀਤੀ। ਪ੍ਰਧਾਨਗੀ ਮੰਡਲ ਵਿਚ ਕੁਲਵਿੰਦਰ, ਸੁਰਿੰਦਰ ਸੀਰਤ, ਸੁਰਜੀਤ ਸਖੀ, ਸੁਖਵਿੰਦਰ ਕੰਬੋਜ, ਰਾਜਵੰਤ ਰਾਜ, ਡਾ. ਅੰਬਰੀਸ਼ ਅਤੇ ਹਰਦਮ ਮਾਨ ਸ਼ਾਮਲ ਹੋਏ।

ਇਸ ਮੌਕੇ ਨਵੇਂ ਸਾਹਿਤਕ ਹਰਫ਼ਾਂ ਨੂੰ ਜੀ ਆਇਆਂ ਕਹਿੰਦਿਆਂ ਕੁਝ ਅਹਿਮ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ ਅਤੇ ਆਏ ਵਿਦਵਾਨਾਂ ਤੇ ਸਾਹਿਤਕਾਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਕਾਨਫਰੰਸ ਦੀ ਸਫ਼ਲਤਾ ਪਿੱਛੇ ਵਿਪਸਾ ਦੇ ਪ੍ਰਧਾਨ ਸ਼ਾਇਰ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਹਰਜਿੰਦਰ ਕੰਗ ਦਾ ਸੁਚੱਜਾ ਅਤੇ ਭਾਵਪੂਰਤ ਮੰਚ ਸੰਚਾਲਨ ਸੀ।

ਵਿਪਸਾ ਦੇ ਸਰਗਰਮ ਮੈਂਬਰਾਂ ਅਤੇ ਸਹਿਯੋਗੀਆਂ ਸੁਰਜੀਤ ਸਖੀ, ਸੁਰਿੰਦਰ ਸੀਰਤ, ਸੰਦੀਪ ਕੌਰ, ਕੰਵਲਦੀਪ ਕੌਰ, ਵਿਜੈ ਸਿੰਘ, ਧਰਮਿੰਦਰ ਸਿੰਘ, ਮੁਕੇਸ਼ ਸ਼ਰਮਾ, ਰਿੰਮੀ ਸੰਧੂ, ਜੋਤੀ ਸਵੈਚ, ਡਾ. ਬਿਕਰਮ ਸੋਹੀ, ਅਤੇ ਮਹਿੰਗਾ ਸਿੰਘ ਸਰਪੰਚ ਨੇ ਕਾਨਫ਼ਰੰਸ ਦੀ ਸਫਲਤਾ ਲਈ ਵਿਸ਼ੇਸ਼ ਸਹਿਯੋਗ ਦਿੱਤਾ। ਵਿਪਸਾ ਦੇ ਸਹਿਯੋਗੀਆਂ ਅਤੇ ਸਪਾਂਸਰਾਂ ਡਾ. ਜਸਵੀਰ ਗਿੱਲ, ਪ੍ਰੋ. ਸੁਖਦੇਵ ਸਿੰਘ, ਮੱਖਣ ਸਿੰਘ ਬੈਂਸ ਅਤੇ ਸ੍ਰ. ਰਵਿੰਦਰ ਸਿੰਘ ਖਾਲਸਾ (ਰਾਜਾ ਸਵੀਟਸ), ਡਾ. ਸਰਬ ਹੁੰਦਲ, ਸੁਰਿੰਦਰ ਸਿੰਘ ਧਨੋਆ, ਪ੍ਰੋ. ਬਲਵਿੰਦਰ ਲਾਲੀ ਧਨੋਆ, ਬਲਜਿੰਦਰ ਸਵੈਚ, ਡਾ. ਗੁਰਪ੍ਰੀਤ ਧੁੱਗਾ, ਲਵਪ੍ਰੀਤ ਸਿੰਘ ਪੰਨੂੰ ਅਤੇ ਡਾ. ਅਜੀਤਪਾਲ ਸੰਧੂ ਨੇ ਇਸ ਕਾਨਫ਼ਰੰਸ ਨੂੰ ਸਫਲ ਬਣਾਉਣ ਲਈ ਵਿਪਸਾ ਦੀ ਵੱਡੀ ਆਰਥਿਕ ਮਦਦ ਕੀਤੀ। ਪੰਜਾਬੀ ਰੇਡੀਓ ਯੂ.ਐਸ.ਏ. ਦੇ ਸ. ਹਰਜੋਤ ਸਿੰਘ ਖਾਲਸਾ, ਬਲਵਿੰਦਰ ਕੌਰ ਖਾਲਸਾ ਅਤੇ ਮਸੂਦ ਮੱਲ੍ਹੀ ਨੇ ਇਸ ਕਾਨਫ਼ਰੰਸ ਵਿਚ ਖ਼ਾਸ ਸਹਿਯੋਗ ਦਿੱਤਾ। ਸਿਤਾਰੇ ਟੀਵੀ, ਜੋਤ ਰਣਜੀਤ ਜੋਤ, ਹਰਦਮ ਮਾਨ ਅਤੇ ਜਸਵੀਰ ਸਿੰਘ ਭੰਵਰਾ ਨੇ ਕਾਨਫ਼ਰੰਸ ਦੀ ਲਗਾਤਾਰ ਕਵਰੇਜ ਕੀਤੀ।

ਸਮੁੱਚੇ ਤੌਰ 'ਤੇ ਇਹ ਕਾਨਫਰੰਸ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਸ਼ਵ ਪੱਧਰੀ ਸਰੋਕਾਰਾਂ ਨੂੰ ਸਮਝਣ, ਦੋਵਾਂ ਪੰਜਾਬਾਂ ਦੀ ਸਾਂਝੀ ਭਾਸ਼ਾਈ ਵਿਰਾਸਤ ਨੂੰ ਯਾਦ ਕਰਨ ਅਤੇ ਵਿਦੇਸ਼ਾਂ ਵਿਚ ਪਲ ਰਹੀ ਨਵੀਂ ਪੀੜ੍ਹੀ ਨਾਲ ਪੰਜਾਬੀ ਦਾ ਰਿਸ਼ਤਾ ਹੋਰ ਮਜ਼ਬੂਤ ਕਰਨ ਵੱਲ ਸਾਰਥਕ ਉਪਰਾਲਾ ਸਾਬਤ ਹੋਈ।

*ਜਾਰੀ ਕਰਤਾ: ਜਗਜੀਤ ਨੌਸ਼ਹਿਰਵੀ*
*ਫੋਨ: 510-676-1565*

# ਹਾਕੀ ਦੀ ਕਪਤਾਨੀ ਤੋਂ ਪੰਜਾਬ ਕਾਂਗਰਸ ਦੀ ਕਪਤਾਨੀ ਤੱਕ

**ਜਲੰਧਰ:** ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਓਲੰਪੀਅਨ ਪਰਗਟ ਸਿੰਘ ਨੇ ਜਲੰਧਰ ਦੇ ਮਿੱਠਾਪੁਰ ਤੋਂ ਨਿਕਲ ਕੇ ਅੰਤਰਰਾਸ਼ਟਰੀ ਹਾਕੀ 'ਚ ਭਾਰਤ ਦਾ ਨਾਂ ਰੋਸ਼ਨ ਕੀਤਾ। ਪਰਗਟ ਸਿੰਘ ਨੇ ਖੇਡਾਂ ਤੋਂ ਬਾਅਦ ਪੰਜਾਬ ਪੁਲਿਸ ਦੀ ਨੌਕਰੀ ਕੀਤੀ। ਖੇਡ ਵਿਭਾਗ 'ਚ ਆਪਣੀਆਂ ਸੇਵਾਵਾਂ ਦਿੱਤੀਆਂ ਤੇ ਫਿਰ ਰਾਜਨੀਤੀ 'ਚ ਵੀ ਆਪਣੀ ਵਿਲੱਖਣ ਪਛਾਣ ਬਣਾਈ ਹੈ। ਜਲੰਧਰ ਕੈਂਟ ਵਿਧਾਨ ਸਭਾ ਹਲਕੇ ਤੋਂ ਲਗਾਤਾਰ ਤਿੰਨ ਵਾਰ ਵਿਧਾਇਕ ਚੁਣੇ ਜਾ ਚੁੱਕੇ ਪਰਗਟ ਸਿੰਘ ਨੂੰ ਕਾਂਗਰਸ ਹਾਈਕਮਾਨ ਨੇ ਹੁਣ ਸੂਬਾ ਸੰਗਠਨ ਦੀ ਅਹਿਮ ਵਾਗਡੋਰ ਸੌਂਪੀ ਹੈ।

5 ਮਾਰਚ 1964 ਨੂੰ ਪਿੰਡ ਮਿੱਠਾਪੁਰ, ਜਲੰਧਰ 'ਚ ਜਨਮੇ ਪਰਗਟ ਸਿੰਘ ਨੇ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ 'ਚ ਗੈਜੂਏਸ਼ਨ ਕੀਤੀ ਤੇ ਹਾਕੀ 'ਚ ਆਪਣਾ ਕਰੀਅਰ ਬਣਾਇਆ।

ਛੇ ਸਾਲ ਦੀ ਉਮਰ 'ਚ ਹਾਕੀ ਫੜਨ ਵਾਲੇ ਪਰਗਟ ਸਿੰਘ ਨੇ ਭਾਰਤੀ ਟੀਮ 'ਚ ਬਤੌਰ ਮਜ਼ਬੂਤ ਡਿਫੈਂਡਰ ਆਪਣੀ ਪਛਾਣ ਬਣਾਈ।

1983 'ਚ ਹਾਂਗਕਾਂਗ ਖ਼ਿਲਾਫ਼ ਖੇਡ ਕੇ ਆਪਣੇ ਅੰਤਰਰਾਸ਼ਟਰੀ ਕਰੀਅਰ ਦੀ ਸ਼ੁਰੂਆਤ ਕੀਤੀ।

1985 ਜੂਨੀਅਰ ਵਿਸ਼ਵ ਕੱਪ, 1986 ਤੇ 1990 ਵਿਸ਼ਵ



ਕੱਪ 'ਚ ਭਾਰਤ ਦੀ ਪ੍ਰਤੀਨਿਧਤਾ ਕੀਤੀ। 1990 ਵਿਸ਼ਵ ਕੱਪ 'ਚ ਉਹ ਟੀਮ ਦੇ ਕਪਤਾਨ ਸਨ।

1988 ਸੀਓਲ, 1992 ਬਾਰਸੀਲੋਨਾ ਤੇ 1996 ਅਟਲਾਂਟਾ ਓਲੰਪਿਕ 'ਚ ਭਾਰਤੀ ਟੀਮ ਦਾ ਹਿੱਸਾ ਰਹੇ, ਜਿਨ੍ਹਾਂ 'ਚੋਂ ਬਾਰਸੀਲੋਨਾ ਤੇ ਅਟਲਾਂਟਾ 'ਚ ਉਨ੍ਹਾਂ ਨੇ ਭਾਰਤੀ ਟੀਮ ਦੀ ਕਪਤਾਨੀ ਕੀਤੀ।'

1996 'ਚ ਅੰਤਰਰਾਸ਼ਟਰੀ ਹਾਕੀ ਤੋਂ ਸੰਨਿਆਸ ਲੈਣ ਤੋਂ ਬਾਅਦ ਵੀ ਉਹ ਖੇਡ ਨਾਲ ਜੁੜੇ ਰਹੇ। ਉਹ ਐੱਫਆਈਐੱਚ ਐਥਲੀਟ ਪੈਨਲ ਤੇ ਰੂਲਜ਼ ਐਡਵਾਈਜ਼ਰੀ ਪੈਨਲ ਦੇ ਮੈਂਬਰ ਰਹੇ, 1998 'ਚ ਭਾਰਤੀ ਹਾਕੀ ਟੀਮ ਦੇ ਕੋਚ ਬਣੇ ਅਤੇ ਪੰਜਾਬ ਦੇ ਖੇਡ ਡਾਇਰੈਕਟਰ ਨਿਭਾਈਆਂ। ਵਜੋਂ ਵੀ ਸੇਵਾਵਾਂ ਪਰਗਟ ਸਿੰਘ ਨੂੰ ਅਰਜੁਨ ਅਵਾਰਡ (1989), ਪਦਮ ਸ੍ਰੀ (1998), ਮਹਾਰਾਜਾ ਰਣਜੀਤ ਸਿੰਘ ਅਵਾਰਡ (2005) ਨਾਲ ਸਨਮਾਨਿਆ ਗਿਆ। ਉਨ੍ਹਾਂ ਆਪਣੀ ਸਿਆਸੀ ਪਾਰੀ



ਸ਼੍ਰੋਮਣੀ ਅਕਾਲੀ ਦਲ ਨਾਲ 2012 ਤੋਂ ਵਿਧਾਇਕ ਬਣ ਕੇ ਸ਼ੁਰੂ ਕੀਤੀ। ਉਸ ਤੋਂ ਬਾਅਦ 2017 ਤੇ 2022 ਦੀਆਂ ਚੋਣਾਂ 'ਚ ਕਾਂਗਰਸ ਵੱਲੋਂ ਚੋਣ ਲੜ ਕੇ ਲਗਾਤਾਰ ਤਿੰਨ ਵਾਰ ਵਿਧਾਇਕ ਬਣਨ ਦਾ ਮਾਣ ਹਾਸਲ ਕੀਤਾ।

2022 ਦੀਆਂ ਚੋਣਾਂ 'ਚ ਜਦੋਂ ਆਪ ਦੀ ਹਨੇਰੀ ਝੁੱਲੀ ਤੇ 92 ਵਿਧਾਇਕ ਆਮ ਆਦਮੀ ਪਾਰਟੀ ਦੇ ਚੁਣੇ ਗਏ ਉਸ ਵੇਲੇ ਵੀ ਦੁਆਬੇ 'ਚ ਪਰਗਟ ਸਿੰਘ ਦੀ ਜਿੱਤ ਨੇ ਕਾਂਗਰਸ ਦਾ ਮਾਨ ਸਨਮਾਨ ਬਰਕਰਾਰ ਰੱਖਿਆ। ਚੰਨੀ ਸਰਕਾਰ ਵੇਲੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਨਾਲ ਨਿਵਾਜਿਆ ਗਿਆ। ਸਕੂਲੀ ਸਿੱਖਿਆ, ਉਚੇਰੀ ਸਿੱਖਿਆ, ਖੇਡਾਂ ਤੇ ਯੁਵਕ ਸੇਵਾਵਾਂ, ਐੱਨਆਰਆਈ ਮਾਮਲੇ ਦੇ ਮੰਤਰੀ ਵਜੋਂ ਉਨ੍ਹਾਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਈਆਂ।

ਇਸ ਤੋਂ ਇਲਾਵਾ, ਨਵਜੋਤ ਸਿੰਘ ਸਿੱਧੂ ਦੇ ਪ੍ਰਦੇਸ਼ ਪ੍ਰਧਾਨਗੀ ਕਾਲ ਦੌਰਾਨ ਉਹ ਕਾਂਗਰਸ ਸੰਗਠਨ 'ਚ ਜਨਰਲ ਸਕੱਤਰ ਦੀ ਅਹਿਮ ਜ਼ਿੰਮੇਵਾਰੀ ਵੀ ਨਿਭਾ ਚੁੱਕੇ ਹਨ। ਪਾਰਟੀ ਦੀ ਅੰਦਰੂਨੀ ਗੁੱਟਬੰਦੀ ਦੇ ਵਿਚਕਾਰ ਹਾਈਕਮਾਨ ਨੇ ਅਜਿਹੇ ਸਾਫ਼-ਸੁਥਰੇ ਅਕਸ ਵਾਲੇ ਤੇ ਹਰਫਨ ਮੌਲਾ ਚਿਹਰੇ ਦੀ ਚੋਣ ਕੀਤੀ ਹੈ, ਜੋ ਸਾਰੇ ਧੜਿਆਂ ਨੂੰ ਨਾਲ ਲੈ ਕੇ ਚੱਲ ਸਕੇ।

ਪਾਰਟੀ ਹਾਈ ਕਮਾਨ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਜਿਸ ਤਰੀਕੇ ਨਾਲ ਉਨ੍ਹਾਂ ਨੇ ਖੇਡ ਦੇ ਮੈਦਾਨ 'ਚ ਟੀਮ ਵਰਕ ਤੋਂ ਕੰਮ ਲਿਆ ਤੇ ਭਾਰਤ ਦੀ ਝੋਲੀ ਤਮਗਿਆਂ ਨਾਲ ਭਰ ਦਿੱਤੀ, ਉਸੇ ਤਰੀਕੇ ਉਹ ਸਿਆਸਤ 'ਚ ਵੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅੰਦਰੂਨੀ ਗੁੱਟਬਾਜ਼ੀ ਨੂੰ ਖਤਮ ਕਰਕੇ ਦਰਪੇਸ਼ ਵੱਡੀ ਚੁਣੌਤੀ 'ਚੋਂ ਪਾਰਟੀ ਨੂੰ ਕੱਢ ਕੇ ਆਉਣ ਵਾਲੀਆਂ ਚੋਣਾਂ 'ਚ ਪੰਜਾਬ 'ਚ ਕਾਂਗਰਸ ਦੇ ਕਦਮ ਜਿੱਤ ਵੱਲ ਵਧਾਉਣਗੇ।

# ਤਿੰਨ ਔਰਤ ਪੱਤਰਕਾਰਾਂ ਵਲੋਂ ਦਿੱਲੀ ਪੁਲਿਸ 'ਤੇ ਬਦਸਲੂਕੀ ਦਾ ਦੋਸ਼

**ਨਵੀਂ ਦਿੱਲੀ:** ਪੱਤਰਕਾਰਾਂ ਨੇ ਜੰਤਰ ਮੰਤਰ 'ਤੇ ਹੋਏ ਪ੍ਰਦਰਸ਼ਨ ਦੌਰਾਨ ਦਿੱਲੀ ਪੁਲਿਸ ਦੇ ਇਕ ਅਧਿਕਾਰੀ ਉੱਤੇ ਜਿਨਸੀ ਸ਼ੋਸ਼ਣ ਦਾ ਇਲਜ਼ਾਮ ਲਾਇਆ ਹੈ। ਦਿੱਲੀ ਪੁਲਿਸ ਨੇ ਇਸ ਮਾਮਲੇ 'ਚ ਆਪਣਾ ਪੱਖ ਰਖਦਿਆਂ ਕਿਹਾ ਕਿ ਮਾਮਲੇ



ਦੀ ਨਿਰਪੱਖ ਜਾਂਚ ਲਈ ਸ਼ਿਕਾਇਤਾਂ ਕ੍ਰਾਈਮ ਬ੍ਰਾਂਚ ਨੂੰ ਸੌਂਪ ਦਿੱਤੀਆਂ ਗਈਆਂ ਹਨ। ਇਕ ਪੱਤਰਕਾਰ ਨੇ ਕਿਹਾ ਕਿ ਪੁਲਿਸ ਦੇ ਸਹਾਇਕ ਕਮਿਸ਼ਨਰ (ਏ.ਸੀ.ਪੀ.) ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਪ੍ਰਦਰਸ਼ਨ ਦੌਰਾਨ ਜਿਨਸੀ ਸ਼ੋਸ਼ਣ ਕੀਤਾ।

ਉਸ ਨੇ ਕਿਹਾ ਕਿ ਪੁਲਿਸ ਅਧਿਕਾਰੀ ਨੇ ਉਸ ਨੂੰ ਗਲਤ ਢੰਗ ਨਾਲ ਹੱਥ ਲਾਇਆ ਅਤੇ ਜਦੋਂ ਉਹ ਪੁਲਿਸ ਕਾਰਵਾਈ ਦੀ ਰਿਕਾਰਡਿੰਗ ਕਰ ਰਹੀ ਸੀ ਤਾਂ ਉਸ ਨੂੰ ਧੱਕਾ ਦਿੱਤਾ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਜਦੋਂ ਉਹ ਹੋਰਨਾਂ ਦੇ ਨਾਲ ਕੇਸ ਦਰਜ ਕਰਵਾਉਣ ਗਈ ਤਾਂ ਫੌਰੀ ਕੇਸ ਦਰਜ ਨਹੀਂ ਕੀਤਾ ਗਿਆ। ਦਿੱਲੀ ਪੁਲਿਸ ਨੇ ਆਪਣਾ ਪੱਖ ਰੱਖਦਿਆਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਮਾਮਲੇ ਦੀ ਨਿਰਪੱਖ ਜਾਂਚ ਲਈ ਸ਼ਿਕਾਇਤ ਕ੍ਰਾਈਮ ਬ੍ਰਾਂਚ ਨੂੰ ਸੌਂਪ ਦਿੱਤੀ ਹੈ। ਪ੍ਰੈੱਸ ਕਾਨਫ਼ਰੰਸ ਆਫ਼ ਇੰਡੀਆ ਨੇ ਪੱਤਰਕਾਰਾਂ ਨਾਲ ਪੁਲਿਸ ਵਲੋਂ ਕੀਤੀ ਗਈ ਬਦਸਲੂਕੀ ਨੂੰ ਸ਼ਰਮਨਾਕ ਦੱਸਦਿਆਂ ਕਿਹਾ ਕਿ ਲੋਕਤੰਤਰ 'ਚ ਅਜਿਹੇ ਵਰਤਾਰੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਨੂੰ ਆਪਣਾ ਕੰਮ ਆਜ਼ਾਦੀ ਨਾਲ, ਬਿਨਾਂ ਕਿਸੇ ਡਰ ਦੇ ਕਰਨ ਦਿੱਤਾ ਜਾਣਾ ਚਾਹੀਦਾ ਹੈ। ਕੌਂਸਲ ਨੇ ਉਨ੍ਹਾਂ ਔਰਤ ਪੱਤਰਕਾਰਾਂ ਦੀ ਸ਼ਿਕਾਇਤ 'ਤੇ ਫੌਰਨ ਕਾਰਵਾਈ ਦੀ ਮੰਗ ਕੀਤੀ।

ਨਾਲ ਹੀ ਇਹ ਵੀ ਯਕੀਨੀ ਬਣਾਉਣ ਨੂੰ ਕਿਹਾ ਕਿ ਮੀਡੀਆ ਨੂੰ ਬਿਨਾਂ ਕਿਸੇ ਡਰ ਜਾਂ ਧਮਕੀ ਦੇ ਆਪਣੀ ਡਿਊਟੀ ਕਰਨ ਲਈ ਲੋੜੀਂਦੇ ਪ੍ਰਬੰਧ: ਕੀਤੇ ਜਾਣ। ਇਸ ਤੋਂ ਪਹਿਲਾਂ ਲੋਕ ਸਭਾ ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਿੱਲੀ ' ਪੁਲਿਸ ਅਧਿਕਾਰੀ ਵਲੋਂ ਕੀਤੀ ਬਦਸਲੂਕੀ ਦੇ ਮਾਮਲੇ 'ਚ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜਵਾਬ ਮੰਗਿਆ। ਉਨ੍ਹਾਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਦਿੱਲੀ ਪੁਲਿਸ ਗ੍ਰਹਿ ਮੰਤਰਾਲੇ ਅਧੀਨ ਆਉਂਦੀ ਹੈ ਇਸ ਲਈ ਅਮਿਤ ਸ਼ਾਹ ਜਵਾਬ ਦੇਣ। ਉਨ੍ਹਾਂ ਕਿਹਾ ਕਿ ਔਰਤ ਪੱਤਰਕਾਰ ਨਾਲ ਜੰਤਰ ਮੰਤਰ ਵਿਖੇ ਇਕ ਪੁਲਿਸ ਅਧਿਕਾਰੀ ਵਲੋਂ ਬਦਸਲੂਕੀ ਕੀਤੀ ਗਈ। ਘੰਟਿਆਂ ਬੱਧੀ ਸੈਂਕੜੇ ਪੱਤਰਕਾਰ ਧਰਨੇ 'ਤੇ ਸਿਰਫ ਇਕ ਮੰਗ ਲੈ ਕੇ ਬੈਠੇ ਰਹੇ ਐਫ.ਆਈ.ਆਰ. ਦਰਜ ਕੀਤੀ ਜਾਵੇ।


## Matrimonials

### ਲੜਕੇ ਦੀ ਲੋੜ ਹੈ

Ramgarhia family looking for a USA citizen/Green card holder match for their beautiful, family oriented 29 years old, height 5'5" daughter. She has work visa and located in Virginia (USA). Cast no bar. Please contact us at: 757-238-1686 or E-Mail: prabkaur031997@gmail.com

39-42

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered. Contact us at: 269-830-0980

### ਲੜਕੀ ਦੀ ਲੋੜ ਹੈ

Dhaliwal Jatt Sikh family is looking for a suitable match for their son, born June 1998, 6'2" tall, currently living in the USA. He has a Diploma in Engineering. The family is from Ludhiana, Punjab, and owns 11 acres of agricultural land, a spacious house in Punjab, and a house in the USA. Family includes grandparents, parents, and one married sister. Looking for an educated girl from a good family. Serious and genuine inquiries only, please. Contact 929-395-3922

39-42

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.



UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603

SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-436-9010

EARLY BIRD SALE!!!!

Domestic fares available


# ਭਾਰਤ ਵਲੋਂ ਰੂਸ-ਯੂਕਰੇਨ ਜੰਗ ਖ਼ਤਮ ਕਰਾਉਣ ਲਈ ਯਤਨ ਤੇਜ਼

**ਨਵੀਂ ਦਿੱਲੀ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕਿਹਾ ਕਿ ਭਾਰਤ ਨੇ ਰੂਸ-ਯੂਕਰੇਨ ਸੰਘਰਸ਼ ਨੂੰ ਹੱਲ ਕਰਨ ਲਈ ਕੇਵਲ ਵਕਾਲਤ ਕਰਨ ਤੋਂ ਅੱਗੇ ਵਧਦਿਆਂ ਹਾਲੀਆ ਮਹੀਨਿਆਂ 'ਚ ਕੀਵ (ਯੂਕਰੇਨ) ਤੇ ਮਾਸਕੋ (ਰੂਸ) ਦੋਵਾਂ ਨਾਲ ਗੱਲਬਾਤ ਰਾਹੀਂ ਆਪਣੇ ਯਤਨ ਤੇਜ਼ ਕਰ ਦਿੱਤੇ ਹਨ। ਲੰਬੇ ਸਮੇਂ ਤੋਂ ਚੱਲ ਰਹੀ ਇਸ ਜੰਗ ਨੂੰ ਖਤਮ ਕਰਨ ਲਈ ਨਵੀਂ ਦਿੱਲੀ ਦੀ ਤਾਜ਼ਾ ਪਹਿਲਕਦਮੀ ਬਾਰੇ ਇਹ ਪਹਿਲੀ ਵਾਰ ਜਨਤਕ ਤੌਰ 'ਤੇ ਕੀਤੀ ਗਈ ਟਿੱਪਣੀ ਹੈ। ਜੈਸ਼ੰਕਰ ਦੀ ਇਹ ਟਿੱਪਣੀ ਇਕ ਸਮਾਗਮ ਦੌਰਾਨ ਉਸ ਸਮੇਂ ਆਈ ਹੈ ਜਦੋਂ ਕੁਝ ਦਿਨ ਪਹਿਲਾਂ ਹੀ ਰੂਸੀ ਰਾਸ਼ਟਰਪਤੀ ਵਲਾਦੀਮੀਰ, ਪੁਤਿਨ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਇਸ ਸੰਘਰਸ਼ ਦਾ ਆਪਸੀ ਸਹਿਮਤੀ ਵਾਲਾ ਹੱਲ ਲੱਭਣ ਲਈ ਵਧੀਆ ਵਿਚਾਰ ਹਨ।

ਯੂਕਰੇਨ ਦੇ ਵਿਦੇਸ਼ ਮੰਤਰੀ ਐਂਡਰੀ ਸਿਬੀਹਾ ਨੇ ਵੀ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਕੀਵ ਨੂੰ ਸੰਭਾਵਿਤ ਜੰਗਬੰਦੀ ਲਈ ਭਾਰਤ ਤੇ ਤਿੰਨ ਹੋਰ ਦੇਸ਼ਾਂ ਤੋਂ ਵੱਖਰੇ-ਵੱਖਰੇ ਪ੍ਰਸਤਾਵ ਪ੍ਰਾਪਤ ਹੋਏ ਹਨ। ਨਵੀਂ ਦਿੱਲੀ ਦੇ ਯਤਨਾਂ ਬਾਰੇ ਕੁਝ ਵੇਰਵੇ ਸਾਂਝੇ ਕਰਦਿਆਂ ਜੈਸ਼ੰਕਰ ਨੇ ਕਿਹਾ ਕਿ ਭਾਰਤ ਕਾਲੇ ਸਾਗਰ ਵਿਚ ਸਮੁੰਦਰੀ ਆਵਾਜਾਈ ਦੀ ਸੁਰੱਖਿਆ ਦੇ ਨਾਲ-ਨਾਲ ਅਨਾਜ ਦੀ ਬਰਾਮਦ ਤੇ ਊਰਜਾ ਸਪਲਾਈ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਚਾਵਲਾ ਮਾਮਲਾ: ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੇ ਓ.ਐੱਸ.ਡੀ. ਤੋਂ ਚਾਰ ਘੰਟੇ ਤੱਕ ਪੁੱਛਗਿੱਛ

**ਚੰਡੀਗੜ੍ਹ:** ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਦਰਜ ਜਿਨਸੀ ਸ਼ੋਸ਼ਣ ਦੇ ਮਾਮਲੇ ਦੀ ਜਾਂਚ ਨੂੰ ਅੱਗੇ ਵਧਾਉਂਦਿਆਂ ਸ੍ਰੀ ਆਨੰਦਪੁਰ ਸਾਹਿਬ ਪੁਲੀਸ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨਾਲ ਸਬੰਧਤ ਅਧਿਕਾਰੀਆਂ ਅਤੇ ਮੁਲਾਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸੇ ਤਹਿਤ ਪੁਲੀਸ ਵੱਲੋਂ ਐੱਸ.ਜੀ.ਪੀ.ਸੀ. ਦੇ ਮੁੱਖ ਸਕੱਤਰ ਦੇ ਓ.ਐੱਸ.ਡੀ. ਸਤਬੀਰ ਸਿੰਘ ਤੋਂ ਕਰੀਬ ਚਾਰ ਘੰਟੇ ਤੱਕ ਪੁੱਛਗਿੱਛ ਕੀਤੀ ਗਈ।

ਡੀ.ਐੱਸ.ਪੀ. ਸ੍ਰੀ ਆਨੰਦਪੁਰ ਸਾਹਿਬ ਜਸ਼ਨਦੀਪ ਸਿੰਘ ਨੇ ਦੱਸਿਆ ਕਿ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ 21 ਅਗਸਤ 5 2026 ਨੂੰ ਐੱਫ.ਆਈ.ਆਰ. ਨੰਬਰ 149 ਦਰਜ ਕੀਤੀ ਗਈ ਸੀ। ਮਾਮਲੇ ਦੀ ਤਫ਼ਤੀਸ਼ ਦੌਰਾਨ ਪੁਲੀਸ ਵੱਲੋਂ ਵੱਖ-ਵੱਖ ਪੱਖਾਂ ਤੋਂ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਐੱਸ.ਜੀ.ਪੀ.ਸੀ. ਵਿੱਚ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਅ ਰਹੇ ਅਤੇ ਇਸ ਵੇਲੇ ਮੁੱਖ ਸਕੱਤਰ



ਕੁਲਵੰਤ ਸਿੰਘ ਦੇ ਓ.ਐੱਸ.ਡੀ. ਵਜੋਂ ਸਤਬੀਰ ਸਿੰਘ ਤੋਂ ਸਰਾਵਾਂ ਦੇ ਪ੍ਰਬੰਧਾਂ ਅਤੇ ਨਿਯਮਾਂ ਛਗਿੱਛ ਕੀਤੀ ਗਈ ਹੈ।

ਡੀ.ਐੱਸ.ਪੀ. ਅਨੁਸਾਰ ਪੁਲੀਸ ਵੱਲੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਰਾਵਾਂ ਵਿੱਚ ਸ਼ਰਧਾਲੂਆਂ ਦੀ ਐਂਟਰੀ ਕਿਸ ਪ੍ਰਕਿਰਿਆ ਤਹਿਤ ਹੁੰਦੀ ਹੈ, ਉਹਨਾਂ ਦੇ ਠਹਿਰਨ ਸਬੰਧੀ ਕੀ ਨਿਯਮ ਹਨ ਅਤੇ ਸਬੰਧਤ ਰਿਕਾਰਡ ਕਿਵੇਂ ਦਰਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸ਼ਿਕਾਇਤਕਰਤਾ ਔਰਤ ਦੇ ਸਰਾਵਾਂ ਵਿੱਚ ਠਹਿਰਨ ਨਾਲ ਸਬੰਧਤ ਰਿਕਾਰਡ ਅਤੇ ਉਸ ਨੂੰ ਉੱਥੇ ਮਿਲੀਆਂ ਸਹੂਲਤਾਂ ਸਬੰਧੀ ਵੀ ਤੱਥ ਇਕੱਠੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਪੁਲੀਸ ਇਹ ਵੀ ਜਾਂਚ ਕਰ ਰਹੀ ਹੈ ਕਿ ਸ਼ਿਕਾਇਤਕਰਤਾ ਕਿਹੜੇ ਹਾਲਾਤ ਵਿੱਚ ਸ੍ਰੀ ਆਨੰਦਪੁਰ ਸਾਹਿਬ ਪਹੁੰਚੀ ਅਤੇ ਉਸ ਦੇ ਠਹਿਰਨ ਦੌਰਾਨ ਕੀ ਕੁਝ ਵਾਪਰਿਆ। ਜਾਂਚ ਦੌਰਾਨ ਕਿਸੇ ਵਿਅਕਤੀ ਵੱਲੋਂ ਉਸ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਰੋਕ ਕੇ ਰੱਖਣ ਜਾਂ ਕਿਸੇ ਹੋਰ ਤਰ੍ਹਾਂ ਦੀ ਗਤੀਵਿਧੀ ਦੇ ਦੋਸ਼ ਸਾਹਮਣੇ ਆਉਂਦੇ ਹਨ ਜਾਂ ਨਹੀਂ, ਇਸ ਪੱਖ ਤੋਂ ਵੀ ਜਾਂਚ ਕੀਤੀ ਜਾ ਰਹੀ ਹੈ।

## ਹਾਈ ਕੋਰਟ ਵਲੋਂ ਪੰਜਾਬ...

(ਪਹਿਲੇ ਸਫ਼ੇ ਦਾ ਬਾਕੀ)

### ਸੀਨੀਅਰ ਅਹੁਦਿਆਂ 'ਤੇ ਬੈਠੇ ਅਧਿਕਾਰੀਆਂ ਨਾਲ ਜੁੜੇ ਦੋਸ਼ ਗੰਭੀਰ

ਹਾਈ ਕੋਰਟ ਨੇ ਕਿਹਾ ਸੀ ਕਿ ਈ.ਡੀ. ਵਲੋਂ ਸਾਂਝੀ ਕੀਤੀ ਗਈ ਸਮੱਗਰੀ ਮਹਿਜ਼ ਉਸ ਦੀ ਰਾਇ ਨਹੀਂ ਸੀ, ਸਗੋਂ ਇਸ ਦੇ ਆਧਾਰ 'ਤੇ ਕਾਨੂੰਨ ਦੀ ਉਲੰਘਣਾ ਸੰਬੰਧੀ ਸਮਰੱਥ ਅਧਿਕਾਰੀ ਵਲੋਂ ਸਿੱਟਾ ਕੱਢਿਆ ਗਿਆ ਸੀ। ਸਮੱਗਰੀ 'ਚ ਸੀਨੀਅਰ ਅਧਿਕਾਰੀਆਂ ਨਾਲ ਸੰਬੰਧਿਤ ਕਥਿਤ ਭ੍ਰਿਸ਼ਟਾਚਾਰ, ਤਬਾਦਲਿਆਂ 'ਚ ਬੇਨਿਯਮੀਆਂ, ਨੀਤੀਆਂ ਤਿਆਰ ਕਰਨ 'ਚ ਪ੍ਰਭਾਵ ਪਾਉਣ, ਟੈਂਡਰਾਂ ਨੂੰ ਪ੍ਰਭਾਵਿਤ ਕਰਨ, ਹਥਿਆਰਾਂ ਦੇ ਲਾਇਸੈਂਸ ਜਾਰੀ ਕਰਨ ਤੇ ਸ਼ੱਕੀ ਢੰਗ ਨਾਲ ਜਾਇਦਾਦ ਬਣਾਉਣ ਵਰਗੇ ਗੰਭੀਰ ਦੋਸ਼ਾਂ ਦਾ ਜ਼ਿਕਰ ਸੀ। ਬੈਂਚ ਨੇ ਕਿਹਾ ਕਿ ਉੱਚ ਸਰਕਾਰੀ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਵਿਰੁੱਧ ਅਜਿਹੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ। ਪਹਿਲੀ ਨਜ਼ਰੇ ਦੋਸ਼ਾਂ ਦੀ ਪੁਸ਼ਟੀ ਲਈ ਵੱਖ-ਵੱਖ ਵਟਸਐਪ ਚੈਟਾਂ ਤੇ ਹੋਰ ਸਮੱਗਰੀ ਦਾ ਵੀ ਹਵਾਲਾ ਦਿੱਤਾ ਗਿਆ ਹੈ। ਹਾਲਾਂਕਿ, ਦੋਸ਼ਾਂ ਦੀ ਸੱਚਾਈ ਤੇ ਇਸ 'ਚ ਸ਼ਾਮਿਲ ਵਿਅਕਤੀਆਂ ਦੀ ਭੂਮਿਕਾ ਦਾ ਫ਼ੈਸਲਾ ਜਾਂਚ ਤੇ ਮੁਕੱਦਮੇ ਦੌਰਾਨ ਹੀ ਹੋ ਸਕਦਾ ਹੈ।

# ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਗਈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਤਬਾਦਲਿਆਂ, ਨੀਤੀਗਤ ਫੈਸਲਿਆਂ, ਟੈਂਡਰਾਂ ਅਤੇ ਸਰਕਾਰੀ ਕੰਮਕਾਜ ਵਿਚ ਕਥਿਤ ਭ੍ਰਿਸ਼ਟਾਚਾਰ ਨਾਲ ਜੁੜੇ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੇ ਨਿਰਦੇਸ਼ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿਤੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਹਾਈ ਕੋਰਟ ਦੇ ਫ਼ੈਸਲੇ ਤੋਂ ਤੁਰੰਤ ਬਾਅਦ ਸੁਪਰੀਮ ਕੋਰਟ ਜਾਣ ਦੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਸੀ। ਸੂਬਾ ਸਰਕਾਰ ਨੇ ਇਹ ਫੈਸਲਾ ਹਾਈ ਕੋਰਟ ਦੀ ਡਵੀਜ਼ਨ ਬੈਂਚ ਵੱਲੋਂ ਸੀਬੀਆਈ ਨੂੰ ਇਸ ਮਾਮਲੇ ਵਿੱਚ ਐਫਆਈਆਰ ਦਰਜ ਕਰ ਕੇ ਤੁਰੰਤ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦੇਣ ਤੋਂ ਕੁਝ ਘੰਟਿਆਂ ਬਾਅਦ ਲਿਆ।

ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਦੇ ਸੁਪਰੀਮ ਕੋਰਟ ਜਾਣ ਦੇ ਫੈਸਲੇ ਦਾ ਆਧਾਰ ਸਾਲ 2020 ਵਿੱਚ ਲਏ ਫੈਸਲੇ ਨੂੰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਨਵੰਬਰ 2020 ਵਿੱਚ ਤਤਕਾਲੀ ਕਾਂਗਰਸ ਸਰਕਾਰ ਨੇ ਪੰਜਾਬ ਵਿੱਚ ਜਾਂਚ ਲਈ ਸੀਬੀਆਈ ਨੂੰ ਦਿੱਤੀ ਗਈ ਆਮ ਸਹਿਮਤੀ ਵਾਪਸ ਲੈ ਲਈ ਸੀ। ਇਸੇ ਆਧਾਰ 'ਤੇ ਸੂਬਾ ਸਰਕਾਰ ਹਾਈ ਕੋਰਟ ਦੇ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਵੇਗੀ।

ਹਾਈ ਕੋਰਟ ਦੇ ਮੁੱਖ ਜੱਜ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਬੈਂਚ ਨੇ ਸੋਮਵਾਰ ਨੂੰ ਇਸ ਮਾਮਲੇ 'ਚ ਦਾਇਰ ਇੱਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਇਸ ਮਾਮਲੇ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਜ਼ਰੂਰੀ ਹੈ। ਅਦਾਲਤ ਨੇ ਸੀਬੀਆਈ ਨੂੰ ਨਿਰਦੇਸ਼ ਦਿੱਤਾ ਕਿ ਉਹ ਜਾਂਚ ਦੇ ਨਤੀਜੇ ਸਬੰਧੀ ਦੋ ਮਹੀਨਿਆਂ ਦੇ ਅੰਦਰ ਰਿਪੋਰਟ ਪੇਸ਼ ਕਰੇ। ਇਸ ਮਾਮਲੇ ਦੀ ਅਗਲੀ ਸੁਣਵਾਈ 7 ਦਸੰਬਰ ਨੂੰ ਹੋਵੇਗੀ।

## ਸੀਜੇਆਈ ਨੇ ਕਿਹਾ...

(ਪਹਿਲੇ ਸਫ਼ੇ ਦਾ ਬਾਕੀ)

ਇਕ ਘੋਸ਼ਣਾ ਪੱਤਰ ਐੱਸਆਈਆਰ ਵਾਲੇ ਸੂਬਿਆਂ 'ਚ ਜੋੜਿਆ ਗਿਆ ਹੈ। ਇਸ ਵਿੱਚ ਵੋਟਰ ਸੂਚੀ 'ਚ ਸ਼ਾਮਲ ਹੋਣ ਦੀ ਅਰਜ਼ੀ ਦੇਣ ਵਾਲੇ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕੀ ਉਨ੍ਹਾਂ ਦਾ ਆਪਣਾ ਨਾਂ, ਜਾਂ ਉਨ੍ਹਾਂ ਦੇ ਮਾਤਾ-ਪਿਤਾ, ਦਾਦਾ-ਦਾਦੀ ਦਾ ਨਾਂ ਪਹਿਲਾਂ ਤੋਂ ਐੱਸਆਈਆਰ ਦੇ ਸਮੇਂ ਦੀ ਵੋਟਰ ਸੂਚੀ 'ਚ ਦਰਜ ਸੀ। ਆਲੋਚਕਾਂ ਦੀ ਦਲੀਲ ਹੈ ਕਿ ਇਸ ਨਾਲ ਪਹਿਲੀ ਵਾਰੀ ਵੋਟਰ ਸੂਚੀ 'ਚ ਸ਼ਾਮਲ ਹੋਣ ਵਾਲਿਆਂ ਲਈ ਇਕ ਰੁਕਾਵਟ ਪੈਦਾ ਹੁੰਦੀ ਹੈ।

ਇਸ ਮਾਮਲੇ 'ਚ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ 27 ਮਈ ਦੇ ਫ਼ੈਸਲੇ 'ਚ ਇਸ ਨੂੰ ਮਨਜ਼ੂਰ ਕੀਤਾ ਹੈ। ਯਾਦ ਰਹੇ ਕਿ ਸੁਪਰੀਮ ਕੋਰਟ ਦੇ 27 ਮਈ ਦੇ ਫ਼ੈਸਲੇ ਦੇ ਪੈਰਾ 45 ਦੇ ਨੁਕਤੇ 'ਐੱਫ' ਜਿਹੜਾ ਸਫਾ 58 'ਤੇ ਹੈ, 'ਚ ਫਾਰਮ-6 ਦੇ ਨਾਲ ਘੋਸ਼ਣਾ ਦਾ ਜ਼ਿਕਰ ਹੈ, ਜਿਹੜਾ ਕੋਰਟ ਨੇ ਚੋਣ ਕਮਿਸ਼ਨ ਦੀ ਐੱਸਆਈਆਰ ਪ੍ਰਕਿਰਿਆ ਦੇ ਆਦੇਸ਼ ਦਾ ਹਵਾਲਾ ਦਿੰਦਾ ਹੈ। ਉਸ ਵਿਚ ਸਿਰਫ਼ ਭਾਰਤੀਆਂ ਦੇ ਵੋਟਰ ਬਣਨ ਦੀ ਲਾਜ਼ਮੀਅਤ ਦੀ ਗੱਲ ਕਹੀ ਗਈ ਸੀ। ਉਸਦੇ ਅਗਲੇ ਪੈਰੇ 'ਚ ਕੋਰਟ ਨੇ ਮੰਨਿਆ ਸੀ ਕਿ ਚੋਣ ਕਮਿਸ਼ਨ ਨੇ ਐੱਸਆਈਆਰ ਕਰਾਉਣ ਦੀ ਪ੍ਰਕਿਰਿਆ, ਜਿਸ ਵਿਚ ਫਾਰਮ-6 ਦੇ ਨਾਲ ਘੋਸ਼ਣਾ ਪੱਤਰ ਜੋੜਿਆ ਗਿਆ, ਉਸ ਦੇ ਤਹਿਤ ਪ੍ਰਭਾਵਸ਼ਾਲੀ ਦਲੀਲਾਂ ਦਿੱਤੀਆਂ ਹਨ। ਯਾਨੀ ਕੋਰਟ ਨੇ ਇਸ ਨੂੰ ਮਨਜ਼ੂਰੀ ਦਿੱਤੀ ਸੀ।

# ਪੰਜਾਬ ਪੁਲਿਸ ਦੀ ਕਾਰਵਾਈ 'ਤੇ ਜਤਾਈ ਨਾਰਾਜ਼ਗੀ

ਹਾਈ ਕੋਰਟ ਨੇ ਪੰਜਾਬ ਪੁਲਿਸ ਵਲੋਂ ਹੁਣ ਤੱਕ ਕੀਤੀ ਕਾਰਵਾਈ 'ਤੇ ਵੀ ਸਖ਼ਤ ਟਿੱਪਣੀਆਂ ਕੀਤੀਆਂ। ਬੈਂਚ ਨੇ ਕਿਹਾ ਕਿ ਈ.ਡੀ. ਤੋਂ ਜਾਣਕਾਰੀ ਮਿਲਣ ਤੋਂ ਬਾਅਦ ਮਾਮਲੇ 'ਚ ਅਗਲੀ ਕਾਰਵਾਈ ਕਰਨ ਦੀ ਬਜਾਏ ਮੁਢਲੀ ਜਾਂਚ ਕੀਤੀ ਗਈ ਤੇ ਕਈ ਵਿਅਕਤੀਆਂ ਨੂੰ ਨੋਟਿਸ ਜਾਰੀ ਕੀਤੇ ਗਏ। ਇਸ ਤੋਂ ਬਾਅਦ ਪੁਲਿਸ ਨੇ 28 ਅਗਸਤ ਨੂੰ ਈ.ਡੀ. ਤੋਂ ਦਸਤਾਵੇਜ਼ਾਂ ਦੀਆਂ ਪੜ੍ਹਨਯੋਗ ਕਾਪੀਆਂ ਮੰਗੀਆਂ। ਬੈਂਚ ਨੇ ਸਵਾਲ ਕੀਤਾ ਕਿ ਜੇਕਰ ਦਸਤਾਵੇਜ਼ ਪੜ੍ਹਨਯੋਗ ਨਹੀਂ ਸਨ ਤਾਂ ਉਨ੍ਹਾਂ ਦੇ ਆਧਾਰ 'ਤੇ ਸੰਬੰਧਿਤ ਵਿਅਕਤੀਆਂ ਨੂੰ ਨੋਟਿਸ ਕਿਵੇਂ ਜਾਰੀ ਕਰ ਦਿੱਤੇ ਗਏ? ਅਦਾਲਤ ਨੇ ਇਹ ਵੀ ਪੁੱਛਿਆ ਕਿ ਕਥਿਤ ਤੌਰ 'ਤੇ ਅਸਪੱਸ਼ਟ ਦਸਤਾਵੇਜ਼ਾਂ ਦੇ ਆਧਾਰ 'ਤੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ- ਵਟਾਂਦਰਾ ਤੇ 29 ਵਿਭਾਗਾਂ ਨੂੰ ਨੋਟਿਸ ਜਾਰੀ ਕਰਨ ਦੀ ਕਾਰਵਾਈ ਕਿਵੇਂ ਕੀਤੀ ਗਈ। ਮਾਮਲੇ ਦੀ ਹੁਣ ਤੱਕ ਦੀ ਸਥਿਤੀ 'ਤੇ ਟਿੱਪਣੀ ਕਰਦਿਆਂ ਹਾਈ ਕੋਰਟ ਨੇ ਕਿਹਾ ਕਿ ਈ.ਡੀ. ਦੀ ਸੂਚਨਾ ਤੋਂ ਬਾਅਦ ਪੰਜਾਬ ਪੁਲਿਸ ਦੀ ਕਾਰਵਾਈ ਅਜਿਹੀ ਰਹੀ ਕਿ 'ਸਫ਼ਰ ਤਾਂ ਪੂਰਾ ਹੋਇਆ, ਪਰ ਮੰਜ਼ਿਲ ਤੱਕ ਨਹੀਂ ਪੁੱਜੇ।'' ਅਦਾਲਤ ਨੇ ਕਿਹਾ ਕਿ ਪੁਲਿਸ ਨੂੰ ਉਪਲਬਧ ਸਮੱਗਰੀ ਦੀ ਜਾਂਚ ਕਰਨੀ ਚਾਹੀਦੀ ਸੀ ਤੇ ਜੇਕਰ ਉਸ ਤੋਂ ਕੋਈ ਸੰਗੀਨ ਅਪਰਾਧ ਸਾਹਮਣੇ ਆਉਂਦਾ ਸੀ ਤਾਂ ਐੱਫ਼.ਆਈ.ਆਰ. ਦਰਜ ਕਰਕੇ ਜਾਂਚ ਅੱਗੇ ਵਧਾਉਣੀ ਚਾਹੀਦੀ ਸੀ। ਬੈਂਚ ਨੇ ਕਿਹਾ ਕਿ ਕਰੀਬ ਇਕ ਮਹੀਨੇ ਤੱਕ ਵਿਚਾਰ-ਵਟਾਂਦਰਾ ਕਰਨ, ਨੋਟਿਸ ਜਾਰੀ ਕਰਨ ਤੇ ਹੋਰ ਕਾਰਵਾਈਆਂ ਕਰਨ ਤੋਂ ਬਾਅਦ ਦਸਤਾਵੇਜ਼ਾਂ ਦੀਆਂ ਪੜ੍ਹਨਯੋਗ ਕਾਪੀਆਂ ਮੰਗਣਾ ਪੁਲਿਸ ਦੀ ਰਿਪੋਰਟ ਨੂੰ ਕਮਜ਼ੋਰ ਕਰਦਾ। ਹੈ। ਅਦਾਲਤ ਨੇ ਪਟੀਸ਼ਨਰ ਵਲੋਂ ਪ੍ਰਗਟਾਈ ਉਸ ਚਿੰਤਾ ਦਾ ਵੀ ਹਵਾਲਾ ਦਿੱਤਾ ਕਿ ਸਮੇਂ ਦੀ ਵਰਤੋਂ ਦੋਸ਼ੀਆਂ ਨੂੰ ਬਚਾਉਣ ਤੇ ਉਪਲਬਧ ਜਾਂ ਸੰਭਾਵਿਤ ਸਬੂਤਾਂ ਨੂੰ ਪ੍ਰਭਾਵਿਤ ਕਰਨ ਦੀ ਰਣਨੀਤੀ ਬਣਾਉਣ ਲਈ ਕੀਤੀ ਜਾ ਰਹੀ ਹੈ। ਪੰਜਾਬ ਪੁਲਿਸ ਦੀ ਕਾਰਜਪ੍ਰਣਾਲੀ ਤੋਂ ਅਸੰਤੁਸ਼ਟ ਹਾਈ ਕੋਰਟ ਨੇ ਕਿਹਾ ਕਿ ਮਾਮਲੇ ਦੀ ਨਿਰਪੱਖ ਜਾਂਚ ਲਈ ਇਸ ਨੂੰ ਸੀ.ਬੀ.ਆਈ. ਹਵਾਲੇ ਕਰਨਾ ਉਚਿਤ ਹੋਵੇਗਾ। ਅਦਾਲਤ ਨੇ ਸੀ.ਬੀ.ਆਈ. ਨੂੰ ਮਾਮਲੇ 'ਚ ਐੱਫ਼.ਆਈ.ਆਰ. ਦਰਜ ਕਰਕੇ ਤੁਰੰਤ ਜਾਂਚ ਸ਼ੁਰੂ ਕਰਨ ਦੇ 'ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੂੰ ਨਿਰਪੱਖ ਜਾਂਚ 'ਚ ਸੀ.ਬੀ.ਆਈ. ਨੂੰ ਹਰ ਸੰਭਵ ਸਹਿਯੋਗ ਦੇਣ ਲਈ ਕਿਹਾ ਗਿਆ ਹੈ। ਡਵੀਜ਼ਨ ਬੈਂਚ ਨੇ ਜਾਂਚ ਦੀ ਪ੍ਰਗਤੀ ਤੇ ਨਤੀਜੇ ਸੰਬੰਧੀ ਰਿਪੋਰਟ ਦੋ ਮਹੀਨਿਆਂ ਦੇ ਅੰਦਰ ਅਦਾਲਤ 'ਚ ਪੇਸ਼ ਕਰਨ ਦੇ ਵੀ ਹੁਕਮ ਦਿੱਤੇ ਹਨ।

# ਮੁੱਖ ਮੰਤਰੀ ਨੂੰ ਬਦਨਾਮ ਕਰ ਰਹੀ ਹੈ ਭਾਜਪਾ: ਬਲਤੇਜ ਪੰਨੂ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਭਾਜਪਾ ਮੁੱਖ ਮੰਤਰੀ ਭਗਵੰਤ ਮਾਨ ਦਾ ਸਿਆਸੀ ਤੌਰ 'ਤੇ ਮੁਕਾਬਲਾ ਕਰਨ ਵਿੱਚ ਅਸਮਰੱਥ ਹੈ। ਭਾਜਪਾ ਪੰਜਾਬ ਦੇ ਸਭ ਤੋਂ ਇਮਾਨਦਾਰ ਮੁੱਖ ਮੰਤਰੀ ਖ਼ਿਲਾਫ਼ ਕੁਝ ਵੀ ਨਹੀਂ ਲੱਭ ਸਕੀ। ਇਸ ਕਾਰਨ ਹੁਣ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਪੰਨੂ ਨੇ ਕਿਹਾ ਕਿ ਮਾਨ ਸਰਕਾਰ ਦੀ ਟੀਮ ਖ਼ਿਲਾਫ਼ ਸੀਬੀਆਈ ਅਤੇ ਈਡੀ ਦੀ ਕਾਰਵਾਈ ਵੀ ਉਸੇ ਪੈਟਰਨ ਦਾ ਹਿੱਸਾ ਹੈ, ਜਿਸ ਤਹਿਤ ਚੋਣਾਂ ਤੋਂ ਪਹਿਲਾਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਏਜੰਸੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਵੀ ਅਜਿਹਾ ਹੀ ਦੇਖਿਆ ਗਿਆ ਸੀ।




ਕੇਂਦਰ ਸਰਕਾਰ ਨੇ ਉਨ੍ਹਾਂ ਸਾਰੇ ਸੂਬਿਆਂ ਵਿੱਚ ਇਸੇ ਤਰ੍ਹਾਂ ਦੇ ਤਰੀਕੇ ਅਪਣਾਏ, ਜਿੱਥੇ ਚੋਣਾਂ ਨੇੜੇ ਸਨ। ਪੰਨੂ ਨੇ ਕਿਹਾ ਕਿ ਕੇਂਦਰ ਵੱਲੋਂ ਪੰਜਾਬ ਦੇ ਹਰ ਕੰਮ ਵਿੱਚ ਰੁਕਾਵਟ ਪੈਦਾ ਕਰਨ ਦੀ ਕੋਸ਼ਿਸ਼ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਤੱਕ ਭਲਾਈ ਸਕੀਮਾਂ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨਹੀਂ ਚਾਹੁੰਦਾ ਕਿ ਪੰਜਾਬ ਦੇ ਲੋਕਾਂ ਨੂੰ ਮਾਨ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਮਿਲਦੀਆਂ ਰਹਿਣ। ਪੰਨੂ ਨੇ ਕਿਹਾ ਕਿ ਚਾਹੇ 600 ਯੂਨਿਟ ਮੁਫ਼ਤ ਬਿਜਲੀ ਹੋਵੇ, ਕਿਸਾਨਾਂ ਲਈ ਦਿਨ ਦੇ ਸਮੇਂ ਬਿਜਲੀ ਦੀ ਸਪਲਾਈ ਹੋਵੇ ਜਾਂ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਵਿੱਤੀ ਸਹਾਇਤਾ ਦੇਣਾ ਹੋਵੇ, ਮਾਨ ਸਰਕਾਰ ਕੇਂਦਰ ਵੱਲੋਂ ਪੰਜਾਬ ਦੇ ਫੰਡ ਰੋਕੇ ਜਾਣ ਦੇ ਬਾਵਜੂਦ ਇਹ ਸਭ ਜਾਰੀ ਰੱਖ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਹਾਕੀ ਉਲੰਪੀਅਨ ਪ੍ਰਗਟ ਸਿੰਘ ਪੰਜਾਬ ਕਾਂਗਰਸ ਦੀ ਅਗਵਾਈ ਕਰਨ ਦੇ ਪੂਰੀ ਤਰ੍ਹਾਂ ਸਮਰੱਥ: ਅਮੋਲਕ ਸਿੰਘ ਗਾਖਲ

**ਸਾਨ ਫਰਾਂਸਿਸਕੋ:** ਬੀਤੇ ਦਿਨੀਂ ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਜ਼ਿਲ੍ਹਾ ਜਲੰਧਰ ਨਾਲ ਸਬੰਧਿਤ ਨੌਜਵਾਨ ਸਿਆਸਤਦਾਨ, ਹਾਕੀ ਉਲੰਪੀਅਨ ਪਦਮਸ੍ਰੀ ਪਰਗਟ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ ਗਿਆ। ਕਾਂਗਰਸ ਦੇ ਇਸ ਫੈਸਲੇ ’ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਉੱਘੇ ਖੇਡ ਪ੍ਰੋਮੋਟਰ ਅਤੇ ਸਮਾਜ ਸੇਵੀ ਆਗੂ ਅਮੋਲਕ ਸਿੰਘ ਗਾਖਲ ਚੇਅਰਮੈਨ ਗਾਖਲ ਗਰੁੱਪ ਯੂ.ਐਸ.ਏ. ਨੇ ਕਿਹਾ ਕਿ ਪਰਗਟ ਸਿੰਘ ਪੰਜਾਬ ਕਾਂਗਰਸ ਦੀ ਮੁਕੰਮਲ ਰੂਪ ਵਿਚ ਅਗਵਾਈ ਕਰਨ ਦੇ ਸਮਰੱਥ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਉਨ੍ਹਾਂ ਤੋਂ ਵੱਡੀਆਂ



ਆਸਾਂ ਹਨ ਕਿ ਜਿਵੇਂ ਉਨ੍ਹਾਂ ਖੇਡਾਂ ਦੇ ਖੇਤਰ ਵਿਚ ਪੰਜਾਬ ਦਾ ਨਾਮ ਦੁਨੀਆਂ ’ਤੇ ਚਮਕਾਇਆ ਇਸੇ ਤਰ੍ਹਾਂ ਇਸ ਖੇਤਰ ਵਿਚ ਵੀ ਉਹ ਵੱਖਰੀਆਂ



ਪ੍ਰਾਪਤੀਆਂ ਕਰਨਗੇ। ਸ. ਗਾਖਲ ਨੇ ਕਿਹਾ ਕਿ ਪਰਗਟ ਸਿੰਘ ਪੜ੍ਹੇ-ਲਿਖੇ, ਸੂਝਵਾਨ ਅਤੇ ਵਿਧਾਨ ਸਭਾ ਵਿਚ ਧੀਰਜ ਨਾਲ ਵੱਡੇ ਮੁੱਦੇ ਉਠਾਉਣ ਦੇ ਯੋਗ ਸੰਜੀਦਾ ਸਿਆਸਤਦਾਨ ਹਨ। ਸਾਨੂੰ ਮਾਣ ਹੈ ਕਿ ਜਦੋਂ ਗਾਖਲ ਪਰਿਵਾਰ ਨੇ ਆਪਣੇ ਪਿੰਡ ਗਾਖਲਾਂ ’ਚ ਸਾਢੇ 4 ਕਰੋੜ ਰੁਪਏ ਦੀ ਲਾਗਤ ਨਾਲ ਕਰੋਨਾ ਕਾਲ 2021 ’ਚ ਗੰਦੇ ਨਿਕਾਸੀ ਪਾਣੀ ਦਾ ਛੱਪੜ ਪੂਰ ਕੇ ਸੁੰਦਰ ਪਾਰਕ ਬਣਾਇਆ ਸੀ ਤਾਂ ਉਸਦੇ ਇਤਿਹਾਸਕ ਯਾਦਗਾਰੀ ਉਦਘਾਟਨੀ ਸਮਾਰੋਹ ਵਿਚ ਸ. ਪਰਗਟ ਸਿੰਘ ਵੀ ਮੁੱਖ ਮਹਿਮਾਨਾਂ ਵਿਚ ਸ਼ਾਮਿਲ ਸਨ ਅਤੇ ਉਨ੍ਹਾਂ ਪਿੰਡ ਗਾਖਲਾਂ ਦੇ ਨਿਵਾਸੀਆਂ ਅਤੇ ਗਾਖਲ ਪਰਿਵਾਰ ਨੂੰ ਸ਼ੁੱਭ ਇੱਛਾਵਾਂ ਭੇਟ ਕੀਤੀਆਂ ਸਨ ਅਤੇ ਗਾਖਲ ਪਰਿਵਾਰ ਨੂੰ ਹੋਰ ਸਮਾਜ ਸੇਵੀ ਕਾਰਜ ਕਰਨ ਲਈ ਉਤਸ਼ਾਹਿਤ ਕੀਤਾ ਸੀ। ਉਨ੍ਹਾਂ ਉਲੰਪੀਅਨ ਪਰਗਟ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈਆਂ ਦਿੰਦਿਆਂ ਭਵਿੱਖ ਦੀ ਸਫਲਤਾ ਲਈ ਸ਼ੁੱਭ ਇੱਛਾਵਾਂ ਵੀ ਭੇਟ ਕੀਤੀਆਂ।




Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



T B F
THE BAINS FIRM

Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes

Harminder Singh Gill
Homeopathic Consultant and Practitioner
*D.H.M.S; B.C.I.H*
(Ex Homeopathic Medical officer Punjab Govt.)



Harminder S. Gill

Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ‘ਆਪਣਿਆਂ’ ਦੀ ਥਾਂ ‘ਬੇਗਾਨਿਆਂ’ ਉੱਤੇ ਟੇਕ

## ਤਿੰਨ ਮੁੱਖ ਸਿਆਸੀ ਧਿਰਾਂ ਦੀ ਪ੍ਰਧਾਨਗੀ ਦੂਜੀਆਂ ਪਾਰਟੀਆਂ ਤੋਂ ਆਏ ਆਗੂਆਂ ਨੂੰ ਮਿਲੀ

**ਚੰਡੀਗੜ੍ਹ:** ਦੇਸ਼ ਦੀ ਸਿਆਸਤ ਵਿੱਚ ਕਿਸੇ ਵੇਲੇ ਟਕਸਾਲੀ ਅਤੇ ਪਾਰਟੀ ਦੀ ਵਿਚਾਰਧਾਰਾ ਨਾਲ ਜੁੜੇ ਆਗੂਆਂ ਨੂੰ ਪਹਿਲ ਦਿੱਤੀ ਜਾਂਦੀ ਸੀ। ਪਰ ਸਮੇਂ ਦੇ ਨਾਲ-ਨਾਲ ਸਿਆਸਤ ਮੋੜਾ ਖਾ ਗਈ ਹੈ। ਅੱਜ ਸਿਆਸੀ ਪਾਰਟੀਆਂ ਵੱਲੋਂ ਆਪਣਿਆਂ ਨੂੰ ਨਜ਼ਰਅੰਦਾਜ਼ ਕਰ ਕੇ ਦੂਜਿਆਂ ‘ਤੇ ਵੱਧ ਟੇਕ ਰੱਖੀ ਜਾ ਰਹੀ ਹੈ। ਪੰਜਾਬ ਦੀਆਂ ਤਿੰਨ ਮੁੱਖ ਸਿਆਸੀ ਧਿਰਾਂ ਦੀ ਪ੍ਰਧਾਨਗੀ ਵੀ ਦੂਜੀਆਂ ਪਾਰਟੀਆਂ ਤੋਂ ਆਏ ਆਗੂਆਂ ਨੂੰ ਦਿੱਤੀ ਗਈ ਹੈ। ਸੂਬੇ ਵਿੱਚ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਦੂਜੀਆਂ ਪਾਰਟੀਆਂ ਤੋਂ ਆਏ ਹੋਏ ਹਨ, ਜਿਸ ਨਾਲ ਟਕਸਾਲੀ ਆਗੂਆਂ ਨੂੰ ਨਮੋਸ਼ੀ ਝੱਲਣੀ ਪੈ ਰਹੀ ਹੈ।

ਪੰਜਾਬ ਕਾਂਗਰਸ ਵਿੱਚ ਲੰਮੇ ਸਮੇਂ ਤੋਂ ਚੱਲ ਰਹੀ ਖਿੱਚੋਤਾਣ ਕਾਰਨ ਪਾਰਟੀ ਹਾਈਕਮਾਂਡ ਨੇ ਲੰਘੇ ਦਿਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਦਲ ਕੇ ਪਰਗਟ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਲਗਾ ਦਿੱਤਾ ਹੈ। ਪਰਗਟ ਸਿੰਘ ਨੇ ਸਾਲ 2012 ਵਿੱਚ ਸਿਆਸਤ ਵਿੱਚ ਪੈਰ ਧਰਿਆ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਚੋਣ ਲੜੀ ਸੀ, ਜਦਕਿ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਸੰਬਰ 2016 ਵਿੱਚ ਪਰਗਟ ਸਿੰਘ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਉਨ੍ਹਾਂ 2017 ਵਿੱਚ ਵਿਧਾਨ ਸਭਾ ਚੋਣ ਜਿੱਤੀ ਤੇ ਕੈਬਨਿਟ ਮੰਤਰੀ ਵੀ ਬਣੇ ਅਤੇ ਸਾਲ 2022 ਵਿੱਚ ‘ਆਪ’ ਦੀ ਹਨੇਰੀ ਦੇ ਵਿਚਕਾਰ ਵੀ ਜਿੱਤ ਹਾਸਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਕਾਂਗਰਸ ਵਿੱਚ ਕਰੀਬ 10ਸਾਲਾਂ ਦਾ ਸਫ਼ਰ ਤੈਅ ਕਰਨ ਤੋਂ ਬਾਅਦ ਸੂਬਾ ਪ੍ਰਧਾਨ ਲਗਾ ਦਿੱਤਾ ਹੈ।




ਦੂਜੇ ਪਾਸੇ ਭਾਜਪਾ ਨੇ ਵੀ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਕੇਵਲ ਸਿੰਘ ਢਿੱਲੋਂ ਨੂੰ ਦਿੱਤੀ ਹੋਈ ਹੈ। ਉਨ੍ਹਾਂ ਨੇ ਵੀ ਕਾਂਗਰਸ ਛੱਡ ਕੇ ਜੂਨ 2022 ਵਿੱਚ ਭਾਜਪਾ ਦਾ ਪੱਲਾ ਫੜ ਲਿਆ ਸੀ। ਇਸ ਤੋਂ ਬਾਅਦ ਉਨ੍ਹਾਂ ਸਾਲ 2022 ਵਿੱਚ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਅਤੇ 2024 ਵਿੱਚ ਬਰਨਾਲਾ ਵਿਧਾਨ ਸਭਾ ਜ਼ਿਮਨੀ ਚੋਣ ਭਾਜਪਾ ਦੀ ਟਿਕਟ ‘ਤੇ ਲੜੀ। ਇਨ੍ਹਾਂ ਦੋਵਾਂ ਚੋਣਾਂ ਵਿੱਚ ਕੇਵਲ ਸਿੰਘ ਢਿੱਲੋਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਪਹਿਲਾਂ ਭਾਜਪਾ ਨੇ ਸਾਲ 2023 ਵਿੱਚ ਪਾਰਟੀ ਦੇ ਟਕਸਾਲੀ ਆਗੂ ਅਸ਼ਵਨੀ ਸ਼ਰਮਾ ਨੂੰ ਬਦਲ ਕੇ ਕਾਂਗਰਸ ਪਾਰਟੀ ‘ਚੋਂ ਆਏ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਲਗਾਇਆ ਗਿਆ ਸੀ, ਜਿਨ੍ਹਾਂ ਨੇ ਤਿੰਨ ਸਾਲ ਪੰਜਾਬ ਭਾਜਪਾ ਦੀ ਪ੍ਰਧਾਨਗੀ ਕੀਤੀ। ਇਸੇ ਤਰ੍ਹਾਂ ਹਾਕਮ ਧਿਰ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਮਨ ਅਰੋੜਾ ਵੀ ਕਾਂਗਰਸ ‘ਚੋਂ ਹੀ ਆਏ ਹੋਏ ਹਨ।

ਉਨ੍ਹਾਂ ਨੇ ਸਾਲ 2016 ਵਿੱਚ ‘ਆਪ’ ਦਾ ਪੱਲਾ ਫੜਾ ਸੀ। ਅਮਨ ਅਰੋੜਾ ਦੇ ਪਿਤਾ ਮਰਹੂਮ ਭਗਵਾਨ ਦਾਸ ਅਰੋੜਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸਨ। ਉਨ੍ਹਾਂ ਨੇ ਵਿਧਾਨ ਸਭਾ ਹਲਕਾ ਸੁਨਾਮ ਤੋਂ ਸਾਲ 1992 ਅਤੇ 1997 ਵਿੱਚ ਕਾਂਗਰਸ ਦੀ ਟਿਕਟ ‘ਤੇ ਜਿੱਤ ਹਾਸਲ’ ਕੀਤੀ ਸੀ ਅਤੇ ਉਹ ਪੰਜਾਬ ਦੇ ਕੈਬਨਿਟ ਮੰਤਰੀ ਵੀ ਰਹੇ ਸਨ। ਇਸ ਤੋਂ ਬਾਅਦ ਅਮਨ ਅਰੋੜਾ ਨੇ ਵੀ ਵਿਧਾਨ ਸਭਾ ਹਲਕਾ ਸੁਨਾਮ ਤੋਂ ਕਾਂਗਰਸ ਦੀ ਟਿਕਟ ‘ਤੇ ਸਾਲ 2007 ਤੇ 2012 ਦੀ ਵਿਧਾਨ ਸਭਾ ਚੋਣ ਲੜੀ ਸੀ। ਉਨ੍ਹਾਂ ਨੂੰ ਦੋਵਾਂ ਚੋਣਾਂ ਦੌਰਾਨ ਹਾਰ ਦਾ ਸਾਹਮਣਾ ਕਰਨਾ ਪਿਆ। ਉਹ ਸਾਲ 2016 ਵਿੱਚ ‘ਆਪ’ ਵਿੱਚ ਸ਼ਾਮਲ ਹੋ ਗਏ ਅਤੇ ਸਾਲ 2017 ਤੇ 2022 ਵਿੱਚ ਵਿਧਾਨ ਸਭਾ ਚੋਣਾਂ ਲੜੇ ਅਤੇ ਜਿੱਤ ਹਾਸਲ ਕੀਤੀ। ਮੌਜੂਦਾ ਸਮੇਂ ਅਮਨ ਅਰੋੜਾ ‘ਆਪ’ ਪੰਜਾਬ ਦੇ ਪ੍ਰਧਾਨ ਦੇ ਨਾਲ- ਨਾਲ ਕੈਬਨਿਟ ਮੰਤਰੀ ਵੀ ਹਨ।

# ਪਰਗਟ ਸਿੰਘ ਬਤੌਰ ਖੇਡ ਤੇ ਸਿੱਖਿਆ ਮੰਤਰੀ ਹੋਏ ਸਨ ਫੇਲ੍ਹ : ਹਰਪਾਲ ਚੀਮਾ

**ਚੰਡੀਗੜ੍ਹ:** ’ਆਪ’ ਦੇ ਸੀਨੀਅਰ ਆਗੂ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਪਰਗਟ ਸਿੰਘ ਦੀ ਘੇਰਾਬੰਦੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਰਗਟ ਸਿੰਘ ਪੰਜਾਬ ਦੇ ਸਿੱਖਿਆ ਤੇ ਖੇਡ ਮੰਤਰੀ ਹੁੰਦਿਆਂ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਏ ਹਨ। ਉਨ੍ਹਾਂ ਨੇ ਪਰਗਟ ਸਿੰਘ ਨੂੰ ਸਿੱਖਿਆ ਮੰਤਰੀ ਵਜੋਂ ਯੋਗ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਨ ਅਤੇ ਪੀ ਪੀ ਐੱਸ ਸੀ ਰਾਹੀਂ 1,158 ਅਸਿਸਟੈਂਟ - ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਕਰਨ ਦੀ ਤਾਕੀਦ ਕੀਤੀ ਸੀ ਪਰ ਇਤਰਾਜ਼ਾਂ ਦੇ ਬਾਵਜੂਦ ਇਹ ਪ੍ਰਕਿਰਿਆ ਅੱਗੇ ਵਧਾਈ ਗਈ। ਇਸੇ ਕਰ ਕੇ ਸੁਪਰੀਮ ਕੋਰਟ ਨੇ ਬਾਅਦ ਵਿੱਚ ਇਸ ਭਰਤੀ ਨੂੰ ਰੱਦ ਕਰ ਦਿੱਤਾ। ਚੀਮਾ ਨੇ ਦਾਅਵਾ ਕੀਤਾ ਕਿ



ਜਦੋਂ ‘ਜਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026 ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਸੀ, ਉਦੋਂ ਪਰਗਟ ਸਿੰਘ ਨੇ ਕਿਹਾ ਸੀ ਕਿ ਕਾਂਗਰਸ ਦਾ ਇੱਕ ਧੜਾ ਬਿੱਲ ਦੇ ਹੱਕ ਵਿੱਚ ਹੈ ਅਤੇ ਦੂਜਾ ਧੜਾ ਇਸ ਦੇ ਹੱਕ ਵਿੱਚ ਨਹੀਂ ਹੈ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਹੁਣ ਕਾਂਗਰਸ ਦੇ ਕਿਹੜੇ ਧੜੇ ਦੀ ਅਗਵਾਈ ਕਰ ਰਹੇ ਹਨ? ਉਸ ਬਾਰੇ ਸਥਿਤੀ ਜ਼ਰੂਰ ਸਪੱਸ਼ਟ ਕਰਨ। ਉਨ੍ਹਾਂ ਕਿਹਾ ਕਿ ਪਰਗਟ ਸਿੰਘ ਨੇ ਬਤੌਰ ਖੇਡ ਮੰਤਰੀ ਵੀ ਖੇਡਾਂ ਲਈ ਕੁਝ ਨਹੀਂ ਕੀਤਾ ਹੈ। ਉਨ੍ਹਾਂ ਦੇ ਖੇਡ ਮੰਤਰੀ ਹੁੰਦਿਆਂ ਪੰਜਾਬ ਵਿੱਚ ਖੇਡਾਂ ਦਾ ਬਜਟ 147 ਕਰੋੜ ਰੁਪਏ ਸੀ, ਜਦੋਂ ਕਿ ਆਪ’ ਸਰਕਾਰ ਨੇ ਮੌਜੂਦਾ ਵਿੱਤ ਵਰ੍ਹੇ ਵਿੱਚ ਖੇਡਾਂ ਦਾ ਬਜਟ ਵਧਾ ਕੇ 1746 ਕਰੋੜ ਰੁਪਏ ਕਰ ਦਿੱਤਾ।

# ਸਿਆਸੀ ਮੈਦਾਨ ’ਚ ਵੀ ਪਰਗਟ ਸਿੰਘ ਨੇ ਕਈ ਰਿਕਾਰਡ ਤੋੜੇ

**ਜਲੰਧਰ:** ਪੰਜਾਬ ਕਾਂਗਰਸ ਦੇ ਨਵੇਂ ਬਣੇ ਸੂਬਾਈ ਪ੍ਰਧਾਨ ਪਰਗਟ ਸਿੰਘ ਸਿਆਸਤ ਦੇ ਮੈਦਾਨ ਵਿੱਚ ਡਟੇ ਹੋਏ ਹਨ। ਆਪਣੇ ਪਿੰਡ - ਮਿੱਠਾਪੁਰ ‘ਚ ਹਾਕੀ ਦੇ ਘਾਹ ਦੇ ਮੈਦਾਨ ‘ਤੇ ਖੇਡਣ ਵਾਲੇ ਪਰਗਟ ਸਿੰਘ ਨੇ ਓਲੰਪਿਕ ਵਿੱਚ ਲਗਾਤਾਰ ਦੋ ਵਾਰ ਕਪਤਾਨੀ ਕਰ ਕੇ ਵਿਸ਼ਵ ਰਿਕਾਰਡ ਬਣਾਇਆ ਸੀ। ਅਰਜਨ ਐਵਾਰਡੀ ਅਤੇ ਪਦਮਸ੍ਰੀ ਵਰਗੇ ਮਾਣਮੱਤੇ ਸਨਮਾਨ ਲੈਣ ਵਾਲੇ ਪਰਗਟ ਸਿੰਘ ਨੇ ਕਦੇ ਵੀ ਆਪਣੇ ਸਵੈਮਾਣ ਨੂੰ ਸੱਟ ਨਹੀਂ ਵੱਜਣ ਦਿੱਤੀ। ਖੇਡ ਡਾਇਰੈਕਟਰ ਹੁੰਦਿਆਂ ਪਰਗਟ ਸਿੰਘ ਦਾ ਕੇ ਪੀ ਐੱਸ ਗਿੱਲ ਨਾਲ ਵੀ ਟਕਰਾਅ ਹੋ ਗਿਆ ਸੀ।



ਉਦੋਂ ਕੇ ਪੀ ਐੱਸ ਗਿੱਲ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਸਨ। ਸਾਬਕਾ ਕੇਂਦਰੀ ਖੇਡ ਮੰਤਰੀ ਸੁਰੇਸ਼ ਕਲਮਾਡੀ ਨਾਲ ਵੀ ਪਰਗਟ ਸਿੰਘ ਸਿੱਧੇ ਟਕਰਾਅ ਵਿਚ ਪੈ ਗਏ ਸਨ। ਸਾਲ 2012 ਵਿੱਚ ਉਹ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਜਲੰਧਰ ਛਾਉਣੀ ਤੋਂ ਵਿਧਾਇਕ ਬਣੇ ਸਨ। ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਦੀ ਇਹ ਖਾਸ ਗੱਲ ਹੈ ਕਿ ਇਸ ਹਲਕੇ ਤੋਂ ਕਦੇ ਵੀ ਕੋਈ ਆਗੂ ਦੂਜੀ ਵਾਰ ਵਿਧਾਇਕ ਨਹੀਂ ਸੀ ਬਣਿਆ। ਪਰਗਟ ਸਿੰਘ ਸਾਲ 2012 ਤੋਂ ਇਸ ਹਲਕੇ ਤੋਂ ਪਹਿਲੀ ਵਾਰ ਵਿਧਾਇਕ ਬਣੇ ਸਨ ਪਰ ਉਨ੍ਹਾਂ ਨੇ ਅਜਿਹੇ ਪੈਰ ਜਮਾਏ ਕਿ ਉਨ੍ਹਾਂ ਨੇ ਲਗਾਤਾਰ ਇਸ ਹਲਕੇ ਤੋਂ ਤੀਜੀ ਵਾਰ ਜਿੱਤ ਦਰਜ ਕਰਵਾ ਕੇ ਸਾਰਿਆਂ ਨੂੰ ਹੈਰਾਨ, ਕਰ ਕੇ ਰੱਖ ਦਿੱਤਾ ਹੈ। ਪਹਿਲੀ ਵਾਰ ਉਹ ਵਿਧਾਇਕ ਸ਼੍ਰੋਮਣੀ ਅਕਾਲੀ ਦਲ ਤੋਂ ਬਣੇ ਸਨ ਪਰ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਦਾ ਟਕਰਾਅ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਹੋ ਗਿਆ ਜਦੋਂ ਉਨ੍ਹਾਂ ਨੇ ਸੰਸਦੀ ਸਕੱਤਰ ਬਣਨ ਤੋਂ ਇਨਕਾਰ ਕਰਦਿਆਂ ਵੱਡੇ ਬਾਦਲ ਨੂੰ ਇੱਕ ਚਿੱਠੀ ਲਿਖ ਦਿੱਤੀ। ਇਹ ਟਕਰਾਅ ਹੀ ਪਰਗਟ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕਾਂਗਰਸ ਵਿਚ ਲੈ ਆਇਆ। ਕਾਂਗਰਸ ਵਿੱਚ ਜਦੋਂ ਉਹ 2017 ਵਿੱਚ ਮੁੜ ਜਲੰਧਰ ਛਾਉਣੀ ਤੋਂ ਵਿਧਾਇਕ ਬਣੇ ਸਨ ਤਾਂ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਤਿੱਖੀ ਭਾਸ਼ਾ ਵਿੱਚ ਇੱਕ ਚਿੱਠੀ ਲਿਖ ਦਿੱਤੀ ਸੀ।

### ਦੁਆਬੇ ਤੋਂ ਕਾਂਗਰਸ ਦੀ ਕਮਾਨ ਸੰਭਾਲਣ ਵਾਲੇ ਚੌਥੇ ਆਗੂ

**ਫਗਵਾੜਾ:** ਸਾਬਕਾ ਹਾਕੀ ਕਪਤਾਨ ਅਤੇ ਜਲੰਧਰ ਕੈਂਟ ਤੋਂ ਤਿੰਨ ਵਾਰ ਵਿਧਾਇਕ ਰਹੇ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਨਾਲ ਦੁਆਬੇ ਦੀ ਸਿਆਸਤ ਵਿੱਚ ਕਾਂਗਰਸ ਦੀ ਅਗਵਾਈ ਨੂੰ ਲੈ ਕੇ ਇੱਕ ਵਾਰ ਫਿਰ ਇਸ ਖੇਤਰ ਦੀ ਅਹਿਮੀਅਤ ਸਾਹਮਣੇ ਆਈ ਹੈ। ਪਰਗਟ ਸਿੰਘ ਦੋਆਬੇ ਤੋਂ ਪੰਜਾਬ ਕਾਂਗਰਸ ਦੀ ਕਮਾਨ ਸੰਭਾਲਣ ਵਾਲੇ ਚੌਥੇ ਆਗੂ ਬਣ ਗਏ ਹਨ। ਇਸ ਤੋਂ ਪਹਿਲਾਂ ਦੁਆਬੇ ਨਾਲ ਸਬੰਧਤ ਮਹਿੰਦਰ ਸਿੰਘ ਕੇ ਪੀ ਅਤੇ ਮੇਜਰ ਜਨਰਲ ਰਾਜਿੰਦਰ ਸਿੰਘ ‘ਸਪੈਰੋ’, ਪੰਜਾਬ ਕਾਂਗਰਸ ਦੀ ਅਗਵਾਈ ਕਰ ਚੁੱਕੇ ਹਨ।ਜੰਡਿਆਲਾ ਮੰਜਕੀ ਦੇ ਰਹਿਣ ਵਾਲੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਵੀ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਹਨ।

# ਮੈਂ ਟੀਮ ਦਾ ਫੁਲਬੈਕ, ਪੰਜਾਬ ਦੇ ਹਿੱਤ ‘ਚ ਸਰਬਸੰਮਤੀ ਨਾਲ ਹੋਣਗੇ ਫ਼ੈਸਲੇ: ਪਰਗਟ ਸਿੰਘ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਨਵੀਂ ਕਮਾਨ ਸੰਭਾਲਣ ਤੋਂ ਬਾਅਦ ਪ੍ਰਦੇਸ਼ ਪ੍ਰਧਾਨ ਪਰਗਟ ਸਿੰਘ ਨੇ ਸ਼ਨੀਵਾਰ ਨੂੰ ਪਾਰਟੀ ਨੂੰ ਇਕਜੁੱਟ ਕਰਕੇ ਅੱਗੇ ਵਧਾਉਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਕਾਂਗਰਸ ਇੱਕ ਟੀਮ ਹੈ ਅਤੇ ਉਹ ਕਿਸੇ ਇੱਕ ਵਿਅਕਤੀ ਦੀ ਬਜਾਏ ਸਾਰੇ ਆਗੂਆਂ ਨੂੰ ਨਾਲ ਲੈ ਕੇ ਚੱਲਣਗੇ। ਹਾਕੀ ਵਿੱਚ ਆਪਣੀ ਭੂਮਿਕਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਫੁਲਬੈਕ ਖੇਡੇ ਹਨ। ਰਾਜਨੀਤੀ ਵਿੱਚ ਵੀ ਉਹ ਟੀਮ ਨੂੰ ਪਿੱਛਿਓਂ ਮਜ਼ਬੂਤ ਕਰਨ ਦੀ ਭੂਮਿਕਾ ਨਿਭਾਉਣਗੇ। ਪੰਜਾਬ ਦੇ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਪਾਰਟੀ ਦੇ ਸਾਰੇ ਅਹਿਮ ਫ਼ੈਸਲੇ ਸਰਬਸੰਮਤੀ ਨਾਲ ਲਏ ਜਾਣਗੇ।



ਪਰਗਟ ਸਿੰਘ ਨੇ ਸਾਬਕਾ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਕਾਰਜਕਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਰਟੀ ਲਈ ਮਿਹਨਤ ਕੀਤੀ ਅਤੇ ਉਹ ਵੀ ਟੀਮ ਦਾ ਹਿੱਸਾ ਹਨ। ਉਨ੍ਹਾਂ ਕਿਹਾ ਕਿ ਸਾਰੇ ਸੀਨੀਅਰ ਆਗੂਆਂ ਦਾ ਸਨਮਾਨ ਕੀਤਾ ਜਾਵੇਗਾ। ਪੰਜਾਬ ਦੇ ਹਿੱਤ ਵਿੱਚ ਕੰਮ ਕਰਨ ਦੀ ਇੱਛਾ ਰੱਖਣ ਵਾਲੇ ਹਰ ਵਿਅਕਤੀ ਲਈ ਕਾਂਗਰਸ ਦੇ ਦਰਵਾਜ਼ੇ ਖੁੱਲ੍ਹੇ ਹਨ। ਨਵੇਂ ਪ੍ਰਦੇਸ਼ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਨਫ਼ਰਤ ਦੀ ਰਾਜਨੀਤੀ ਨੂੰ ਸਵੀਕਾਰ ਨਹੀਂ ਕਰਦੇ। ਕਾਂਗਰਸ ਸਕਾਰਾਤਮਕ, ਰਚਨਾਤਮਕ ਅਤੇ ਮੁੱਦਾ ਆਧਾਰਿਤ ਰਾਜਨੀਤੀ ਕਰੇਗੀ। ਉਨ੍ਹਾਂ ਨਾਜਾਇਜ਼ ਕਬਜ਼ਿਆਂ ਅਤੇ ਸਰਕਾਰੀ ਜਾਇਦਾਦ ਦੀ ਦੁਰਵਰਤੋਂ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਇਸ ਨਾਲ ਸੂਬੇ ਦੇ ਖ਼ਜ਼ਾਨੇ ਨੂੰ ਨੁਕਸਾਨ ਹੋ . ਰਿਹਾ ਹੈ। ਹਾਈਕਮਾਨ ਦਾ ਧੰਨਵਾਦ ਕਰਦਿਆਂ ਪਰਗਟ ਸਿੰਘ ਨੇ ਕਿਹਾ ਕਿ ਕਾਂਗਰਸ ਲੋਕਤੰਤਰ ਦੀ ਮਜ਼ਬੂਤੀ ਲਈ ਸੰਘਰਸ਼ ਕਰੇਗੀ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੰਗਠਨ ਨੂੰ ਸਰਗਰਮ, ਮਜ਼ਬੂਤ ਅਤੇ ਇਕਜੁੱਟ ਕਰਨਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ।

# ਮੁੱਖ ਮੰਤਰੀ ਬਾਰੇ ਫ਼ੈਸਲਾ ਬਾਅਦ ਵਿਚ ਹੋਵੇਗਾ: ਪਾਇਲਟ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨੇ ਸ਼ਨੀਵਾਰ ਨੂੰ ਪਾਰਟੀ ਦੀ ਚੋਣ ਰਣਨੀਤੀ ਅਤੇ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਸਥਿਤੀ ਸਪੱਸ਼ਟ ਕਰ ਦਿੱਤੀ। ਉਨ੍ਹਾਂ ਕਿਹਾ ਕਿ ਕਾਂਗਰਸ 2027 ਦੀਆਂ ਵਿਧਾਨ ਸਭਾ ਚੋਣਾਂ ਸਮੂਹਿਕ ਅਗਵਾਈ ਹੇਠ ਲੜੇਗੀ ਤੇ ਚੋਣਾਂ ਤੋਂ ਪਹਿਲਾਂ ਕਿਸੇ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਨਹੀਂ ਕੀਤਾ ਜਾਵੇਗਾ। ਪਾਰਟੀ ਦੀ ਨੀਤੀ ਹਮੇਸ਼ਾ ਸਾਰਿਆਂ ਨੂੰ ਨਾਲ ਲੈ ਕੇ ਚੋਣ ਲੜਨ ਦੀ ਰਹੀ ਹੈ।ਪਹਿਲਾਂ ਜਨਤਾ ਦਾ ਜਨਾਦੇਸ਼ ਲਿਆ ਜਾਵੇਗਾ ਅਤੇ ਉਸ ਤੋਂ ਬਾਅਦ ਪਾਰਟੀ ਆਗੂ ਮਿਲ ਕੇ ਅਗਲੀਆਂ ਜ਼ਿੰਮੇਵਾਰੀਆਂ ਤੈਅ ਕਰਨਗੇ। ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਵਜੋਂ ਪਰਗਟ ਸਿੰਘ ਦੀ ਨਿਯੁਕਤੀ ਤੋਂ ਬਾਅਦ ਪਾਇਲਟ ਦਾ ਇਹ ਬਿਆਨ ਅਹਿਮ ਹੈ। ਉਹ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਪੰਜਾਬ ਦੀਆਂ ਚੋਣਾਂ ਹਾਈਕਮਾਨ ਅਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਪਰਗਟ ਸਿੰਘ ਇਸੇ ਹਫ਼ਤੇ ਚੰਡੀਗੜ੍ਹ ਵਿੱਚ ਅਹੁਦਾ ਸੰਭਾਲਣਗੇ। ਉਮੀਦ ਹੈ ਕਿ ਛੇ ਅਕਤੂਬਰ ਨੂੰ ਪੰਜਾਬ ਕਾਂਗਰਸ ਭਵਨ ਵਿੱਚ ਸਮਾਗਮ ਹੋਵੇਗਾ। ਇਸ ਵਿੱਚ ਸਚਿਨ ਪਾਇਲਟ ਸਮੇਤ ਪੰਜਾਬ ਕਾਂਗਰਸ ਦੇ ਸਾਰੇ ਸੀਨੀਅਰ ਆਗੂਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਹੀ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।



# ਭਾਜਪਾ ਕਿਸਾਨ ਮੋਰਚਾ ਦੀ ਨਵੀਂ ਸੂਬਾ ਟੀਮ ਐਲਾਨੀ

**ਚੰਡੀਗੜ੍ਹ:** ਭਾਜਪਾ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਲਖਵਿੰਦਰ ਸਿੰਘ ਮੋਮੀ ਨੇ ਸ਼ਨੀਵਾਰ ਨੂੰ ਨਵੀਂ ਸੂਬਾ ਟੀਮ ਦਾ ਐਲਾਨ ਕੀਤਾ। ਟੀਮ ਵਿੱਚ ਵੱਖ-ਵੱਖ ਜ਼ਿਲ੍ਹਿਆਂ ਨਾਲ ਸਬੰਧਤ ਆਗੂਆਂ ਨੂੰ ਸੂਬਾ ਪੱਧਰ ‘ਤੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਅਮਨਦੀਪ ਸਿੰਘ ਪੂਨੀਆ, ਧਨਵੰਤ ਸਿੰਘ ਜਿੰਮੀ, ਜਸਵੰਤ ਸਿੰਘ ਰਿਆੜ, ਸੁਖਦੀਪ ਸਿੰਘ ਬਰਾੜ, ਸੁਸ਼ੀਲ ਸਿਆਂਗ, ਅਮਨਦੀਪ ਸਿੰਘ ਰੌਕੀ, ਗੁਰਚਰਨ ਸਿੰਘ ਰਾਜਪੂਤ ਅਤੇ ਬੂਟਾ ਸਿੰਘ ਰਾਣਾ ਰਾਏ ਨੂੰ ਸੂਬਾ ਮੀਤ ਪ੍ਰਧਾਨ ਬਣਾਇਆ ਗਿਆ ਹੈ।

ਮੇਜਰ ਸਿੰਘ ਟਿੱਬੀ, ਸਿਕੰਦਰ ਸਿੰਘ ਚੋਲਟੀ ਖੇੜੀ ਅਤੇ ਮਨਪ੍ਰੀਤ ਸਿੰਘ ਤਲਵੰਡੀ ਨੂੰ ਸੂਬਾ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਮਿਲੀ ਹੈ। ਸੂਬਾ ਸਕੱਤਰਾਂ ਵਿੱਚ ਜਗਤਾਰ ਸਿੰਘ ਸਿੱਧੂ, ਰਸ਼ਪਿੰਦਰ ਸਿੰਘ ਢਿੱਲੋਂ, ਬਲਜੀਤ ਸਿੰਘ ਲੁਥਰਾ, ਲਖਵੀਰ ਸਿੰਘ ਢਿੱਲੋਂ, ਬੂਟਾ ਸਿੰਘ ਭਾਈ ਰੂਪਾ, ਡਾ. ਅਵਤਾਰ ਸਿੰਘ ਅਤੇ ਗੁਰਮੀਤ ਸਿੰਘ ਬੀਕਾਪੁਰ ਸ਼ਾਮਲ ਹਨ। ਦਵਿੰਦਰ ਸਿੰਘ ਮੋਹਾਲੀ ਨੂੰ ਦਫ਼ਤਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਹਰਵਿੰਦਰ ਸਿੰਘ ਧਾਲੀਵਾਲ ਨੂੰ ਮੁੱਖ ਬੁਲਾਰੇ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਗੁਰਮੀਤ ਸਿੰਘ ਚੀਮਾ, ਅੰਕਿਤ ਰਾਣਾ, ਸਿਮਰਨਜੀਤ ਸਿੰਘ ਬਿੱਲਾ ਬੁਲਾਰੇ ਹੋਣਗੇ।

# ਪੰਜਾਬੀ ਕਲਚਰਲ ਸੈਂਟਰ ਯੂਐੱਸਏ ਤੇ ਪੰਜਾਬੀ ਰੇਡੀਓ ਯੂਐੱਸਏ ਵਲੋਂ ਨਬੀਲਾ ਰਹਿਮਾਨ ਦਾ ਸਨਮਾਨ

## ਦੋਵਾਂ ਪਾਸਿਆਂ ਵਿਚ ਅਟੁੱਟ ਸਾਂਝ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ

**ਫਰਿਜ਼ਨੋ:** ਪੱਛਮੀ ਪੰਜਾਬ ਵਿਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿਚ ਵਡਮੁੱਲਾ ਯੋਗਦਾਨ ਪਾ ਰਹੀ ਪ੍ਰੋਫੈਸਰ ਡਾ. ਨਬੀਲਾ ਰਹਿਮਾਨ ਨੇ ਦੋਵਾਂ ਪੰਜਾਬਾਂ ਵਿਚ ਅਟੁੱਟ ਸਾਂਝ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਦੀ ਪ੍ਰਿੰਸੀਪਲ, ਝੰਗ ਯੂਨੀਵਰਸਿਟੀ ਦੀ ਸਾਬਕਾ ਵਾਈਸ ਚਾਂਸਲਰ ਅਤੇ ਪੰਜਾਬ ਯੂਨਵਿਰਸਿਟੀ ਲਾਹੌਰ ਵਿਚ ਪੰਜਾਬੀ ਅਤੇ ਗੁਰਮੁਖੀ ਦੀ ਪੜ੍ਹਾਈ ਲਈ ਮੋਹਰੀ ਵਜੋਂ ਜਾਣੇ ਜਾਂਦੇ ਡਾ. ਨਬੀਲਾ ਰਹਿਮਾਨ ਨੇ ਇੱਥੇ ਇੱਕ ਸਮਾਗਮ ਦੌਰਾਨ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਇਤਿਹਾਸਕ ਹਵਾਲੇ ਦਿੰਦਿਆਂ ਪੰਜਾਬੀਆਂ ਨੂੰ ਆਪਣੇ ਸਭਿਆਚਾਰ ਖ਼ਾਸ ਕਰ ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਵਿਚਾਲੇ ਸਾਂਝ ਤੇ ਸਹਿਯੋਗ ਦੀ ਜ਼ਰੂਰਤ ਦਾ ਅਹਿਸਾਸ ਕਰਵਾਉਂਦਿਆਂ ਅਹਿਮ ਸੁਝਾਅ ਦਿੱਤੇ।

ਪੰਜਾਬੀ ਕਲਚਰਲ ਸੈਂਟਰ ਯੂਐੱਸਏ ਅਤੇ ਪੰਜਾਬੀ ਰੇਡੀਓ ਯੂ.ਐੱਸ.ਏ ਵਲੋਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਯੂਐੱਸਏ ਦੇ ਵਿਸ਼ੇਸ਼ ਸਹਿਯੋਗ ਨਾਲ ਸ਼ਨਿਚਰਵਾਰ ਨੂੰ ਕੀਤੀ ਸਾਹਿਤਕ ਮਿਲਣੀ ਵਿਚ ਵਿਸ਼ਵ ਭਰ ਵਿਚ ਵਸਦੇ ਪੰਜਾਬੀਆਂ ਦੇ ਭਾਸ਼ਾਈ ਤੇ ਸਭਿਆਚਾਰਕ ਸਰੋਕਾਰਾਂ ਬਾਰੇ ਸਾਰਥਕ ਵਿਚਾਰਾਂ ਕੀਤੀਆਂ ਗਈਆਂ। ਰੇਡੀਓ ਹੋਸਟ ਅਤੇ ਡਾ. ਨਬੀਲਾ ਦੀ ਨਿਗਰਾਨੀ ਹੇਠ ਪੰਜਾਬੀ ਰੇਡੀਓ ਪੱਤਰਕਾਰੀ ਦੇ ਵਿਸ਼ੇ ਉੱਤੇ ਪੀਐੱਚਡੀ ਦੇ ਖੋਜਾਰਥੀ ਮਸੂਦ ਮੱਲ੍ਹੀ ਨੇ ਆਪਣੀ ਗੁਰੂ ਦਾ ਸਵਾਗਤ ਅਤੇ ਮੋਹ ਭਰੀਆਂ ਗੱਲਾਂ ਕੀਤੀਆਂ।

ਪੰਜਾਬੀ ਰੇਡੀਓ ਯੂਐੱਸਏ ਵਲੋਂ ਸਥਾਪਤ ਕੀਤੇ ਪੰਜਾਬੀ ਕਲਚਰਲ ਸੈਂਟਰ ਦੀ ਟੀਮ ਦੀ ਤਰਫੋਂ ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ ਨੇ ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਨਬੀਲਾ ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਜੀਵਨ ਤੇ ਅਕਾਦਮਿਕ ਸਫ਼ਰ ਦੇ ਅਹਿਮ ਪੜਾਆਂ ਨਾਲ ਹਾਜ਼ਰੀਨ ਦੀ ਸਾਂਝ ਪਵਾਈ।

ਪੰਜਾਬੀ ਰੇਡੀਓ ਯੂ.ਐੱਸ.ਏ. ਫਰਿਜ਼ਨੋ ਦੇ ਸਟੂਡੀਓ ਦੇ ਵੇਹੜੇ ਕਰਵਾਏ ਇਸ ਇੱਕ ਰੋਜ਼ਾ





ਫੋਟੋ 1). ਡਾ. ਗੁਰੂਮੇਲ ਸਿੰਘ ਸਿੱਧੂ ਲਾਇਬ੍ਰੇਰੀ ਦੀ ਨਵੀਂ ਦਿੱਖ ਦੀ ਘੁੰਡ ਚੁਕਾਈ ਕਰਨ ਸਮੇਂ ਡਾ. ਨਬੀਲਾ ਰਹਿਮਾਨ ਤੇ ਡਾ. ਸਿੱਧੂ ਦੇ ਦੋਸਤ ਮਿੱਤਰ। ਫੋਟੋ 2). ਪ੍ਰੋਗਰਾਮ ਮੌਕੇ ਡਾ. ਨਬੀਲਾ ਰਹਿਮਾਨ ਦਾ ਸਨਮਾਨ ਕਰਦੇ ਹੋਏ ਬੀਬੀ ਬਲਵਿੰਦਰ ਕੌਰ ਖਾਲਸਾ ਅਤੇ ਦਿਲਪ੍ਰੀਤ ਸਿੰਘ।



ਸਾਹਿਤਕ ਮਿਲਣੀ ਮੌਕੇ ਜੁੜੇ ਪੰਜਾਬੀ ਸੁਖ਼ਨਵਰ ਅਤੇ ਪੰਜਾਬੀ ਹਿਤੈਸ਼ੀ।

ਸਮਾਗਮ ਦੌਰਾਨ ਹੋਏ ਕਵੀ ਦਰਬਾਰ ਵਿਚ ਸ਼ਾਇਰਾਂ ਨੇ ਆਪੋ-ਆਪਣੇ ਕਲਾਮ ਤੇ ਅੰਦਾਜ਼ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ।

ਪੰਜਾਬੀ ਰੇਡੀਓ ਯੂਐੱਸਏ ਨੂੰ ਬੁਲੰਦੀਆਂ 'ਤੇ ਲਿਜਾਣ ਵਾਲੇ ਹਰਜੋਤ ਸਿੰਘ ਖਾਲਸਾ ਤੇ ਬਲਵਿੰਦਰ ਕੌਰ ਖਾਲਸਾ ਵਲੋਂ ਸਨਮਾਨ ਲਈ ਉਲੀਕੇ ਪ੍ਰੋਗਰਾਮ ਦੀ ਸ਼ੁਰੂਆਤ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ ਡਾ. ਦਲਜੀਤ ਸਿੰਘ ਨੇ ਨਬੀਲਾ ਰਹਿਮਾਨ ਵਲੋਂ ਪੰਜਾਬੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾ ਕਰਦਿਆਂ ਉਨ੍ਹਾਂ ਦੇ ਫਰਿਜ਼ਨੋ ਪਹੁੰਚਣ ਨੂੰ ਸਭਨਾਂ ਦਾ ਧੰਨਭਾਗ ਦਸਿਆ। ਹਰਮਨ-ਪਿਆਰੇ ਰੇਡੀਓ ਹੋਸਟ ਰਾਜਕਰਨਬੀਰ ਸਿੰਘ ਨੇ ਦੱਸਿਆ ਕਿ ਇਸ ਸੈਂਟਰ ਨੂੰ ਸਥਾਪਤ ਕਰਨ ਦਾ ਮੁੱਖ ਮੰਤਵ ਹਰ ਉਮਰ ਦੇ ਪੰਜਾਬੀਆਂ ਨੂੰ ਉਸਾਰੂ ਰੁਝੇਵਿਆਂ ਵਾਸਤੇ ਪਲੇਟਫਾਰਮ ਪ੍ਰਦਾਨ ਕਰਨਾ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਵਿਚ ਜੀਨ ਤੇ ਵਿਰਾਸਤ ਦੇ ਉੱਘੇ ਵਿਗਿਆਨੀ, ਵਿਦਵਾਨ ਤੇ ਸ਼ਾਇਰ ਡਾ. ਗੁਰੂਮੇਲ ਸਿੰਘ ਸਿੱਧੂ ਲਾਇਬਰੇਰੀ ਦੀ ਨਵੀਂ ਦਿੱਖ ਦੀ ਘੁੰਡ ਚੁਕਾਈ ਡਾ. ਨਬੀਲਾ ਰਹਿਮਾਨ ਨੇ ਕੀਤੀ। ਵਰਣਨਯੋਗ ਹੈ ਕਿ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਗੁਰੂਮੇਲ ਸਿੱਧੂ ਸੰਨ 2020 ਵਿਚ ਸਦੀਵੀ ਵਿਛੋੜੇ ਤੋਂ ਪਹਿਲਾਂ ਕਿਤਾਬਾਂ ਦਾ ਵੱਡਾ ਤੇ ਵਡਮੁੱਲਾ ਖਜ਼ਾਨਾ ਪੰਜਾਬੀ ਕਲਚਰਲ ਸੈਂਟਰ ਦੇ ਹਵਾਲੇ ਕਰ ਗਏ ਸਨ।

ਉੱਘੇ ਸ਼ਾਇਰ ਹਰਜਿੰਦਰ ਕੰਗ ਨੇ ਕਵੀ ਦਰਬਾਰ ਦੀ ਵਾਗਡੋਰ ਸੰਭਾਲਦਿਆਂ ਸ਼ਾਇਰਾਂ ਤੇ ਸਰੋਤਿਆਂ ਵਿਚਾਲੇ ਕਾਵਿਕ ਪੁਲ ਦਾ ਰੋਲ ਨਿਭਾਇਆ। ਕਵੀ ਦਰਬਾਰ ਵਿਚ ਬੇਏਰੀਆ ਤੋਂ ਉਚੇਚਾ ਪਹੁੰਚੇ ਵਿਸਪਾਅ ਦੇ ਮੋਹਰੀਆਂ ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਨਛੱਤਰ ਭੋਗਲ (ਬਰਮਿੰਘਮ ਯੂ.ਕੇ.), ਸਥਾਨਕ ਸ਼ਾਇਰਾਂ ਸੰਤੋਖ ਸਿੰਘ ਮਿਨਹਾਸ, ਰਣਜੀਤ ਸਿੰਘ ਗਿਲ, ਦਲਜੀਤ ਰਿਆੜ, ਇੰਦਰਜੀਤ ਚੋਗਾਵਾਂ, ਹੈਰੀ ਮਾਨ, ਮਹਿੰਦਰ ਸਿੰਘ ਸੰਧਾਵਾਲੀਆ, ਕੁੰਦਨ ਸਿੰਘ ਧਾਮੀ, ਸਰਬਜੀਤ ਸਿੰਘ ਸਰਾਂ ਅਤੇ ਇੰਦਰਜੀਤ ਸਿੰਘ ਬਰਾੜ ਨੇ ਆਪਣਾ ਕਲਾਮ ਪੜ੍ਹਿਆ।

ਹੋਰਨਾਂ ਤੋਂ ਇਲਾਵਾ 'ਫਰਿਜ਼ਨੋਂ ਬੀ' ਅਖ਼ਬਾਰ ਦੇ ਪੱਤਰਕਾਰ ਗਗਨਜੀਤ ਸਿੰਘ, ਅਰਸ਼ਦੀਪ ਸਿੰਘ ਅਤੇ ਹੋਸਟ ਪਰਵੀਨ ਸ਼ਰਮਾ ਨੇ ਵੀ ਵਿਚਾਰ ਸਾਂਝੇ ਕੀਤੇ। ਕਵੀ ਦਰਬਾਰ ਦੀ ਸਮਾਪਤੀ ਤੋਂ ਪਹਿਲਾਂ ਬੀਬੀ ਬਲਵਿੰਦਰ ਕੌਰ ਖਾਲਸਾ ਨੇ ਡਾ. ਨਬੀਲਾ ਨੂੰ ਸ਼ਾਲ ਅਤੇ ਦਿਲਪ੍ਰੀਤ ਸਿੰਘ ਨੇ ਸਨਮਾਨ ਚਿੰਨ੍ਹ ਭੇਟ ਕੀਤਾ। ਹਰਜਿੰਦਰ ਕੰਗ ਦੀ ਸਭਨਾਂ ਨੂੰ ਭਾਵੁਕ ਕਰਦੀ ਨਜ਼ਮ 'ਇਸ ਵਾਰੀ ਜਦ ਪਿੰਡੋਂ ਹੋ ਕੇ ਆਇਆ ਹਾਂ...' ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਟ੍ਰਿਬਿਊਨ ਅਖ਼ਬਾਰ ਚੰਡੀਗੜ੍ਹ ਅਦਾਰੇ ਦੇ ਸਾਬਕਾ ਪ੍ਰੈਸ ਅਧਿਕਾਰੀ ਨੇ ਵੀ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ।

# ਫਰਿਜ਼ਨੋ ਵਿਖੇ 'ਵਿਸਪਰ ਆਫ ਸੋਲ' ਵੱਲੋਂ ਕਰਵਾਈ ਕਰਿਉਕੇ ਨਾਈਟ ਨੇ ਸੰਗੀਤ ਨਾਲ ਕੀਲੇ ਸਰੋਤੇ

**ਫਰਿਜ਼ਨੋ: (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਰੋਜ਼ਾਨਾ ਜ਼ਿੰਦਗੀ ਦੇ ਰੁਝੇਵਿਆਂ ਭਰੇ ਪਲਾਂ ਨੂੰ ਸਕੂਨ ਵਿਚ ਬਦਲਣ ਲਈ 'ਵਿਸਪਰ ਆਫ ਸੋਲ' ਦੇ ਬੈਨਰ ਹੇਠ ਡਾ. ਰੁਬੀਨਾ ਗਿੱਲ ਅਤੇ ਡਾ. ਹਰਮੇਸ਼ ਕੁਮਾਰ ਵੱਲੋਂ ਫਰਿਜ਼ਨੋ ਵਿਖੇ ਕਰਿਉਕੇ ਨਾਈਟ ਕਰਵਾਈ ਗਈ। ਜਿੱਥੇ ਰੂਹ ਦੀ ਖੁਰਾਕ ਪਰਿਵਾਰਕ, ਸੱਭਿਆਚਾਰਕ ਅਤੇ ਅਨੰਦਮਈ ਸੰਗੀਤ ਰਾਹੀਂ ਬਹੁਤ ਸਾਰੇ ਨਾਮਵਰ ਕਲਾਕਾਰਾਂ ਨੇ ਆਪਣੀ ਗਾਇਕੀ ਰਾਹੀਂ ਹਾਜ਼ਰ ਸਰੋਤਿਆਂ ਨੂੰ ਕਈ ਘੰਟੇ ਤੱਕ ਆਪਣੇ ਨਾਲ ਜੋੜ ਕੇ ਰੱਖਿਆ।

ਇਹ ਇਕ ਅਜਿਹੀ ਕਰਿਉਕੇ ਨਾਈਟ ਸੀ ਜਿਸ ਵਿਚ ਸਰਹੱਦਾਂ ਤੋਂ ਦੂਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਗਾਇਕ ਕਲਾਕਾਰਾਂ ਨੇ ਆਪਣੇ ਫ਼ਨ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ। ਪ੍ਰੋਗਰਾਮ ਦੌਰਾਨ ਮੁੱਖ ਪ੍ਰਬੰਧਕਾਂ ਵਿੱਚੋਂ ਡਾ. ਹਰਮੇਸ਼ ਕੁਮਾਰ ਅਤੇ ਡਾ. ਰੁਬੀਨਾ ਗਿੱਲ ਨੇ ਵੀ ਗੀਤ ਗਾ ਹਾਜ਼ਰੀਨ ਦੀ ਮਾਨਸਿਕ ਤ੍ਰਿਪਤੀ ਕੀਤੀ। ਕਈ ਘੰਟੇ ਚੱਲੀ ਇਸ ਸੰਗੀਤਕ ਮਹਿਫ਼ਲ ਵਿਚ ਹਿੰਦੀ ਅਤੇ ਪੰਜਾਬੀ ਗਾਇਕੀ ਦਾ ਅਜਿਹਾ ਦੌਰ ਚੱਲਿਆ ਜਿਸ ਵਿਚ



ਕਰਿਉਕੇ ਕਲਾਕਾਰ ਪ੍ਰਬੰਧਕਾਂ ਨਾਲ।

ਸਥਾਨਕ ਪੰਜਾਬੀ ਦੇ ਨਾਮਵਰ ਗਾਇਕ ਅਵਤਾਰ ਗਰੇਵਾਲ, ਬਾਈ ਸੁਰਜੀਤ (ਮਾਛੀਵਾੜਾ), ਕਮਲਜੀਤ ਬੈਨੀਪਾਲ ਅਤੇ ਹੋਰਨਾਂ ਨੇ ਵੀ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਬਾਕੀ ਖਾਸ ਕਰਿਉਕੀ ਕਲਾਕਾਰਾਂ ਵਿਚ ਦੇਵੰਗ ਪਰਜਾਪਤੀ, ਕ੍ਰਿਤਿਆਕੇ ਝਾਅ, ਜਤਿੰਦਰ ਸਿੰਘ, ਵੀਨਾ ਸਿੰਘ, ਮਲਿਕ ਸੈਕਰਾਮੈਂਟੋ, ਸੁਰੇਸ਼ ਨਾਇਰ ਆਦਿ ਸ਼ਾਮਲ ਸਨ। ਇਸ ਪ੍ਰੋਗਰਾਮ ਦੇ ਪਲਾਂ ਨੂੰ ਯਾਦਗਾਰੀ ਬਣਾਉਣ ਲਈ ਅਖਬਾਰ ਸੰਚਾਲਕ ਅਤੇ ਜਰਨਲਿਸਟ ਪ੍ਰੇਮ ਚੁੰਬਰ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਸਟੇਜ ਸੰਚਾਲਨ ਜਤਿੰਦਰ ਸਿੰਘ ਅਤੇ ਡਾ. ਰੁਬੀਨਾ ਗਿੱਲ ਨੇਕੀਤਾ। ਪ੍ਰਬੰਧਕਾਂ ਵੱਲੋਂ ਸਮੂਹ ਹਾਜ਼ਰੀਨ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ ਗਿਆ।

# 'ਖਿੱਲਰੇ ਵਰਕੇ' ਕਾਵਿ ਪੁਸਤਕ ਲੋਕ-ਅਰਪਣ



**ਜਲੰਧਰ:** ਦੇਸ਼ ਭਗਤ ਯਾਦਗਾਰ ਹਾਲ ਵਿਚ ਕਵਿੱਤਰੀ ਬਲਜੀਤ ਬੱਲ ਦੀ ਪਲੇਠੀ ਕਾਵਿ ਪੁਸਤਕ 'ਖਿੱਲਰੇ ਵਰਕੇ' ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਲਖਵਿੰਦਰ ਸਿੰਘ ਜੌਹਲ ਅਤੇ ਜੁਝਾਰੂ ਕਵੀ ਕਾਮਰੇਡ ਦਰਸ਼ਨ ਖਟਕੜ ਨੇ ਕੀਤੀ। ਅਪਣੱਤ ਅਤੇ ਸਮਾਜਿਕ ਸਾਂਝ ਦੀ ਬਾਤ ਪਾਉਂਦੀ ਕਵਿਤਾ ਦੀ ਇਸ ਕਿਤਾਬ 'ਤੇ ਡਾ. ਅਰਵਿੰਦਰ ਕੌਰ ਕਾਕੜਾ ਨੇ ਆਪਣੇ ਵਿਚਾਰ ਸਾਂਝੇ ਕੀਤੇ। ਕਾਕੜਾ ਨੇ ਇਨ੍ਹਾਂ ਕਵਿਤਾਵਾਂ ਨੂੰ ਖਲਾਅ ਨੂੰ ਸ਼ਬਦਾਂ ਨਾਲ ਤੁਰਨ ਦੀ ਕੋਸ਼ਿਸ਼ ਦੱਸਦਿਆਂ ਇਸ ਕਾਵਿ-ਸੰਗ੍ਰਹਿ ਨੂੰ ਨਵੇਂ ਤਰੀਕੇ ਤੋਂ ਔਰਤ ਵੇਦਨਾ ਦੇ ਰੂਬਰੂ ਕਰਵਾਉਣ ਦੀ ਹਾਮੀ ਭਰਦਾ ਕਿਹਾ। ਕਾਮਰੇਡ ਦਰਸ਼ਨ ਖਟਕੜ ਨੇ ਬਲਜੀਤ ਬੱਲ ਵਲੋਂ ਰਚੀਆਂ ਕਵਿਤਾਵਾਂ ਨੂੰ ਸਮਾਜਿਕ ਸੀਮਾਵਾਂ ਹਾਂ-ਪੱਖੀ ਅਤੇ ਨਾਂਹ-ਪੱਖੀ ਸਥਿਤੀਆਂ ਵਿਚ ਸਥਾਪਤ ਕਰਦਾਂ-ਕੀਮਤਾਂ ਨੂੰ ਟੱਕਰ ਦਿੰਦੀਆਂ ਦੱਸਿਆ। ਉਨ੍ਹਾਂ ਬਲਜੀਤ ਬੱਲ ਤੋਂ ਆਉਣ ਵਾਲੇ ਸਮੇਂ 'ਚ ਸਕਾਰਾਤਮਿਕ ਸੋਚ ਅਤੇ ਉਸਾਰੂ ਰਚਨਾ ਦੀ ਆਸ ਵੀ ਪ੍ਰਗਟਾਈ। ਸਮਾਗਮ ਦੇ ਮਹਿਮਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਤਾਬ 'ਖਿੱਲਰੇ ਵਰਕੇ' 'ਚ ਸੌ ਤੋਂ ਵੱਧ ਸਫਿਆਂ 'ਤੇ ਛਪੀਆਂ ਅਲੱਗ-ਅਲੱਗ ਛੋਟੀਆਂ-ਵੱਡੀਆਂ ਕਵਿਤਾਵਾਂ ਨੂੰ ਅਪਣਤ, ਮੁਹੱਬਤ ਅਤੇ ਮੋਹ ਦੀ ਹਾਮੀ ਭਰਦੇ ਇਕੋ ਵਿਚਾਰ ਦੇ ਪ੍ਰਗਟਾਵੇ ਵਜੋਂ ਦਰਸਾਇਆ। ਡਾ. ਦਵਿੰਦਰ ਕੁਮਾਰ ਨੇ ਕਵਿਤਾ ਬਾਰੇ ਬੌਧਿਕ ਅਤੇ ਸਮਾਜਿਕ ਸੰਦਰਭ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਕਵਿੱਤਰੀ ਬਲਜੀਤ ਕੌਰ ਬੱਲ ਨੇ ਆਪਣੀ ਸਿਰਜਣ ਪ੍ਰਕਿਰਿਆ ਅਤੇ ਆਪਣੇ ਜੁਝਾਰੂ ਕਵੀ ਪਿਤਾ ਫਤਿਹਜੀਤ ਸਿੰਘ ਦੀ ਸਿਰਜੀ ਸਾਹਿਤਕ ਦੁਨੀਆ ਦੇ ਅਸਰ ਦੀ ਗੱਲ ਕੀਤੀ। ਇਸ ਪੁਸਤਕ ਦੇ ਵਿਚਾਰ ਚਰਚਾ ਸਮਾਗਮ 'ਚ ਦੇਸ਼ ਭਗਤ ਯਾਦਗਾਰ ਹਾਲ ਕਾਮੇਟੀ ਦੇ ਕਾਮਰੇਡ ਗੁਰਮੀਤ, ਕਾਮਰੇਡ ਚਰੰਜੀ ਲਾਲ, ਰਣਜੀਤ ਸਿੰਘ ਔਲਖ, ਮੈਡਮ ਸੁਰਿੰਦਰ ਕੁਮਾਰੀ ਕੋਛੜ, ਡਾ. ਸੈਲੈਸ਼ ਹਾਜ਼ਰ ਸਨ। ਇਨ੍ਹਾਂ ਤੋਂ ਇਲਾਵਾ ਨਾਟਕਕਾਰ ਜਗੀਰ ਜੋਸ਼ਨ, ਜਸਬੀਰ ਦੀਪ, ਡਾ. ਸ਼ਿਵਰਾਜ, ਇੰਦਰਜੀਤ ਸਿੰਘ ਆਰਟਿਸ (ਜਲੰਧਰ) ਅਤੇ ਭਗਵੰਤ ਰਸੂਲਪੁਰੀ, ਕਮਲਜੀਤ ਵੀ ਵਿਸੇਸ਼ ਤੌਰ 'ਤੇ ਹਾਜ਼ਿਰ ਹੋਏ ਸਨ।

# ਪੰਜਾਬ ਸਮੇਤ 5 ਸੂਬਿਆਂ 'ਚ ਚੋਣ ਹਲਚਲ ਤੇਜ਼

## ਤਿਆਰੀਆਂ ਸੰਬੰਧੀ ਦੌਰਾ ਕਰਕੇ ਜਾਇਜ਼ਾ ਲਵੇਗਾ ਚੋਣ ਕਮਿਸ਼ਨ

**ਨਵੀਂ ਦਿੱਲੀ:** ਚੋਣ ਕਮਿਸ਼ਨ ਦੇ ਸੀਨੀਅਰ ਅਧਿਕਾਰੀ ਉਪ ਚੋਣ ਕਮਿਸ਼ਨਰਾਂ ਦੀ ਅਗਵਾਈ-ਹੇਠ ਚੋਣਾਂ ਦੀਆਂ ਤਿਆਰੀਆਂ ਦਾ ਜ਼ਮੀਨੀ ਪੱਧਰ 'ਤੇ ਜਾਇਜ਼ਾ ਲੈਣ ਲਈ ਇਸ ਹਫ਼ਤੇ ਤੋਂ ਪੰਜਾਬ ਸਮੇਤ ਰਾਜਾਂ ਦਾ ਦੌਰਾ ਕਰਨਗੇ। ਅਕਤੂਬਰ ਦੇ ਤੀਜੇ ਹਫ਼ਤੇ ਚੋਣ ਕਮਿਸ਼ਨ ਦੀ ਟੀਮ ਪੰਜਾਬ ਦੇ ਦੌਰੇ 'ਤੇ ਜਾਵੇਗੀ। ਹਾਸਿਲ ਜਾਣਕਾਰੀ ਮੁਤਾਬਿਕ ਚੋਣ ਕਮਿਸ਼ਨ ਦੀ ਟੀਮ ਗੋਆ ਤੋਂ ਦੌਰੇ ਦੀ ਸ਼ੁਰੂਆਤ ਕਰੇਗੀ।ਗੋਆ ਦੇ ਦੌਰੇ ਤੋਂ ਬਾਅਦ ਅਗਲੇ ਹਫ਼ਤੇ ਉੱਤਰਾਖੰਡ ਜਾਵੇਗੀ। ਉਸ ਤੋਂ ਬਾਅਦ ਕਮਿਸ਼ਨ ਦੇ ਅਧਿਕਾਰੀ ਪੰਜਾਬ ਜਾਣਗੇ, ਜਦਕਿ ਪੰਜਾਬ ਤੋਂ ਬਾਅਦ ਮਨੀਪੁਰ ਦਾ ਦੌਰਾ ਕਰਨਗੇ। ਕਮਿਸ਼ਨ ਵਲੋਂ ਉੱਤਰ ਪ੍ਰਦੇਸ਼ ਦੇ ਦੌਰੇ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਆਮ ਤੌਰ 'ਤੇ ਚੋਣ 5. ਕਮਿਸ਼ਨ ਦੀ ਪੂਰੀ ਟੀਮ, ਜਿਸ 'ਚ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰ ਵੀ ਸ਼ਾਮਿਲ ਹੁੰਦੇ ਹਨ, ਚੋਣਾਂ ਤੋਂ ਪਹਿਲਾਂ ਸੂਬਿਆਂ ਦਾ ਦੌਰਾ ਕਰਦੇ ਹਨ। ਕਮਿਸ਼ਨ ਨੇ ਤਿਆਰੀਆਂ ਤਹਿਤ ਉੱਤਰ ਪ੍ਰਦੇਸ਼ ਅਤੇ ਗੋਆ 'ਚ ਵੋਟਾਂ 'ਚ ਇਸਤੇਮਾਲ ਹੋਣ ਵਾਲੀ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ. ਵੀ. ਐਮ.) ਅਤੇ ਵੀ. ਵੀ. ਪੈਟ ਮਸ਼ੀਨਾਂ ਦੀ ਪਹਿਲੇ ਪੱਧਰ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ 'ਚ ਸਰਕਾਰੀ ਕੰਪਨੀਆਂ ਭਾਰਤ ਇਲੈਕਟ੍ਰਾਨਿਕਸ ਲਿਮਟਿਡ ਅਤੇ ਇਲੈਕਟ੍ਰਾਨਿਕਸ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ ਦੇ ਇੰਜੀਨੀਅਰ ਮਸ਼ੀਨਾਂ ਦੀ ਤਕਨੀਕੀ ਖਾਮੀਆਂ ਦੀ ਜਾਂਚ ਕਰਦੇ ਹਨ। ਸਿਆਸੀ ਪਾਰਟੀਆਂ ਰੇ ਨੁਮਾਇੰਦਗਿਆਂ ਦੀ ਮੌਜੂਦਗੀ 'ਚ ਦੋਹਾਂ ਮਸ਼ੀਨਾਂ ਦੀ ਜਾਂਚ ਲਈ ਮੌਕ ਵੋਟਿੰਗ ਵੀ ਕਰਵਾਈ ਜਾਂਦੀ ਹੈ। ਜ਼ਿਕਰਯੋਗ ਹੈ ਕਿ 403 ਮੈਂਬਰੀ ਉੱਤਰ ਪ੍ਰਦੇਸ਼ ਵਿਧਾਨ ਸਭਾ ਦਾ ਕਾਰਜਕਾਲ 22 ਮਈ, 2027 ਨੂੰ ਖ਼ਤਮ ਹੋ ਰਿਹਾ ਹੈ, ਜਦਕਿ 117 ਮੈਂਬਰੀ ਪੰਜਾਬ, 60 ਮੈਂਬਰੀ ਮਨੀਪੁਰ, 40 ਮੈਂਬਰੀ ਗੋਆ ਅਤੇ 70 ਮੈਂਬਰੀ ਉੱਤਰਾਖੰਡ ਵਿਧਾਨ ਸਭਾ ਦਾ ਕਾਰਜਕਾਲ ਮਾਰਚ 2027 'ਚ ਵੱਖ-ਵੱਖ ਤਰੀਕਾਂ 'ਤੇ ਖ਼ਤਮ ਹੋਵੇਗਾ।

# ਹਥਿਆਰ ਤੇ ਗੋ.ਲਾ-ਬਾਰੂਦ ਚੋਰੀ; 7 ਫੜੇ



**ਹੈਦਰਾਬਾਦ:** ਹੈਦਰਾਬਾਦ ਵਿਚ ਫੌਜ ਦੇ ਇਕ ਥਾਣੇ ਤੋਂ ਹਥਿਆਰ ਚੋਰੀ ਕਰਨ ਦੇ ਮਾਮਲੇ ਵਿਚ ਫੌਜ ਦੇ ਤਿੰਨ ਜਵਾਨਾਂ ਸਮੇਤ ਸੱਤ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁੱਖ ਮੁਲਜ਼ਮ ਤੇਲੰਗਾਨਾ ਦੇ ਨਾਗਰਕੁਰਨੂਲ ਜ਼ਿਲ੍ਹੇ ਨਾਲ ਸਬੰਧਤ ਸਾਬਕਾ ਹੌਲਦਾਰ ਉੱਪਥਾਲਾ ਮੱਲੇਸ਼ ਨੂੰ 11 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੇ 30 ਤੇ 31 ਅਗਸਤ ਦੀ ਰਾਤ ਏਕੇ- 203 ਅਸਾਲਟ ਰਾਈਫਲਾਂ ਅਤੇ ਗੋ.ਲਾ- ਬਾਰੂਦ ਚੋਰੀ ਕੀਤਾ ਸੀ। ਇਸ ਨੂੰ ਨਾਗਰਕੁਰਨੂਲ ਦੇ ਅਚਮਪੇਟ ਵਿਚ ਲੁਕਾ ਕੇ ਰੱਖਿਆ ਗਿਆ ਸੀ, ਜੋ ਕਿ ਬਰਾਮਦ ਕਰ ਲਿਆ ਗਿਆ ਹੈ।

# ‘ਨਵਾਬ’ ਬਣਿਆ ਤਸਕਰ ਨਵਪ੍ਰੀਤ ਡਿਪੋਰਟ ਅਤੇ ਗ੍ਰਿਫ਼ਤਾਰ

### 105 ਕਿੱਲੋ ਹੈਰੋਇਨ ਤਸਕਰੀ ਨਾਲ ਸਬੰਧਤ ਕੇਸ ‘ਚ ਸੀ ਲੋੜੀਂਦਾ

**ਅੰਮ੍ਰਿਤਸਰ**:ਕੇਂਦਰੀ ਏਜੰਸੀਆਂ ਨੇ ਤੁਰਕੀ ਤੋਂ ਡਿਪੋਰਟ ਕੀਤੇ ਗਏ ਹੈਰੋਇਨ ਤਸਕਰ ਨਵਪ੍ਰੀਤ ਸਿੰਘ ਉਰਫ਼ ਨਵ ਵਜ਼ੀਰ ਭੁੱਲਰ ਨੂੰ ਗ੍ਰਿਫ਼ਤਾਰ ਕੀਤਾ ਹੈ।ਇਸ ਮੁਲਜ਼ਮ ਨੂੰ ਦਿੱਲੀ ਹਵਾਈ ਅੱਡੇ ‘ਤੇ ਹਿਰਾਸਤ ਵਿਚ ਲਿਆ ਗਿਆ ਹੈ।ਤਸਕਰ ਨਵਪ੍ਰੀਤ ਅੰਮ੍ਰਿਤਸਰ ਦਿਹਾਤੀ ਵਜ਼ੀਰ ਭੁੱਲਰ ਪੁਲਿਸ ਦੇ ਬਿਆਸ ਪੁਲਿਸ ਸਟੇਸ਼ਨ ਤਹਿਤ ਪੈਂਦੇ ਪਿੰਡ ਵਜ਼ੀਰ ਭੁੱਲਰ ਦਾ ਰਹਿਣ ਵਾਲਾ ਨਵਪ੍ਰੀਤ ਨਵ ਪਿਛਲੇ ਸੱਤ ਸਾਲਾਂ ਤੋਂ ਤੁਰਕੀ ਵਿਚ ਰਹਿ ਰਿਹਾ ਸੀ ਅਤੇ ਅਫਗਾਨਿਸਤਾਨ ਅਤੇ ਪਾਕਿਸਤਾਨ ਰਾਹੀਂ ਭਾਰਤ ਦੇ ਕਈ ਸੂਬਿਆਂ ਵਿਚ ਹੈਰੋਇਨ ਦੀਆਂ ਵੱਡੀਆਂ ਖੇਪਾਂ ਭੇਜ ਦੇ ਰਿਹਾ ਸੀ। ਉਹ ਨਵਾਬ ਵਿਰਕ ਦੇ ਨਾਂ ਹੇਠ ਤੁਰਕੀ ‘ਚ ਤੁਰਿਆ ਫਿਰਦਾ ਸੀ ਤੇ ਉਥੇ ਪਾਸਪੋਰਟ ਹਾਸਿਲ



ਕਰ ਚੁੱਕਾ ਸੀ। ਮੁਲਜ਼ਮ ਕਈ ਕਾਰੋਬਾਰੀਆਂ ਰਾਹੀਂ ਹਵਾਲਾ ਰਾਹੀਂ ਨਸ਼ੀਲੇ ਪਦਾਰਥਾਂ ਲਈ ਭੁਗਤਾਨ ਕਰ ਰਿਹਾ ਸੀ। ਨਵਪ੍ਰੀਤ ਨਵ ਵਜ਼ੀਰ ਭੁੱਲਰ ਦਾ ਨਾਂ ਉਦੋਂ ਸਾਹਮਣੇ ਆਇਆ ਜਦੋਂ ਪੁਲਿਸ ਨੇ ਬਿਆਸ ਦੇ ਇਕ ਘਰ ਵਿੱਚੋਂ 105 ਕਿੱਲੋ ਤੋਂ ਵੱਧ ਹੈਰੋਇਨ ਦੀ ਖੇਪ ਬਰਾਮਦ ਹੋਈ ਸੀ।

ਗਿਰੋਹ ਦੇ ਦੋ ਮੈਂਬਰਾਂ ਨੇ ਪੁਲਿਸ ਹਿਰਾਸਤ ਵਿਚ ਕਬੂਲ ਕੀਤਾ ਕਿ ਉਨ੍ਹਾਂ ਨੇ ਪਾਕਿਸਤਾਨੀ ਤਸਕਰਾਂ ਨਾਲ ਮਿਲ ਕੇ ਰਾਵੀ ਰਾਹੀਂ ਭਾਰਤੀ ਖੇਤਰ ਵਿਚ ਹੈਰੋਇਨ ਦੀ ਤਸਕਰੀ ਕਰਨ ਦੀ ਸਾਜ਼ਿਸ਼ ਰਚੀ ਸੀ। ਪੰਜਾਬ ਪੁਲਿਸ ਅਤੇ ਕੇਂਦਰੀ ਖੁਫੀਆ ਏਜੰਸੀਆਂ ਪਿਛਲੇ ਤਿੰਨ ਸਾਲਾਂ ਤੋਂ ਕੇਂਦਰ ‘ਸਰਕਾਰ ਨਾਲ ਦੋਸ਼ੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਗੱਲਬਾਤ ਕਰ ਰਹੀਆਂ ਸਨ। 2016-17 ਵਿਚ ਮੁਲਜ਼ਮ ਨਵ ਵਜ਼ੀਰ ਭੁੱਲਰ ਨੇ ਜਾਅਲੀ ਪਾਸਪੋਰਟ ਪ੍ਰਾਪਤ ਕੀਤਾ ਅਤੇ ਤੁਰਕੀ ਵਿਚ ਲੁਕਣ ਲਈ ਕਈ ਦੇਸ਼ਾਂ ਦੀ ਯਾਤਰਾ ਕੀਤੀ।

ਉਸ ਨੇ ‘ਨਵਾਬ ਵਿਰਕ’ ਨਾਂ ਹੇਠ ਤੁਰਕੀ ਦੀ ਨਾਗਰਿਕਤਾ ਵੀ ਪ੍ਰਾਪਤ ਕਰ ਲਈ। ਦਰਅਸਲ, ਜਦੋਂ ਉਹ ਭਾਰਤ ਵਿੱਚੋਂ ਰੂਪੋਸ਼ ਹੋ ਗਿਆ ਤਾਂ ਪੁਲਿਸ ਨੇ ਇਸ ਦੇ ਵਿਰੁੱਧ ਲੁੱਕ ਆਊਟ ਨੋਟਿਸ ਅਤੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਸੀ ਪਰ ਉਸ ਨੂੰ ਲੱਭਣ ਵਿਚ ਅਸਮਰੱਥ ਰਹੇ। ਅਕਤੂਬਰ 2024 ਵਿਚ ਮੁਲਜ਼ਮ ਨੇ ਬਿਆਸ ਇਲਾਕੇ ਵਿਚ 105 ਕਿੱਲੋ ਹੈਰੋਇਨ, 32 ਕਿੱਲੋ ਕੈਫੀਨ ਐਨਹਾਈਡਸ ਅਤੇ 17 ਕਿੱਲੋ ਹੋਰ ਨਸ਼ੀਲੇ ਪਦਾਰਥ ਲੁਕਾਏ ਸਨ। ਮੁਲਜ਼ਮ ਦੇ ਇਕ ਸਾਥੀ ਰਿਜ਼ਵਾਨ ਕਸ਼ਮੀਰੀ ਨੂੰ ਵੀ 2021. ਵਿਚ ਦੱਖਣੀ ਦਿੱਲੀ ਵਿਚ ਹੈਰੋਇਨ ਦੀ ਵੱਡੀ ਖੇਪ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਪਤਾ ਲੱਗਾ ਹੈ ਕਿ ਨਵਪ੍ਰੀਤ ਵਜ਼ੀਰ ਭੁੱਲਰ ਵਿਰੁੱਧ ਅੰਮ੍ਰਿਤਸਰ ਦਿਹਾਤੀ ਪੁਲਿਸ, ਜ਼ਿਲ੍ਹਾ ਗੁਰਦਾਸਪੁਰ, ਕਪੂਰਥਲਾ, ਫਿਰੋਜ਼ਪੁਰ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਅੰਮ੍ਰਿਤਸਰ) ਫਿਲੌਰ ਵਿਚ ਨਸ਼ਾ ਤਸਕਰੀ ਸਬੰਧੀ ਮਾਮਲੇ ਦਰਜ ਕੀਤੇ ਗਏ ਸਨ।

### 17,874 ਕਰੋੜ ਦੀ ਜਾਇਦਾਦ ਜ਼ਬਤ

2019 ਤੋਂ 2026 ਤਕ ਭਗੌੜਿਆਂ ਦੀ ਕੁੱਲ 17,874 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ। ਇਸ ਦੌਰਾਨ 18,762 ਕਰੋੜ ਰੁਪਏ ਦੀ ਜਾਇਦਾਦ ਪੀੜਤਾਂ ਨੂੰ ਵਾਪਸ ਵੀ ਕੀਤੀ ਗਈ ਹੈ, ਜਿਸ ਵਿਚ ਮੁਲਕ ਛੱਡ ਕੇ ਭੱਜੇ ਆਰਥਿਕ ਅਪਰਾਧੀਆਂ ਦਾ ਪੈਸਾ ਵੀ ਸ਼ਾਮਲ ਹੈ। ਪਿਛਲੇ ਤਿੰਨ ਸਾਲਾਂ ਵਿਚ 401 ਭਗੌੜੇ ਅਪਰਾਧੀਆਂ ਖ਼ਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਹੋਏ ਹਨ। ਇਨ੍ਹਾਂ ਵਿਚ ਇਕੱਲੇ ਪਿਛਲੇ ਜੁਲਾਈ ਵਿਚ ਕੁੱਲ 182 ਰੈੱਡ ਕਾਰਨਰ ਨੋਟਿਸ ਜਾਰੀ ਹੋਏ ਹਨ।

### ਨਵਪ੍ਰੀਤ ਦੀ ਹਵਾਲਗੀ ਇਤਿਹਾਸਕ ਪ੍ਰਾਪਤੀ: ਅਮਿਤ ਸ਼ਾਹ



ਨਵੀਂ ਦਿੱਲੀ:ਅਫਗਾਨਿਸਤਾਨ ਤੋਂ ਪੰਜਾਬ ਵਿਚ ਡਰੱਗਜ਼ ਤਸਕਰੀ ਕਰਨ ਵਾਲੇ ਸਰਗਨਾ ਮਂ ਨਵਪ੍ਰੀਤ ਸਿੰਘ ਉਰਫ਼ ਨਵਾਬ ਵਿਰਕ ਨੂੰ ਭਾਰਤ ਵਾਪਸ ਲਿਆਉਣ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਹਿਮ ਪ੍ਰਗਟਾਵਾ ਕੀਤਾ ਹੈ। ਸ਼ਾਹ ਨੇ ਇਸ ਨੂੰ ਇਤਿਹਾਸਕ ਪ੍ਰਾਪਤੀ ਦੱਸਦਿਆਂ ਹੋਇਆਂ ਏਜੰਸੀਆਂ ਨੂੰ ਵਧਾਈ ਦਿੱਤੀ ਹੈ।ਐਕਸ ‘ਤੇ ਪੋਸਟ ਕਰ ਕੇ ਉਨ੍ਹਾਂ ਕਿਹਾ ਕਿ ਇਹ ਮੁਲਜ਼ਮ ਅਫਗਾਨਿਸਤਾਨ ਤੋਂ ਭਾਰਤ ਵਿਚ ਹੈਰੋਇਨ ਅਤੇ ਮੈਥਾਮਫੇਟਾਮਾਈਨ ਦੀ ਤਸਕਰੀ ਕਰਦਾ ਰਿਹਾ ਹੈ। ਭਾਰਤੀ ਏਜੰਸੀਆਂ ਤੁਰਕੀਏ ਸਮੇਤ ਕੌਮਾਂਤਰੀ ਏਜੰਸੀਆਂ ਸਾਹਮਣੇ ਉਸ ਦੀ ਫਰਜ਼ੀ ਪਛਾਣ (ਨਵਾਬ ਵਿਰਕ) ਦਾ ਪਰਦਾਫਾਸ਼ ਕਰਦਿਆਂ ਇਹ ਸਾਬਤ ਕਰਨ ਵਿਚ ਕਾਮਯਾਬ ਰਹੀਆਂ ਹਨ। ਉਸ ਨੂੰ ਜੇਲ੍ਹ ਭੇਜ ‘ਦਿੱਤਾ ਗਿਆ ਹੈ। ਸ਼ਾਹ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਭਗੌੜਿਆਂ ਦੀ ਹਵਾਲਗੀ ਨੂੰ ਕੌਮੀ ਤਰਜੀਹ ਬਣਾਇਆ ਹੈ ਅਤੇ ਤਾਲਮੇਲ ਵਾਲੀ ਮੁਹਿੰਮ ਚਲਾਈ ਹੈ।

# ਸੋਸ਼ਲ ਮੀਡੀਆ ਇਨਫਲੂਐਂਸਰ ਸੰਧੂ ਦਾ ਗੋ.ਲੀਆਂ ਮਾਰ ਕੇ ਕਤਲ

**ਅੰਮ੍ਰਿਤਸਰ:** ਛਾਉਣੀ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਲੋਹਾਰਕਾ ਰੋਡ ਖੇਤਰ ਵਿਚ ਮੋਟਰ ਸਾਈਕਲ ‘ਤੇ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਸੋਸ਼ਲ ਮੀਡੀਆ ਇਨਫਲੂਐਂਸਰ, ਮੇਕਅਪ ਆਰਟਿਸਟ ਤੇ ਫਿਲਮ ਕਲਾਕਾਰ ਮੈਡ ਸੰਧੂ ਉਰਫ਼ ਮਧੂਸੂਦਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਹੈ। ਕਤਲ ਕਰਨ ਤੋਂ ਬਾਅਦ ਦੋਵੇਂ ਮਾੜੇ ਅਨਸਰ ਆਪਣੀ ਬਾਈਕ ਭਜਾ ਕੇ ਫ਼ਰਾਰ ਹੋ ਗਏ।



ਮੰਦਭਾਗੀ ਘਟਨਾ ਦੀ ਜਾਣਕਾਰੀ ਮਿਲਣ ‘ਤੇ ਪੁਲਿਸ ਨੇ ਪੂਰੇ ਸ਼ਹਿਰ ਵਿਚ ਨਾਕਾਬੰਦੀ ਕਰ ਦਿੱਤੀ ਪਰ ਹਮਲਾਵਰ ਕਿਤੇ ਵੀ ਨਹੀਂ ਮਿਲੇ। ਪੁਲਿਸ ਦੀ ਮਦਦ ਨਾਲ ਮੌਕੇ ‘ਤੇ ਮੌਜੂਦ ਲੋਕਾਂ ਨੇ ਸੰਧੂ ਨੂੰ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ, ਜਿੱਥੇ ਡਾਕਟਰ ਨੇ ਸੰਧੂ ਨੂੰ ਮ੍ਰਿਤਕ ਐਲਾਨ ਦਿੱਤਾ। ਦੋਸ਼ ਲਾਏ ਜਾ ਰਹੇ ਹਨ ਕਿ ਕੁਝ ਕੱਟੜਪੰਥੀ ਅਨਸਰ ਸੋਸ਼ਲ ਮੀਡੀਆ ਹੈਂਡਲਾਂ ‘ਤੇ ਗ਼ਲਤ ਜਾਣਕਾਰੀ ਫੈਲਾਉਣ ਲਈ ਇਨਫਲੂਐਂਸਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਸਨ। ਮੌਕੇ ‘ਤੇ ਪਹੁੰਚੇ ਏਡੀਸੀਪੀ ਵੇਨੀਲਾ ਨੇ ਦੱਸਿਆ ਕਿ ਇਹ ਘਟਨਾ ਸ਼ਾਮ 6 ਵਜੇ ਦੇ ਕਰੀਬ ਵਾਪਰੀ ਸੀ। ਲੋਹਾਰਾਕਾ ਰੋਡ ‘ਤੇ ਵਾਪਰੀ ਘਟਨਾ ਸਬੰਧੀ ਦੋਸ਼ੀਆਂ ਸਬੰਧੀ ਅਹਿਮ ਸੁਰਾਗ਼ ਮਿਲੇ ਹਨ ਅਤੇ ਪੁਲਿਸ ਜਾਂਚ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਮੋਟਰਸਾਈਕਲ ਉੱਤੇ ਸਵਾਰ ਦੋ ਅਣਪਛਾਤੇ ਹਮਲਾਵਰਾਂ ਨੇ ਅਚਾਨਕ ਇਨਫਲੂਐਂਸਰ ਸੰਧੂ ‘ਤੇ ਗੋਲੀਬਾਰੀ ਕਰ ਦਿੱਤੀ ਅਤੇ ਹਮਲੇ ਤੋਂ ਤੁਰੰਤ ਬਾਅਦ ਮੌਕੇ ਤੋਂ ਭੱਜ ਗਏ। ਚਸ਼ਮਦੀਦਾਂ ਨੇ ਦੱਸਿਆ ਕਿ ਮੈਡ ਸੰਧੂ ਸ਼ਾਮ 6 ਵਜੇ ਕਿਸੇ ਕੰਮ ਲਈ ਡ੍ਰੀਮ ਸਿਟੀ ਸਥਿਤ ਆਪਣੀ ਰਿਹਾਇਸ਼ ਦੇ ਬਾਹਰ ਸੜਕ ‘ਤੇ ਮੌਜੂਦ ਸੀ। ਬਾਈਕ ਸਵਾਰ ਪਹਿਲਾਂ ਹੀ ਉਡੀਕ ਕਰ ਰਹੇ ਸਨ ਤੇ ਮੌਕਾ ਮਿਲਦੇ ਹੀ ਮਾੜੇ ਅਨਸਰਾਂ ਨੇ ਉਸ ‘ਤੇ ਗੋਲੀਬਾਰੀ ਕਰ ਦਿੱਤੀ। ਸੰਧੂ ਡ੍ਰੀਮ ਸਿਟੀ ਕਲੋਨੀ ਵਿਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਉਸ ਦੀ ਬਿਰਧ ਮਾਂ ਅਤੇ ਭਰਾ ਉੱਥੇ ਰਹਿੰਦੇ ਹਨ। ਉਹ ਸੈਲੂਨ ਚਲਾਉਣ ਦੇ ਨਾਲ ਆਪਣੇ ਸੋਸ਼ਲ ਮੀਡੀਆ ਅਕਾਊਂਟ ਚਲਾਉਂਦਾ ਸੀ। ਉਸ ਨੂੰ ਕੱਪੜਿਆਂ ਅਤੇ ਗ਼ਲਤ ਵਿਵਹਾਰ ਨੂੰ ਲੈ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ। ਸੰਧੂ ਨੇ ਪਹਿਲਾਂ ਕੁਝ ਪੰਜਾਬੀ ਫਿਲਮਾਂ ਵਿਚ ਕੰਮ ਕੀਤਾ ਸੀ।

# ਅਹਿਮਦ ਨੇ ਮੀਡੀਆ ਦੀ ਭੂਮਿਕਾ ’ਤੇ ਚੁੱਕੇ ਸਵਾਲ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਮੀਡੀਆ ਵਿਸ਼ਲੇਸ਼ਕਾਂ ਅਤੇ ਚਿੰਤਕਾਂ ਨੇ ਕਿਹਾ ਕਿ ਮੁੱਖ ਧਾਰਾ ਮੀਡੀਆ, ਜੋ ਕੇਂਦਰੀਕਰਨ ਦੀ ਰਾਜਨੀਤੀ ਅਤੇ ‘ਹਿੰਦੂ ਰਾਸ਼ਟਰ ਦੀ ਸਿਰਜਣਾ ਵੱਲ ਝੁਕਾਅ ਰੱਖਦਾ ਹੈ, ਇਸਲਾਮੋਫੋਬੀਆ ਅਤੇ ਘੱਟਗਿਣਤੀਆਂ ਤੇ ਦਲਿਤਾਂ ਵਿਰੁੱਧ ਭਾਵਨਾਵਾਂ ਨੂੰ ਉਭਾਰ ਰਿਹਾ ਹੈ। ਜਮਾਤ-ਏ-ਇਸਲਾਮੀ ਹਿੰਦ ਦੇ ਕੌਮੀ ਸਕੱਤਰ ਸਲਮਾਨ ਅਹਿਮਦ ਨੇ ‘ਸਮਾਜਿਕ



ਮੁੱਦਿਆਂ ਵਿਚ ਮੀਡੀਆ ਦੀ ਭੂਮਿਕਾ’ ਵਿਸ਼ੇ ‘ਤੇ ਮੁੱਖ ਭਾਸ਼ਣ ਦਿੰਦਿਆਂ ਕਿਹਾ ਕਿ ਮੀਡੀਆ ਲਗਾਤਾਰ ਮੁਸਲਮਾਨਾਂ ਅਤੇ ਦਲਿਤਾਂ ਵਿਰੁੱਧ ਭਾਵਨਾਵਾਂ ਨੂੰ ਭੜਕਾਉਂਦਾ ਹੈ, ਜਿਸ ਨਾਲ ਇਹ ਭਾਈਚਾਰੇ ਬਦਨਾਮ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦਾ ਮਕਸਦ ਹਾਕਮਾਂ ਦੀਆਂ ਗਲਤ ਨੀਤੀਆਂ ‘ਤੇ ਪਰਦਾ ਪਾਉਣਾ ਹੈ, ਜੋ ਪੂੰਜੀਵਾਦੀ ਲੁੱਟ ਨੂੰ ਵਧਾ ਰਹੀਆਂ ਹਨ।

# ਸਿਆਸੀ ਗੁੰਝਲਾਂ ਦੀਆਂ ਅੰਦਰੂਨੀ ਗੱਲਾਂ

**ਜੈ ਸਿੰਘ ਛਿੱਬੜ**

ਜਿਉਂ-ਜਿਉਂ ਚੋਣਾਂ ਨੇੜੇ ਆ ਰਹੀਆਂ ਹਨ, ਤਿਉਂ-ਤਿਉਂ ਸਿਵਲ ਸਕੱਤਰੇਤ ਦੇ ਗਲਿਆਰਿਆ ਦੇ ਰੰਗ ਵੀ ਬਦਲਣ ਲੱਗੇ ਹਨ। ਸੰਵਿਧਾਨ ਹਰੇਕ ਵਿਅਕਤੀ ਨੂੰ ਅਧਿਕਾਰ ਦਿੰਦਾ ਕਿ ਉਹ ਆਪਣੀ ਸਮੱਸਿਆ ਜਾਂ ਮੰਗ ਬਾਰੇ ਕਦੇ ਵੀ ਕਿਸੇ ਰਾਜਸੀ ਨੇਤਾ ਜਾਂ ਸਬੰਧਤ ਅਫ਼ਸਰ ਨੂੰ ਬਿਨਾਂ ਕਿਸੇ ਰੋਕ ਟੋਕ ਮਿਲ ਸਕਦਾ ਹੈ। ਆਜ਼ਾਦੀ ਮਗਰੋਂ ਪਹਿਲੀ ਵਾਰ ਸਕੱਤਰੇਤ ‘ਚ ਬਦਲਾਅ ਦੇਖਣ ਨੂੰ ਮਿਲ ਰਿਹਾ ਕਿ ਕਈ ਟੌਪ ਦੇ ਅਫ਼ਸਰਾਂ ਨੇ ਪੱਤਰਕਾਰਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਦਫ਼ਤਰ ਨਾ ਆਇਆ ਕਰੋ। ਅਫ਼ਸਰਾਂ ‘ਤੇ ਇਕ ਤਾਂ ਈਡੀ ਦਾ ਡਰ ਮੰਡਰਾ ਰਿਹਾ ਹੈ ਹੈ ਦੂਜਾ ਸਰਕਾਰ ਚਲਾਉਣ ਵਾਲੇ ਟੌਪ ਦੇ ਲੋਕਾਂ ਨੂੰ ਅਫਸਰਾਂ ‘ਤੇ ਸ਼ੱਕ ਹੈ ਕਿ ਉਹ ਅੰਦਰਲੀ ਖ਼ਬਰ ਪੱਤਰਕਾਰਾਂ ਨੂੰ ਦੇ ਰਹੇ ਹਨ। ਸੱਤਾ ਦੇ ਗਲਿਆਰਿਆ ਵਿਚ ਚਰਚਾ ਹੈ ਕਿ ਕੁੱਝ ਕੁ ਪੱਤਰਕਾਰ ਹੀ ਪੱਤਰਕਾਰੀ ਦੀਆਂ ਜੜ੍ਹਾਂ ਵਿਚ ਤੇਲ੍ਹ ਦੇਣ ਲੱਗੇ ਹੋਏ ਹਨ ਜਿਹੜੇ ਇਕੱਲੀ-ਇਕੱਲੀ ਗੱਲ ਸਿਆਸੀ ਅਕਾਵਾਂ ਦੇ ਕੰਨਾਂ ਵਿਚ ਚੋਂਦੇ ਹਨ। ਭਾਵੇਂ ਨੌਕਰਸ਼ਾਹ ਨਿਰਪੱਖ ਚੱਲਣ ਵਾਲੇ ਪੱਤਰਕਾਰਾਂ ਨੂੰ ਦਫ਼ਤਰਾਂ ਵਿਚ ਆਉਣ ਤੋਂ ਰੋਕ ਰਹੇ ਹਨ ਪਰ ਕੁੱਝ “ਚੁਗਲਖੋਰ ਪੱਤਰਕਾਰਾਂ” ਤੋਂ ਬਚਣ ਦੀ ਸਲਾਹ ਵੀ ਦੇਂਦੇ ਹਨ।

### ਸਮੇਂ ਦਾ ਗੇੜ

ਸਮਾਂ ਕਦੋਂ ਬਦਲ ਜਾਵੇ ਪਤਾ ਨਹੀਂ ਲੱਗਦਾ। ਸਿਆਸਤ ਵਿਚ ਤਾਂ ਚੜ੍ਹਦੇ ਸੂਰਜ ਨੂੰ ਸਲਾਮਾਂ ਹਨ। ਇਕ ਪਾਰਟੀ ਦਾ ਹਲਕਾ ਇੰਚਾਰਜ ਇਕ ਸੀਨੀਅਰ ਆਈ.ਏ.ਐੱਸ. ਅਧਿਕਾਰੀ ਨੂੰ ਮਿਲਣ ਗਿਆ ਅਤੇ ਆਪਣੇ ਹਲਕੇ ਦੇ ਕੰਮਾਂ ਦੀ ਪੋਟਲੀ ਖੋਲ੍ਹਦੇ ਹੋਏ ਅਧਿਕਾਰੀ ਨੂੰ ਸਮਝਾਉਣ ਲੱਗ ਪਿਆ। ਸੱਤਾ ਦੇ ਗਲਿਆਰਿਆ ਵਿਚ ਚਰਚਾ ਹੈ ਕਿ ਸੇਵਾ ਮੁਕਤ ਪੀ.ਸੀ.ਐੱਸ. ਤੋਂ ਸਿਆਸਤਦਾਨ ਬਣਿਆ ਉਕਤ ਨੇਤਾ ਪਹਿਲਾਂ ਆਈ.ਏ.ਐੱਸ. ਅਧਿਕਾਰੀ ਨੂੰ ਸਮਾਂ ਲੈ ਕੇ ਮਿਲਣ ਜਾਂਦਾ ਰਿਹੈ। ਤਾਂ ਹੀ ਤਾਂ ਕਹਿੰਦੇ ਹਨ ਕਿ ਸਮਾਂ ਬਹੁਤ ਬਲਵਾਨ ਹੈ ਪਤਾ ਨਹੀਂ ਚਲਦਾ ਕਦੋਂ ਕੌਣ ਕਿਸ ਨੂੰ ਜਵਾਬਦੇਣ ਬਣ ਜਾਵੇ। ਜਿਹੜਾ ਪੀ.ਸੀ.ਐੱਸ. ਅਧਿਕਾਰੀ ਪਹਿਲਾਂ ਸਾਹਮਣੇ ਬੈਠਦਾ ਰਿਹੈ ਤੇ ਜਾਣਕਾਰੀ ਦਿੰਦਾ ਰਿਹੈ, ਅੱਜ ਉਹੀ ਉਲਟ ਦਿਸ਼ਾ ‘ਚ ਬੈਠਾ ਆਈ.ਏ.ਐੱਸ. ਨੂੰ ਸਮਝਾ ਰਿਹੈ।



### ਸੋਨਾ ਦੇਣਾ ਪਿਆ ਮਹਿੰਗਾ

ਈਡੀ ਤੋਂ ਪੰਜਾਬ ਦੇ ਪ੍ਰਸ਼ਾਸਨਿਕ ਅਧਿਕਾਰੀ, ਬਿਡਲਰ ਤੇ ਹੋਰ ਕਾਰੋਬਾਰੀ ਕਾਫ਼ੀ ਡਰੇ ਹੋਏ ਹਨ। ਅਧਿਕਾਰੀ ਤੇ ਕਾਰੋਬਾਰੀ ਸਹਿਮ ਦੇ ਸਾਏ ਹੇਠ ਦਿਨ ਕੱਟ ਰਹੇ ਕਿ ਪਤਾ ਨਹੀਂ ਕਦੋਂ ਈਡੀ ਆ ਜਾਵੇ ਜਾਂ ਬੁਲਾ ਲਵੇ। ਕਹਿੰਦੇ ਸੋਨੇ ਦਾ ਇਕ ਵੱਡਾ ਕਾਰੋਬਾਰੀ ਵੀ ਅੱਜਕੱਲ੍ਹ ਕਾਫ਼ੀ ਪਰੇਸ਼ਾਨ ਹੈ। ਈਡੀ ਨੇ ਪਿਛਲੇ ਦਿਨ ਰਾਜਧਾਨੀ ‘ਚ ਛਾਪਾ ਮਾਰ ਕੇ ਮਸ਼ਹੂਰ ਜਿਊਲਅਰਜ਼ ਦੀ ਦੂਰ-ਦੂਰ ਤੱਕ ਮਸ਼ਹੂਰੀ ਕਰ ਦਿੱਤੀ। ਸੱਤਾ ਦੇ ਗਲਿਆਰਿਆ ਵਿਚ ਚਰਚਾ ਹੈ ਕਿ ਜਿਊਲਅਰਜ਼ ‘ਤੇ ਰੇਡ ਪੈਣ ਨਾਲ ਟੌਪ ਦੇ ਸਿਆਸੀ ਨੇਤਾ ਦੀਆਂ ਪਰਿਵਾਰਕ ਔਰਤਾਂ ਨੂੰ ਕਿੱਲੋਆਂ ਦੇ ਭਾਅ ਨਾਲ ਸੋਨਾ ਦੇਣ ਦਾ ਭੇਤ ਵੀ ਖੁੱਲ੍ਹ ਗਿਆ। ਚਰਚਾ ਹੈ ਕਿ ਸੋਨੇ ਦਾ ਵਪਾਰੀ ਬਹੁਤ ਪਰੇਸ਼ਾਨ ਹੈ ਕਿ ਉਸ ਨੂੰ ਤਾਂ ਸੋਨਾ ਦੇਣਾ ਮਹਿੰਗਾ ਪੈ ਗਿਆ ਹੈ।

### ਸੱਥ ਵਿਚ ਜਾਓ

ਸਰਕਾਰੀ ਕੋਠੀਆਂ ਦਾ ਭੇਤ ਖੁੱਲ੍ਹਣ ਬਾਅਦ ਸੈਕਟਰ 39 ‘ਚ ਪੁਲਿਸ ਦਾ ਪਹਿਰਾ ਲਾ ਦਿੱਤਾ ਗਿਆ ਹੈ। ਕੰਪਲੈਕਸ ਦੇ ਅੰਦਰ ਜਾਣ ਲਈ ਹਰੇਕ ਵਿਅਕਤੀ ‘ਤੇ ਰੋਕ ਲੱਗ ਗਈ ਹੈ। ਪੱਤਰਕਾਰ ਤੇ ਦੋਧੀਆਂ ਤੱਕ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ। ਬੀਤੇ ਕੱਲ੍ਹ ਕੁੱਝ ਪ੍ਰਦਰਸ਼ਨਕਾਰੀ ਧਰਨਾ ਦੇਣ ਆ ਗਏ ਜਿਹਨਾਂ ਦੀ ਪੁਲਿਸ ਨਾਲ ਝੜਪ ਹੋਈ। ਚਰਚਾ ਹੈ ਕਿ ਵਾਰ-ਵਾਰ ਅੰਦਰ ਜਾਣ ਲਈ ਧੱਕਾ-ਮੁੱਕੀ ਕਰ ਰਹੇ ਇਕ ਪ੍ਰਦਰਸ਼ਨਕਾਰੀ ਨੂੰ ਪੁਲਿਸ ਅਧਿਕਾਰੀ ਨੇ ਮੇਹਣਾ ਮਾਰਦੇ ਹੋਏ ਕਿਹਾ ਕਿ ਸੱਥ ਵਿਚ ਜਾਓ, ਸਰਕਾਰ ਸੱਥਾਂ ‘ਚੋਂ ਚੱਲਦੀ ਹੈ, ਇੱਥੇ ਕੋਈ ਨਹੀਂ। ਪੁਲਿਸ ਅਧਿਕਾਰੀ ਦੀ ਗੱਲ ਦਾ ਪ੍ਰਦਰਸ਼ਨਕਾਰੀ ਨੂੰ ਕੋਈ ਜਵਾਬ ਨਾ ਆਇਆ।

### ਤਿੰਨ ਬੀਬੀਆਂ ਦੀ ਚਰਚਾ

ਅੱਜਕੱਲ੍ਹ ਹਰ ਥਾਂ ਤਿੰਨ ਬੀਬੀਆਂ ਦੀ ਬਹੁਤ ਚਰਚਾ ਹੋ ਰਹੀ ਹੈ। ਇਕ ਬੀਬੀ ਤਾਂ ਸੁਖਪਾਲ ਖਹਿਰਾ ਦੇ ਟਰੈਕ ਵਿਚ ਅਜਿਹੀ ਫਸੀ ਕਿ ਸੋਸ਼ਲ ਮੀਡੀਆ ‘ਚ ਹਮਦਰਦੀ ਮਿਲਣ ਦੀ ਬਜਾਏ ਤੋਹਮਤਾਂ ਦੇ ਗੋਲੇ ਚੱਲ ਪਏ। ਸਿਆਸੀ ਦਬਾਅ ਹੇਠ ਕਈਆਂ ਨੇ ਬੀਬੀ ਦੇ ਹੱਕ ‘ਚ ਹਾਅ ਦਾ ਨਾਅਰਾ ਮਾਰਿਆ ਤਾਂ ਉਹਨਾਂ ਦੇ ਪੱਲੇ ਵੀ ਬਦਨਾਮੀ ਤੇ ਪ੍ਰੇਸ਼ਾਨੀ ਹੀ ਪਈ। ਦੂਜੀ ਬਹਿਰੀਨ ਵਾਲੀ ਬੀਬੀ ਜਿਸ ਨੇ ਚਾਵਲਾ ਨੂੰ ਅਜਿਹੇ ਚੁਰਾਸੀ ਦੇ ਚੱਕਰ ਵਿਚ ਪਾਇਆ ਕਿ ਉਸ ਨੇ ਚਾਵਲਾ, ਅਕਾਲੀ ਦਲ ਦੀ ਲੀਡਰਸ਼ਿਪ ਤੇ ਸ਼੍ਰੋਮਣੀ ਕਮੇਟੀ ਨੂੰ ਧਰਮ ਸੰਕਟ ਵਿਚ ਫਸਾ ਦਿੱਤਾ। ਚਾਵਲਾ ਤੇ ਪਾਰਟੀ ਪ੍ਰਧਾਨ ਚੁੱਪ ਹਨ ਅਤੇ ਹੁਕਮਰਾਨ ਚੁੱਪੀ ਦਾ ਕਾਰਨ ਪੁੱਛ ਰਹੇ ਹਨ।

ਤੀਜੀ ਬੀਬੀ ਰਿਸ਼ਵਤ ਲੈਂਦੀ ਫੜੀ ਗਈ। ਪੁਲਿਸ ਹਿਰਾਸਤ ‘ਚ ਉਸ ਨੇ ਬੜੇ ਚਾਵਾਂ ਨਾਲ ਆਲ ਇਜ਼ ਵੈੱਲ ਕਹਿ ਦਿੱਤਾ। ਸੱਤਾ ਦੇ ਗਲਿਆਰਿਆਂ ਵਿਚ ਚਰਚਾ ਹੈ ਕਿ ਬੀਬੀ ਦੇ ਆਲ ਇਜ਼ ਵੈਲ ਨੇ ਸਰਕਾਰ ਤੇ ਪੁਲਿਸ ਦੇ ਉਚ ਅਧਿਕਾਰੀਆਂ ਨੂੰ ਚੱਕਰ ਵਿਚ ਫਸਾ ਦਿੱਤਾ ਅਤੇ ਦੂਜੇ ਦਿਨ ਬੀਬੀ ਦੀ ਭੁਗਤ ਸੁਆਰੀ ਹੋਣ, ਸਿਰ ਮੂੰਹ ਸੱਭ ਢੱਕਿਆ ਹੋਣ ਕਰ ਕੇ ਬੀਬੀ ਜੀ ਚੰਗੇ ਨਹੀਂ ਦਿਖ ਰਹੇ ਸਨ।

# ਬੰਬ ਬਣਾਉਣ ਤੋਂ ਲੈ ਕੇ ਚੋਰੀ ਕਰਨ ਤੱਕ ਦੇ ਤਰੀਕੇ ਦੱਸ ਰਿਹੈ ਏ.ਆਈ.



**ਨਵੀਂ ਦਿੱਲੀ:**ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਗ਼ਲਤ ਵਰਤੋਂ ਸਿਰਫ਼ ਸਾਈਬਰ ਕ੍ਰਾਈਮ ਅਤੇ ਡੀਪਫੇਕ ਵੀਡੀਓ ਬਣਾਉਣ ਤੱਕ ਸੀਮਤ ਨਹੀਂ ਰਹਿ ਗਈ ਹੈ। ਇਸ ਦੀ ਮਦਦ ਨਾਲ ਬੰਬ ਬਣਾਉਣ ਤੋਂ ਲੈ ਕੇ ਕਾਰ ਚੋਰੀ ਕਰਨ ਦੇ ਤਰੀਕੇ ਪੁੱਛੇ ਜਾ ਰਹੇ ਹਨ। ਇਹ ਰੁਝਾਨ ਸ਼ੁਰੂ ਹੋ ਗਿਆ ਹੈ। ਭਾਰਤ ਵਿਚ ਚੈਟਜੀਪੀਟੀ ਜਾਂ ਗਰੋਕ ਵਰਗੇ ਏਆਈ ਮਾਡਲ ਤੋਂ ਬੰਬ ਬਣਾਉਣ ਜਾਂ ਕਾਰ ਚੋਰੀ ਕਰਨ ਦੇ ਤਰੀਕੇ ਪੁੱਛਣ 'ਤੇ ਉਹ ਇਸ ਦੀ ਜਾਣਕਾਰੀ ਦੇਣ ਤੋਂ ਮਨ੍ਹਾ ਕਰ ਦਿੰਦਾ ਹੈ। ਦੂਜੇ ਪਾਸੇ, ਕੰਪਿਊਟਰ ਸਾਇੰਸ ਦਾ ਗਿਆਨ ਰੱਖਣ ਵਾਲਾ ਵਿਦਿਆਰਥੀ ਜਾਂ ਕੋਈ ਵਿਅਕਤੀ ਖ਼ਾਸ ਕਿਸਮ ਦੇ ਸਾਫਟਵੇਅਰ ਦੀ ਵਰਤੋਂ ਕਰ ਕੇ ਇਨ੍ਹਾਂ ਏਆਈ ਮਾਡਲਾਂ ਤੋਂ ਸਭ ਕੁਝ ਜਾਣ ਅਤੇ ਸਿੱਖ ਸਕਦਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਖ਼ਤਰਨਾਕ ਰੁਝਾਨ ਹੈ।

ਇਸੇ ਦੌਰਾਨ ਕੰਪਿਊਟਰ ਸਾਇੰਸ ਦੇ ਜਾਣਕਾਰਾਂ ਨੇ ਦੱਸਿਆ ਹੈ ਕਿ ਬਾਜ਼ਾਰ ਵਿਚ ਕਈ ਅਜਿਹੇ ਓਪਨ ਸੋਰਸ ਸਾਫਟਵੇਅਰ ਮੁਹੱਈਆ ਹਨ, ਜਿਨ੍ਹਾਂ ਦੀ ਵਰਤੋਂ ਨਾਲ ਏਆਈ ਤੋਂ ਕੋਈ ਵੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਬੁਲਗੇਰੀਅਨ ਇੰਜੀਨੀਅਰ ਵੱਲੋਂ ਵਿਕਸਤ ਲਾਮਾਡਾਟਸੀਪੀਪੀ ਅਜਿਹਾ ਹੀ ਓਪਨ ਸੋਰਸ ਸਾਫਟਵੇਅਰ ਹੈ, ਇਸ ਕਿਸਮ ਦੇ ਕਈ ਸਾਫਟਵੇਅਰ ਮੁਫ਼ਤ ਵਿਚ ਮੁਹੱਈਆ ਹਨ। ਇਸ ਨੂੰ ਆਪਣੇ ਲੈਪਟਾਪ ਵਿਚ ਡਾਊਨਲੋਡ ਕਰ ਕੇ ਏਆਈ ਮਾਡਲ ਨਾਲ ਉਸ ਨੂੰ ਜੋੜਣ ਲਈ ਕੰਪਿਊਟਰ ਸਾਇੰਸ ਦੀ ਥੋੜ੍ਹੀ ਬਹੁਤੀ ਜਾਣਕਾਰੀ ਹੋਣੀ ਕਾਫ਼ੀ ਹੁੰਦੀ ਹੈ। ਇਸ ਰੁਝਾਨ ਤੋਂ ਇਲੈਕਟ੍ਰਾਨਿਕਸ ਅਤੇ ਆਈ.ਟੀ. ਮੰਤਰਾਲੇ ਦੇ ਸੀਨੀਅਰ ਅਧਿਕਾਰੀ ਵੀ ਵਾਕਿਫ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਜਾਣਕਾਰਾਂ 'ਦਾ ਕਹਿਣਾ ਹੈ ਕਿ ਸਿਰਫ਼ ਏਆਈ ਡਿਵੈਲਪਰ ਹੀ ਏਆਈ ਦੀ ਇਸ ਤਰ੍ਹਾਂ ਦੀ ਗ਼ਲਤ ਵਰਤੋਂ ਨੂੰ ਰੋਕ ਸਕਦੇ ਹਨ।

### ਹੂਤੀਆਂ ਨੇ ਏ.ਆਈ. ਤੋਂ ਪੁੱਛ ਕੇ ਮਿਜ਼ਾਈਲ ਬਣਾਈ



ਹਾਲ ਹੀ ਵਿਚ ਅਮਰੀਕੀ ਏਆਈ ਕੰਪਨੀ ਐਂਥਰੋਪਿਕਸ ਨੇ ਦੱਸਿਆ ਕਿ ਹੂਤੀ ਬਾਗ਼ੀਆਂ ਨੇ ਐਡਵਾਂਸ ਮਿਜ਼ਾਈਲ ਬਣਾਉਣ ਲਈ ਉਨ੍ਹਾਂ ਦੇ ਮਾਡਲ ਕਲਾਉਡ ਦੀ ਵਰਤੋਂ ਕੀਤੀ। ਐਂਥਰੋਪਿਕਸ ਨੂੰ ਇਸ ਗੱਲ ਦਾ ਪਤਾ ਲੱਗਣ 'ਤੇ ਉਸ ਆਈਡੀ ਨੂੰ ਬਲਾਕ ਕਰ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਹੂਤੀਆਂ ਨੇ ਏਆਈ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਹੀ ਮਿਜ਼ਾਈਲ ਬਣਾਉਣ 'ਤੇ ਕੰਮ ਕੀਤਾ। ਐਂਥਰੋਪਿਕਸ ਨੇ ਪਿਛਲੇ ਮਹੀਨੇ ਰਿਪੋਰਟ ਵਿਚ ਕਿਹਾ ਹੈ ਕਿ ਪਿਛਲੇ ਸਾਲ ' ਦਸੰਬਰ ਤੋਂ ਲੈ ਕੇ ਇਸ ਸਾਲ ਅਗਸਤ ਮਹੀਨੇ ਦੌਰਾਨ ਹਥਿਆਰ ਬਣਾਉਣ ਤੋਂ ਲੈ ਕੇ ਘੁਟਾਲੇ, ਠੱਗੀਆਂ ਅਤੇ ਸਾਈਬਰ ਜੁਰਮ ਕਰਨ ਲਈ ਏਆਈ ਮਾਡਲ ਤੋਂ ਜਾਣਕਾਰੀ ਲਈ ਗਈ। ਐਂਥਰੋਪਿਕਸ ਨੇ ਕਿਹਾ ਹੈ ਕਿ ਅਸੀਂ ਇਸ ਲਈ ਇਨ੍ਹਾਂ ਜਾਣਕਾਰੀਆਂ ਨੂੰ ਜਨਤਕ ਕਰ ਰਹੇ ਹਾਂ, ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਏਆਈ ਮਾਡਲ ਦੀ ਕਿਵੇਂ ਗ਼ਲਤ ਵਰਤੋਂ ਹੋ ਰਹੀ ਹੈ। ਏਆਈ ਮਾਡਲ ਦੀ ਸਮਰੱਥਾ ਵਧਣ ਦੇ ਨਾਲ ਇਸ ਤਰ੍ਹਾਂ ਦੇ ਜੋਖ਼ਮ ਵੀ ਵਧਦੇ ਜਾਣਗੇ। ਏਆਈ ਡਿਵੈਲਪਰ ਦੀ ਰਜ਼ਾਮੰਦੀ ਨਾਲ ਹੀ ਇਸ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕਦਾ ਹੈ।

# ਏਸ਼ਿਆਈ ਖੇਡਾਂ ਦੀ ਰੰਗਾਰੰਗ ਸਮਾਪਤੀ

## ਹੁਣ ਦੋਹਾ 'ਚ ਹੋਵੇਗੀ ਅਗਲੀ ਮੁਲਾਕਾਤ



**ਨਵੀਂ ਦਿੱਲੀ:**ਜਾਪਾਨ ਦੇ ਆਈਚੀ – ਨਾਗੋਯਾ'ਚ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਚੱਲੇ ਖੇਡਾਂ ਦੇ ਰੋਮਾਂਚ, ਰਿਕਾਰਡਤੋੜ ਪ੍ਰਦਰਸ਼ਨ ਅਤੇ ਇਤਿਹਾਸਕ ਉਪਲਬਧੀਆਂ ਤੋਂ ਬਾਅਦ 20ਵੀਆਂ ਏਸ਼ਿਆਈ ਖੇਡਾਂ ਦੀ ਰੰਗਾਰੰਗ ਸਮਾਪਤੀ ਹੋ ਗਈ। ਜਾਪਾਨ ਦੇ ਸੱਭਿਆਚਾਰ, ਸੰਗੀਤ ਅਤੇ ਰੋਸ਼ਨੀਆਂ ਨਾਲ ਸਜੇ ਸ਼ਾਨਦਾਰ ਸਮਾਗਮ ਦੌਰਾਨ ਭਾਰਤ ਨੇ ਆਪਣੀ ਮੁਹਿੰਮ ਨੂੰ ਸ਼ਾਨਦਾਰ ਅੰਦਾਜ਼ 'ਚ ਸਮਾਪਤ ਕੀਤਾ। ਭਾਰਤ ਪਿਛਲੀ ਵਾਰ ਹਾਂਗਝੂ 'ਚ 106 ਤਮਗਿਆ ਦੇ ਅੰਕੜੇ ਨੂੰ ਪਾਰ ਨਹੀਂ ਕਰ ਸਕਿਆ, ਪਰ ਉਸ ਨੇ 21 ਸੋਨ, 27 ਚਾਂਦੀ ਅਤੇ 37 ਕਾਂਸੇ ਸਮੇਤ ਕੁੱਲ 85 ਤਮਗਿਆਂ ਨਾਲ ਚੌਥਾ ਸਥਾਨ ਹਾਸਲ ਕੀਤਾ। ਹੁਣ ਅਗਲੀਆਂਏਸ਼ਿਆਈ ਖੇਡਾਂ 2030 'ਚ ਕਤਰ ਦੀ ਰਾਜਧਾਨੀ ਦੋਹਾ 'ਚ ਕਰਵਾਈਆਂ ਜਾਣਗੀਆਂ। 21 ਸੋਨ ਤਮਗਿਆਂ ਨਾਲਭਾਰਤੀ ਟੀਮ ਨੇ ਆਪਣੀ ਤਮਗਾ ਸਮਰੱਥਾ ਅਤੇ ਖੇਡਾਂ 'ਚ ਵਧਦੀ ਵਿਭਿੰਨਤਾ ਦਾ ਮਜ਼ਬੂਤ ਸੰਕੇਤ ਦਿੱਤਾ। ਨਿਸ਼ਾਨੇਬਾਜ਼ੀ, ਤੀਰਅੰਦਾਜ਼ੀ, ਮੁੱਕੇਬਾਜ਼ੀ, ਹਾਕੀ, ਐਥਲੈਟਿਕਸ, ਕੁਸ਼ਤੀ ਅਤੇ ਗੋਲਫ ਵਰਗੀਆਂ ਖੇਡਾਂ 'ਚ ਭਾਰਤੀ ਖਿਡਾਰੀਆਂ ਨੇ ਯਾਦਗਾਰ ਪ੍ਰਦਰਸ਼ਨ ਕੀਤਾ। ਕਈ ਖਿਡਾਰੀਆਂ ਨੇ ਪਹਿਲੀ ਵਾਰ ਏਸ਼ਿਆਈ ਖੇਡਾਂ 'ਚ ਇਤਿਹਾਸ ਰਚਿਆ ਹੈ।



### ਨੀਰੂ ਰਹੀ ਝੰਡਾਬਰਦਾਰ

ਨਿਸ਼ਾਨੇਬਾਜ਼ੀ 'ਚ ਨੀਰੂ ਢਾਂਡਾ ਭਾਰਤ ਦੀਆਂ ਸਭ ਤੋਂ ਸਫ਼ਲ ਖਿਡਾਰਨਾਂ 'ਚ ਰਹੀ। ਉਸ ਨੇ ਦੋ ਸੋਨ ਅਤੇ ਇਕ ਚਾਂਦੀ ਦਾ ਤਮਗਾ ਜਿੱਤਿਆ। ਉਹ ਸਮਾਪਤੀ ਸਮਾਗਮ 'ਚ ਭਾਰਤੀ ਟੀਮ ਦੀ ਝੰਡਾਬਰਦਾਰ ਵੀ ਰਹੀ। ਕਰੀਬ 30 ਭਾਰਤੀ ਖਿਡਾਰੀ ਅਤੇ ਅਧਿਕਾਰੀ ਚਿੱਟੇ- ਨੀਲੇ ਪਹਿਰਾਵੇ 'ਚ ਤਿਰੰਗਾ ਫੜ ਕੇ ਐਥਲੀਟ ਪਰੇਡ 'ਚ ਸ਼ਾਮਲ ਹੋਏ। ਸਮਾਪਤੀ ਸਮਾਗਮ ਕਰੀਬ 90 ਮਿੰਟ ਚੱਲਿਆ। ਜਾਪਾਨੀ ਸੱਭਿਆਚਾਰ ਅਤੇ ਮਹਿਮਾਨਨਵਾਜ਼ੀ ਦੀ ਝਲਕ ਪੇਸ਼ ਕਰਨ ਵਾਲੇ ਪ੍ਰੋਗਰਾਮ 'ਚ ਰੋਸ਼ਨੀ, ਸੰਗੀਤ, ਲੇਜ਼ਰ ਸ਼ੋਅ ਅਤੇ ਰਵਾਇਤੀ 'ਬੋਨ- ਓਡੋਰੀ' ਡਾਂਸ ਖਿੱਚ ਦਾ ਕੇਂਦਰ ਰਹੇ। 'ਵਨ ਏਸ਼ੀਆ' ਦੇ ਥੀਮ ਤਹਿਤ ਖਿਡਾਰੀਆਂ ਨੂੰ ਏਕਤਾ ਤੇ ਸ਼ਾਂਤੀ ਦਾ ਸੁਨੇਹਾ ਦਿੱਤਾ ਗਿਆ।



### ਦੋਹਾ ਨੂੰ ਸੌਂਪੀ ਗਈ ਮੇਜ਼ਬਾਨੀ

ਸਮਾਗਮ ਦੇ ਅੰਤ 'ਚ ਓਸੀਏ ਦਾ ਝੰਡਾ 2030 ਦੇ ਮੇਜ਼ਬਾਨ ਦੋਹਾ ਨੂੰ ਸੌਂਪ ਦਿੱਤਾ ਗਿਆ। ਇਸ ਤਰ੍ਹਾਂ ਜਾਪਾਨ 'ਚ ਖੇਡਾਂ ਦਾ ਅਧਿਆਇ ਖ਼ਤਮ ਹੋਇਆ ਅਤੇ ਹੁਣ ਏਸ਼ੀਆ ਦੀਆਂ ਨਜ਼ਰਾਂ ਚਾਰ ਸਾਲ ਬਾਅਦ ਕਤਰ 'ਚ ਹੋਣ ਵਾਲੀਆਂ ਅਗਲੀਆਂ ਏਸ਼ਿਆਈ ਖੇਡਾਂ 'ਤੇ ਟਿਕ ਗਈਆਂ ਹਨ।

# ਸੰਖੇਪ ਪਰ ਵਿਸ਼ੇਸ਼

## ਰਿਲਾਇੰਸ ਨੇ ਦੇਸ਼ 'ਚ ਸਾਰੇ 7-ਇਲੈਵਨ ਸਟੋਰ ਕੀਤੇ ਬੰਦ

**ਨਵੀਂ ਦਿੱਲੀ:**ਅਮਰੀਕਾ ਦੀ ਕਨਵੀਨੀਐਂਸ ਸਟੋਰ ਚੇਨ ਨਾਲ ਆਪਣੇ ਪੰਜ ਸਾਲਾਂ ਦੇ ਫ੍ਰੈਂਚਾਈਜ਼ ਐਗਰੀਮੈਂਟ ਦੇ ਖ਼ਤਮ ਹੋਣ ਤੋਂ ਬਾਅਦ, ਰਿਲਾਇੰਸ ਰਿਟੇਲ ਨੇ ਭਾਰਤ ਵਿਚ ਆਪਣੇ ਸਾਰੇ 7-ਇਲੈਵਨ ਕਨਵੀਨੀਐਂਸ ਸਟੋਰ ਬੰਦ ਕਰ ਦਿੱਤੇ ਹਨ। ਇਸ ਨਾਲ ਟੈਕਸਾਸ ਵਿਚ ਸਥਿਤ ਅਮਰੀਕੀ ਕਨਵੀਨੀਐਂਸ ਸਟੋਰ ਚੇਨ ਦੀ ਦੇਸ਼ ਵਿਚ ਮੌਜੂਦਗੀ ਖ਼ਤਮ ਹੋ ਗਈ ਹੈ। ਰਿਲਾਇੰਸ ਰਿਟੇਲ 7-ਇਲੈਵਨ ਫਾਰਮੈਟ ਦੇ ਤਹਿਤ ਲਗਪਗ 60 ਸਟੋਰ ਚਲਾ ਰਹੀ ਸੀ, ਜਿਨ੍ਹਾਂ ਵਿੱਚੋਂ ਅੱਧੇ ਪਹਿਲਾਂ ਹੀ ਬੰਦ ਹੋ ਚੁੱਕੇ ਹਨ।




## ਕਸ਼ਮੀਰ 'ਚ ਲੱਗੇ ਭੂਚਾਲ ਦੇ ਝਟਕੇ, ਲੋਕ ਸਹਿਮੇ

**ਸ੍ਰੀਨਗਰ:**ਕਸ਼ਮੀਰ 'ਚ ਐਤਵਾਰ ਅੱਧੀ ਰਾਤ 4.9 ਤੀਬਰਤਾ ਵਾਲੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਇਸ ਦਾ ਕੇਂਦਰ ਅਫ਼ਗਾਨਿਸਤਾਨ 'ਚ ਰਿਹਾ। ਹਾਲਾਂਕਿ ਅੱਧੀ ਰਾਤ ਨੂੰ ਝਟਕੇ ਆਉਣ ਕਾਰਨ ਜ਼ਿਆਦਾਤਰ ਲੋਕਾਂ ਨੂੰ ਇਸ ਦਾ ਅਹਿਸਾਸ ਨਹੀਂ ਹੋਇਆ, ਪਰ ਜਿਨ੍ਹਾਂ ਲੋਕਾਂ ਨੇ ਇਹ ਮਹਿਸੂਸ ਕੀਤੇ, ਉਨ੍ਹਾਂ 'ਚ ਬੇਚੈਨੀ ਵਧ ਗਈ। ਭੂਚਾਲ ਦੇ ਝਟਕਿਆਂ ਕਾਰਨ ਕਿਤੋਂ ਵੀ ਨੁਕਸਾਨ ਦੀ ਸੂਚਨਾ ਨਹੀਂ ਹੈ। ਭਾਰਤ ਦੇ ਰਾਸ਼ਟਰੀ ਭੂਚਾਲ ਵਿਗਿਆਨ ਕੇਂਦਰ (ਐੱਨਸੀਐੱਸ) ਮੁਤਾਬਕ ਭੂਚਾਲ ਐਤਵਾਰ ਅੱਧੀ ਰਾਤ 1 ਵੱਜ ਕੇ 57 ਮਿੰਟ 24 ਸਕਿੰਟ 'ਤੇ ਆਇਆ, ਜਿਸ ਦਾ ਕੇਂਦਰ ਜ਼ਮੀਨ ਤੋਂ 220 ਕਿਲੋਮੀਟਰ ਹੇਠਾਂ ਸੀ।



## ਜੰਮੂ-ਕਸ਼ਮੀਰ ਤੋਂ 150 ਬੰਗਲਾਦੇਸ਼ੀ ਡਿਪੋਰਟ

**ਸ੍ਰੀਨਗਰ:**ਜੰਮੂ-ਕਸ਼ਮੀਰ 'ਚ ਨਾਜਾਇਜ਼ ਤਰੀਕੇ ਨਾਲ ਰਹਿ ਰਹੇ 150 ਬੰਗਲਾਦੇਸ਼ੀਆਂ ਨੂੰ ਸੋਮਵਾਰ ਨੂੰ ਜੰਮੂ-ਕਸ਼ਮੀਰ ਤੋਂ ਡਿਪੋਰਟ ਕੀਤਾ ਗਿਆ। ਇਨ੍ਹਾਂ ਨੂੰ ਹਵਾਈ ਫ਼ੌਜ ਦੇ ਵ ਜਹਾਜ਼ 'ਚ ਸ੍ਰੀਨਗਰ ਤੋਂ ਬੰਗਾਲ ਦੇ ਬਾਗਡੋਗਰਾ ਪਹੁੰਚਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਬੀਐੱਸਐੱਫ ਦੇ ਹਵਾਲੇ ਕੀਤਾ ਗਿਆ।



## ਅੱਗ ਲੱਗਣ ਨਾਲ 12 ਨਵੀਆਂ ਬੱਸਾਂ ਸੜੀਆਂ



**ਮੁੰਬਈ:**ਇੱਥੇ ਬ੍ਰਹਮ ਮੁੰਬਈ ਇਲੈਕਟ੍ਰਿਕ ਸਪਲਾਈ ਅਤੇ ਟ੍ਰਾਂਸਪੋਰਟ (ਬੈਸਟ) ਦੇ ਡੀਪੂ ਵਿਚ ਸੋਮਵਾਰ ਸ਼ਾਮ ਨੂੰ ਅੱਗ ਲੱਗ ਗਈ। ਅੱਗਜ਼ਨੀ ਦੌਰਾਨ 12 ਨਵੀਆਂ ਏਅਰਕੰਡੀਸ਼ੰਡ ਬੱਸਾਂ ਸੜ ਕੇ ਸੁਆਹ ਹੋ ਗਈਆਂ। ਅਧਿਕਾਰੀਆਂ ਮੁਤਾਬਕ ਸ਼ਾਮ ਕਰੀਬ 5:45 ਵਜੇ ਇਹ ਘਟਨਾ ਵਾਪਰੀ ਸੀ। ਜਾਨੀ ਨੁਕਸਾਨ ਤੋਂ ਬਚਾਅ ਰਿਹਾ।

## ਪਾਕਿ ਲਈ ਜਾਸੂਸੀ ਕਰਦੇ ਸਾਬਕਾ ਫ਼ੌਜੀ ਸਣੇ 2 ਫੜੇ

**ਗੁਹਾਟੀ:**ਅਸਾਮ 'ਚ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ 'ਚ ਇਕ ਸੇਵਾਮੁਕਤ ਫ਼ੌਜੀ ਸਮੇਤ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੇਵਾਮੁਕਤ ਫ਼ੌਜੀ ਦੀ ਪਛਾਣ ਬਿਹਾਰ ਦੇ ਪੂਰਬੀ ਚੰਪਾਰਨ ਵਾਸੀ ਅਭਿਸ਼ੇਕ ਕੁਮਾਰ ਵਜੋਂ ਹੋਈ ਹੈ। ਅਸਾਮ ਐੱਸਟੀਐੱਫ ਨੇ ਗੁਹਾਟੀ ਤੋਂ ਇਹ ਗ੍ਰਿਫ਼ਤਾਰੀਆਂ ਕੀਤੀਆਂ ਹਨ। ਪਤਾ ਲੱਗਾ ਸੀ ਕਿ ਪਾਕਿਸਤਾਨੀ ਖ਼ੁਫ਼ੀਆ ਤੰਤਰ ਇਨ੍ਹਾਂ ਦੋਵਾਂ ਨੂੰ ਹਨੀਟ੍ਰੈਪ 'ਚ ਫਸਾ ਕੇ ਇਨ੍ਹਾਂ ਰਾਹੀਂ ਰੱਖਿਆ ਖੇਤਰ ਨਾਲ ਜੁੜੀ ਸੰਵੇਦਨਸ਼ੀਲ ਅਤੇ ਗੁਪਤ ਜਾਣਕਾਰੀ ਇਕੱਠੀ ਕਰ ਰਿਹਾ ਸੀ। ਮੁਲਜ਼ਮਾਂ ਕੋਲੋਂ ਇਕ ਮੋਬਾਈਲ, ਸਿਮ ਕਾਰਡ ਅਤੇ ਕਈ ਦਸਤਾਵੇਜ਼ ਬਰਾਮਦ ਕੀਤੇ ਗਏ ਹਨ।



## ਪਾਕਿ ਦੀ ਔਰਤ ਨੂੰ ਗੁਪਤ ਜਾਣਕਾਰੀਆਂ ਦੇਣ ਵਾਲਾ ਨੇਵੀ ਦਾ ਜਵਾਨ ਫੜਿਆ



**ਕੋਇੰਬਟੂਰ:**ਭਾਰਤੀ ਸਮੁੰਦਰੀ ਫ਼ੌਜ ਦੇ ਜਵਾਨ ਨੂੰ ਪਾਕਿਸਤਾਨੀ ਔਰਤ ਜਾਸੂਸ ਨੂੰ ਗੁਪਤ ਸਮੁੰਦਰੀ ਜਾਣਕਾਰੀਆਂ ਲੀਕ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਆਂਧਰ ਪ੍ਰਦੇਸ਼ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਸੈੱਲ ਨੇ ਬੰਗਾਲ ਦੇ 31 ਸਾਲਾ ਪ੍ਰਦੀਪ ਮੁਖਰਜੀ ਨੂੰ ਸ਼ਨੀਵਾਰ ਗ੍ਰਿਫ਼ਤਾਰ ਕੀਤਾ ਹੈ। ਕੁਝ ਮਹੀਨੇ ਪਹਿਲਾਂ ਪਾਕਿਸਤਾਨ ਦੀ ਜਾਸੂਸ ਨੇ ਸੋਸ਼ਲ ਮੀਡੀਆ ਰਾਹੀਂ ਜਵਾਨ ਨਾਲ ਸੰਪਰਕ ਕੀਤਾ ਸੀ। ਹੌਲੀ-ਹੌਲੀ ਦੋਸਤੀ ਵਧਾਈ ਅਤੇ ਫਿਰ ਵਿਸ਼ਾਖਾਪਟਨਮ ਸਮੁੰਦਰੀ ਫ਼ੌਜ ਬੇਸ ਨਾਲ ਜੁੜੇ ਰਣਨੀਤਕ ਜਲ ਸੈਨਾ ਦੇ ਸਾਧਨਾਂ, ਬੇੜੇ ਦੀ ਆਵਾਜਾਈ ਅਤੇ ਕਾਰਜਕਾਰੀ ਢਾਂਚੇ ਬਾਰੇ ਸੰਵੇਦਨਸ਼ੀਲ ਜਾਣਕਾਰੀ ਹਾਸਿਲ ਕਰ ਲਈ। ਸਰਹੱਦ ਪਾਰ ਜਾਸੂਸੀ ਤੇ ਅੱਤਵਾਦੀ ਖ਼ਤਰਿਆਂ ਨਾਲ ਨਜਿੱਠਣ ਲਈ ਬਣਾਈ ਗਈ ਖ਼ਾਸ ਟਾਸਕ ਫੋਰਸ 'ਸੀਆਈ ਸੈੱਲ' ਨੇ ਜਵਾਨ 'ਤੇ ਸ਼ੱਕ ਪੈਣ ਮਗਰੋਂ ਇਹ ਕਾਰਵਾਈ ਕੀਤੀ।

ਪੰਜਾਬ ਟਾਈਮਜ਼

*10 ਅਕਤੂਬਰ, ਸ਼ਨਿਚਰਵਾਰ*

# ਪੰਜਾਬ 'ਚ ਆਈ ਸੀ.ਬੀ.ਆਈ.

*ਪੰਜਾਬ ਸਮੇਤ ਪੰਜ ਰਾਜਾਂ ਦੀਆਂ ਚੋਣਾਂ ਵਿਚ ਸਿਰਫ਼ ਪੰਜ ਮਹੀਨੇ ਬਾਕੀ ਹਨ। ਬਹੁ-ਕੋਨੇ ਚੋਣ ਮੁਕਾਬਲਿਆਂ ਦੀ ਆਹਟ ਵਿਚ ਅੱਗੇ ਵਧ ਰਿਹਾ ਪੰਜਾਬ, ਆਮ ਆਦਮੀ ਪਾਰਟੀ ਦੀ ਬਦਲਾਓ ਵਾਲੀ ਸਰਕਾਰ ਲਈ ਭਾਰੀ ਵੰਗਾਰਾਂ ਵੇਖ ਰਿਹਾ ਹੈ। ਗਮਾਡਾ ਵਿਚ ਹੋਏ ਕਥਿਤ ਭ੍ਰਿਸ਼ਟਾਚਾਰ ਦੇ ਕਥਿਤ ਦੋਸ਼ੀਆਂ ਵੱਲੋਂ, ਮਈ ਮਹੀਨੇ ਵਿਚ ਵਰ੍ਹਾਏ ਗਏ, ਨੋਟਾਂ ਦੇ ਮੀਂਹ ਤੋਂ ਬਾਅਦ, ਵਿਵਾਦਾਂ ਵਿਚ ਘਿਰੀ ਪੰਜਾਬ ਸਰਕਾਰ ਲਈ ਵੰਗਾਰਾਂ ਦੀ ਸਿਖਰ ਉਦੋਂ ਦੇਖੀ ਗਈ, ਜਦੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਇਕਦਮ ਸੀ.ਬੀ.ਆਈ. ਨੇ ਮੁੱਖ ਮੰਤਰੀ ਦੇ ਦਫ਼ਤਰ ਨਾਲ ਜੁੜੇ ਛੇ ਵਿਅਕਤੀਆਂ ਵਿਰੁੱਧ ਤੁਰੰਤ ਐਫ.ਆਈ. ਆਰ. ਦਰਜ ਕਰਕੇ ਪੰਜਾਬ ਵਿਚ ਗੁਰਦਾਸਪੁਰ ਤੋਂ ਸੰਗਰੂਰ ਤੱਕ ਅਤੇ ਚੰਡੀਗੜ੍ਹ ਤੋਂ ਜਲੰਧਰ ਤੱਕ ਅੱਠ ਥਾਵਾਂ ਉੱਤੇ ਤਾਬੜਤੋੜ ਛਾਪੇਮਾਰੀ ਆਰੰਭ ਕਰ ਦਿੱਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਰਾਜਬੀਰ ਸਿੰਘ ਘੁੰਮਣ ਸਮੇਤ ਅੱਧੀ ਦਰਜਨ ਕਰਮਚਾਰੀਆਂ ਅਤੇ ਵਿਚੋਲਿਆਂ 'ਤੇ ਕੇਸ ਦਰਜ ਕਰ ਲਿਆ। ਇਸ ਕੇਸ ਵਿਚ ਰਾਜਬੀਰ ਸਿੰਘ ਘੁੰਮਣ ਤੋਂ ਇਲਾਵਾ ਨਿਤਿਨ ਗੋਹਲ, ਜਿਤਿਨ ਗੋਹਲ, ਰੋਮੀ ਰਾਜਾ ਮਹਾਜਨ, ਬੀਰ ਦਵਿੰਦਰ, ਆਰ.ਐੱਸ. ਨਾਗਰਾ ਅਤੇ ਹੋਰ ਅਣਪਛਾਤੇ ਸਰਕਾਰੀ ਅਤੇ ਹੋਰ ਵਿਅਕਤੀ ਸ਼ਾਮਿਲ ਹਨ। ਸੀ.ਬੀ.ਆਈ ਵੱਲੋਂ ਜਾਰੀ ਅਧਿਕਾਰਤ ਬਿਆਨ ਅਨੁਸਾਰ ਸੀ.ਬੀ.ਆਈ. ਟੀਮਾਂ ਵੱਲੋਂ ਚੰਡੀਗੜ੍ਹ ਅਤੇ ਪੰਜਾਬ 'ਚ ਅੱਠ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ, ਜਿਨ੍ਹਾਂ 'ਚ ਮੁੱਖ ਮੰਤਰੀ ਦਾ ਕੈਂਪ ਦਫ਼ਤਰ, ਮੁਹਾਲੀ, ਗੁਰਦਾਸਪੁਰ, ਲੁਧਿਆਣਾ, ਪਟਿਆਲਾ, ਸੰਗਰੂਰ ਅਤੇ ਜਲੰਧਰ ਆਦਿ ਸ਼ਾਮਲ ਹਨ। ਇਨ੍ਹਾਂ ਛਾਪਿਆਂ ਦੌਰਾਨ ਸੀ.ਬੀ.ਆਈ. ਨੇ ਇਨ੍ਹਾਂ ਟਿਕਾਣਿਆਂ ਤੋਂ ਲੈਪਟਾਪ, ਮੋਬਾਈਲ ਫ਼ੋਨ ਅਤੇ ਹੋਰ ਦਸਤਾਵੇਜ਼ ਜ਼ਬਤ ਕੀਤੇ ਹਨ। ਸੀ.ਬੀ.ਆਈ. ਦੀ ਇਸ ਕਾਰਵਾਈ ਤੋਂ ਬਾਅਦ ਪੰਜਾਬ ਦਾ ਸਿਆਸੀ ਪਾਰਾ ਕਾਫ਼ੀ ਗਰਮਾ ਗਿਆ ਅਤੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਇਸ 'ਤੇ ਪ੍ਰਤੀਕਿਰਿਆਵਾਂ ਆਉਣੀਆਂ ਸ਼ੁਰੂ ਹੋ ਗਈਆਂ। ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ 'ਤੇ ਟਵੀਟ ਕਰਦਿਆਂ ਕਿਹਾ ਕਿ, 'ਭਾਜਪਾ ਵੱਲੋਂ ਪੰਜਾਬ ਦੀਆਂ ਚੋਣਾਂ ਦੀ ਤਿਆਰੀ ਸ਼ੁਰੂ...ਮੇਰੇ ਕੈਂਪ ਆਫ਼ਿਸ ਵਿਚ ਰੇਡ ਕੀਤੀ ਗਈ...ਹੁਣ ਪੰਜਾਬ ਵਿਚ ਈਡੀ ਅਤੇ ਸੀ.ਬੀ.ਆਈ. ਦੀ ਦੁਰਵਰਤੋਂ ਕੀਤੀ ਜਾਵੇਗੀ ਤਾਂ ਕਿ ਪੰਜਾਬ ਸਰਕਾਰ ਅਤੇ ਮੈਨੂੰ ਬਦਨਾਮ ਕੀਤਾ ਜਾ ਸਕੇ।"*

*ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ 'ਚ ਸਰਕਾਰੀ ਬਦਲੀਆਂ ਤੇ ਪੋਸਟਿੰਗਾਂ 'ਚ ਕਥਿਤ ਲੈਣ-ਦੇਣ, ਅਨੁਕੂਲ ਨੀਤੀਆਂ ਬਣਾਉਣ ਅਤੇ ਟੈਂਡਰਾਂ 'ਚ ਰਿਸ਼ਵਤ ਦੇ ਦੋਸ਼ਾਂ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿੱਤੀ ਸੀ। ਹਾਈ ਕੋਰਟ ਨੇ ਈ.ਡੀ. ਵੱਲੋਂ ਪੀ.ਐੱਮ.ਐੱਲ.ਏ. ਦੀ ਧਾਰਾ 66(2) ਤਹਿਤ ਸਾਂਝੀ ਕੀਤੀ ਜਾਣਕਾਰੀ ਦੇ ਆਧਾਰ 'ਤੇ ਸੀ.ਬੀ.ਆਈ. ਨੂੰ ਐੱਫਆਈਆਰ ਦਰਜ ਕਰਨ ਦੇ ਆਦੇਸ਼ ਦਿੱਤੇ ਸਨ।*

*ਬਿਨਾਂ ਸ਼ੱਕ ਇਹ ਸੱਚ ਹੈ ਭਾਜਪਾ ਦੀ ਕੇਂਦਰ ਸਰਕਾਰ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਦੀ ਹੈ। ਪਰ ਇਸ ਮਾਮਲੇ ਵਿਚ ਮਾਣਯੋਗ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪੂਰਾ ਮੌਕਾ ਦਿਤਾ ਸੀ ਕਿ ਉਹ ਭ੍ਰਿਸ਼ਟਾਚਾਰ ਦੇ ਦੋਸ਼ੀ ਉਚ ਅਧਿਕਾਰੀਆਂ ਵਿਰੁੱਧ ਜਾਂਚ ਕਰਵਾਏ। ਪੰਜਾਬ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਜਦੋਂ ਇਸ ਸੰਬੰਧ ਵਿਚ ਇੱਕ ਪਟੀਸ਼ਨ 'ਤੇ ਫੈਸਲਾ ਸੁਣਾਉਂਦਿਆਂ ਹਾਈਕੋਰਟ ਨੇ ਸੀ.ਬੀ.ਆਈ.ਨੂੰ ਕੇਸ ਦਰਜ ਕਰਕੇ ਜਾਂਚ ਕਰਨ ਦੇ ਆਦੇਸ਼ ਦਿੱਤੇ ਤਾਂ ਪੰਜਾਬ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪਰ ਉਦੋਂ ਬਹੁਤ ਦੇਰ ਹੋ ਚੁੱਕੀ ਸੀ।*

*ਹਾਲਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਇਹ ਕਾਨੂੰਨ ਬਣਾਇਆ ਗਿਆ ਸੀ ਕਿ ਪੰਜਾਬ ਵਿਚ ਸੂਬਾ ਸਰਕਾਰ ਦੀ ਮਰਜ਼ੀ ਤੋਂ ਬਿਨਾ ਸੀ.ਬੀ.ਆਈ. ਨਹੀਂ ਆ ਸਕਦੀ। ਪਰ ਇਸ ਦੀ ਪੰਜਾਬ ਵਿਚ ਐਂਟਰੀ ਦਾ ਇਕ ਹੋਰ ਤਰੀਕਾ ਹਾਈਕੋਰਟ ਦੀ ਮਰਜ਼ੀ ਵਾਲਾ ਵੀ ਸੀ। ਇਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਸਿਰ ਅਤੇ ਗੰਭੀਰਤਾ ਨਾਲ ਸਮਝ ਨਾ ਸਕੀ। ਸੀ.ਬੀ.ਆਈ. ਦੀ ਇਸ ਕਾਰਵਾਈ ਨਾਲ ਪੰਜਾਬ ਦਾ ਚੋਣ ਮੈਦਾਨ ਆਉਣ ਵਾਲੇ ਦਿਨਾਂ ਵਿਚ ਆਪਣੀ ਤਾਸੀਰ ਬਦਲਦਾ ਦਿਸ ਸਕਦਾ ਹੈ। ਉਂਝ ਭਾਵੇਂ ਪੰਜਾਬ ਸਰਕਾਰ ਦੀ ਗੱਲ ਸੁਪਰੀਮ ਕੋਰਟ ਨੇ ਅਜੇ ਸੁਣਨੀ ਹੈ। ਪੰਜਾਬ ਸਰਕਾਰ ਨੂੰ ਇਸੇ ਦਿਨ ਉਦੋਂ ਇਕ ਹੋਰ ਝਟਕਾ ਵੀ ਲੱਗਾ ਜਦੋਂ ਭਗਵੰਤ ਮਾਨ ਦੀ ਪਤਨੀ ਨਾਲ ਕਥਿਤ ਤੌਰ 'ਤੇ ਜੁੜੇ ਪੰਜ ਕਰੋੜ ਦੀ ਰਿਸ਼ਵਤ ਦੇ ਮਾਮਲੇ ਵਿਚ ਈ.ਡੀ. ਵੱਲੋਂ ਮੁੱਖ ਮੰਤਰੀ ਦੇ ਸਾਂਢੂ ਅਮਰਦੀਪ ਗਰੇਵਾਲ ਨੂੰ ਵੀ ਤਲਬ ਕਰ ਲਿਆ ਗਿਆ। ਅੰਮ੍ਰਿਤਸਰ 'ਚ ਜਬਰ-ਜਨਾਹ ਦੇ ਦਰਜ ਇੱਕ ਮਾਮਲੇ ਨਾਲ ਇਹ ਰਿਸ਼ਵਤਖ਼ੋਰੀ ਦਾ ਵਿਵਾਦ ਜੁੜਿਆ ਸੀ। ਇਸ ਵਿਵਾਦ 'ਚ ਅਮਰਦੀਪ ਸਿੰਘ ਗਰੇਵਾਲ 'ਤੇ ਮਾਮਲੇ ਨੂੰ ਨਿਪਟਾਉਣ ਲਈ ਕਥਿਤ ਪੰਜ ਕਰੋੜ ਦੀ ਰਿਸ਼ਵਤ ਮੰਗਣ ਦੇ ਇਲਜ਼ਾਮ ਲਾਏ ਗਏ ਸਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਣਜੀਤ ਸਿੰਘ ਨੇ ਮੁੱਖ ਮੰਤਰੀ ਦੀ ਪਤਨੀ ਵੱਲੋਂ ਰਿਸ਼ਵਤ ਮੰਗਣ ਦੇ ਦੋਸ਼ ਲਾਏ ਸਨ। ਡਾ. ਗੁਰਪ੍ਰੀਤ ਕੌਰ ਮਾਨ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਸਾਬਕਾ ਜੱਜ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਸੀ। ਇਸੇ ਤਰ੍ਹਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਨਾਲ ਸਬੰਧਿਤ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਤੋਂ ਕੀਤੀ ਗਈ ਕਾਰਵਾਈ ਬਾਰੇ ਰਿਪੋਰਟ ਵੀ ਤਲਬ ਕੀਤੀ ਸੀ।ਇੱਕ ਤੋਂ ਬਾਅਦ ਇਕ ਲੱਗ ਰਹੇ ਝਟਕਿਆਂ ਦਰਮਿਆਨ ਆਮ ਆਦਮੀ ਪਾਰਟੀ ਅਲੱਗ-ਥਲੱਗ ਹੁੰਦੀ ਨਜ਼ਰ ਆ ਰਹੀ ਹੈ।*

*ਸਮੁੱਚੇ ਦੇਸ਼ ਵਿਚ ਵਿਰੋਧੀ ਧਿਰ ਵਲੋਂ ਲੜੀ ਜਾ ਰਹੀ ਲੋਕਤੰਤਰ ਬਚਾਉ ਦੀ ਮੁਹਿੰਮ ਤੋਂ ਪਾਸਾ ਵੱਟ ਕੇ ਬੈਠੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਬੁਰੀ ਤਰ੍ਹਾਂ ਘਿਰੀ ਆਮ ਆਦਮੀ ਪਾਰਟੀ ਦਾ ਭਵਿੱਖ ਕੀ ਹੋਵੇਗਾ? ਇਹ ਸਮਾਂ ਹੀ ਦੱਸੇਗਾ!*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਪਤਾਨ ਪ੍ਰਧਾਨ!

*ਕਾਂਗਰਸੀਆਂ ਦੀ ਬੇੜੀ ਪੰਜਾਬ ਵਾ.ਲੀ, ਬਣੀਉਂ ਪਈ ਸੀ ਜੰਗੀ ਮੈਦਾਨ ਭਾਈ।*
*ਪੰਥਕ ਪਿੜਾਂ ਦੀ ਦਲ ਦਲ ਤੋਂ ਖੁਸ਼ ਹੋਏ, ਨੇੜੇ ਜਾਪੀ ਸੀ 'ਜਿੱਤ' ਆਸਾਨ ਭਾਈ।*
*'ਮੁੱਖ ਮੰਤਰੀ' ਬਣਨ ਦੀ 'ਝਾਕ' ਅੰਦਰ, ਦੱਸਣ ਡਹੇ ਸੀ ਖੁਦ ਨੂੰ 'ਮਹਾਨ' ਭਾਈ।*
*'ਢੁੱਠਾਂ ਵਾ.ਲੇ' ਇਹ ਦੇਖ ਹੈਰਾਨ ਹੋ ਗਏ, ਚਿਤ-ਚੇਤੇ ਵੀ ਨਹੀਂ ਸੀ ਕਪਤਾਨ ਭਾਈ।*
*ਇਕ ਦਮ 'ਕੱਛ 'ਚੋਂ ਮੂੰਗ.ਲੀ' ਕੱਢ ਮਾਰੀ, ਹਾਈਕਮਾਂਡ ਨੇ ਕਰਤਾ ਐਲਾਨ ਭਾਈ।*
*ਘੈਂਸ ਘੈਂਸ ਤਾਂ ਰੋਜ ਦੀ ਖਤਮ ਹੋ ਗਈ, ਪ੍ਰਗਟ ਹੋ ਗਿਆ ਨਵਾਂ ਪ੍ਰਧਾਨ ਭਾਈ!*

# ਸੰਵਾਦ ਤੋਂ ਸੜਕ ਤੱਕ: ਨਵੀਂ ਚੇਤਨਾ ਅਤੇ ਅੰਦੋਲਨਾਂ ਦੇ ਕੇਂਦਰ ਵਿਚ ਖੜ੍ਹੀਆਂ ਲੜਕੀਆਂ






**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਸਮੇਤ ਸਮੁੱਚੇ ਭਾਰਤ ਵਿਚ ਸਮੇਂ-ਸਮੇਂ ਉੱਠਦੇ ਜਨ-ਅੰਦੋਲਨਾਂ, ਵਿਦਿਆਰਥੀ ਰੋਸ-ਪ੍ਰਦਰਸ਼ਨਾਂ ਅਤੇ ਸਮਾਜਿਕ ਸਰਗਰਮੀਆਂ ਦੇ ਦੌਰਾਨ ਅੱਜ ਲੜਕੀਆਂ ਸਿਰਫ਼ ਇੱਕ ਸਹਾਇਕ ਜਾਂ ਪਿੱਛੇ ਚੱਲਣ ਵਾਲੀਆਂ ਨਾਗਰਿਕਾਂ ਵਜੋਂ ਨਹੀਂ, ਸਗੋਂ ਆਪਣੇ ਤਿੱਖੇ ਸਵਾਲਾਂ, ਗਹਿਰੀ ਸੰਵਿਧਾਨਕ ਸਮਝ ਅਤੇ ਦ੍ਰਿੜ ਲੀਡਰਸ਼ਿਪ ਨਾਲ ਅੰਦੋਲਨਾਂ ਦੀ ਅਗਲੀ ਕਤਾਰ ਵਿਚ ਖੜ੍ਹੀਆਂ ਹੋ ਰਹੀਆਂ ਹਨ।

ਸੰਵਾਦ ਦੇ ਬੰਦ ਕਮਰਿਆਂ ਤੋਂ ਲੈ ਕੇ ਸੜਕਾਂ ਦੇ ਮਾਨਸਿਕ ਅਤੇ ਭੌਤਿਕ ਧਰਾਤਲ ਤੱਕ, ਉਨ੍ਹਾਂ ਦੀ ਗੂੰਜਦੀ ਆਵਾਜ਼ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਹੁਣ ਆਪਣੀ ਤਕਦੀਰ, ਅਧਿਕਾਰਾਂ, ਲਿੰਗਕ ਬਰਾਬਰੀ ਅਤੇ ਦੇਸ਼ ਦੇ ਭਵਿੱਖ ਦੇ ਫੈਸਲੇ ਖੁਦ ਕਰਨ ਦੀ ਅਗਵਾਈਕਾਰੀ ਭੂਮਿਕਾ ਵਿਚ ਆ ਚੁੱਕੀਆਂ ਹਨ।

ਬਿਨਾਂ ਸ਼ੱਕ, ਲੜਕੀਆਂ ਅਤੇ ਇਸਤਰੀਆਂ ਨੂੰ ਚੁੱਪ ਕਰਾਉਣ ਦੇ ਮਰਦ-ਪ੍ਰਧਾਨ ਸਮਾਜ ਦੇ ਪੁਰਾਣੇ ਹਥਿਆਰ ਅੱਜ ਵੀ ਓਨੇ ਹੀ ਸਰਗਰਮ ਹਨ। ਜਦੋਂ ਵੀ ਕੋਈ ਲੜਕੀ ਕਿਸੇ ਅਸੰਵੇਦਨਸ਼ੀਲ ਨੀਤੀ, ਪ੍ਰਸ਼ਾਸਕੀ ਨਾਕਾਮੀ, ਰਾਜਨੀਤਿਕ ਭ੍ਰਿਸ਼ਟਾਚਾਰ ਜਾਂ ਸਮਾਜਿਕ ਅਸਮਾਨਤਾ ਵਿਰੁੱਧ ਸਵਾਲ ਖੜ੍ਹਾ ਕਰਦੀ ਹੈ, ਤਾਂ ਸੱਤਾ ਅਤੇ ਸਮਾਜ ਦਾ ਇੱਕ ਰਵਾਇਤੀ ਤਬਕਾ ਉਸ ਦੇ ਸਵਾਲਾਂ ਦਾ ਤਰਕਪੂਰਨ ਜਵਾਬ ਦੇਣ ਦੀ ਬਜਾਏ ਉਸ ਦੇ ਚਰਿੱਤਰ ਉੱਤੇ ਉਂਗਲ ਚੁੱਕਣ ਲੱਗਦਾ ਹੈ।

ਚਰਿੱਤਰ-ਹੀਣਤਾ ਦੇ ਦਾਗ਼ ਲਗਾਉਣਾ, ਲੋਕਰਾਜੀ ਹੱਕਾਂ ਨੂੰ ਦਬਾਉਣਾ, ਸੋਸ਼ਲ ਮੀਡੀਆ ਉੱਤੇ ਟ੍ਰੋਲਿੰਗ ਕਰਨਾ ਅਤੇ ਸਮਾਜਿਕ ਦਬਾਅ ਪਾਉਣਾ-ਇਹ ਸਭ ਮਰਦ-ਪ੍ਰਧਾਨ ਵਿਵਸਥਾ ਦੇ ਉਹ ਪੁਰਾਣੇ ਹਥਿਆਰ ਹਨ ਜੋ ਹਾਲੇ ਖੁੰਢੇ ਨਹੀਂ ਹੋਏ, ਪਰ ਅੱਜ ਦਾ ਸਭ ਤੋਂ ਵੱਡਾ ਬਦਲਾਅ ਇਹ ਹੈ ਕਿ ਹੁਣ ਇਹ ਸਮਾਜਿਕ ਅਤੇ ਰਾਜਨੀਤਿਕ ਹਥਕੰਡੇ ਨਵੀਂ ਪੀੜ੍ਹੀ ਦੀਆਂ ਲੜਕੀਆਂ ਦੇ ਮਨਾਂ ਵਿਚ ਭੈਅ, ਡਰ ਜਾਂ ਝਿਜਕ ਪੈਦਾ ਨਹੀਂ ਕਰ ਪਾਉਂਦੇ।

ਸੱਤਾ ਵਿਵਸਥਾ ਅਤੇ ਸਦੀਆਂ ਪੁਰਾਣੀ ਮਰਦ-ਪ੍ਰਧਾਨ ਸੋਚ ਨੇ ਹਮੇਸ਼ਾ ਸਮਾਜ ਦੇ ਅੱਧੇ ਹਿੱਸੇ ਨੂੰ ਸ਼ਰਮ, ਅਦਬ, ਝਿਜਕ, ਲਾਜ ਅਤੇ ਸਮਝੌਤੇ ਦੀ ਚਾਦਰ ਹੇਠ ਲੁਕਾ ਕੇ ਕੈਦ ਰੱਖਣ ਦਾ ਭਰਮ ਪਾਲਿਆ ਹੋਇਆ ਸੀ। ਪਰ ਅੱਜ ਉਸ ਭਰਮ ਦੀਆਂ ਬੁਨਿਆਦੀ ਚੂਲਾਂ ਹਿੱਲ ਚੁੱਕੀਆਂ ਹਨ।

ਸੜਕਾਂ, ਉੱਚ ਸਿੱਖਿਆ ਸੰਸਥਾਵਾਂ, ਅੰਦੋਲਨਕਾਰੀ ਮੰਚਾਂ ਅਤੇ ਜਨਤਕ ਸਪੇਸ ਉੱਤੇ ਗੂੰਜਦੇ ਇਨ੍ਹਾਂ ਨੌਜਵਾਨ ਲੜਕੀਆਂ ਦੇ ਕਦਮਾਂ ਦੀ ਧਮਕ ਕਿਸੇ ਇੱਕ ਸਿਆਸੀ ਦਲ ਨੂੰ ਲਾਭ ਪਹੁੰਚਾਉਣ ਜਾਂ ਚੋਣਾਂ ਵਿਚ ਸਰਕਾਰ ਬਦਲਣ ਦਾ ਮਾਮੂਲੀ ਰੌਲਾ-ਗੌਲਾ ਹੀ ਨਹੀਂ ਹੈ; ਇਹ ਉਸ ਡੂੰਘੀ ਲਿੰਗਕ ਅਸਮਾਨਤਾ ਅਤੇ ਪਰੰਪਰਾਗਤ ਸਮਾਜਿਕ ਸਮਝੌਤੇ ਨੂੰ ਇੱਕ ਸਿੱਧੀ ਚੁਣੌਤੀ ਹੈ, ਜਿਸ ਵਿਚ ਔਰਤਾਂ ਤੋਂ ਆਜ਼ਾਦੀ ਦੇ ਬਦਲੇ ਸੁਰੱਖਿਆ, ਸਵਾਲਾਂ ਦੇ ਬਦਲੇ ਚੁੱਪ, ਅਤੇ ਬਰਾਬਰੀ ਦੇ ਬਦਲੇ ਸਮਝੌਤੇ ਦੀ ਉਮੀਦ ਕੀਤੀ ਜਾਂਦੀ ਸੀ।

ਅੱਜ ਭਾਰਤੀ ਸਮਾਜਿਕ ਅਤੇ ਰਾਜਨੀਤਿਕ ਧਰਾਤਲ ਉੱਤੇ ਇੱਕ ਗਹਿਰਾ ਮਾਨਸਿਕ ਪਰਿਵਰਤਨ ਆਕਾਰ ਲੈ ਰਿਹਾ ਹੈ। ਜੇਨ-ਜ਼ੀ ਅਤੇ ਜੇਨ-ਅਲਫ਼ਾ ਦੀਆਂ ਇਹ ਲੜਕੀਆਂ ਕਿਸੇ ਸਥਾਪਤ ਰਾਜਨੀਤਿਕ ਦਲ, ਪਰੰਪਰਾਗਤ ਸੰਸਥਾ, ਐਨ.ਜੀ.ਓ. ਜਾਂ ਕਿਸੇ ਰਾਜਨੀਤਿਕ ਮਸੀਹੇ ਦੀ ਛਤਰ-ਛਾਇਆ ਹੇਠ ਆਪਣੀ ਲੜਾਈ ਨਹੀਂ ਲੜ ਰਹੀਆਂ, ਸਗੋਂ ਉਹ ਆਪਣੀ ਚੇਤਨਾ ਦੀ ਮਿਸਾਲ ਆਪ ਬਣ ਰਹੀਆਂ ਹਨ। ਉਹ ਆਪਣੇ ਸੰਵਿਧਾਨਕ ਅਧਿਕਾਰਾਂ, ਨਾਗਰਿਕ ਹੱਕਾਂ ਅਤੇ ਨੈਤਿਕ ਸਵਾਲਾਂ ਦੀ ਨੁਮਾਇੰਦਗੀ ਖੁਦ ਕਰ ਰਹੀਆਂ ਹਨ।

ਇਸ ਨਵੀਂ ਚੇਤਨਾ ਦੇ ਨਿਰਮਾਣ ਵਿਚ ਸੂਚਨਾ ਤਕਨਾਲੋਜੀ, ਇੰਟਰਨੈੱਟ ਅਤੇ ਡਿਜੀਟਲ ਮੀਡੀਆ ਨੇ ਵੀ ਬਹੁਤ ਅਹਿਮ ਭੂਮਿਕਾ ਨਿਭਾਈ ਹੈ। ਇਹ ਸਾਧਨ ਇਨ੍ਹਾਂ ਲੜਕੀਆਂ ਲਈ ਸਿਰਫ਼ ਮਨੋਰੰਜਨ ਦਾ ਜ਼ਰੀਆ ਨਹੀਂ ਹਨ, ਸਗੋਂ ਇਹ ਵਿਸ਼ਵ ਵਿਆਪੀ ਘਟਨਾਵਾਂ ਨੂੰ ਸਮਝਣ, ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ, ਸਮਾਜਿਕ-ਆਰਥਿਕ ਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਅਤੇ ਦੁਨੀਆ ਭਰ ਦੀਆਂ ਰੋਸ ਲਹਿਰਾਂ ਨਾਲ ਜੁੜਨ ਦੀ ਇੱਕ ਵੱਡੀ ਖਿੜਕੀ ਬਣ ਚੁੱਕੇ ਹਨ।

ਸੋਸ਼ਲ ਮੀਡੀਆ ਉਨ੍ਹਾਂ ਲਈ ਇੱਕ ਅਜਿਹਾ ਆਧੁਨਿਕ 'ਚੌਪਾਲ' ਬਣ ਗਿਆ ਹੈ ਜਿੱਥੇ ਜਾਣਕਾਰੀ ਚਾਹੇ ਇੰਟਰਨੈੱਟ ਦਿੰਦਾ ਹੈ, ਪਰ ਚੇਤਨਾ, ਸੋਚ ਅਤੇ ਸੰਗਠਨਾਤਮਕ ਏਕਤਾ ਲੜਕੀਆਂ ਖੁਦ ਤਿਆਰ ਕਰਦੀਆਂ ਹਨ। ਉਹ ਡਿਜੀਟਲ ਮੰਚਾਂ ਰਾਹੀਂ ਦੇਸ਼ ਦੇ ਕੋਨੇ-ਕੋਨੇ ਵਿਚ ਚੱਲ ਰਹੇ ਮੁੱਦਿਆਂ ਉੱਤੇ ਤਿੱਖੀ ਨਜ਼ਰ ਰੱਖਦੀਆਂ ਹਨ ਅਤੇ ਲੋੜ ਪੈਣ ਉੱਤੇ ਇੱਕਜੁੱਟ ਹੋ ਕੇ ਸੜਕਾਂ ਉੱਤੇ ਉੱਤਰਨ ਅਤੇ ਸੱਤਾ ਦੇ ਢਾਂਚੇ ਤੱਕ ਆਪਣੀ ਆਵਾਜ਼ ਪਹੁੰਚਾਉਣ ਦਾ ਮਾਦਾ ਵੀ ਰੱਖਦੀਆਂ ਹਨ।

ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਚੱਲ ਰਹੇ ਅੰਦੋਲਨਾਂ ਅਤੇ ਪ੍ਰਦਰਸ਼ਨਾਂ ਵਿਚ ਲੜਕੀਆਂ ਦੀ ਮੋਹਰੀ ਅਗਵਾਈ ਸਾਫ਼ ਨਜ਼ਰ ਆ ਰਹੀ ਹੈ। ਜਦੋਂ ਵੀ ਦਿੱਲੀ ਦੀਆਂ ਸਰਹੱਦਾਂ, ਜੰਤਰ-ਮੰਤਰ ਜਾਂ ਯੂਨੀਵਰਸਿਟੀ ਕੈਂਪਸਾਂ ਵਿਚ ਸੰਵਿਧਾਨਕ ਹੱਕਾਂ, ਕਿਸਾਨੀ ਮੰਗਾਂ, ਨਾਗਰਿਕਤਾ ਕਾਨੂੰਨਾਂ ਜਾਂ ਵਿਦਿਆਰਥੀ ਅਧਿਕਾਰਾਂ ਦੇ ਸਵਾਲ ਉੱਠਦੇ ਹਨ, ਤਾਂ ਲੜਕੀਆਂ ਸਿਰਫ਼ ਭੀੜ ਦਾ ਹਿੱਸਾ ਨਹੀਂ ਬਣਦੀਆਂ, ਸਗੋਂ ਮੰਚ ਸੰਚਾਲਨ, ਵਿਚਾਰਧਾਰਕ ਬਹਿਸਾਂ, ਲੌਜਿਸਟਿਕਸ ਸੰਭਾਲਣ ਅਤੇ ਪ੍ਰੈੱਸ ਬਿਆਨ ਤਿਆਰ ਕਰਨ ਦੀ ਜ਼ਿੰਮੇਵਾਰੀ ਖੁਦ ਚੁੱਕਦੀਆਂ ਹਨ।

ਸ਼ਾਹੀਨ ਬਾਗ਼ ਦੇ ਇਤਿਹਾਸਕ ਧਰਨੇ ਤੋਂ ਲੈ ਕੇ ਦਿੱਲੀ ਦੀਆਂ ਸਰਹੱਦਾਂ ਉੱਤੇ ਚੱਲੇ ਵਿਸ਼ਾਲ ਕਿਸਾਨ ਅੰਦੋਲਨ ਤੱਕ, ਔਰਤਾਂ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਹਾਜ਼ਰੀ ਨੇ ਇਨ੍ਹਾਂ ਸੰਘਰਸ਼ਾਂ ਨੂੰ ਨੈਤਿਕ ਬਲ, ਨਿਰੰਤਰਤਾ ਅਤੇ ਅੰਤਰਰਾਸ਼ਟਰੀ ਪਛਾਣ ਦਿੱਤੀ ਸੀ।

ਇਸੇ ਤਰ੍ਹਾਂ, ਦਿੱਲੀ ਦੇ ਜੰਤਰ-ਮੰਤਰ ਉੱਤੇ ਦੇਸ਼ ਦਾ ਨਾਂ ਰੋਸ਼ਨ ਕਰਨ ਵਾਲੀਆਂ ਨਾਮਵਰ ਮਹਿਲਾ ਖਿਡਾਰਨਾਂ ਦੁਆਰਾ ਸੱਤਾ ਦੇ ਸ਼ਕਤੀਸ਼ਾਲੀ ਗਲਿਆਰਿਆਂ ਅਤੇ ਖੇਡ ਫੈਡਰੇਸ਼ਨਾਂ ਦੇ ਸ਼ੋਸ਼ਣ ਵਿਰੁੱਧ ਦਿੱਤਾ ਗਿਆ ਧਰਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਸੀ ਕਿ ਅੱਜ ਦੀਆਂ ਧੀਆਂ ਆਪਣੇ ਸਨਮਾਨ, ਸੁਰੱਖਿਆ ਅਤੇ ਹੱਕਾਂ ਲਈ ਕਿਸੇ ਵੀ ਸੱਤਾਧਾਰੀ ਢਾਂਚੇ ਨਾਲ ਟਕਰਾਉਣ ਤੋਂ ਨਹੀਂ ਝਿਜਕਦੀਆਂ। ਉਨ੍ਹਾਂ ਨੇ ਦਿਖਾ ਦਿੱਤਾ ਕਿ ਖੇਡ ਮੈਦਾਨ ਦੇ ਮੈਡਲਾਂ ਤੋਂ ਲੈ ਕੇ ਸੜਕਾਂ ਦੇ ਸੰਘਰਸ਼ ਤੱਕ, ਆਪਣੀ ਆਵਾਜ਼ ਨੂੰ ਬੁਲੰਦ ਕਿਵੇਂ ਕੀਤਾ ਜਾਂਦਾ ਹੈ। ਇਹ ਅੰਦੋਲਨ ਸਿਰਫ਼ ਖਿਡਾਰਨਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਸ ਨੇ ਸਮੁੱਚੇ ਭਾਰਤ ਦੀਆਂ ਔਰਤਾਂ ਅੰਦਰ ਆਪਣੇ ਹੱਕਾਂ ਲਈ ਖੜ੍ਹੇ ਹੋਣ ਦਾ ਨਵਾਂ ਜਜ਼ਬਾ ਭਰ ਦਿੱਤਾ।

ਦਿੱਲੀ ਤੋਂ ਇਲਾਵਾ ਦੇਸ਼ ਦੇ ਹੋਰਨਾਂ ਪ੍ਰਮੁੱਖ ਹਿੱਸਿਆਂ ਵਿਚ ਵੀ ਇਹ ਨਵੀਂ ਲਹਿਰ ਸਪੱਸ਼ਟ ਦਿਖਾਈ ਦਿੰਦੀ ਹੈ। ਕੋਟਾ, ਪ੍ਰਯਾਗਰਾਜ, ਦੇਹਰਾਦੂਨ, ਪੁਣੇ, ਜਾਮੀਆ ਮਿਲੀਆ, ਜਵਾਹਰਲਾਲ ਨਹਿਰੂ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਵਰਗੇ ਵਿਦਿਆਰਥੀ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਵੱਡੇ ਕੇਂਦਰਾਂ ਵਿਚ ਹੋਈਆਂ ਰਾਸ਼ਟਰੀ ਵਿਚਾਰ-ਚਰਚਾਵਾਂ ਅਤੇ ਪ੍ਰਦਰਸ਼ਨਾਂ ਵਿਚ ਲੜਕੀਆਂ ਦੀ ਸਰਗਰਮ ਸ਼ਮੂਲੀਅਤ ਨੇ ਪ੍ਰਸ਼ਾਸਨਿਕ ਢਾਂਚੇ ਨੂੰ ਸੋਚਣ ਲਈ ਮਜਬੂਰ ਕੀਤਾ ਹੈ।

ਜਦੋਂ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪੇਪਰ ਲੀਕ ਹੁੰਦੇ ਹਨ (ਜਿਵੇਂ ਨੀਟ ਜਾਂ ਹੋਰ ਪ੍ਰੀਖਿਆਵਾਂ ਦੀਆਂ ਗੜਬੜੀਆਂ) ਜਾਂ ਪ੍ਰੀਖਿਆ ਪ੍ਰਣਾਲੀ ਵਿਚ ਅਪਾਰਦਰਸ਼ਤਾ ਦੇ ਦੋਸ਼ ਲੱਗਦੇ ਹਨ, ਤਾਂ ਲੜਕੀਆਂ ਪਾਰਦਰਸ਼ਤਾ ਦੀ ਮੰਗ ਨੂੰ ਲੈ ਕੇ ਸਭ ਤੋਂ ਅੱਗੇ ਹੋ ਕੇ ਸੜਕਾਂ ਉੱਤੇ ਆਉਂਦੀਆਂ ਹਨ। ਉਹ ਸਿਰਫ਼ ਆਪਣੀਆਂ ਪੜ੍ਹਾਈਆਂ ਜਾਂ ਕੈਰੀਅਰ ਤੱਕ ਸੀਮਤ ਨਹੀਂ ਰਹਿ ਰਹੀਆਂ, ਸਗੋਂ ਪ੍ਰਸ਼ਾਸਨਿਕ ਨਾਕਾਮੀਆਂ, ਭ੍ਰਿਸ਼ਟਾਚਾਰ ਅਤੇ ਸਿੱਖਿਆ ਦੇ ਵਪਾਰੀਕਰਨ ਵਿਰੁੱਧ ਇੱਕਜੁੱਟ ਹੋ ਕੇ ਆਵਾਜ਼ ਚੁੱਕ ਰਹੀਆਂ ਹਨ। ਇਨ੍ਹਾਂ ਪ੍ਰਦਰਸ਼ਨਾਂ ਵਿਚ ਉਨ੍ਹਾਂ ਦੇ ਰਚਨਾਤਮਕ ਨਾਅਰੇ, ਮੀਮਜ਼ ਅਤੇ ਪੋਸਟਰ ਸ਼ੈਲੀ ਇਹ ਦਰਸਾਉਂਦੀ ਹੈ ਕਿ ਨਵੀਂ ਪੀੜ੍ਹੀ ਵਿਰੋਧ ਪ੍ਰਗਟਾਉਣ ਦੇ ਰਵਾਇਤੀ ਤਰੀਕਿਆਂ ਨੂੰ ਬਦਲ ਕੇ ਆਧੁਨਿਕ ਤਕਨੀਕ ਅਤੇ ਬੋਲਚਾਲ ਦੀ ਭਾਸ਼ਾ ਨਾਲ ਜੋੜ ਰਹੀ ਹੈ।

ਹਾਲ ਹੀ ਦੇ ਦਿਨਾਂ ਵਿਚ ਦਿੱਲੀ ਅਤੇ ਹੋਰਨਾਂ ਵੱਡੇ ਸ਼ਹਿਰਾਂ ਵਿਚ ਮਹਿਲਾ ਸੁਰੱਖਿਆ, ਯੂਨੀਵਰਸਿਟੀ ਕੈਂਪਸਾਂ ਵਿਚ ਹਿੰਸਾ ਅਤੇ ਜਨਤਕ ਥਾਵਾਂ ਉੱਤੇ ਔਰਤਾਂ ਦੀ ਆਜ਼ਾਦਮਾਨਾ ਆਵਾਜਾਈ ਦੇ ਸਵਾਲਾਂ ਉੱਤੇ ਹੋਏ ਮਾਰਚਾਂ ਵਿਚ ਲੜਕੀਆਂ ਨੇ ਬੜੇ ਸਾਫ਼ ਸ਼ਬਦਾਂ ਵਿਚ ਇਹ ਸੁਨੇਹਾ ਦਿੱਤਾ ਹੈ ਕਿ ਉਹ ਸੁਰੱਖਿਆ ਦੇ ਨਾਂ 'ਤੇ ਆਪਣੇ ਉੱਤੇ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ ਨੂੰ ਪ੍ਰਵਾਨ ਨਹੀਂ ਕਰਨਗੀਆਂ। ਉਨ੍ਹਾਂ ਦਾ ਮੰਨਣਾ ਹੈ ਕਿ ਸਮੱਸਿਆ ਔਰਤਾਂ ਦੀ ਆਜ਼ਾਦੀ ਵਿਚ ਨਹੀਂ, ਸਗੋਂ ਅਪਰਾਧੀ ਮਾਨਸਿਕਤਾ ਅਤੇ ਕਾਨੂੰਨ-ਵਿਵਸਥਾ ਦੀਆਂ ਢਿੱਲਾਂ ਵਿਚ ਹੈ। ਉਨ੍ਹਾਂ ਨੇ 'ਸਾਨੂੰ ਸੁਰੱਖਿਆ ਨਹੀਂ, ਆਜ਼ਾਦੀ ਚਾਹੀਦੀ ਹੈ' ਵਰਗੇ ਨਾਅਰਿਆਂ ਨਾਲ ਜਨਤਕ ਸਪੇਸ ਉੱਤੇ ਆਪਣੇ ਬਰਾਬਰ ਦੇ ਹੱਕ ਦਾ ਦਾਅਵਾ ਕੀਤਾ ਹੈ। ਇਸ ਦੇ ਨਾਲ ਹੀ, ਅੱਜ ਦੇ ਸਮੇਂ ਵਿਚ ਜਦੋਂ ਲੋਕਤੰਤਰ ਦੇ ਸਭ ਤੋਂ ਬੁਨਿਆਦੀ ਅਧਿਕਾਰ- ਵੋਟ ਦੇ ਅਧਿਕਾਰ, ਵੋਟ ਦੀ ਚੋਰੀ, ਅਤੇ ਈ.ਵੀ.ਐੱਮ. ਮਸ਼ੀਨਾਂ ਦੀ ਥਾਂ ਬੈਲਟ ਪੇਪਰ ਰਾਹੀਂ ਪਾਰਦਰਸ਼ੀ ਚੋਣ ਪ੍ਰਕਿਰਿਆ ਦੀ ਬਹਾਲੀ ਵਰਗੇ ਗੰਭੀਰ ਸਵਾਲ ਦੇਸ਼ ਦੇ ਸਾਹਮਣੇ ਖੜ੍ਹੇ ਹਨ, ਤਾਂ ਇਨ੍ਹਾਂ ਸੰਵੇਦਨਸ਼ੀਲ ਰਾਜਨੀਤਿਕ ਮੁੱਦਿਆਂ ਉੱਤੇ ਵੀ ਲੜਕੀਆਂ ਪੂਰੀ ਜਾਗਰੂਕਤਾ ਨਾਲ ਸਵਾਲ ਕਰ ਰਹੀਆਂ ਹਨ।

ਉਹ ਇਹ ਭਲੀ-ਭਾਂਤ ਸਮਝਦੀਆਂ ਹਨ ਕਿ ਨਿਰਪੱਖ ਅਤੇ ਪਾਰਦਰਸ਼ੀ ਚੋਣ ਪ੍ਰਣਾਲੀ ਹੀ ਉਨ੍ਹਾਂ ਦੇ ਜਮਹੂਰੀ ਹੱਕਾਂ, ਰੁਜ਼ਗਾਰ, ਸੁਰੱਖਿਆ ਅਤੇ ਆਜ਼ਾਦੀ ਦੀ ਅਸਲ ਜ਼ਾਮਨੀ ਹੈ। ਉਹ ਹੁਣ ਸਿਰਫ਼ ਕਿਸੇ ਰਾਜਨੀਤਿਕ ਪਾਰਟੀ ਲਈ ਵੋਟ ਪਾਉਣ ਵਾਲਾ ਇੱਕ 'ਮੂਕ ਵੋਟ ਬੈਂਕ' ਨਹੀਂ ਹਨ, ਸਗੋਂ ਚੋਣ ਪ੍ਰਕਿਰਿਆ ਦੀ ਸ਼ੁੱਧਤਾ ਅਤੇ ਸੰਵਿਧਾਨਕ ਮਰਿਆਦਾ ਦੀ ਮੰਗ ਕਰਨ ਵਾਲੀਆਂ ਸੁਚੇਤ ਨਾਗਰਿਕ ਬਣ ਕੇ ਸਾਹਮਣੇ ਆ ਰਹੀਆਂ ਹਨ।

ਹਾਲਾਂਕਿ, ਲੜਕੀਆਂ ਲਈ ਇਹ ਸੰਘਰਸ਼ਪੂਰਨ ਰਸਤਾ ਬਿਲਕੁਲ ਵੀ ਆਸਾਨ ਨਹੀਂ ਹੈ। ਉਨ੍ਹਾਂ ਨੂੰ ਇੱਕੋ ਸਮੇਂ ਦੋਹਰੇ ਮੋਰਚਿਆਂ ਉੱਤੇ ਲੜਨਾ ਪੈਂਦਾ ਹੈ। ਇੱਕ ਪਾਸੇ ਪਰਿਵਾਰ ਅਤੇ ਸਮਾਜ ਦੀ ਉਹ ਰਵਾਇਤੀ ਮਾਨਸਿਕਤਾ ਹੈ ਜੋ ਉਨ੍ਹਾਂ ਦੀ ਆਜ਼ਾਦੀ, ਆਵਾਜਾਈ, ਪਹਿਰਾਵੇ ਅਤੇ ਜਨਤਕ ਜੀਵਨ ਉੱਤੇ ਸੀਮਾਵਾਂ ਲਗਾਉਣਾ ਚਾਹੁੰਦੀ ਹੈ, ਅਤੇ ਦੂਜੇ ਪਾਸੇ ਸੱਤਾ, ਪ੍ਰਸ਼ਾਸਨ, ਪੁਲਿਸ ਦਾ ਜਬਰ ਅਤੇ ਸੋਸ਼ਲ ਮੀਡੀਆ ਦੀਆਂ ਟ੍ਰੋਲ ਆਰਮੀਆਂ ਹਨ, ਜੋ ਹਰ ਵਿਰੋਧੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਪਰ ਇਸ ਸਭ ਦੇ ਬਾਵਜੂਦ, ਨਵੀਂ ਪੀੜ੍ਹੀ ਦੀਆਂ ਇਹ ਲੜਕੀਆਂ ਆਪਣੇ ਜੀਵਨ, ਸਿੱਖਿਆ, ਰੁਜ਼ਗਾਰ, ਸ਼ਹਿਰੀ ਸੁਰੱਖਿਆ, ਨਾਗਰਿਕ ਹੱਕਾਂ ਅਤੇ ਭਵਿੱਖ ਦੇ ਫੈਸਲਿਆਂ ਵਿਚ ਬਰਾਬਰ ਦੀ ਹਿੱਸੇਦਾਰੀ ਤੋਂ ਘੱਟ ਕੁਝ ਵੀ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ।

ਸੰਵਾਦ ਦੇ ਘਰੇਲੂ ਕਮਰਿਆਂ ਤੋਂ ਸ਼ੁਰੂ ਹੋ ਕੇ ਦਿੱਲੀ ਦੀਆਂ ਸੜਕਾਂ ਤੱਕ ਫੈਲਿਆ ਲੜਕੀਆਂ ਦਾ ਇਹ ਸੰਘਰਸ਼ ਸਿਰਫ਼ ਇੱਕ ਅਸਥਾਈ ਅੰਦੋਲਨ ਨਹੀਂ ਹੈ, ਸਗੋਂ ਇਹ ਇੱਕ ਸਮੁੱਚੀ ਪੀੜ੍ਹੀ ਦੀ ਦ੍ਰਿਸ਼ਟੀ, ਸੋਚ, ਰਾਜਨੀਤਿਕ ਚੇਤਨਾ ਅਤੇ ਸਮਾਜਿਕ ਬਣਤਰ ਨੂੰ ਬਦਲਣ ਦੀ ਇੱਕ ਨਵੀਂ, ਇਤਿਹਾਸਕ ਅਤੇ ਅਟੱਲ ਕਹਾਣੀ ਹੈ।

ਇਹ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਭਾਰਤੀ ਇਸਤਰੀਆਂ ਹੁਣ ਸਮਾਜਿਕ ਅਤੇ ਰਾਜਨੀਤਿਕ ਬਦਲਾਅ ਦੀਆਂ ਮੂਕ ਦਰਸ਼ਕ ਨਹੀਂ ਰਹੀਆਂ, ਸਗੋਂ ਦੇਸ਼ ਦੇ ਲੋਕਤੰਤਰ ਅਤੇ ਭਵਿੱਖ ਨੂੰ ਨਵੀਂ ਦਿਸ਼ਾ ਦੇਣ ਵਾਲੀਆਂ ਮੁੱਖ ਨਿਰਮਾਤਾ ਬਣ ਚੁੱਕੀਆਂ ਹਨ। ਇਨ੍ਹਾਂ ਲੜਕੀਆਂ ਦੀ ਬੁਲੰਦ ਆਵਾਜ਼ ਭਾਰਤੀ ਲੋਕਤੰਤਰ ਦੀ ਅਸਲ ਤਾਕਤ ਦਾ ਪ੍ਰਤੀਕ ਹੈ, ਜੋ ਸੱਤਾ ਨੂੰ ਨਿਰੰਤਰ ਜਵਾਬਦੇਹ ਬਣਾਉਣ ਅਤੇ ਸਮਾਜ ਨੂੰ ਵਧੇਰੇ ਸੰਵੇਦਨਸ਼ੀਲ ਤੇ ਨਿਰਪੱਖ ਬਣਾਉਣ ਦੀ ਦਿਸ਼ਾ ਵਿਚ ਵੱਡਾ ਯੋਗਦਾਨ ਪਾ ਰਹੀ ਹੈ।

# ਮੌਤ ਦੀਆਂ ਸਜ਼ਾਵਾਂ 'ਚੋਂ ਸ਼ਾਂਤੀ ਤਲਾਸ਼ਦੇ ਭਾਰਤੀ ਹੁਕਮਰਾਨ

16 ਸਤੰਬਰ ਨੂੰ ਜਗਦਲਪੁਰ (ਛੱਤੀਸਗੜ੍ਹ) ਦੀ ਐਨ.ਆਈ.ਏ. ਅਦਾਲਤ ਵੱਲੋਂ 2013 ਦੇ ਝੀਰਮ ਘਾਟੀ ਹਮਲੇ ਦੇ ਕੇਸ ਵਿਚ 10 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। 'ਮੁੱਖਧਾਰਾ' ਸੰਤੁਸ਼ਟ ਹੈ ਕਿ ਫਾਂਸੀ ਦੀ ਸਜ਼ਾ ਦੇ ਕੇ ਅਦਾਲਤ ਨੇ ਨਿਆਂ ਕੀਤਾ ਹੈ ਕਿਉਂਕਿ ਕਰੂਰ ਕਤਲੇਆਮ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾ ਮਿਲਣੀ ਹੀ ਚਾਹੀਦੀ ਸੀ! ਲਹੂ ਤਿਹਾਈ ਜ਼ਿਹਨੀਅਤ ਵਾਲੇ ਕੁਝ 'ਮੁੱਖਧਾਰਾ' ਹਿੱਸੇ ਅਜਿਹੇ ਵੀ ਹੋਣਗੇ ਜਿਨ੍ਹਾਂ ਦੀ ਇਸ ਸਜ਼ਾ ਨਾਲ ਵੀ ਸੰਤੁਸ਼ਟੀ ਨਹੀਂ ਹੋਈ ਹੋਵੇਗੀ। ਜੇਕਰ ਭਾਰਤੀ 'ਨਿਆਂ ਪ੍ਰਣਾਲੀ' ਵਿਚ ਇਸ ਤੋਂ

**ਬੂਟਾ ਸਿੰਘ ਮਹਿਮੂਦਪੁਰ**

ਜ਼ਿਆਦਾ ਕਰੂਰ ਸਜ਼ਾ ਦੀ ਵਿਵਸਥਾ ਹੁੰਦੀ ਤਾਂ ਫਾਂਸੀ ਦੇਣ ਦੀ ਬਜਾਏ ਉਹ ਵਧੇਰੇ ਕਰੂਰ ਸਜ਼ਾ ਦੇਣ ਦੀ ਮੰਗ ਜ਼ਰੂਰ ਉਠਣੀ ਸੀ। ਜਦੋਂ ਦੁਨੀਆ ਭਰ 'ਚ ਲੰਮੇ ਸਮੇਂ ਤੋਂ ਇਹ ਗੰਭੀਰ ਬਹਿਸ ਹੋ ਰਹੀ ਹੈ ਕਿ ਜੁਰਮਾਂ ਨੂੰ ਰੋਕਣ 'ਚ ਮੌਤ ਦੀ ਸਜ਼ਾ ਦੀ ਕੋਈ ਭੂਮਿਕਾ ਨਹੀਂ ਹੈ ਅਤੇ ਫਾਂਸੀ ਦੀ ਸਜ਼ਾ ਤਾਂ ਕਈ ਮੁਲਕਾਂ ਵਿਚ ਪਹਿਲਾਂ ਹੀ ਖ਼ਤਮ ਕੀਤੀ ਜਾ ਚੁੱਕੀ ਹੈ, ਅਤੇ ਭਾਰਤ ਵਿਚ ਵੀ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਆਵਾਜ਼ ਉਠਾ ਰਹੀਆਂ ਹਨ, ਤਾਂ ਉਸ ਮੁਲਕ ਵਿਚ ਇਸਦੇ ਬਿਲਕੁਲ ਉਲਟ ਵਾਪਰ ਰਿਹਾ ਹੈ ਜਿਸਦੇ ਹਾਕਮ ਦਾਅਵੇ ਕਰਦੇ ਹਨ ਕਿ ਸਾਡੇ ਤਾਂ ਡੀ.ਐਨ.ਏ. ਵਿਚ ਲੋਕਤੰਤਰ ਹੈ। ਇੱਥੇ ਜਦੋਂ ਵੀ ਕੋਈ ਘਿਣਾਉਣਾ ਜੁਰਮ ਹੁੰਦਾ ਹੈ ਤਾਂ ਮਸਲੇ ਨੂੰ ਉਸਦੇ ਬੁਨਿਆਦੀ ਕਾਰਨਾਂ ਅਤੇ ਹਾਲਾਤਾਂ ਵਿਚ ਰੱਖ ਕੇ ਸਮਝਣ ਦੀ ਬਜਾਏ ਸੁੱਤੇ-ਸਿੱਧ ਹੀ ਭੀੜ ਮਾਨਸਿਕਤਾ ਕਥਿਤ ਦੋਸ਼ੀਆਂ ਨੂੰ ਫਾਹੇ ਲਾਓ ਦੀ ਮੰਗ ਕਰਦਿਆਂ ਉਬਾਲੇ ਮਾਰਨ ਲੱਗ ਜਾਂਦੀ ਹੈ। 1947 ਤੋਂ ਲੈ ਕੇ ਹੁਣ ਤੱਕ ਭਾਰਤੀ ਰਾਜ ਵੱਲੋਂ ਸੈਂਕੜੇ ਲੋਕਾਂ ਨੂੰ ਫਾਹੇ ਲਾਇਆ ਗਿਆ ਹੈ। ਸੁਪਰੀਮ ਕੋਰਟ ਆਬਜ਼ਰਬਰ ਅਨੁਸਾਰ 2025 ਦੇ ਅੰਤ 'ਚ ਭਾਰਤ ਵਿਚ 574 ਵਿਅਕਤੀ ਮੌਤ ਦੀ ਸਜ਼ਾ ਦੀ ਕਤਾਰ 'ਚ ਸਨ। ਮੌਤ ਦੀ ਸਜ਼ਾ ਸਮਾਜ ਨੂੰ ਜੁਰਮ ਮੁਕਤ ਨਹੀਂ ਬਣਾਉਂਦੀ। ਇਹ ਦਰਅਸਲ ਹਾਕਮ ਜਮਾਤ ਦੀ ਸੱਤਾ ਦੇ ਵਿਰੋਧੀਆਂ ਨੂੰ ਖ਼ਤਮ ਕਰਨ ਅਤੇ ਇਸਨੂੰ ਕਾਨੂੰਨੀ ਰੂਪ ਦੇਣ ਦੀ ਵਿਵਸਥਾ ਹੈ। ਇਸ ਕੇਸ ਵਿਚ ਵੀ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਉਮਰ ਕੈਦ ਦੀ ਸਜ਼ਾ ਕਾਫ਼ੀ ਨਹੀਂ ਜਾਪੀ ਅਤੇ ਉਸਨੇ ਬਿਨਾਂ ਦੋਸ਼ ਸਾਬਤ ਹੋਏ ਮਜ਼ਲੂਮ ਆਦਿਵਾਸੀਆਂ ਨੂੰ ਉਸ ਕਤਲ ਕਾਂਡ ਲਈ ਫਾਹੇ ਲਾਉਣ ਦੀ ਸਜ਼ਾ ਦੇਣੀ ਜ਼ਰੂਰੀ ਸਮਝੀ, ਜੋ ਭਾਰਤੀ ਰਾਜ ਦੀਆਂ ਨੀਤੀਗਤ ਨਾਕਾਮੀਆਂ ਦਾ ਨਤੀਜਾ ਸੀ।

ਝੀਰਮ ਘਾਟੀ ਕੇਸ ਵਿਚ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ, ਉਹ ਸਾਰੇ ਮੁਲਕ ਦੇ ਸਭ ਤੋਂ ਪਛੜੇ ਇਲਾਕੇ ਦੇ, ਸਭ ਤੋਂ ਪਛੜੇ ਤਬਕੇ ਦੇ ਸਭ ਤੋਂ ਗ਼ਰੀਬ ਆਦਿਵਾਸੀ ਹਨ। ਇਨ੍ਹਾਂ ਦਸ ਵਿਚ ਦੋ ਔਰਤਾਂ ਵੀ ਹਨ। ਇਨ੍ਹਾਂ ਦੇ ਨਾਂ ਹਨ: ਪ੍ਰਮਿਲਾ ਮੋੜੀਅਮ, ਸੁਮਿੱਤਰਾ ਪੂਨਮ ਮੋੜਿਅਮ (ਦੋਵੇਂ ਔਰਤਾਂ), ਚੈਤੂ ਲੇਕਾਮ, ਮੁੱਕਾ ਮੰਡਾਵੀ, ਕਵਾਸੀ ਕੋਸਾ, ਆਯਤਾ ਮਰਕਾਮ, ਮੜਕਾਮੀ ਦੇਵਾ, ਜੋਗਾ ਮੜਕਮ, ਬੰਜਾਮੀ ਸੋਨਾ ਅਤੇ ਮਹਾਦੇਵ ਨਾਗ। ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਵਾਲੇ ਜੱਜ ਦਾ ਨਾਂ ਅਜ਼ੇ ਸਿੰਘ ਰਾਜਪੂਤ ਹੈ ਅਤੇ ਅਦਾਲਤ ਵਿਚ ਇਸ ਮੁਕੱਦਮੇ ਦੀ ਪੈਰਵੀ ਕਰਨ ਵਾਲੀ ਏਜੰਸੀ ਐਨ.ਆਈ.ਏ. ਹੈ। ਇਸ ਮੁਕੱਦਮੇ ਬਾਰੇ ਇੰਨੇ ਕੁ ਤੱਥ ਹੀ ਬਹੁਤ ਕੁਝ ਬਿਆਨ ਕਰ ਦਿੰਦੇ ਹਨ। ਹਕੂਮਤ ਦੀ ਕਠਪੁਤਲੀ ਐਨ.ਆਈ.ਏ. ਤੋਂ ਨਿਰਪੱਖ ਜਾਂਚ ਦੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ।

ਤਾਕਤਵਰ ਧਨਾਢ ਵਿਅਕਤੀ ਧਨ ਅਤੇ ਤਾਕਤ ਦੇ ਜ਼ੋਰ ਜੁਰਮ ਦੇ ਸਬੂਤ ਘੜ ਅਤੇ ਮਿਟਾ ਸਕਦਾ ਹੈ। ਉਹ ਵਕੀਲ ਹੀ ਨਹੀਂ, ਜੱਜ ਨੂੰ ਵੀ ਖ਼ਰੀਦ ਸਕਦਾ ਹੈ, ਜੱਜ ਉੱਪਰ ਦਬਾਅ ਪਾ ਸਕਦਾ ਹੈ। ਜਦੋਂ ਇੱਕ ਧਿਰ ਖ਼ੁਦ ਸੱਤਾ 'ਚ ਹੋਵੇ ਅਤੇ ਉਹ ਕਿਸੇ ਵੀ ਕੀਮਤ 'ਤੇ ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਦਾ ਸਫ਼ਾਇਆ ਕਰਨ ਅਤੇ ਉਨ੍ਹਾਂ ਦੇ ਜੀਵਨ-ਗੁਜ਼ਾਰੇ ਦੇ ਵਸੀਲੇ ਖੋਹਣ 'ਤੇ ਤੁਲੀ ਹੋਵੇ, ਤਾਂ ਉਸ ਦੀਆਂ ਸਜ਼ਾ ਦੀਆਂ ਤਰਜੀਹਾਂ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਅਜਿਹੀ ਨਿਆਂਪ੍ਰਣਾਲੀ ਵਿਚ ਮੌਤ ਦੀ ਸਜ਼ਾ ਨੂੰ ਮਾਨਤਾ ਦੇ ਕੇ ਉਸ ਨੂੰ ਕਾਇਮ ਰੱਖਣਾ ਕਮਜ਼ੋਰ ਅਤੇ ਗ਼ਰੀਬ ਲੋਕਾਂ ਨੂੰ ਸੌਖਿਆਂ ਹੀ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਅੱਗੇ ਮੌਤ ਦੀ ਸਜ਼ਾ ਤੱਕ ਪਹੁੰਚਾ ਦਿੰਦਾ ਹੈ। ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੀ 'ਡੈੱਥ ਪੈਨਲਟੀ ਇੰਡੀਆ ਰਿਪੋਰਟ' ਅਨੁਸਾਰ ਮੌਤ ਦੀ ਸਜ਼ਾ ਪਾਉਣ ਵਾਲੇ 74.1 ਫ਼ੀਸਦੀ ਲੋਕ ਆਰਥਕ ਤੌਰ ਉੱਤੇ ਕਮਜ਼ੋਰ ਵਰਗਾਂ ਵਿਚੋਂ ਆਉਂਦੇ ਹਨ। ਭਾਰਤ ਦੇ ਬ੍ਰਾਹਮਣਵਾਦੀ, ਹਿੰਦੂਤਵਵਾਦੀ, ਫਾਸ਼ੀਵਾਦੀ ਕਿਰਦਾਰ ਕਾਰਨ ਜਿਹੜੇ ਬਾਕੀ ਬਚਦੇ ਹਨ, ਉਹ ਜਾਂ ਤਾਂ ਮੁਸਲਮਾਨ ਹਨ ਜਾਂ ਦਲਿਤ ਜਾਂ ਆਦਿਵਾਸੀ।

ਝੀਰਮ ਘਾਟੀ ਕਾਂਡ 25 ਮਈ 2013 ਨੂੰ ਵਾਪਰਿਆ ਸੀ। ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਤਹਿਤ ਕਾਂਗਰਸ ਦੇ ਵੱਡੇ ਆਗੂਆਂ ਦਾ 20 ਗੱਡੀਆਂ ਦਾ ਕਾਫ਼ਲਾ ਵਿਧਾਨ-ਸਭਾ ਚੋਣਾਂ ਤੋਂ ਪਹਿਲਾਂ ਕੀਤੀ ਜਾ ਰਹੀ 'ਪਰਿਵਰਤਨ ਯਾਤਰਾ' ਦੇ ਤਹਿਤ ਮਾਓਵਾਦੀ ਗੜ੍ਹ ਸੁਕਮਾ-ਬਸਤਰ ਦੇ ਅੰਦਰ ਚੋਣ ਮੁਹਿੰਮ ਚਲਾ ਰਿਹਾ ਸੀ, ਜਦੋਂ ਸੈਂਕੜੇ ਮਾਓਵਾਦੀ ਛਾਪਾਮਾਰਾਂ ਨੇ ਘਾਤ ਲਾ ਕੇ ਕੀਤੇ ਇਸ ਹਮਲੇ 'ਚ ਇਸ ਵੱਡੇ ਕਤਲ ਕਾਂਡ ਨੂੰ ਅੰਜਾਮ ਦਿੱਤਾ। ਹਮਲੇ ਵਿਚ ਛੱਤੀਸਗੜ੍ਹ ਦੇ ਕਾਂਗਰਸ ਮੁਖੀ ਨੰਦ ਕਿਸ਼ੋਰ ਪਟੇਲ, ਸਾਬਕਾ ਗ੍ਰਹਿ ਮੰਤਰੀ ਅਤੇ ਸਲਵਾ ਜੁਡਮ ਦਾ ਬਾਨੀ ਮਹੇਂਦਰ ਕਰਮਾ, ਸਾਬਕਾ ਕੇਂਦਰੀ ਮੰਤਰੀ ਵਿਦਿਆ ਚਰਨ ਸ਼ੁਕਲਾ ਸਮੇਤ 29 ਵਿਅਕਤੀ ਮਾਰੇ ਗਏ ਸਨ। ਮਹੇਂਦਰ ਕਰਮਾ ਉਹ ਬੇਹੱਦ ਬਦਨਾਮ ਸ਼ਖ਼ਸ ਸੀ ਜਿਸਨੇ ਮਾਓਵਾਦੀ ਜ਼ੋਰ ਵਾਲੇ ਇਲਾਕਿਆਂ ਵਿਚੋਂ ਆਦਿਵਾਸੀਆਂ ਨੂੰ ਉਜਾੜ ਕੇ ਕਾਰਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਲਈ ਭਾਜਪਾ ਸਰਕਾਰ ਦੀ ਰਾਜਕੀ ਸਰਪ੍ਰਸਤੀ ਹੇਠ ਸਲਵਾ ਜੁਡਮ ਮੁਹਿੰਮ ਦੀ ਅਗਵਾਈ ਕੀਤੀ ਸੀ। ਸਲਵਾ ਜੁਡਮ ਦੌਰਾਨ 650 ਆਦਿਵਾਸੀ ਪਿੰਡ ਸਾੜ ਕੇ ਸਵਾਹ ਕਰ ਦਿੱਤੇ ਗਏ ਸਨ ਅਤੇ ਬਲਾਤਕਾਰ ਨੂੰ ਹਥਿਆਰ ਬਣਾ ਕੇ ਆਦਿਵਾਸੀ ਔਰਤਾਂ ਉੱਪਰ ਗਿਣ-ਮਿੱਥ ਕੇ ਵਿਆਪਕ ਪੈਮਾਨੇ 'ਤੇ ਜਿਨਸੀ ਜ਼ੁਲਮ ਕੀਤੇ ਗਏ ਸਨ। 2005-07 ਦੇ ਅਰਸੇ 'ਚ ਇਸ ਕਥਿਤ ਸ਼ਾਂਤੀ ਮੁਹਿੰਮ ਨੇ ਬਸਤਰ ਖੇਤਰ ਵਿਚ ਕਤਲੇਆਮ, ਸਾੜਫੂਕ ਅਤੇ ਸਮੂਹਿਕ ਬਲਾਤਕਾਰਾਂ ਰਾਹੀਂ ਐਨੀ ਭਿਆਨਕ ਤਬਾਹੀ ਮਚਾਈ ਸੀ ਕਿ 2011 'ਚ ਸੁਪਰੀਮ ਕੋਰਟ ਨੇ ਇਸ ਗ਼ੈਰਕਾਨੂੰਨੀ ਗਰੋਹ ਨੂੰ ਤੋੜਨ ਦਾ ਆਦੇਸ਼ ਦਿੰਦੇ ਹੋਏ ਪੁਲਿਸ ਤੇ ਸੱਤਾ ਦੀ ਮਿਲੀਭੁਗਤ ਬਾਰੇ ਸਖ਼ਤ ਟਿੱਪਣੀਆਂ ਕੀਤੀਆਂ ਸਨ। ਇਹ ਵੱਖਰਾ ਸਵਾਲ ਹੈ ਕਿ ਹੁਕਮਰਾਨ, ਚਾਹੇ ਉਹ ਕਾਂਗਰਸੀ ਸਨ ਜਾਂ ਭਾਜਪਾਈ, ਨੇ ਅਦਾਲਤੀ ਆਦੇਸ਼ ਦੀ ਪ੍ਰਵਾਹ ਨਹੀਂ ਕੀਤੀ ਸਗੋਂ ਇਨ੍ਹਾਂ ਮੁਜਰਿਮਾਂ ਨੂੰ ਐੱਸ.ਪੀ.ਓ. ਦਾ ਕਾਨੂੰਨੀ ਨਾਂ ਦੇ ਕੇ ਬਰਕਰਾਰ ਰੱਖਿਆ।

ਇਹ ਕਾਂਡ ਰਾਤ ਵੇਲੇ ਵਾਪਰਿਆ ਸੀ ਅਤੇ 250-300 ਛਾਪਾਮਾਰਾਂ ਨੇ ਰਾਤ ਦੇ ਹਨੇਰੇ ਵਿਚ ਹਮਲਾ ਕੀਤਾ ਸੀ। ਜਿਵੇਂ ਪੁਲਿਸ ਅਕਸਰ ਹੀ ਬੌਖਲਾ ਕੇ ਆਲੇ ਦੁਆਲੇ ਛਾਪੇ ਮਾਰ ਕੇ ਗ੍ਰਿਫ਼ਤਾਰੀਆਂ ਕਰਦੀ ਹੈ, ਇੱਥੇ ਵੀ ਘਟਨਾ ਤੋਂ ਬਾਅਦ ਪੁਲਿਸ ਨੇ ਡੀ.ਆਰ.ਜੀ. ਵਾਲਿਆਂ ਦੇ ਕਹਿਣ ਉੱਤੇ ਆਲੇ-ਦੁਆਲੇ ਦੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਡੀ.ਆਰ.ਜੀ. ਆਤਮ-ਸਮਰਪਣ ਕਰ ਚੁੱਕੇ ਨਕਸਲੀਆਂ ਨੂੰ ਲੈ ਕੇ ਬਣਾਈ ਵਿਸ਼ੇਸ਼ ਫੋਰਸ ਹੈ ਜਿਸਨੂੰ ਬਸਤਰ ਵਿਚ ਮਾਓਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਚੁਣ-ਚੁਣ ਕੇ ਮਾਰਨ ਲਈ ਵਰਤਿਆ ਗਿਆ। ਉੱਘੀ ਕਾਰਕੁਨ ਬੇਲਾ ਭਾਟੀਆ ਅਨੁਸਾਰ ਗ੍ਰਿਫ਼ਤਾਰ ਕੀਤੇ ਲੋਕਾਂ ਵਿਚੋਂ ਇੱਕ ਔਰਤ ਆਪਣੇ ਬਚਪਨ ਵਿਚ 'ਚੇਤਨਾ ਨਾਟਯ ਮੰਡਲੀ' ਨਾਲ ਜੁੜੀ ਹੋਈ ਸੀ, ਇਸ ਲਈ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਨੌਜਵਾਨ ਮੁੰਡਾ ਉਸ ਪਿੰਡ ਵਿਚ ਵਿਆਹ ਵਿਚ ਸ਼ਾਮਲ ਹੋਣ ਆਇਆ ਸੀ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੱਕ ਸਾਬਕਾ



ਸਰਪੰਚ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਸਤਰ ਵਿਚ ਆਦਿਵਾਸੀਆਂ ਦੀਆਂ 99 ਫ਼ੀਸਦੀ ਗ੍ਰਿਫ਼ਤਾਰੀਆਂ ਇਸੇ ਤਰ੍ਹਾਂ ਫ਼ਰਜ਼ੀ ਹੁੰਦੀਆਂ ਹਨ ਅਤੇ ਆਪਣੇ ਉੱਪਰ ਪਾਏ ਕੇਸਾਂ ਦੀ ਕਾਨੂੰਨੀ ਪੈਰਵਾਈ ਕਰਨਾ ਤਾਂ ਦੂਰ ਰਿਹਾ, ਉਹ ਤਾਂ ਇਹ ਵੀ ਸਮਝ ਨਹੀਂ ਸਕਦੇ ਕਿ ਉਨ੍ਹਾਂ ਦੇ ਵਿਰੁੱਧ ਕੇਸ ਕੀ ਹੈ। ਉਹ ਬਿਨਾਂ ਕਾਨੂੰਨੀ ਸਹਾਇਤਾ ਦੇ ਕਈ-ਕਈ ਸਾਲ ਜੇਲ੍ਹਾਂ ਵਿਚ ਸੜਦੇ ਰਹਿੰਦੇ ਹਨ।

ਇਸ ਹਮਲੇ ਦੀ ਸਾਜ਼ਿਸ਼ ਇਨ੍ਹਾਂ 10 ਕਥਿਤ ਦੋਸ਼ੀਆਂ ਨੇ ਹੀ ਰਚੀ ਸੀ, ਮੁਕੱਦਮੇ ਦੌਰਾਨ ਇਹ ਵੀ ਸਿੱਧ ਨਹੀਂ ਹੋਇਆ ਕਿਉਂਕਿ ਰਾਤ ਦੇ ਹਨੇਰੇ ਵਿਚ ਹੋਏ ਹਮਲੇ ਦਾ ਕੋਈ ਚਸ਼ਮਦੀਦ ਗਵਾਹ ਹੀ ਨਹੀਂ ਸੀ। ਆਲੇ-ਦੁਆਲਿਓਂ ਜੋ ਪੁਲਿਸ ਦੇ ਕਾਬੂ ਆ ਗਏ, ਉਨ੍ਹਾਂ ਨੂੰ ਫੜ ਕੇ ਜੇਲ੍ਹ ਵਿਚ ਰੱਖ ਕੇ ਮੁਕੱਦਮਾ ਚਲਾਇਆ ਗਿਆ। ਇਸਦੀ ਜਾਂਚ ਐਨ.ਆਈ.ਏ. ਨੂੰ ਸੌਂਪੀ ਗਈ। ਏਜੰਸੀ ਵੱਲੋਂ ਵੱਡੇ ਮਾਓਵਾਦੀ ਆਗੂਆਂ ਦੇਵ ਜੀ ਅਤੇ ਬਰਸੇ ਦੇਵਾ ਸਮੇਤ 39 ਵਿਅਕਤੀਆਂ ਵਿਰੁੱਧ ਚਾਰਜਸ਼ੀਟ ਦਾਖ਼ਲ ਕਰਕੇ ਵਿਸ਼ੇਸ਼ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਆਦਿਵਾਸੀਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਹੀ ਜ਼ਮਾਨਤ ਦੇ ਹੱਕ ਤੋਂ ਵੀ ਵਾਂਝੇ ਰੱਖ ਕੇ 13 ਸਾਲ ਤੋਂ ਜੇਲ੍ਹ ਵਿਚ ਬੰਦ ਰੱਖਿਆ ਗਿਆ। ਅਗਲੇ ਸਾਲ ਉਹ ਮੌਤ ਦੀ ਸਜ਼ਾ ਦੇ ਦਬਾਅ ਦੇ ਮਾਨਸਿਕ ਤਸੀਹਿਆਂ ਦੇ ਤਹਿਤ ਬਿਤਾਉਣਗੇ। ਇਹ ਭਾਰਤੀ ਰਾਜ ਵੱਲੋਂ ਆਪਣੇ ਆਪ ਵਿਚ ਹੀ ਉਨ੍ਹਾਂ ਵਿਰੁੱਧ ਕੀਤਾ ਜਾ ਰਿਹਾ ਘੋਰ ਮਾਨਵਤਾ ਵਿਰੋਧੀ ਜੁਰਮ ਹੈ।

ਇਸ ਜਾਂ ਅਜਿਹੇ ਹੋਰ ਕੇਸਾਂ ਵਿਚ ਸਿਤਮ-ਜ਼ਰੀਫ਼ੀ ਆਤਮ-ਸਮਰਪਣ ਕਰਨ ਵਾਲਿਆਂ ਅਤੇ ਜੇਲ੍ਹਾਂ ਵਿਚ ਡੱਕੇ ਕਥਿਤ ਮਾਓਵਾਦੀਆਂ ਪ੍ਰਤੀ ਸਟੇਟ ਦੇ ਦੋਹਰੇ ਮਿਆਰਾਂ ਦੀ ਹੈ। ਦੇਵ ਜੀ ਵਰਗੇ ਚੋਟੀ ਦੇ ਮਾਓਵਾਦੀ ਆਗੂਆਂ ਸਮੇਤ ਸੈਂਕੜੇ ਮਾਓਵਾਦੀ ਛਾਪਾਮਾਰਾਂ ਵੱਲੋਂ ਪਿਛਲੇ ਸਾਲ ਆਤਮ-ਸਮਰਪਣ ਕਰ ਦਿੱਤੇ ਗਏ। ਕੇਂਦਰ ਦੀ ਭਾਜਪਾ ਸਰਕਾਰ ਦੀ 'ਆਤਮ-ਸਮਰਪਣ ਕਰ ਦਿਓ ਜਾਂ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤੇ ਜਾਓਗੇ' ਰਾਹੀਂ ਭਾਰਤ ਨੂੰ 'ਨਕਸਲ-ਮੁਕਤ' ਬਣਾਉਣ ਦੀ ਬਾਕਾਇਦਾ ਨੀਤੀ ਦੇ ਤਹਿਤ ਆਤਮ-ਸਮਰਪਣ ਕਰਨ ਵਾਲਿਆਂ ਦੇ 'ਜੁਰਮ' ਰਾਜਨੀਤਕ ਤੌਰ 'ਤੇ ਨਜਿੱਠੇ ਗਏ। ਜੋ ਮਾਓਵਾਦੀ ਆਗੂ, ਕਾਰਕੁਨ ਜਾਂ ਆਮ ਆਦਿਵਾਸੀ ਜੇਲ੍ਹਾਂ ਵਿਚ ਬੰਦ ਹਨ, ਉਨ੍ਹਾਂ ਵਿਰੁੱਧ ਮੁਕੱਦਮੇ, ਸਜ਼ਾਵਾਂ ਅਤੇ ਜੇਲ੍ਹਬੰਦੀ ਉਸੇ ਤਰ੍ਹਾਂ ਬਰਕਰਾਰ ਹੈ। ਨਕਸਲਵਾਦ ਦੇ ਦੋਸ਼ਾਂ ਤਹਿਤ ਚਾਰ ਹਜ਼ਾਰ ਦੇ ਕਰੀਬ ਆਦਿਵਾਸੀ ਬਸਤਰ ਖੇਤਰ ਦੀਆਂ ਜੇਲ੍ਹਾਂ ਵਿਚ ਬੰਦ ਹਨ। ਜੇਕਰ ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂ ਦੇਓ ਸਾਈ ਦੇ ਸ਼ਬਦਾਂ 'ਚ ਭਾਰਤ 'ਨਰਿੰਦਰ ਮੋਦੀ ਦੇ ਫੌਲਾਦੀ ਇਰਾਦੇ ਅਤੇ ਮਜ਼ਬੂਤ ਅਗਵਾਈ ਹੇਠ ਨਕਸਲ ਮੁਕਤ' ਹੋ ਗਿਆ ਹੈ ਅਤੇ 'ਬਸਤਰ ਸ਼ਾਂਤੀ, ਭਰੋਸੇ ਅਤੇ ਵਿਕਾਸ ਦੇ ਨਵੇਂ ਯੁਗ' ਵੱਲ ਵਧ ਰਿਹਾ ਹੈ, ਜਦੋਂ ਮੋਦੀ ਅਨੁਸਾਰ ਮੁਲਕ ਵਿਚ ਖ਼ਤਰੇ ਦੇ ਰੂਪ 'ਚ ਸਿਰਫ਼ 'ਦਿਮਾਗੀ ਨਕਸਲੀ'/'ਸ਼ਹਿਰੀ ਨਕਸਲੀ' ਹੀ ਬਚੇ ਹਨ, ਫਿਰ ਤਾਂ ਜੇਲ੍ਹਾਂ ਵਿਚ ਡੱਕੇ ਮਾਓਵਾਦੀਆਂ ਨੂੰ ਵੀ ਆਮ ਮਾਫ਼ੀ ਦੇ ਦੇਣੀ ਚਾਹੀਦੀ ਹੈ। ਇਹ ਵੀ ਗ਼ੌਰ ਤਲਬ ਹੈ ਕਿ ਸੋਨੂੰ, ਦੇਵ ਜੀ ਅਤੇ ਹੋਰ ਚੋਟੀ ਦੇ ਆਤਮਸਮਰਪਣ ਕਰਨ ਵਾਲੇ ਮਾਓਵਾਦੀ ਆਗੂਆਂ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡ ਕੇ ਸੰਵਿਧਾਨ ਦੇ ਦਾਇਰੇ ਵਿਚ ਲੋਕਤੰਤਰੀ ਤਰੀਕਿਆਂ ਨਾਲ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਦੇ ਐਲਾਨ ਕੀਤੇ ਸਨ। ਉਹ ਵੀ ਅਜਿਹੀਆਂ ਬਦਲਾਲਊ ਸਜ਼ਾਵਾਂ ਵਿਰੁੱਧ ਅਤੇ ਜੇਲ੍ਹੀਂ ਡੱਕੇ ਆਦਿਵਾਸੀਆਂ ਅਤੇ ਆਪਣੇ ਸਾਥੀਆਂ ਦੀ ਰਿਹਾਈ ਲਈ ਕੋਈ ਆਵਾਜ਼ ਨਹੀਂ ਉਠਾ ਰਹੇ।

ਕਾਂਗਰਸ ਦੀ ਲੀਡਰਸ਼ਿਪ ਸਭ ਕੁਝ ਜਾਣਦੇ ਹੋਏ ਵੀ ਭਾਜਪਾ ਨੂੰ ਰਾਜਨੀਤਕ ਤੌਰ 'ਤੇ ਘੇਰਨ ਲਈ ਇਹ ਮੁੱਦਾ ਉਭਾਰ ਰਹੀ ਹੈ ਕਿ ਕਾਂਗਰਸੀ ਆਗੂਆਂ ਦਾ ਮਾਰੇ ਜਾਣਾ 'ਰਾਜਨੀਤਕ ਸਾਜ਼ਿਸ਼' ਸੀ ਜਿਸ ਨੂੰ ਬੇਪਰਦ ਕਰਨ ਲਈ ਆਤਮ-ਸਮਰਪਣ ਕਰ ਚੁੱਕੇ ਚੋਟੀ ਦੇ ਮਾਓਵਾਦੀ ਆਗੂਆਂ ਦੀ ਤਫ਼ਤੀਸ਼ ਕੀਤੀ ਜਾਣੀ ਚਾਹੀਦੀ ਹੈ। ਕਾਂਗਰਸ ਦੀ ਲੀਡਰਸ਼ਿਪ 'ਰਾਜਨੀਤਕ ਸਾਜ਼ਿਸ਼' ਦਾ ਹੋ-ਹੱਲਾ ਮਚਾ ਕੇ ਇਸ ਹਕੀਕਤ ਨੂੰ ਲੁਕੋਣਾ ਚਾਹੁੰਦੀ ਹੈ ਕਿ ਇਹ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਅਤੇ ਛੱਤੀਸਗੜ੍ਹ ਵਿਚ ਭਾਜਪਾ ਦੀ ਸਰਕਾਰ ਸੀ ਜਿਨ੍ਹਾਂ ਨੇ ਮਿਲ ਕੇ ਆਦਿਵਾਸੀ ਇਲਾਕਿਆਂ, ਖ਼ਾਸ ਕੇ ਬਸਤਰ ਵਿਚ ਕਥਿਤ ਵਿਕਾਸ ਦੇ ਨਾਂ ਹੇਠ ਧਾੜਵੀ ਕਾਰਪੋਰੇਟ ਪ੍ਰੋਜੈਕਟ ਥੋਪਣ ਲਈ ਨੰਗੇ-ਚਿੱਟੇ ਹਕੂਮਤੀ ਦਹਿਸ਼ਤਵਾਦ ਦਾ ਸਹਾਰਾ ਲਿਆ। ਆਦਿਵਾਸੀਆਂ ਦੇ ਸੰਵਿਧਾਨਕ ਹੱਕ ਰਾਜ ਮਸ਼ੀਨਰੀ ਨੇ ਸੱਤਾ ਦੀ ਕਰੂਰ ਤਾਕਤ ਦੇ ਜ਼ੋਰ ਕੁਚਲ ਦਿੱਤੇ। ਪੁਲਿਸ ਅਤੇ ਗ਼ੈਰਕਾਨੂੰਨੀ ਗਰੋਹਾਂ ਵੱਲੋਂ ਕੀਤੇ ਅਕਹਿ ਜ਼ੁਲਮ ਆਦਿਵਾਸੀਆਂ ਨੂੰ ਆਪਣੀ ਜੰਗਲਾਂ-ਪਹਾੜਾਂ ਦੀ ਰਾਖੀ ਲਈ ਹਥਿਆਰਬੰਦ ਟਾਕਰੇ ਵੱਲ ਵਧੇਰੇ ਤੋਂ ਵਧੇਰੇ ਧੱਕਦੇ ਗਏ। ਜੇਕਰ ਬਸਤਰ ਅਤੇ ਹੋਰ ਜੰਗਲੀ-ਪਹਾੜੀ ਪੱਟੀ ਵਿਚ ਸਟੇਟ ਅਤੇ ਮਾਓਵਾਦੀ ਲਹਿਰ ਦਰਮਿਆਨ ਹਥਿਆਰਬੰਦ ਟਕਰਾਅ ਤਿੱਖਾ ਹੁੰਦਾ ਗਿਆ ਹੈ ਤਾਂ ਇਸ ਲਈ ਭਾਰਤੀ ਹਾਕਮ ਜਮਾਤ ਦੀਆਂ ਨਿਰੋਲ ਕਾਰਪੋਰੇਟ ਹਿਤੈਸ਼ੀ ਨੀਤੀਆਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਸਵਾਲ ਤਾਂ ਇਹ ਵੀ ਹੈ ਕਿ ਛੱਤੀਸਗੜ੍ਹ ਵਿਚ ਪੰਜ ਸਾਲ ਕਾਂਗਰਸ ਦੀ ਸਰਕਾਰ ਰਹੀ ਹੈ, ਓਦੋਂ ਇਸਨੇ 'ਰਾਜਨੀਤਕ ਸਾਜ਼ਿਸ਼' ਦੀ ਜਾਂਚ ਕਿਉਂ ਨਹੀਂ ਕਰਾਈ?

ਘੋਰ ਆਰਥਕ-ਸਮਾਜਿਕ ਨਾਬਰਾਬਰੀ ਅਤੇ ਨੰਗੇ ਸਮਾਜਿਕ ਅਨਿਆਂ 'ਤੇ ਉੱਸਰੀ ਬਸਤੀਵਾਦੀ ਵਿਰਾਸਤ ਵਾਲੀ ਨਿਆਂਪ੍ਰਣਾਲੀ ਗ਼ਰੀਬ ਅਤੇ ਹਾਸ਼ੀਏ 'ਤੇ ਧੱਕੇ ਮਜ਼ਲੂਮ ਹਿੱਸਿਆਂ ਪ੍ਰਤੀ ਜਮਾਂਦਰੂ ਤੌਰ 'ਤੇ ਪੱਖਪਾਤੀ ਹੈ। ਜਿਉਂ-ਜਿਉਂ ਨਿਆਂਪ੍ਰਣਾਲੀ ਵਿਚ ਭ੍ਰਿਸ਼ਟਾਚਾਰ ਡੂੰਘਾ ਹੁੰਦਾ ਗਿਆ ਹੈ, ਨਿਆਂਇਕ ਪ੍ਰਕਿਰਿਆ ਵਿਚਲੀਆਂ ਮਨੁੱਖੀ ਭੁੱਲਾਂ ਸੋਚੀਆਂ-ਸਮਝੀਆਂ ਸਾਜ਼ਿਸ਼ਾਂ 'ਚ ਬਦਲਦੀਆਂ ਗਈਆਂ। ਆਰ.ਐਸ.ਐਸ.-ਭਾਜਪਾ ਦੇ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਨਾਲ ਨਿਆਂਪ੍ਰਣਾਲੀ ਦਾ ਹੋਰ ਵੀ ਜ਼ਿਆਦਾ ਨਿਘਾਰ ਹੋ ਗਿਆ ਨਾਲ ਇਸ ਦੀ ਨਾਮਨਿਹਾਦ ਨਿਰਪੱਖਤਾ ਅਤੇ ਪਾਰਦਰਸ਼ਤਾ ਵੀ ਖ਼ਤਮ ਹੋ ਗਈ। ਹਿੰਦੂ ਰਾਸ਼ਟਰਵਾਦੀ ਜ਼ਿਹਨੀਅਤ ਵਾਲੇ ਜੱਜਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਦਾ ਗ਼ਰੀਬ ਵਿਰੋਧੀ, ਦੱਬੀਆਂ-ਕੁਚਲੀਆਂ ਕੌਮੀਅਤਾਂ, ਧਾਰਮਿਕ ਘੱਟਗਿਣਤੀਆਂ, ਆਦਿਵਾਸੀਆਂ, ਦਲਿਤਾਂ ਅਤੇ ਔਰਤਾਂ ਵਿਰੋਧੀ ਤੁਅੱਸਬੀ ਨਜ਼ਰੀਆ ਨਿਆਂਇਕ ਫ਼ੈਸਲਿਆਂ ਨੂੰ ਡੂੰਘੇ ਰੂਪ 'ਚ ਪ੍ਰਭਾਵਿਤ ਕਰ ਰਿਹਾ ਹੈ। ਸੁਪਰੀਮ ਕੋਰਟ ਅਤੇ ਕਈ ਹਾਈ ਕੋਰਟ ਬੈਂਚਾਂ ਵੱਲੋਂ ਪਿਛਲੇ ਇਕ ਦਹਾਕੇ 'ਚ ਬਹੁਤ ਹੀ ਮਹੱਤਵਪੂਰਨ ਕੇਸਾਂ ਵਿਚ ਦਿੱਤੇ ਫ਼ੈਸਲੇ ਇਸਦੇ ਗਵਾਹ ਹਨ। ਦਹਿਸ਼ਤਵਾਦ ਵਿਰੋਧੀ ਵਿਸ਼ੇਸ਼ ਕਾਨੂੰਨ ਯੂ.ਏ.ਪੀ.ਏ. ਲਗਾ ਕੇ ਛੇ ਸਾਲ ਤੋਂ ਜੇਲ੍ਹ ਵਿਚ ਡੱਕੇ ਉਮਰ ਖ਼ਾਲਿਦ, ਸ਼ਰਜੀਲ ਇਮਾਮ ਵਰਗੇ ਨਿਆਂਪਸੰਦ ਕਾਰਕੁਨਾਂ ਦੀ ਜ਼ਮਾਨਤ ਦੀ ਆਰਜ਼ੀ ਵਾਰ-ਵਾਰ ਰੱਦ ਕੀਤੀ ਜਾ ਰਹੀ ਹੈ। ਕਥਿਤ ਨਕਸਲੀ ਸੰਬੰਧਾਂ ਦੇ ਕੇਸਾਂ 'ਚ ਫਸਾਏ ਲੋਕਾਂ ਨੂੰ ਨਿਆਂ ਦਿਵਾਉਣ ਵਾਲੇ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਬਿਨਾਂ ਜ਼ਮਾਨਤ ਅੱਠ ਸਾਲ ਤੋਂ ਜੇਲ੍ਹ ਵਿਚ ਡੱਕਿਆ ਹੋਇਆ ਹੈ। ਜਦਕਿ ਗੁਰਮੀਤ ਰਾਮ ਰਹੀਮ ਵਰਗੇ ਕਤਲ ਤੇ ਬਲਾਤਕਾਰ ਦੇ ਕੇਸਾਂ ਵਿਚ ਸਜ਼ਾਯਾਫ਼ਤਾ ਮੁਜਰਿਮਾਂ ਅਤੇ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਅਦਾਲਤਾਂ ਵਾਰ-ਵਾਰ ਪੈਰੋਲ ਵੀ ਦੇ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਸਜ਼ਾਵਾਂ ਵੀ ਮਾਫ਼ ਕੀਤੀਆਂ ਜਾ ਰਹੀਆਂ ਹਨ।

ਗੜ੍ਹਚਿਰੌਲੀ ਸਾਜ਼ਿਸ਼ ਕੇਸ ਵਿਚ ਜੱਜ ਨੇ ਆਪਣੇ ਫ਼ੈਸਲੇ ਵਿਚ ਸੂਰਜਗੜ੍ਹ ਪ੍ਰੋਜੈਕਟ ਦਾ 17 ਵਾਰ ਜ਼ਿਕਰ ਕਰਦਿਆਂ ਪ੍ਰੋਫੈਸਰ ਸਾਈਬਾਬਾ ਤੇ ਸਾਥੀਆਂ ਨੂੰ 'ਵਿਕਾਸ ਵਿਚ ਅੜਿੱਕਾ ਪਾਉਣ' ਵਾਲੇ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ। ਝੀਰਮ ਘਾਟੀ ਕੇਸ ਵਿਚ ਵੀ ਵਿਸ਼ੇਸ਼ ਅਦਾਲਤ ਦੇ ਜੱਜ ਨੇ ਮਜ਼ਲੂਮ ਆਦਿਵਾਸੀਆਂ ਨੂੰ ਸਬੂਤ ਨਾ ਹੋਣ ਦੇ ਬਾਵਜੂਦ ਮੁਜਰਿਮ ਇਸ ਕਰਕੇ ਮੰਨਿਆ ਕਿਉਂਕਿ ਬਸਤਰ ਨੂੰ 'ਨਕਸਲ ਮੁਕਤ' ਕਰਨ ਦੇ ਦਾਅਵਿਆਂ ਦੇ ਬਾਵਜੂਦ ਆਦਿਵਾਸੀ ਆਪਣੇ ਜੰਗਲਾਂ-ਪਹਾੜਾਂ ਨੂੰ ਕਾਰਪੋਰੇਟ ਗਿਰਝਾਂ ਤੋਂ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਨੂੰ ਸਟੇਟ ਦੀ ਕਰੂਰਤਾ ਨਾਲ ਖ਼ੌਫ਼ਜ਼ਦਾ ਕਰਨ ਲਈ ਇਸ ਕੇਸ ਨੂੰ ਮਿਸਾਲ ਬਣਾਇਆ ਗਿਆ ਹੈ। ਇਸੇ ਤਰ੍ਹਾਂ, ਫਰਵਰੀ 2010 'ਚ ਪੱਛਮੀ ਬੰਗਾਲ ਵਿਚ ਮਾਓਵਾਦੀ ਲਹਿਰ ਦੀ ਚੜ੍ਹਤ ਦੌਰਾਨ ਸਿਲਦਾ ਵਿਚ ਮਾਓਵਾਦੀ ਛਾਪਾਮਾਰਾਂ ਵੱਲੋਂ ਈਸਟਰਨ ਫਰੰਟੀਅਰ ਰਾਈਫ਼ਲ ਦੇ ਕੈਂਪ ਉੱਪਰ ਜੋ ਹਮਲਾ ਕੀਤਾ ਗਿਆ ਸੀ, ਉਸ ਕੇਸ ਵਿਚ 23 ਵਿਅਕਤੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਇਸ ਫ਼ੈਸਲੇ ਨਾਲ ਪਹਿਲਾਂ ਹੀ ਹਾਸ਼ੀਆਗ੍ਰਸਤ ਅਤੇ ਮਜ਼ਲੂਮਾਂ ਦੀ ਅਦਾਲਤਾਂ ਤੋਂ ਨਿਆਂ ਦੀ ਨਾਉਮੀਦੀ ਹੋਰ ਵੀ ਜ਼ਿਆਦਾ ਡੂੰਘੀ ਹੋ ਗਈ ਹੈ। ਮਜ਼ਲੂਮਾਂ ਦੇ ਲਹੂ ਦੀ ਤਿਹਾਈ ਅਤੇ ਬਦਲਾਖੋਰ ਇਸ ਸਜ਼ਾ ਦਾ ਡੱਟ ਕੇ ਵਿਰੋਧ ਕਰਨਾ ਅਤੇ ਇਸ ਪਿੱਛੇ ਕੰਮ ਕਰਦੇ ਸਟੇਟ ਦੇ ਕਾਰਪੋਰੇਟ ਪੱਖੀ ਹਕੂਮਤੀ ਦਹਿਸ਼ਤਵਾਦੀ ਏਜੰਡੇ ਨੂੰ ਬੇਪਰਦ ਕਰਨਾ ਜ਼ਰੂਰੀ ਹੈ।

## ਧੀ ਦੀ ਹੂਕ



*ਦੇਵਿੰਦਰ ਕੌਰ ਧਾਲੀਵਾਲ*

ਮਾਤਾ ਗਊ ਤੋਂ ਵੱਛਾ ਖੋਂਹਦੇ,
ਮਾਂ ਦੀ ਕੁੱਖ 'ਚੋਂ ਧੀ ਨੂੰ,
ਪੱਥਰਾਂ ਨੂੰ ਖ਼ੁਦ ਪੂਜਣ ਵਾਲੇ,
ਪੱਥਰ ਸਮਝਣ ਧੀ ਨੂੰ।
ਲੱਖਾਂ ਧੀਆਂ ਅੱਗ 'ਚ ਸੜਦੀਆਂ,
ਕੀ ਕੀ ਜ਼ੁਲਮ ਨਹੀਂ ਹੋਇਆ,
ਪੜ੍ਹ ਕੇ ਖ਼ਬਰਾਂ ਮੁੱਖ ਸਫ਼ੇ 'ਤੇ,
ਦਿਲ ਦਾ ਪੰਛੀ ਰੋਇਆ।

ਢੇਰ ਦਾ ਕੂੜਾ ਢੇਰੀ ਸੁੱਟਣਾ,
ਇਹੀ ਖ਼ਿਤਾਬ ਨੇ ਦਿੰਦੇ,
ਜ਼ਿਮੀਂਦਾਰ ਅਖਵਾਉਣ ਵਾਲੇ,
ਧੀ ਨੂੰ ਜ਼ਮੀਨ ਨਾ ਦਿੰਦੇ।

ਚਾਰ ਕੁ ਲੀਰਾਂ ਦੇ ਕੇ ਤੋਰਨ,
ਸਹੁਰੇ ਦਿੰਦੇ ਤਾਹਨੇ।
ਦਾਜ ਦਾਜ ਦਾ ਰੌਲਾ ਪਾਉਂਦੇ,
ਆਪਣੇ ਬਣੇ ਬਿਗਾਨੇ।

ਪੁੱਤ ਪੀਵੇ ਬਦਾਮ ਦੇ ਬੱਤੇ,
ਧੀ ਲਈ ਹਉਕੇ ਭਰਦੇ।
ਧੀ ਨੂੰ ਪਿਉ ਦੀ ਪੱਗੜੀ ਆਖਣ,
ਪੁੱਤ ਨੇ ਖਾਂਦੇ ਜਰਦੇ।
ਭੈਣ ਸਦਾ ਭਰਾ ਦਾ ਸੋਚੇ,
ਕੀ ਕੀ ਸਿਤਮ ਉਠਾਂਦੀ।
ਇਕ ਭੈਣ ਭਰਾ ਲਈ ਦੇਖੀ,
ਜੇਲ੍ਹੀਂ ਚੱਕਰ ਲਾਉਂਦੀ।

ਬਾਹਰੋਂ ਆਇਆ ਮੁੰਡਾ ਸੁਣ ਕੇ
ਧੀ ਦਾ ਰਿਸ਼ਤਾ ਕਰਦੇ।
ਇਕ ਅੱਧਾ ਖੇਤ ਵੇਚ ਕੇ,
ਵਿਆਹ ਦਾ ਸੌਦਾ ਕਰਦੇ,

ਮੌਜ ਲਵਾਂਗੇ ਟੱਬਰ ਸਾਰਾ,
ਵਿਚ ਜਹਾਜ਼ੇ ਚੜ੍ਹ ਕੇ,
ਧੀ ਦਾ ਦਿਲ ਨਾ ਜਾਣੇ ਕੋਈ,
ਹੌਲ ਨੇ ਪੈਂਦੇ ਪੜ੍ਹ ਕੇ।

ਦਿਲੋਂ ਕੁਆਰੀਆਂ ਉਂਞ ਵਿਆਹੀਆਂ,
ਕਈਆਂ ਕੋਲ ਨੇ ਬੱਚੇ,
ਬਾਹਰਲੇ ਲਾੜੇ, ਪੰਛੀ ਉੱਡ ਗਏ,
ਕਿੰਝ ਕੋਈ ਪੈੜਾਂ ਨੱਪੇ।

ਧੀਆਂ ਵਾਲਿਓ! ਘਰ ਨੂੰ ਮੁੜ ਜਾਓ,
ਹੋਰ ਉਲਝ ਜਾਊ ਤਾਣੀ,
ਚੁੱਲ੍ਹੇ ਤੁਹਾਡੇ ਅੱਗ ਨਹੀਂ ਰਹਿਣੀ,
ਘੜੇ ਨਹੀਂ ਰਹਿਣਾ ਪਾਣੀ।
ਬੀਤ ਗਏ ਪਲ ਹੱਥ ਨਹੀ ਆਉਣੇ,
ਕਹਿ ਗਏ ਕਈ ਸਿਆਣੇ,
ਰਹਿੰਦੀ-ਖੂੰਹਦੀ ਇੱਜ਼ਤ ਲੁੱਟ ਜੂ,
ਵਿਚ ਕਚਹਿਰੀਆਂ, ਥਾਣੇ।

ਚੀਸ ਦਿਲਾਂ ਦੀ ਮਹਿਰਮ ਜਾਣੇ,
ਰਹਿ ਗਏ ਕੱਲੇ-ਕੱਲੇ।
ਕਦੇ ਨੀ ਮੁੜਦੇ ਦਿੱਤੇ ਹੋਏ,
ਮੁੰਦੀਆਂ ਛਾਪਾਂ ਛੱਲੇ।
ਇਹੀ ਪੈਸਾ ਲਾ ਕੇ ਜੇਕਰ,
ਧੀ ਪੜ੍ਹਾਈ ਕਰਦੀ,
ਤਰ ਜਾਣੀਆਂ ਸੀ ਕਈ ਕੁੱਲਾਂ,
ਧੀ ਨਾ ਮਰਦੀ ਘਰਦੀ।

ਮੈਂ ਹਾਂ ਪੁੱਤਰੀ ਭਾਰਤ ਮਾਂ ਦੀ,
ਅਜੇ ਗੁਲਾਮੀ ਕਰਦੀ,
ਭਾਰਤ ਭਾਵੇਂ ਆਜ਼ਾਦ ਹੋ ਗਿਆ,
ਮੈਂ ਅੱਜ ਵੀ, ਅੱਗ ਵਿਚ ਸੜਦੀ।

# ਜੀਓ ਪਾਲੇਟਿਕਸ ਵਿਚ ਉਲਝੀ ਹੋਈ ਸਿੱਖ ਸਿਆਸਤ

## *(ਨਾ ਖ਼ੁਦਾ ਹੀ ਮਿਲਾ, ਨਾ ਵਿਸਾਲ-ਏ-ਸਨਮ)*

ਉਰਦੂ ਜ਼ੁਬਾਨ ਦਾ ਮਿਰਜ਼ਾ ਸਾਦਿਕ ਸ਼ਰਰ ਦਾ ਇੱਕ ਮਸ਼ਹੂਰ ਸ਼ੇਅਰ ਹੈ, ਜੋ ਅੱਜ ਦੀ ਸਿੱਖ ਸਿਆਸਤ 'ਤੇ ਪੂਰੀ ਤਰ੍ਹਾਂ ਢੁੱਕਦਾ ਹੈ:

'ਗਏ ਦੋਨੋਂ ਜਹਾਨ ਕੇ ਕਾਮ ਸੇ ਹਮ,
ਨ ਇੱਧਰ ਕੇ ਰਹੇ ਨ ਉੱਧਰ ਕੇ ਰਹੇ।
ਨ ਖ਼ੁਦਾ ਹੀ ਮਿਲਾ ਨ ਵਿਸਾਲ-ਏ-ਸਨਮ'

ਸਿੱਖ ਰਾਜਨੀਤੀ ਦਾ ਹਸ਼ਰ ਵੀ ਮਿਰਜ਼ਾ ਸਾਦਿਕ ਦੇ ਇਸ ਸ਼ੇਅਰ ਵਾਲਾ ਹੋਇਆ ਪਿਆ ਹੈ। ਰਾਜਨੀਤੀ ਦੋ ਸ਼ਬਦਾਂ ਰਾਜ+ਨੀਤੀ ਨੂੰ ਜੋੜ ਕੇ ਬਣਿਆ ਸ਼ਬਦ ਹੈ। ਪਹਿਲਾ ਹਿੱਸਾ ਰਾਜ (State) ਹੈ। ਇਸ ਲਈ ਸਟੇਟ ਅਤੇ ਉਸ ਦੇ ਖ਼ਾਸੇ ਭਾਵ ਉਸ ਦੀ ਨੀਤੀ ਦੀ ਡੂੰਘੀ ਸਮਝ ਬਣਾਉਣ ਦੀ ਲੋੜ ਹੈ। ਸਾਡੇ ਕੋਲ ਨਾ ਤਾਂ ਸਟੇਟ ਦਾ ਸੰਕਲਪ (Concept) ਸਾਫ਼ ਹੈ ਅਤੇ ਨਾ ਹੀ ਸਟੇਟ ਦੇ ਖ਼ਾਸੇ ਦੀ ਸੰਪੂਰਨ ਸਮਝ ਬਣ ਸਕੀ ਹੈ। ਅਸੀਂ ਆਮ ਤੌਰ 'ਤੇ ਸਟੇਟ ਨੂੰ ਸਰਕਾਰ ਹੀ ਸਮਝਦੇ ਹਾਂ। ਸਟੇਟ ਇੱਕ ਅਦ੍ਰਿਸ਼ ਵੱਡੀ ਅਤੇ ਸਥਾਈ ਰਾਜਨੀਤਕ-ਕਾਨੂੰਨੀ ਸੰਸਥਾ ਹੈ, ਜਦ ਕਿ



**ਹਰਜੀਤ ਸਿੰਘ ਗਿੱਲ**
ਫੋਨ: +1 647 542 0007 (ਕਨੇਡਾ)
+91 98889 45127 (ਭਾਰਤ)

ਸਰਕਾਰ ਉਸ ਸਟੇਟ ਨੂੰ ਚਲਾਉਣ ਵਾਲੀ ਅਸਥਾਈ ਵਿਵਸਥਾ ਹੈ। ਸਟੇਟ ਉਹ ਸੰਗਠਿਤ ਰਾਜਨੀਤਕ ਇਕਾਈ ਹੈ ਜੋ ਇੱਕ ਨਿਰਧਾਰਿਤ ਭੂ-ਖੇਤਰ ਵਿਚ ਰਹਿੰਦੀ ਆਬਾਦੀ ਉੱਤੇ ਕਾਨੂੰਨੀ ਅਤੇ ਸਰਵਉੱਚ ਅਧਿਕਾਰ ਚਲਾਉਂਦੀ ਹੈ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਪਰ ਸਟੇਟ ਹਮੇਸ਼ਾ ਕਾਇਮ ਰਹਿੰਦੀ ਹੈ। ਉਦਾਹਰਨ ਵਜੋਂ ਭਾਰਤ ਵਿਚ ਕਾਂਗਰਸ, ਭਾਰਤੀ ਜਨਤਾ ਪਾਰਟੀ ਜਾਂ ਹੋਰ ਪਾਰਟੀਆਂ ਦੀਆਂ ਸਰਕਾਰਾਂ ਆਉਂਦੀਆਂ-ਜਾਂਦੀਆਂ ਹਨ, ਪਰ ਇੰਡੀਅਨ ਸਟੇਟ ਕਾਇਮ ਰਹਿੰਦਾ ਹੈ। ਇੱਥੋਂ ਇੱਕ ਬਹੁਤ ਡੂੰਘਾ ਰਾਜਨੀਤਕ ਵਿਚਾਰ ਨਿਕਲਦਾ ਹੈ। ਸਟੇਟ ਅਤੇ ਸਰਕਾਰ ਨੂੰ ਇੱਕ ਸਮਝਣਾ ਰਾਜਨੀਤੀ ਨੂੰ ਸਮਝਣ ਦੀ ਬੁਨਿਆਦੀ ਗ਼ਲਤੀ ਹੈ। ਲੋਕਤੰਤਰ ਵਿਚ ਲੋਕ ਵੋਟ ਸ਼ਕਤੀ ਦੇ ਮਿਲੇ ਅਧਿਕਾਰ ਨਾਲ ਸਰਕਾਰ ਬਦਲ ਸਕਦੇ ਹਨ, ਪਰ ਸਟੇਟ ਅਤੇ ਉਸ ਦੇ ਖ਼ਾਸੇ ਨੂੰ ਨਹੀਂ। ਅੱਜ ਕੱਲ੍ਹ ਇੱਕ ਹੋਰ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ ਉਹ ਹੈ ਡੀਪ ਸਟੇਟ। ਇਸ ਧਾਰਨਾ ਦਾ ਇੱਕ ਵਾਜਬ, ਵਿੱਦਿਅਕ (Academic) ਅਰਥ ਹੈ। ਰਾਜ ਦੇ ਅੰਦਰ ਰਾਜ (State within the State), ਅਰਥਾਤ ਰਾਜ ਦੇ ਅੰਦਰ ਅਜਿਹਾ ਸ਼ਕਤੀ-ਨੈੱਟਵਰਕ ਜੋ ਰਸਮੀ ਲੋਕਤੰਤਰਿਕ ਪ੍ਰਕਿਰਿਆ ਦੇ ਬਾਹਰੋਂ ਨਿਰਨਿਆਂ ਨੂੰ ਪ੍ਰਭਾਵਿਤ ਕਰਦਾ ਹੈ। ਪਰ ਜੇ ਕੋਈ ਗੈਰ-ਲੋਕਤੰਤਰਿਕ ਨੈੱਟਵਰਕ ਸਰਕਾਰ ਬਦਲਣ ਦੇ ਬਾਵਜੂਦ ਆਪਣਾ ਏਜੰਡਾ ਚਲਾਉਂਦਾ ਰਹੇ, ਨੀਤੀ ਨੂੰ ਪ੍ਰਭਾਵਿਤ ਕਰੇ ਅਤੇ ਜਮਹੂਰੀ ਜਵਾਬਦੇਹੀ ਤੋਂ ਬਾਹਰ ਰਹੇ, ਤਾਂ ਉਸ ਨੂੰ 'ਡੀਪ ਸਟੇਟ ਢਾਂਚਾ' ਅਰਥਾਂ ਵਿਚ ਸਮਝਿਆ ਜਾ ਸਕਦਾ ਹੈ।

ਸਿੱਖ ਸਿਆਸਤ ਦੀ ਗੱਲ ਕਰਦਿਆਂ ਪਹਿਲੇ ਸ਼ਬਦ ਸਿੱਖ ਦੀ ਵਿਆਖਿਆ ਕਰਨੀ ਬਣਦੀ ਹੈ। 'ਸਿੱਖ' ਸ਼ਬਦ ਦੇ ਅਰਥ ਅਤੇ ਵਿਆਖਿਆ ਵੀ ਕਈ ਤਰ੍ਹਾਂ ਦੇ ਵੱਖ ਵੱਖ ਨਜ਼ਰੀਏ ਤੋਂ ਕੀਤੀ ਜਾਂਦੀ ਹੈ। ਬੁਨਿਆਦੀ ਤੌਰ 'ਤੇ ਇਸ ਦੇ ਸ਼ਾਬਦਿਕ ਅਰਥ ਕਰਦੇ ਹੋਏ ਵਿਦਵਾਨ ਇਸ ਨੂੰ ਸੰਸਕ੍ਰਿਤ ਮੂਲ ਦਾ ਸ਼ਬਦ ਸ਼ਿਸ਼ ਤੋਂ ਬਣਿਆ ਵਰਨਣ ਕਰਦੇ ਹਨ। ਜਿਸ ਦਾ ਭਾਵ ਹੁੰਦਾ ਹੈ ਵਿਦਿਆਰਥੀ, ਸਿੱਖਿਆਰਥੀ, ਚੇਲਾ, ਆਪਣੇ ਗੁਰੂ ਦਾ ਅਨੁਯਾਈ ਜਾਂ ਗੁਰੂ ਤੋਂ ਸਿੱਖਿਆ ਲੈਣ ਵਾਲਾ ਵਿਅਕਤੀ। ਫਿਰ ਇਸ ਨੂੰ ਧਰਮ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਤਰ੍ਹਾਂ ਇੱਕ ਹੋਰ ਸ਼ਬਦ ਸਿੱਖ ਧਰਮ ਸਾਡੇ ਸਾਹਮਣੇ ਆਉਂਦਾ ਹੈ। ਇਹ ਵੀ ਦੋ ਸ਼ਬਦਾਂ ਦੇ ਜੋੜ ਸਿੱਖ+ਧਰਮ ਤੋਂ ਬਣਿਆ ਸ਼ਬਦ ਹੈ। ਸਿੱਖੀ ਦੇ ਧਰਮ ਹੋਣ ਬਾਰੇ ਵੀ ਵਿਚਾਰਧਾਰਕ ਮਤਭੇਦ ਹਨ। ਇਸ ਵਿਚ ਵੀ ਸੰਪੂਰਨ ਸਪਸ਼ਟਤਾ ਨਹੀਂ ਹੈ। ਇਸ ਗੱਲ ਦੀ ਵਿਆਖਿਆ ਦੀ ਜ਼ਰੂਰਤ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਕਿਸੇ ਨਵੇਂ ਧਰਮ ਦੀ ਸਿਰਜਣਾ ਦਾ ਹੈ ਵੀ ਜਾਂ ਨਹੀਂ। ਇਸ ਗੱਲ ਵਿਚ ਵੀ ਉਲਝਣ ਬਰਕਰਾਰ ਹੈ ਕਿ ਸਿੱਖ ਹੋਣ ਦਾ ਮਤਲਬ ਇੱਕ ਵੱਖਰਾ ਧਰਮ ਜਿਸ ਨੂੰ ਅਸੀਂ ਸਿੱਖ ਧਰਮ ਪੁਕਾਰਦੇ ਹਾਂ। ਸਿੱਖ ਧਰਮ ਵਾਸਤਵ ਵਿਚ ਇੱਕ ਧਰਮ ਹੈ ਜਾਂ ਨਹੀਂ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਧਰਮ ਸ਼ਬਦ ਵਾਰ-ਵਾਰ ਆਉਂਦਾ ਹੈ, ਪਰ ਬਹੁਤ ਵਾਰ ਇਸ ਦਾ ਅਰਥ ਅੱਜ ਵਾਲੇ ਅਰਥ ਵਿਚ ਇੱਕ ਸੰਸਥਾਗਤ ਧਰਮ ਨਹੀਂ, ਸਗੋਂ ਸੱਚਾ ਜੀਵਨ, ਨਿਆਂ, ਫ਼ਰਜ਼ ਅਤੇ ਪ੍ਰਭੂ ਨਾਲ ਜੁੜਿਆ ਜੀਵਨ ਹੈ। ਉਦਾਹਰਨ ਵਜੋਂ ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਬਚਨ ਕਰਦੇ ਹੋਏ ਆਖਦੇ ਹਨ

ਧਰਮ ਖੰਡ ਕਾ ਏਹੋ ਧਰਮੁ॥

ਇੱਥੇ ਧਰਮ ਦਾ ਸਬੰਧ ਮਨੁੱਖ ਦੇ ਕਰਮ ਅਤੇ ਸੱਚੇ ਜੀਵਨ ਨਾਲ ਹੈ।

ਇਸੇ ਤਰ੍ਹਾਂ ਰਾਗ ਬਸੰਤ, ਅੰਗ 1188 ਵਿਚ ਗੁਰੂ ਨਾਨਕ ਸਾਹਿਬ ਕਹਿੰਦੇ ਹਨ

ਏਕੋ ਧਰਮੁ ਦ੍ਰਿੜੈ ਸਚੁ ਕੋਈ॥

ਇਸ ਦਾ ਅਰਥ ਇੱਕ ਸੱਚਾ ਧਰਮ ਸੱਚ ਨੂੰ ਹਿਰਦੇ ਵਿਚ ਦ੍ਰਿੜ ਕਰਨਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਲਈ ਧਰਮ ਦਾ ਕੇਂਦਰ ਸੱਚ ਅਤੇ ਪ੍ਰਭੂ ਨਾਲ ਸੰਬੰਧ ਸੀ, ਨਾ ਕਿ ਕੇਵਲ ਕੋਈ ਬਾਹਰੀ ਸੰਸਥਾ ਜਾਂ ਪਹਿਚਾਣ। ਇਸ ਲਈ ਇਤਿਹਾਸਕ ਤੌਰ 'ਤੇ ਇਹ ਕਹਿਣਾ ਵਧੇਰੇ ਸਹੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਇੱਕ ਨਵੀਂ ਆਤਮਿਕ-ਸਮਾਜਕ ਪਰੰਪਰਾ ਦੀ ਨੀਂਹ ਰੱਖੀ, ਪਰ ਇਹ ਕਹਿਣਾ ਕਿ ਉਨ੍ਹਾਂ ਨੇ ਆਪਣੇ-ਆਪ ਨੂੰ ਮੈਂ ਇੱਕ ਨਵਾਂ ਧਰਮ ਚਲਾਉਣ ਆਇਆ ਹਾਂ ਦੇ ਰੂਪ ਵਿਚ ਪੇਸ਼ ਕੀਤ,' ਇਹ ਗੱਲ ਘੱਟੋ ਘੱਟ ਗੁਰਬਾਣੀ 'ਤੋਂ ਸਿੱਧ ਨਹੀਂ ਹੁੰਦੀ।

ਪਰ ਬਹੁਤੇ ਸਿੱਖ ਵਿਦਵਾਨ ਬਿਆਨ ਕਰਦੇ ਹਨ ਕਿ ਇਹ ਇੱਕ ਸੰਪੂਰਨ ਵੱਖਰਾ ਧਰਮ ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਕਿਸੇ ਫ਼ਲਸਫ਼ੇ, ਵਿਚਾਰਧਾਰਾ ਜਾਂ ਆਤਮਿਕ ਪਰੰਪਰਾ ਨੂੰ ਧਰਮ ਮੰਨਣ ਲਈ ਕੋਈ ਇੱਕ ਸਰਬ ਸੰਮਤ ਪੈਮਾਨਾ ਨਹੀਂ ਹੈ। ਧਰਮ-ਅਧਿਐਨ ਵਿਚ ਵਿਦਵਾਨ ਆਮ ਤੌਰ 'ਤੇ ਕਈ ਗੁਣਾਂ ਨੂੰ ਇਕੱਠੇ ਦੇਖਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕੇਵਲ ਰੱਬ ਵਿਚ ਵਿਸ਼ਵਾਸ ਧਰਮ ਦੀ ਲਾਜ਼ਮੀ ਸ਼ਰਤ ਨਹੀਂ ਹੁੰਦੀ। ਬੁੱਧ ਧਰਮ ਅਤੇ ਜੈਨ ਧਰਮ ਇਸ ਦੀਆਂ ਮਹੱਤਵਪੂਰਨ ਉਦਾਹਰਨਾਂ ਹਨ। ਕੀ ਉਹ ਫ਼ਲਸਫ਼ਾ ਮਨੁੱਖ, ਜੀਵਨ, ਮੌਤ, ਦੁੱਖ, ਬ੍ਰਹਿਮੰਡ ਅਤੇ ਮਨੁੱਖੀ ਜੀਵਨ ਦੇ ਅੰਤਿਮ ਮਕਸਦ ਬਾਰੇ ਕੋਈ ਵਿਸ਼ੇਸ਼ ਧਰਮ ਆਮ ਤੌਰ 'ਤੇ ਮਨੁੱਖ ਦੀ ਮੌਜੂਦਾ ਹਾਲਤ ਤੋਂ ਕਿਸੇ ਉੱਚੀ/ਬਿਹਤਰ ਅਵਸਥਾ ਵੱਲ ਜਾਣ ਦਾ ਰਸਤਾ ਦੱਸਦਾ ਹੈ, ਮੁਕਤੀ, ਮੋਖ, ਨਿਰਵਾਣ, ਪਰਮਾਤਮਾ ਨਾਲ ਮਿਲਾਪ ਆਦਿ ਦ੍ਰਿਸ਼ਟੀ ਦਿੰਦਾ ਹੈ? ਉਸ ਵਿਚ ਪਰਮ ਸੱਚ, ਪਰਮ ਹਕੀਕਤ, ਰੱਬ, ਬ੍ਰਹਮ, ਨਿਰਵਾਣ, ਮੁਕਤੀ ਜਾਂ ਕਿਸੇ ਅੰਤਿਮ ਅਵਸਥਾ ਬਾਰੇ ਧਾਰਨਾ ਹੈ? ਕੀ ਉਸ ਵਿਚਾਰਧਾਰਾ ਦੇ ਅਨੁਯਾਈ ਕੋਈ ਨਿਯਮਿਤ ਅਧਿਆਤਮਿਕ ਜਾਂ ਧਾਰਮਿਕ ਰੀਤੀ-ਰਿਵਾਜ- ਜਿਵੇਂ ਪ੍ਰਾਰਥਨਾ, ਧਿਆਨ, ਸਿਮਰਨ, ਸੇਵਾ, ਉਪਾਸਨਾ, ਤੀਰਥ, ਵਰਤ ਆਦਿ ਕਰਦੇ ਹਨ? ਉਸ ਵਿਚਾਰਧਾਰਾ ਵਿਚ ਸਥਾਨ, ਸਮਾਂ, ਗ੍ਰੰਥ, ਬਚਨ ਜਾਂ ਚਿੰਨ੍ਹ ਪਵਿੱਤਰ ਮੰਨੇ ਜਾਂਦੇ ਹਨ? ਸਿੱਖ ਵਿਦਵਾਨਾਂ ਅਨੁਸਾਰ ਸਿੱਖ ਪਰੰਪਰਾ ਵਿਚ ਗੁਰੂ, ਗੁਰਬਾਣੀ, ਨਾਮ-ਸਿਮਰਨ, ਸੰਗਤ, ਪੰਗਤ, ਰਹਿਤ, ਨੈਤਿਕਤਾ, ਮੁਕਤੀ ਅਤੇ ਸੰਸਥਾਗਤ ਜੀਵਨ ਦੇ ਸਾਰੇ ਤੱਤ ਮੌਜੂਦ ਹਨ। ਕੁਝ ਹੋਰ ਲੋਕ ਇਸ ਨੂੰ ਸਿੱਖ ਪੰਥ ਦੇ ਨਾ ਨਾਲ ਯਾਦ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਇੱਕ ਨਿਰਾਲਾ ਪੰਥ ਹੈ। ਸੁਆਲ ਪੈਦਾ ਹੁੰਦਾ ਹੈ ਕਿ ਧਰਮ ਅਤੇ ਪੰਥ ਇੱਕ ਦੂਸਰੇ ਦੇ ਪਰਿਆਇਵਾਚੀ ਸ਼ਬਦ ਹਨ। ਧਰਮ ਅਤੇ ਪੰਥ ਦੇ ਇੱਕ ਹੀ ਅਰਥ ਹਨ ਜਾਂ ਵੱਖੋ ਵੱਖਰੇ ਹਨ। ਇਹ ਵੀ ਆਖਿਆ ਜਾਂਦਾ ਹੈ ਕਿ ਧਰਮ ਅਤੇ ਪੰਥ ਇੱਕੋ ਅਰਥ ਵਾਲੇ ਸ਼ਬਦ ਨਹੀਂ ਹਨ, ਹਾਲਾਂ ਕਿ ਕਈ ਸੰਦਰਭਾਂ ਵਿਚ ਦੋਵੇਂ ਇੱਕ-ਦੂਜੇ ਦੇ ਨੇੜੇ ਵਰਤੇ ਜਾਂਦੇ ਹਨ। ਦੋਵਾਂ ਦੀ ਵਿਉਤ, ਅਰਥ-ਵਿਸਥਾਰ ਅਤੇ ਵਰਤੋਂ ਵਿਚ ਮਹੱਤਵਪੂਰਨ ਫ਼ਰਕ ਹੈ। ਧਰਮ ਸੰਸਕ੍ਰਿਤ ਦੇ ਧ੍ਰਿ' (ਧਾਰਨ ਕਰਨਾ) ਤੋਂ ਬਣਿਆ ਮੰਨਿਆ ਜਾਂਦਾ ਹੈ। ਇਸ ਦਾ ਮੂਲ ਭਾਵ ਹੈ, ਜੋ ਧਾਰਨ ਕਰੇ, ਸੰਭਾਲੇ ਜਾਂ ਜੀਵਨ ਨੂੰ ਕਿਸੇ ਨੈਤਿਕ ਅਤੇ ਸੱਚੇ ਅਸੂਲ ਨਾਲ ਜੋੜੇ। ਇਸ ਲਈ ਧਰਮ ਦਾ ਅਰਥ ਕੇਵਲ ਰਿਲੀਜਨ (Religion) ਨਹੀਂ ਹੁੰਦਾ। ਇਸੇ ਕਰਕੇ ਭਾਰਤੀ ਦਰਸ਼ਨ ਵਿਚ ਧਰਮ ਦਾ ਅਰਥ ਕਈ ਵਾਰ ਫ਼ਰਜ਼, ਧਰਮ, ਬ੍ਰਹਿਮੰਡੀ ਵਿਵਸਥਾ (ਧੁਟੇ, ਗਿਹਟਏੁਸਨਏਸਸ, ਛੋਸਮਚਿੋਰਦਏਰ) ਵੀ ਹੁੰਦਾ ਹੈ। ਪੰਥ ਸੰਸਕ੍ਰਿਤ ਪਥ ਜਾਂ ਪੰਥ ਨਾਲ ਸੰਬੰਧਿਤ ਸ਼ਬਦ ਹੈ, ਜਿਸ ਦਾ ਮੂਲ ਅਰਥ ਹੈ ਰਾਹ, ਮਾਰਗ ਜਾਂ ਰਸਤਾ। ਧਾਰਮਿਕ ਸੰਦਰਭ ਵਿਚ ਪੰਥ ਦਾ ਭਾਵ ਕਿਸੇ ਵਿਸ਼ੇਸ਼ ਆਤਮਿਕ ਮਾਰਗ ਜਾਂ ਉਸ ਮਾਰਗ 'ਤੇ ਚੱਲਣ ਵਾਲੇ ਭਾਈਚਾਰੇ ਤੋਂ ਹੋ ਸਕਦਾ ਹੈ। ਇਸ ਕਰਕੇ ਕਈ ਅਜੋਕੇ ਵਿਦਵਾਨ ਸਿੱਖ ਧਰਮ ਦੀ ਥਾਂ ਸਿੱਖ ਭਾਈਚਾਰਾ ਸ਼ਬਦ ਵਧੇਰੇ ਯੋਗ ਸਮਝਦੇ ਹਨ। ਸਿੱਖ ਪਰੰਪਰਾ ਵਿਚ ਪੰਥ ਦੀ ਵਰਤੋਂ ਇੱਕ ਵਿਲੱਖਣ ਇਤਿਹਾਸਕ ਅਤੇ ਸੰਸਥਾਗਤ ਅਰਥ ਵੀ ਧਾਰਨ ਕਰਦੀ ਹੈ। ਸਿੱਖ ਪਰੰਪਰਾ ਦੇ ਕੇਂਦਰ ਵਿਚ ਗੁਰੂ, ਗੁਰਬਾਣੀ, ਇੱਕ ਅਕਾਲ ਪੁਰਖ, ਨਾਮ, ਸੱਚਾ ਜੀਵਨ, ਸੇਵਾ, ਸੰਗਤ ਅਤੇ ਮਨੁੱਖੀ ਬਰਾਬਰੀ ਵਰਗੀਆਂ ਧਾਰਨਾਵਾਂ ਹਨ। ਜਦ ਕਿ ਸਿੱਖ ਪੰਥ ਉਸ ਜੀਵਨ-ਦ੍ਰਿਸ਼ਟੀ ਨੂੰ ਧਾਰਨ ਕਰਨ ਵਾਲੀ ਸੰਗਤ ਜਾਂ ਕੌਮ ਦੀ ਸਮਾਜਕ, ਸੰਸਥਾਗਤ ਅਤੇ ਇਤਿਹਾਸਕ ਹੋਂਦ ਨੂੰ ਵੀ ਆਪਣੇ ਵਿਚ ਸਮੇਟਦਾ ਹੈ। ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦੀ ਧਾਰਨਾ ਨੇ ਸਿੱਖ ਜੀਵਨ ਵਿਚ ਇੱਕ ਵਿਲੱਖਣ ਸੰਬੰਧ ਬਣਾਇਆ। ਸਿੱਖ ਪੰਥ ਨੂੰ ਸਿਰਫ਼ ਸਿੱਖ ਧਰਮ ਦਾ ਦੂਜਾ ਨਾਮ ਕਹਿਣਾ ਇਸ ਦੀ ਪੂਰੀ ਧਾਰਨਾ ਨੂੰ ਨਹੀਂ ਫੜਦਾ।

ਅਗਲਾ ਸੁਆਲ ਸਿੱਖ ਕੌਮ ਦਾ ਆਉਂਦਾ ਹੈ ਜਿਸ ਨੇ ਸਿੱਖ ਮਸਲਿਆਂ ਨੂੰ ਗੁੰਝਲਦਾਰ ਬਣਾਇਆ ਹੋਇਆ ਹੈ। ਇਹ ਸੁਆਲ 47 ਦੀ ਵੰਡ ਤੋਂ ਸ਼ੁਰੂ ਹੋ ਕੇ 84 ਦੇ ਦੁਖਾਂਤ ਵਿਚੋਂ ਲੰਘਦਾ ਹੈ ਅਤੇ ਜੋ ਅੱਜ ਵੀ ਬਰਕਰਾਰ ਹੈ। ਸਿੱਖ ਕੌਮ, ਸਿੱਖ ਇੱਕ ਵੱਖਰੀ ਕੌਮ ਧਰਮ ਯੁੱਧ ਮੋਰਚੇ ਦਾ ਮੁੱਖ ਨਾਅਰਾ ਸੀ। ਪਰ ਕੌਮ ਦੇ ਬਣਨ ਦੇ ਸਿਧਾਂਤ ਨੂੰ ਕਿਸੇ ਨੇ ਨਹੀਂ ਸਮਝਿਆ ਅਤੇ ਸਮਝਾਇਆ। ਇਨ੍ਹਾਂ ਤਮਾਮ ਬੁਨਿਆਦੀ ਸੁਆਲਾਂ ਦੇ ਨਿਬੇੜੇ ਦੇ ਬਿਨਾ ਅੱਗੇ ਨਹੀਂ ਵਧਿਆ ਜਾ ਸਕਦਾ। ਪਹਿਲੀ ਵਾਰ 16-17 ਅਕਤੂਬਰ 1973 ਨੂੰ ਪੇਸ਼ ਅਨੰਦਪੁਰ ਦਾ ਮਤਾ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਰਬਸੰਮਤੀ ਨਾਲ ਮਨਜ਼ੂਰ ਕੀਤਾ। 28-29 ਅਕਤੂਬਰ 1978 ਨੂੰ ਲੁਧਿਆਣਾ ਦੀ 18ਵੀਂ ਆਲ ਇੰਡੀਆ ਅਕਾਲੀ ਕਾਨਫ਼ਰੰਸ ਵਿਚ ਇਸ ਨਾਲ ਸੰਬੰਧਿਤ 12 ਮਤੇ ਪਾਸ ਕਰਕੇ ਇਸ ਨੂੰ ਵਿਸਥਾਰਤ ਰੂਪ ਵਿਚ ਦੁਬਾਰਾ ਪ੍ਰਵਾਨਗੀ ਦਿੱਤੀ ਗਈ। ਜਿਸ ਨੂੰ ਕਾਂਗਰਸ ਨੇ ਵੱਖਵਾਦੀ ਮਤਾ ਐਲਾਨ ਦਿੱਤਾ ਅਤੇ 84 ਦਾ ਦੁਖਾਂਤ ਵਾਪਰ ਗਿਆ। ਪਾਣੀਆਂ ਦੇ ਮਸਲੇ 'ਤੋਂ ਲੱਗਿਆ ਮੋਰਚਾ ਧਰਮ ਯੁੱਧ ਵਿਚ ਤਬਦੀਲ ਹੋ ਗਿਆ ਅਤੇ ਅਨੰਦਪੁਰ ਦਾ ਮਤਾ ਇਸ ਮੋਰਚੇ ਵਿਚ ਘੁੰਮਦਾ ਰਿਹਾ। ਖ਼ਾਸ ਕਰਕੇ ਸਿੱਖਾਂ ਲਈ ਵਿਸ਼ੇਸ਼ ਸੰਵਿਧਾਨਕ ਦਰਜਾ ਤੋਂ ਸਾਰੇ ਰਾਜਾਂ ਲਈ ਵੱਧ ਅਧਿਕਾਰ ਅਤੇ ਸੱਚਾ ਫੈਡਰਲਿਜ਼ਮ ਦੀ ਗੱਲ ਕਰਦੇ ਹੋਏ ਇਸ ਮਤੇ ਦੀ ਭਾਸ਼ਾ ਕਿਵੇਂ ਬਦਲੀ, ਇਹ ਪੰਜਾਬ ਦੀ ਰਾਜਨੀਤੀ ਨੂੰ ਅਤੇ ਖ਼ਾਸ ਕਰਕੇ ਸਿੱਖ ਰਾਜਨੀਤੀ ਨੂੰ ਸਮਝਣ ਲਈ ਬਹੁਤ ਮਹੱਤਵਪੂਰਨ ਹੈ। ਮੋਰਚੇ ਦੇ ਸ਼ਬਦਾਂ ਅਤੇ ਅਲੱਗ ਵਾਦੀ ਕਹਿਣ ਵਾਲੀ ਧਿਰ ਵਿਚ ਦੋਹਾਂ ਹੀ ਪੱਖਾਂ ਤੋਂ ਨਵੀਂ ਸ਼ਬਦਾਵਲੀ ਸਾਹਮਣੇ ਆਈ। ਸਰਕਾਰੀ ਧਿਰ ਅੱਤਵਾਦੀ, ਉਗਰਵਾਦੀ ਅਤੇ ਅਲੱਗਵਾਦੀ ਸ਼ਬਦ ਦਾ ਪ੍ਰਯੋਗ ਕਰਦੀ ਰਹੀ ਅਤੇ ਮੋਰਚੇ ਵਾਲੀ ਧਿਰ ਖਾੜਕੂ ਅਤੇ ਮਰਜੀਵੜੇ ਆਖਦੀ ਰਹੀ। ਪਰ ਆਮ ਜਨਤਾ ਇਨ੍ਹਾਂ ਸ਼ਬਦਾਂ ਦੇ ਅਰਥ, ਅਨਰਥ ਦੇ ਰੂਪ ਵਿਚ ਵੇਖਦੀ ਅਤੇ ਸਹਿੰਦੀ ਰਹੀ। ਤੁਸੀਂ ਪੁਲਿਸ ਦੇ ਜਬਰ ਅਤੇ ਝੂਠੇ ਮੁਕਾਬਲਿਆਂ ਵਿਚ ਮਰਨ ਵਾਲਿਆਂ ਨੂੰ ਭਾਵੇਂ ਕੋਈ ਵੀ ਸਤਿਕਾਰਤ ਨਾਮ ਦੇ ਦੇਵੋ ਇਹ ਸਭ ਆਪਣੀ ਬੋਧਿਕ ਹਾਰ ਨੂੰ ਛੁਪਾਉਣ ਤੋਂ ਵੱਧ ਕੁਝ ਵੀ ਨਹੀਂ। ਫਿਰ ਤੁਹਾਡੀ ਨਾ-ਸਮਝ ਰਾਜਨੀਤੀ ਦਾ ਸ਼ਿਕਾਰ ਹੋਏ ਭਾਵੁਕਤਾ ਵੱਸ ਇਸ ਯੁੱਧ ਵਿਚ ਫਸ ਕੇ ਮਾਰੇ ਗਏ ਨੌਜੁਆਨਾਂ ਦੇ ਪਰਿਵਾਰਾਂ ਦਾ ਆਖਰ ਕੀ ਬਣਿਆ। ਤੁਸੀਂ ਅੱਜ ਵੀ ਵਿਦੇਸ਼ ਵਿਚ ਬਹਿ ਕੇ ਖ਼ਾਲਿਸਤਾਨ ਬਣਾਈ ਫਿਰਦੇ ਹੋ, ਪਰ ਪੰਜਾਬ ਵਿਚ ਅਜਿਹੀ ਕੋਈ ਲਹਿਰ ਹੈ ਹੀ ਨਹੀਂ ਹੈ। ਖਾਲਿਸਤਾਨ ਸ਼ਬਦ ਪਹਿਲੀ ਵਾਰ 1940 ਵਿਚ ਸਾਹਮਣੇ ਆਇਆ ਸੀ। ਪੰਜਾਬ ਵਿਚ ਕਿਸਾਨੀ, ਨਸ਼ਾ, ਬੇਰੁਜ਼ਗਾਰੀ, ਪਰਵਾਸ, ਪਾਣੀ, ਉਦਯੋਗ, ਸਿੱਖਿਆ, ਕਾਨੂੰਨ-ਵਿਵਸਥਾ ਅਤੇ ਪੰਜਾਬ ਦੇ ਅਧਿਕਾਰ ਵਰਗੇ ਤੁਰੰਤ ਜੀਵਨ ਨਾਲ ਜੁੜੇ ਮੁੱਦੇ ਚੋਣਾਂ ਦੀ ਰਾਜਨੀਤੀ ਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ। 2025 ਦੀ ਕੈਨੇਡੀਅਨ ਸੰਸਥਾਗਤ ਸਮੀਖਿਆ ਬੋਰਡ ਦੀ ਖੋਜ (Canadian IRB Research) ਵਿਚ ਵੀ ਇਹ ਦਰਜ ਹੈ ਕਿ ਪੰਜਾਬ ਵਿਚ ਸਿੱਖਾਂ ਦੇ ਰਾਜਨੀਤਕ ਵਿਰੋਧ ਆਮ ਤੌਰ 'ਤੇ ਵਿਹਾਰਕ ਮਸਲਿਆ ਉੱਤੇ ਕੇਂਦਰਿਤ ਰਹਿੰਦੇ ਹਨ ਅਤੇ ਖ਼ਾਲਿਸਤਾਨ ਸ਼ਬਦ ਘੱਟ ਹੀ ਵਰਤਿਆ ਜਾਂਦਾ ਹੈ। ਪੰਜਾਬ ਵਿਚ ਸਿੱਖ ਰਾਸ਼ਟਰਵਾਦ ਜਾਂ ਪੰਥਕ ਚੇਤਨਾ ਮੌਜੂਦ ਹੋ ਸਕਦੀ ਹੈ, ਪਰ ਉਸ ਨੂੰ ਖ਼ਾਲਿਸਤਾਨ ਦੀ ਜਨ-ਲਹਿਰ ਨਹੀਂ ਕਿਹਾ ਜਾ ਸਕਦਾ। ਪੰਜਾਬ ਦਾ ਵੱਡਾ ਹਿੱਸਾ ਆਪਣੀ ਰੋਜ਼ਾਨਾ ਜ਼ਿੰਦਗੀ ਦੇ ਮੁੱਦਿਆਂ ਨਾਲ ਜੂਝ ਰਿਹਾ ਹੈ। ਜਦ ਕਿ ਪ੍ਰਵਾਸੀ ਭਾਈਚਾਰੇ (Small Part of Diaspora) ਦੇ ਇੱਕ ਛੋਟੇ ਸਰਗਰਮ ਹਿੱਸੇ ਦੀ ਰਾਜਨੀਤੀ ਵਿਚ 1984 ਦੀ ਇਤਿਹਾਸਕ ਯਾਦ ਅਤੇ ਵੱਖਰੇ ਸਿੱਖ ਰਾਜ ਦੀ ਮੰਗ ਵਧੇਰੇ ਦਿਖਾਈ ਦਿੰਦੀ ਹੈ।

ਵਿਦੇਸ਼ਾਂ ਵਿਚ ਸਰਗਰਮ ਖ਼ਾਲਿਸਤਾਨ ਸਮਰਥਕਾਂ ਕੋਲ ਨਾ ਤਾਂ ਇੱਕ ਨਵੇਂ ਦੇਸ਼ ਦੀ ਰਾਜਨੀਤਕ-ਆਰਥਿਕ ਰੂਪ-ਰੇਖਾ ਦੀ ਕੋਈ ਸਪਸ਼ਟ ਦ੍ਰਿਸ਼ਟੀ ਹੈ, ਨਾ ਉਸ ਨੂੰ ਅਮਲ ਵਿਚ ਲਿਆਉਣ ਲਈ ਠੋਸ ਯੋਜਨਾ ਅਤੇ ਨਾ ਹੀ ਇਸ ਉਦੇਸ਼ ਨੂੰ ਹਕੀਕਤ ਵਿਚ ਬਦਲਣ ਦੀ ਲੋੜੀਂਦੀ ਰਾਜਨੀਤਕ, ਆਰਥਿਕ ਜਾਂ ਸੈਨਿਕ ਸ਼ਕਤੀ। ਇਸ ਨਾਲ ਇੱਕ ਮਹੱਤਵਪੂਰਨ ਸਵਾਲ ਵੀ ਖੜ੍ਹਾ ਹੁੰਦਾ ਹੈ, ਜੇ ਖ਼ਾਲਿਸਤਾਨ ਬਣ ਵੀ ਜਾਵੇ ਤਾਂ ਉਸ ਦੀਆਂ ਸਰਹੱਦਾਂ ਕੀ ਹੋਣਗੀਆਂ, ਰਾਜਧਾਨੀ ਕਿੱਥੇ ਹੋਵੇਗੀ, ਕੀ ਉਹ ਕਿਸੇ ਕਿਸਮ ਦਾ ਲੋਕਤੰਤਰੀ ਦੇਸ਼ ਬਣੇਗਾ ਜਾ ਸਿੱਖ ਸਟੇਟ? ਸਿੱਖਾਂ ਤੋਂ ਇਲਾਵਾ ਦੂਸਰੇ ਧਰਮ ਨੂੰ ਮੰਨਣ ਵਾਲਿਆਂ ਦਾ ਉਸ ਵਿਚ ਕੀ ਸਥਾਨ ਹੋਵੇਗਾ? ਆਰਥਿਕਤਾ ਕਿਵੇਂ ਚੱਲੇਗੀ, ਪਾਣੀਆਂ ਦੀ ਵੰਡ ਕਿਵੇਂ ਹੋਵੇਗੀ, ਰੱਖਿਆ ਕੌਣ ਕਰੇਗਾ ਅਤੇ ਭਾਰਤ ਤੇ ਪਾਕਿਸਤਾਨ ਨਾਲ ਉਸ ਦੇ ਸੰਬੰਧ ਕਿਸ ਆਧਾਰ 'ਤੇ ਹੋਣਗੇ? ਇਨ੍ਹਾਂ ਬੁਨਿਆਦੀ ਸਵਾਲਾਂ ਦੇ ਵਿਹਾਰਕ ਜਵਾਬਾਂ ਤੋਂ ਬਿਨਾਂ ਸਿਰਫ਼ ਨਾਅਰਾ ਕਿਸੇ ਰਾਜ ਦੀ ਸਥਾਪਨਾ ਦੀ ਯੋਜਨਾ ਨਹੀਂ ਬਣ ਸਕਦਾ। ਇਹ ਸੁਆਲ ਵਾਰ-ਵਾਰ ਉਠਦੇ ਹਨ। ਪਰਵਾਸੀ ਟੈਕਸੀ ਡਰਾਈਵਰ 'ਤੋਂ ਅਟਾਰਨੀ ਬਣੇ ਗੁਰਪਤਵੰਤ ਸਿੰਘ ਪੰਨੂ ਨੇ 2007 ਵਿਚ 'ਸਿੱਖ ਫਾਰ ਜਸਟਿਸ' ਨਾਂ ਦੀ ਸੰਸਥਾ ਬਣਾਈ। ਜਿਸ ਨੇ ਇਹ ਦਾਅਵਾ ਕੀਤਾ ਸੀ ਕਿ ਇਹ ਜਥੇਬੰਦੀ 1984 ਦੇ ਦੰਗਾ ਪੀੜਤਾਂ ਲਈ ਇਨਸਾਫ਼ ਦੀ ਮੰਗ ਲਈ ਬਣਾਈ ਗਈ ਸੀ। ਇਨ੍ਹਾਂ ਦਿਨਾਂ ਵਿਚ ਏਸੇ ਹੀ ਸਿੱਖ ਫ਼ਾਰ ਜਸਟਿਸ ਦੇ ਪਨੂੰ ਦੇ ਨਾਮ ਹੇਠ ਇੱਕ ਪੋਸਟ ਘੁੰਮਦੀ ਹੈ ਜਿਸ ਵਿਚ ਪ੍ਰਸਤਾਵਿਤ ਖ਼ਾਲਿਸਤਾਨ ਦਾ ਨਕਸ਼ਾ ਵਿਖਾਇਆ ਗਿਆ ਹੈ। ਇਸ ਨਕਸ਼ੇ ਵਿਚ ਇਸ ਬਣਨ ਵਾਲੇ ਨਵੇਂ ਨਵੇਲੇ ਮੁਲਕ ਦੀ ਰਾਜਧਾਨੀ ਸ਼ਿਮਲਾ ਦੱਸੀ ਗਈ ਹੈ। ਇਸ ਪ੍ਰਸਤਾਵਿਤ ਨਕਸ਼ੇ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ, ਉੱਤਰ ਪ੍ਰਦੇਸ਼ ਤੇ ਉੱਤਰ੍ਹਾਖੰਡ ਦੇ ਕੁਝ ਜ਼ਿਲ੍ਹਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਸਿੱਖ ਸਟੇਟ ਦਾ ਵੱਡਾ ਅਤੇ ਇਤਿਹਾਸਕ ਕੇਂਦਰ ਪੱਛਮੀ ਪੰਜਾਬ ਵਿਚ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਾਹੌਰ, ਮੁਲਤਾਨ, ਪੇਸ਼ਾਵਰ ਆਦਿ ਤੱਕ ਫੈਲਿਆ ਹੋਇਆ ਸੀ। ਸੁਆਲ ਇਹ ਹੈ ਕਿ ਇਸ ਨੂੰ ਵੀ ਜੀਉ ਪਾਲੇਟਿਕਸ ਦੀ ਸਾਜ਼ਿਸ਼ ਹੀ ਸਮਝਿਆ ਜਾਵੇਗਾ ਕਿ ਪ੍ਰਸਤਾਵਿਤ ਨਕਸ਼ੇ ਵਿਚ ਪੁਰਾਣੇ ਪੰਜਾਬ ਨੂੰ ਸ਼ਾਮਲ ਕਿਉਂ ਨਹੀਂ ਕੀਤਾ ਗਿਆ?

1984 ਤੋਂ ਬਾਅਦ ਪੰਜਾਬ ਅਤੇ ਭਾਰਤ ਦੀ ਸਥਿਤੀ ਨੇ ਬਹੁਤ ਸਾਰੇ ਸਿੱਖ ਪਰਿਵਾਰਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਕੀਤਾ। 1984 ਦੇ ਘਟਨਾਕ੍ਰਮ ਤੋਂ ਬਾਅਦ ਜਿਸ ਤਰ੍ਹਾਂ ਕੈਨੇਡਾ, ਅਮਰੀਕਾ ਅਤੇ ਦੂਸਰੇ ਪੱਛਮੀ ਮੁਲਕਾਂ ਨੇ ਵਿਸਥਾਪਿਤ ਲੋਕਾਂ ਨੂੰ ਪਨਾਹ ਦਿੱਤੀ, ਕੀ ਅੱਜ ਵੀ ਉਹ ਸਥਿਤੀ ਬਰਕਰਾਰ ਹੈ? 1984 ਤੋਂ ਬਾਅਦ ਦੀ ਸਥਿਤੀ ਅਤੇ 2026 ਦੀ ਸਥਿਤੀ ਵਿਚ ਵੱਡਾ ਫ਼ਰਕ ਹੈ। ਪਰ ਅੱਜ ਦੇ ਬਦਲੇ ਹੋਏ ਵਿਸ਼ਵ ਵਿਚ ਉਸੇ ਤਰ੍ਹਾਂ ਦੀ ਖੁੱਲ੍ਹੀ ਅਤੇ ਵਿਸ਼ੇਸ਼ ਸਵੀਕਾਰਤਾ ਨੂੰ ਜਾਰੀ ਮੰਨਣਾ ਠੀਕ ਨਹੀਂ ਹੋਵੇਗਾ। 1984 ਦੇ ਦੁਖਦਾਈ ਘਟਨਾਕ੍ਰਮ ਨੇ ਭਾਰਤ ਦੀ ਸਿੱਖ ਕੌਮ ਦੇ ਇੱਕ ਹਿੱਸੇ ਦੀ ਜ਼ਿੰਦਗੀ ਨੂੰ ਗਹਿਰਾਈ ਨਾਲ ਪ੍ਰਭਾਵਿਤ ਕੀਤਾ। ਓਪਰੇਸ਼ਨ ਬਲੂ ਸਟਾਰ ਅਤੇ ਉਸ ਤੋਂ ਬਾਅਦ ਹੋਈ ਸਿੱਖ ਵਿਰੋਧੀ ਹਿੰਸਾ ਅਤੇ ਲੰਮੇ ਸਮੇਂ ਤੱਕ ਚੱਲੀ ਪੰਜਾਬ ਦੀ ਹਿੰਸਕ ਅਸਥਿਰਤਾ ਨੇ ਹਜ਼ਾਰਾਂ ਲੋਕਾਂ ਵਿਚ ਡਰ, ਅਸੁਰੱਖਿਆ, ਬੇਗਾਨਗੀ ਅਤੇ ਬੇਘਰੀ ਦੀ ਭਾਵਨਾ ਪੈਦਾ ਕੀਤੀ। ਇਸ ਦੌਰ ਵਿਚ ਕੈਨੇਡਾ, ਅਮਰੀਕਾ, ਬ੍ਰਿਟੇਨ ਅਤੇ ਹੋਰ ਪੱਛਮੀ ਦੇਸ਼ਾਂ ਨੇ ਅਜਿਹੇ ਲੋਕਾਂ ਨੂੰ ਆਪਣੇ ਇਮੀਗ੍ਰੇਸ਼ਨ ਅਤੇ ਸ਼ਰਨ ਪ੍ਰਣਾਲੀਆਂ ਰਾਹੀਂ ਆਉਣ ਦਾ ਮੌਕਾ ਦਿੱਤਾ, ਜਿਨ੍ਹਾਂ ਨੂੰ ਆਪਣੇ ਦੇਸ਼ ਵਿਚ ਸੁਰੱਖਿਆ ਜਾਂ ਇਨਸਾਫ਼ ਦੀ ਘਾਟ ਮਹਿਸੂਸ ਹੁੰਦੀ ਸੀ। ਸ਼ਰਨਾਰਥੀ ਅਤੇ ਪ੍ਰਵਾਸੀ ਸਿੱਖ ਭਾਈਚਾਰਾ ਹੌਲੀ-ਹੌਲੀ ਪੱਛਮੀ ਸਮਾਜਾਂ ਦਾ ਇੱਕ ਸਥਾਈ ਹਿੱਸਾ ਬਣ ਗਿਆ ਅਤੇ ਇਸ ਦੇ ਨਾਲ ਹੀ ਖ਼ਾਲਿਸਤਾਨ ਦੀ ਰਾਜਨੀਤੀ ਨੇ ਵੀ ਵਿਦੇਸ਼ੀ ਧਰਤੀ 'ਤੇ ਇੱਕ ਨਵਾਂ ਸਮਾਜਕ ਅਤੇ ਰਾਜਨੀਤਕ ਆਧਾਰ ਬਣਾਇਆ। ਪਹਿਲੀ ਪੀੜ੍ਹੀ ਲਈ ਵਿਦੇਸ਼ ਨਵੀਂ ਜ਼ਿੰਦਗੀ ਬਣਾਉਣ ਦੀ ਜਗ੍ਹਾ ਸੀ। ਪਰ ਉਨ੍ਹਾਂ ਦੇ ਬੱਚਿਆਂ ਲਈ ਕੈਨੇਡਾ, ਅਮਰੀਕਾ ਜਾਂ ਬ੍ਰਿਟੇਨ ਹੀ ਜਨਮ ਅਤੇ ਪਰਵਰਿਸ਼ ਦੀ ਧਰਤੀ ਬਣ ਗਏ। ਇਸ ਤਬਦੀਲੀ ਨੇ ਸਿੱਖ ਰਾਜਨੀਤੀ ਨੂੰ ਵੀ ਬਦਲਿਆ। ਪਹਿਲੀ ਪੀੜ੍ਹੀ ਦੇ ਕੁਝ ਲੋਕਾਂ ਲਈ 1984 ਨਿੱਜੀ ਯਾਦ, ਪਰਿਵਾਰਕ ਦੁੱਖ ਅਤੇ ਰਾਜਨੀਤਕ ਅਨਿਆਂ ਦਾ ਤਜਰਬਾ ਸੀ। ਦੂਜੀ ਅਤੇ ਤੀਜੀ ਪੀੜ੍ਹੀ ਲਈ ਇਹ ਘਟਨਾਵਾਂ ਅਕਸਰ ਪਰਿਵਾਰਕ ਕਹਾਣੀਆਂ, ਗੁਰਦੁਆਰਾ-ਕੇਂਦਰਿਤ ਸਿੱਖਿਆ, ਸਮਾਜਕ ਚਰਚਾ, ਇਸ ਬਾਰੇ ਛਪੇ ਪੰਜਾਬੀ ਲਿਟਰੇਚਰ ਅਤੇ ਰਾਜਨੀਤਕ ਪ੍ਰਚਾਰ ਰਾਹੀਂ ਸਮਝੀਆਂ ਜਾਂਦੀਆਂ ਹਨ।

ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ 1984 ਤੋਂ ਬਾਅਦ ਪੱਛਮੀ ਦੇਸ਼ਾਂ ਵੱਲੋਂ ਸਿੱਖ ਪ੍ਰਵਾਸੀਆਂ ਨੂੰ ਮਿਲੀ ਪਨਾਹ ਨੂੰ ਖ਼ਾਲਿਸਤਾਨ ਦੀ ਰਾਜਨੀਤੀ ਲਈ ਪੱਛਮੀ ਸਰਕਾਰਾਂ ਦੀ ਹਮਾਇਤ ਸਮਝਣਾ ਇਤਿਹਾਸਕ ਤੌਰ 'ਤੇ ਸਹੀ ਨਹੀਂ ਹੋਵੇਗਾ। ਸ਼ਰਨਾਰਥੀ ਸੁਰੱਖਿਆ ਅਤੇ ਕਿਸੇ ਵੱਖਰੇ ਰਾਜ ਦੀ ਮੰਗ ਨੂੰ ਰਾਜਨੀਤਕ ਸਮਰਥਨ ਦੇਣਾ ਇਹ ਦੋ ਬਿਲਕੁਲ ਵੱਖਰੀਆਂ ਗੱਲਾਂ ਹਨ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਸਿੱਖ ਨੂੰ ਸ਼ਰਨ ਮਿਲਣਾ ਖ਼ਾਲਿਸਤਾਨ ਦੀ ਮੰਗ ਨੂੰ ਪੱਛਮੀ ਸਰਕਾਰ ਦੀ ਮਾਨਤਾ ਨਹੀਂ ਸੀ। ਇਹ ਮਨੁੱਖੀ ਅਧਿਕਾਰ ਅਤੇ ਸ਼ਰਨਾਰਥੀ ਸੁਰੱਖਿਆ ਦੇ ਸਿਧਾਂਤ ਅਧੀਨ ਦਿੱਤੀ ਗਈ ਸੁਰੱਖਿਆ ਸੀ। ਜਿਸ ਪੱਛਮੀ ਲੋਕਤੰਤਰ ਨੇ ਸਿੱਖ ਪ੍ਰਵਾਸੀਆਂ ਨੂੰ ਆਜ਼ਾਦੀ, ਸੁਰੱਖਿਆ ਅਤੇ ਰਾਜਨੀਤਕ ਅਭਿਵਿਅਕਤੀ ਦਾ ਮੌਕਾ ਦਿੱਤਾ, ਉਸੇ ਲੋਕਤੰਤਰ ਦੀ ਬੁਨਿਆਦੀ ਰਾਜਨੀਤਕ ਪ੍ਰਣਾਲੀ ਖੇਤਰੀ ਵੱਖਵਾਦ ਨੂੰ ਆਪਣੇ-ਆਪ ਸਮਰਥਨ ਨਹੀਂ ਦਿੰਦੀ। ਕੈਨੇਡਾ ਜਾਂ ਅਮਰੀਕਾ ਵਿਚ ਕਿਸੇ ਵਿਅਕਤੀ ਨੂੰ ਖ਼ਾਲਿਸਤਾਨ ਦੀ ਮੰਗ ਕਰਨ, ਇਸ ਬਾਰੇ ਰੈਲੀ ਕਰਨ ਜਾਂ ਆਪਣਾ ਰਾਜਨੀਤਕ ਵਿਚਾਰ ਪ੍ਰਗਟ ਕਰਨ ਦਾ ਹੱਕ ਹੋ ਸਕਦਾ ਹੈ, ਪਰ ਇਸ ਦਾ ਅਰਥ ਇਹ ਨਹੀਂ ਕਿ ਕੈਨੇਡਾ ਜਾਂ ਅਮਰੀਕਾ ਖ਼ਾਲਿਸਤਾਨ ਨੂੰ ਇੱਕ ਵੱਖਰੇ ਰਾਜ ਵਜੋਂ ਮਾਨਤਾ ਦਿੰਦੇ ਹਨ। ਇਸ ਫ਼ਰਕ ਨੂੰ ਅਕਸਰ ਰਾਜਨੀਤਕ ਬਹਿਸ ਵਿਚ ਜਾਣ-ਬੁੱਝ ਕੇ ਜਾਂ ਅਨਜਾਣੇ ਵਿਚ ਧੁੰਦਲਾ ਕਰ ਦਿੱਤਾ ਜਾਂਦਾ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਵਿਦੇਸ਼ਾਂ ਵਿਚ ਖ਼ਾਲਿਸਤਾਨ ਦੀ ਰਾਜਨੀਤੀ ਦਾ ਪੰਜਾਬ ਵਿਚ ਅਸਲ ਜਨ-ਆਧਾਰ ਕਿੰਨਾ ਹੈ? ਪੰਜਾਬ ਵਿਚ ਸਿੱਖ ਪਛਾਣ,1984 ਦਾ ਇਨਸਾਫ਼, ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ, ਕੇਂਦਰ-ਰਾਜ ਸੰਬੰਧ, ਪੰਜਾਬ ਦੇ ਪਾਣੀ, ਚੰਡੀਗੜ੍ਹ, ਖੇਤੀ ਅਤੇ ਸੰਘੀ ਢਾਂਚੇ ਵਰਗੇ ਮੁੱਦਿਆਂ 'ਤੇ ਗੰਭੀਰ ਅਸੰਤੋਸ਼, ਬੇਭਰੋਸਗੀ ਅਤੇ ਗੁੱਸਾ ਹੋ ਸਕਦਾ ਹੈ। ਪਰ ਇਨ੍ਹਾਂ ਸਾਰੇ ਮੁੱਦਿਆਂ ਨੂੰ ਆਪਣੇ-ਆਪ ਖ਼ਾਲਿਸਤਾਨ ਲਈ ਜਨ ਸਮਰਥਨ ਮੰਨ ਲੈਣਾ ਸਹੀ ਨਹੀਂ। ਪੰਜਾਬ ਵਿਚ ਪਿਛਲੇ ਦਹਾਕਿਆਂ ਦੀ ਚੋਣ ਰਾਜਨੀਤੀ ਨੇ ਵਾਰ-ਵਾਰ ਦਿਖਾਇਆ ਹੈ ਕਿ ਲੋਕਾਂ ਦੀ ਤਰਜੀਹ ਵਿਚ ਰੋਜ਼ਗਾਰ, ਨਸ਼ੇ, ਖੇਤੀ, ਸਿੱਖਿਆ, ਸਿਹਤ, ਉਦਯੋਗ, ਕਰਜ਼ਾ ਅਤੇ ਪ੍ਰਸ਼ਾਸਨ ਵਰਗੇ ਮੁੱਦੇ ਮਹੱਤਵਪੂਰਨ ਹਨ। ਇਸ ਕਰਕੇ ਵਿਦੇਸ਼ਾਂ ਵਿਚ ਕਿਸੇ ਰੈਲੀ ਦੀ ਭੀੜ ਜਾਂ ਕਿਸੇ ਜਨਮਤ-ਸ਼ੈਲੀ ਦੀ ਮੁਹਿੰਮ (Referendum-style campaign) ਨੂੰ ਸਿੱਧਾ ਪੰਜਾਬ ਦੀ ਰਾਜਨੀਤਕ ਇੱਛਾ ਦਾ ਪ੍ਰਤੀਨਿਧੀ ਮੰਨਣਾ ਵਿਸ਼ਲੇਸ਼ਣ ਦੇ ਤੌਰ 'ਤੇ ਠੀਕ ਨਹੀਂ ਹੈ।

ਕੈਨੇਡਾ ਵਿਚ ਇਨ੍ਹਾਂ ਗੱਲਾਂ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇੱਥੇ ਸਿੱਖ ਪ੍ਰਵਾਸੀ ਭਾਈਚਾਰਾ (Diaspora) ਵੱਡੀ, ਸੰਗਠਿਤ ਅਤੇ ਰਾਜਨੀਤਕ ਤੌਰ 'ਤੇ ਪ੍ਰਭਾਵਸ਼ਾਲੀ ਹੈ। ਕੈਨੇਡਾ ਦੀ ਬਹੁ-ਸਭਿਆਚਾਰਕ ਨੀਤੀ ਨੇ ਸਿੱਖਾਂ ਨੂੰ ਆਪਣੀ ਧਾਰਮਿਕ ਅਤੇ ਸਭਿਆਚਾਰਕ ਪਛਾਣ ਨੂੰ ਖੁੱਲ੍ਹੇ ਤੌਰ 'ਤੇ ਜਿਊਣ ਅਤੇ ਵਿਚਰਨ ਦਾ ਮੌਕਾ ਦਿੱਤਾ। ਸਿੱਖ ਸੰਸਦ ਮੈਂਬਰ, ਮੰਤਰੀ, ਮੇਅਰ, ਕੌਂਸਲਰ, ਕਾਰੋਬਾਰੀ ਆਗੂ ਅਤੇ ਪੇਸ਼ੇਵਰ ਲੋਕਾਂ ਨੇ ਕੈਨੇਡੀਅਨ ਜਨ-ਜੀਵਨ ਵਿਚ

*(ਬਾਕੀ ਅਗਲੇ ਸਫੇ 'ਤੇ)*

# ਪਲੀਤ ਅਤੇ ਗੰਧਲੇ ਹੋ ਰਹੇ ਪੰਜਾਬ ਦੇ ਪਾਣੀ

ਅੱਜ-ਕੱਲ੍ਹ ਪੰਜਾਬ ਵਿਚ ਪਾਣੀਆਂ ਦੀ ਵੰਡ ਅਤੇ ਪਾਣੀ ਨਾਲ ਸਬੰਧਤ ਹੋਰ ਮੁੱਦਿਆਂ ਸਬੰਧੀ ਵਿਸ਼ਿਆਂ ਤੇ ਅਖ਼ਬਾਰਾਂ, ਸੋਸ਼ਲ ਮੀਡੀਆ ਅਤੇ ਹੋਰ ਸਾਧਨਾਂ ਰਾਹੀਂ ਭਰਵੀਂ ਬਹਿਸ ਚੱਲ ਰਹੀ ਹੈ। ਪਰ ਬਦਕਿਸਮਤੀ ਨਾਲ ਪਲੀਤ ਅਤੇ ਗੰਧਲੇ ਹੋ ਰਹੇ ਪੰਜਾਬ ਦੇ ਪਾਣੀਆਂ ਦੇ ਗੰਭੀਰ ਅਤੇ ਮਹੱਤਵਪੂਰਨ ਪਹਿਲੂ ਇਸ ਬਹਿਸ ਵਿਚ ਸ਼ਾਮਲ ਨਹੀਂ ਹਨ। ਸਰਕਾਰ ਅਤੇ ਆਮ ਲੋਕ ਤਾਜ਼ੇ ਪਾਣੀ ਦੇ ਸਰੋਤਾਂ ਦੇ ਗੰਧਲਾ ਅਤੇ ਪਲੀਤ ਹੋਣ ਤੋਂ ਬੇਖ਼ਬਰ ਹੀ ਨਹੀਂ ਹਨ ਸਗੋਂ ਉਹ ਇਨ੍ਹਾਂ ਸਰੋਤਾਂ ਨੂੰ ਗੰਧਲਾ ਅਤੇ ਪਲੀਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਪੰਜਾਬ ਦੀ ਧਰਤੀ ਨੂੰ ਕੁਦਰਤ ਨੇ ਸਾਫ਼ ਪਾਣੀ ਦੇ ਅਨਮੋਲ ਖ਼ਜ਼ਾਨੇ ਬਖ਼ਸ਼ੇ ਹੋਏ ਹਨ। ਹਿਮਾਲਿਆ ਦੇ ਬਰਫੀਲੇ ਪਹਾੜਾਂ ਤੋਂ ਨਿਕਲ ਕੇ ਦਰਿਆ ਅਤੇ ਨਦੀਆਂ ਇਸ ਧਰਤੀ ਵੱਲ ਵਹਿੰਦੇ ਹਨ




**ਡਾਕਟਰ ਕੇਸਰ ਸਿੰਘ ਭੰਗੂ**
**ਸਾਬਕਾ ਪ੍ਰੋਫੈਸਰ ਅਤੇ ਡੀਨ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**
**ਫੋਨ: 98154-27127**


ਜਿਸ ਕਰਕੇ ਪੰਜਾਬ ਦੇ ਬਹੁਤੇ ਹਿੱਸੇ ਵਿਚ ਇਨ੍ਹਾਂ ਦਾ ਮਿੱਠਾ ਪਾਣੀ ਧਰਤੀ ਵਿਚ ਸਿੰਮਿਆ ਹੋਇਆ ਹੈ। ਇਸੇ ਲਈ ਇਹ ਪਾਣੀ ਮਨੁੱਖੀ ਜੀਵਨ, ਬਨਸਪਤੀ ਅਤੇ ਜੀਵਾਂ-ਜੰਤੂਆਂ ਦੇ ਜੀਵਨ ਨੂੰ ਪਾਲਣ ਤੇ ਵਿਕਸਿਤ ਕਰਨ ਵਾਸਤੇ ਗੁਣਕਾਰੀ ਹੈ। ਪਰ ਅੱਜ ਕੱਲ੍ਹ ਪੰਜਾਬ ਦੇ ਪਾਣੀਆਂ ਦੇ ਸੋਮਿਆਂ ਨੂੰ ਗੰਧਲਾ ਅਤੇ ਪਲੀਤ ਕਰਨਾ ਆਮ ਵਰਤਾਰਾ ਬਣ ਗਿਆ ਹੈ ਅਤੇ ਇਹ ਹਰ ਦਿਨ ਵਧਦਾ ਹੀ ਜਾ ਰਿਹਾ ਹੈ। ਨਤੀਜੇ ਵਜੋਂ ਪੰਜਾਬ ਦੇ ਪਾਣੀਆਂ ਦੇ ਬਹੁਤੇ ਸਰੋਤ ਖ਼ਤਰਨਾਕ ਪੱਧਰ ਤੱਕ ਗੰਧਲੇ ਤੇ ਪਲੀਤ ਹੋ ਚੁੱਕੇ ਹਨ। ਸੂਬੇ ਦੇ ਕੁਝ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਪੈਦਾ ਹੋ ਗਈ ਹੈ ਅਤੇ ਇਸ ਦੇ ਹੋਰ ਇਲਾਕਿਆਂ ਵਿਚ ਵੀ ਫੈਲਣ ਦੀ ਸੰਭਾਵਨਾ ਹੈ। ਇਥੇ ਪਾਣੀਆਂ ਨੂੰ ਖ਼ਰਾਬ, ਗੰਧਲਾ ਅਤੇ ਪਲੀਤ ਕਰਨ ਲਈ ਸਰਕਾਰਾਂ, ਲੋਕਾਂ ਅਤੇ ਵੱਖ-ਵੱਖ ਅਦਾਰਿਆਂ ਵੱਲੋਂ ਕੋਈ ਕਸਰ ਨਾ ਛੱਡਣ ਬਾਰੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਪਾਣੀਆਂ 'ਤੇ ਚਲ ਰਹੀ ਬਹਿਸ ਵਿਚ ਇਹ ਮੁੱਦਾ ਵੀ ਉਠਾਇਆ ਜਾ ਸਕੇ।

ਪੰਜਾਬ ਦੇ ਸ਼ਹਿਰਾਂ ਵਿਚ ਸੀਵਰੇਜ ਪਾਉਣ ਦਾ ਕੰਮ ਕਾਫੀ ਹੱਦ ਤੱਕ ਪੂਰਾ ਕਰ ਦਿੱਤਾ ਗਿਆ ਹੈ। ਪਰ ਬਹੁਤੇ ਸ਼ਹਿਰਾਂ ਅਤੇ ਥਾਵਾਂ 'ਤੇ ਸੀਵਰੇਜ ਦੇ ਗੰਦੇ ਪਾਣੀ ਵਾਸਤੇ ਟਰੀਟਮੈਂਟ ਪਲਾਂਟ ਨਹੀਂ ਲਗਾਏ ਗਏ। ਜਿਥੇ ਟਰੀਟਮੈਂਟ ਪਲਾਂਟ ਸਥਾਪਤ ਕੀਤੇ ਹਨ ਉਹ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ। ਇਹ ਸੂਬੇ ਦੀ ਸ਼ਹਿਰੀ ਵਿਕਾਸ ਯੋਜਨਾ ਅਤੇ ਸਬੰਧਤ ਅਧਿਕਾਰੀਆਂ ਦੀ ਅਣਗਹਿਲੀ ਹੀ ਕਹੀ ਜਾ ਸਕਦੀ ਹੈ। ਸੀਵਰੇਜ ਦੇ ਗੰਦੇ ਪਾਣੀ ਨੂੰ ਨਦੀਆਂ ਅਤੇ ਕੁਦਰਤੀ ਨਾਲਿਆਂ ਵਿਚ ਸ਼ਰ੍ਹੇਆਮ ਸੁੱਟਿਆ ਜਾ ਰਿਹਾ ਹੈ। ਇਹ ਪਾਣੀ ਦਰਿਆਵਾਂ ਅਤੇ ਨਾਲਿਆਂ ਦੇ ਸਾਫ਼ ਪਾਣੀ ਨੂੰ ਗੰਧਲਾ ਕਰਨ ਦਾ ਕਾਰਣ ਬਣ ਗਿਆ ਹੈ। ਸਾਰੇ ਵੱਡੇ ਸ਼ਹਿਰਾਂ ਜਿਵੇਂ ਜਲੰਧਰ ਦੇ ਸੀਵਰੇਜ ਦਾ ਪਾਣੀ ਬਿਆਸ ਅਤੇ ਲੁਧਿਆਣੇ ਦੇ ਸੀਵਰੇਜ ਦਾ ਪਾਣੀ ਸਤਲੁਜ ਵਿਚ ਪਾਇਆ ਜਾ ਰਿਹਾ ਹੈ। ਰੋਪੜ ਅਤੇ ਨੰਗਲ ਦਾ ਗੰਦਾ ਪਾਣੀ ਸਤਲੁਜ ਅਤੇ ਸਰਹਿੰਦ ਨਹਿਰ ਵਿਚ ਸੁੱਟਿਆ ਜਾ ਰਿਹਾ ਹੈ। ਚੰਡੀਗੜ੍ਹ ਅਤੇ ਮੋਹਾਲੀ ਦੇ ਸੀਵਰੇਜ ਦਾ ਪਾਣੀ ਘੱਗਰ ਦਰਿਆ ਵਿਚ ਸੁੱਟਿਆ ਜਾ ਰਿਹਾ ਹੈ। ਪਟਿਆਲਾ ਸ਼ਹਿਰ ਦੇ ਸੀਵਰੇਜ ਦਾ ਪਾਣੀ ਵੀ ਘੱਗਰ ਦਰਿਆ ਵਿਚ ਭੇਜਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰਾਂ ਅਤੇ ਕਸਬਿਆਂ ਦੇ ਆਸ-ਪਾਸ ਕਾਰਖਾਨੇ ਅਤੇ ਫੈਕਟਰੀਆਂ ਲੱਗ ਗਈਆਂ ਹਨ ਅਤੇ ਉਨ੍ਹਾਂ ਦਾ ਰਸਾਇਣਾਂ ਵਾਲਾ ਅਤੇ ਗੰਧਲਾ ਪਾਣੀ ਵੀ ਸੀਵਰੇਜ ਦੇ ਪਾਣੀ ਵਿਚ ਹੀ ਮਿਲਾ ਦਿਤਾ ਜਾਂਦਾ ਹੈ। ਇਸ ਦੀਆਂ ਪ੍ਰਮੁੱਖ ਉਦਾਹਰਣਾਂ ਵਿਚ ਪਹਿਲੀ, ਲੁਧਿਆਣਾ ਦੇ ਬੁੱਢਾ ਦਰਿਆ ਨੂੰ ਦੇਖਦੇ-ਦੇਖਦੇ ਇਕ ਗੰਦੇ ਪਾਣੀ ਦੇ ਨਾਲੇ ਵਿਚ ਤਬਦੀਲ ਹੋਣ ਤੋਂ ਮਿਲਦੀ ਹੈ। ਦੂਜਾ, ਪੰਜਾਬ ਦੀ ਹੱਦ ਦੇ ਨੇੜੇ ਹਿਮਾਚਲ ਦੇ ਬੱਦੀ ਅਤੇ ਨਾਲਾਗੜ੍ਹ ਵਿਚ ਲੱਗੀਆਂ ਫੈਕਟਰੀਆਂ ਦੇ ਰਸਾਇਣਾਂ ਵਾਲੇ ਅਤੇ ਗੰਧਲੇ ਪਾਣੀ ਦੇ ਨਾਲ-ਨਾਲ ਰਹਿੰਦ-ਖੂਹੰਦ ਦਾ ਵੀ ਸਰਸਾ ਨਦੀ ਰਾਹੀਂ ਸਤਲੁਜ ਅਤੇ ਸਰਹਿੰਦ ਨਹਿਰ ਵਿਚ ਆਉਣਾ ਹੈ। ਕਈ ਥਾਵਾਂ 'ਤੇ ਫੈਕਟਰੀਆਂ ਵਾਲਿਆਂ ਵਲੋਂ ਜ਼ਮੀਨ ਵਿਚ ਬੋਰ ਕਰਕੇ ਰਸਾਇਣਾਂ ਵਾਲੇ ਅਤੇ ਗੰਧਲੇ ਪਾਣੀ ਨੂੰ ਧਰਤੀ ਹੇਠਲੇ ਪਾਣੀ ਵਿਚ ਮਿਲਾਇਆ ਜਾਂਦਾ ਹੈ।

ਪੰਜਾਬ ਦੇ ਪਾਣੀਆਂ ਨੂੰ ਪਲੀਤ ਪੰਜਾਬ ਦੀ ਖੇਤੀਬਾੜੀ ਵੀ ਕਰ ਰਹੀ ਹੈ। ਕਿਉਂਕਿ ਹਰੇ ਇਨਕਲਾਬ ਦੀ ਆਮਦ ਦੇ ਨਾਲ ਹੀ ਖੇਤੀ ਵਿਗਿਆਨੀਆਂ/ਮਾਹਰਾਂ ਵਲੋਂ ਵੱਧ ਝਾੜ ਦੇਣ ਵਾਲੇ ਨਵੇਂ ਬੀਜਾਂ ਨੂੰ ਉਗਾਉਣ ਵਾਸਤੇ ਰਸਾਇਣਕ ਖਾਦਾਂ ਦੀ ਵਰਤੋਂ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਸਨ। ਹਰੇ ਇਨਕਲਾਬ ਦੀ ਤਕਨਾਲੋਜੀ ਨੂੰ ਕਾਮਯਾਬ ਕਰਨ ਵਾਸਤੇ ਵਰਤੋਂ ਲਈ ਇੱਕ ਪੈਕੇਜ ਦਿੱਤਾ ਗਿਆ ਸੀ, ਜਿਸ ਵਿਚ ਨਵੇਂ ਬੀਜ, ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ/ਕੀਟਨਾਸ਼ਕਾਂ ਦੀ ਵਰਤੋਂ, ਯਕੀਨੀ ਸਿੰਚਾਈ ਪ੍ਰਬੰਧ ਅਤੇ ਮਸ਼ੀਨੀਕਰਨ ਸ਼ਾਮਲ ਸਨ। ਕਿਉਂਕਿ ਖੇਤੀ ਦਾ ਵਪਾਰੀਕਰਨ ਹੋ ਗਿਆ ਇਸ ਕਰਕੇ ਫਸਲਾਂ ਦੇ ਬਚਾਅ ਲਈ ਕੀੜੇਮਾਰ ਦਵਾਈਆਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਗਿਆ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ/ਕੀਟਨਾਸ਼ਕਾਂ ਦੀ ਵਰਤੋਂ ਨਾਲ ਕੁਝ ਕੀੜੇ ਮਾਰਨ ਵਿਚ ਕਾਮਯਾਬੀ ਵੀ ਹਾਸਲ ਹੋਈ ਪਰ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਦਾ ਵੱਡਾ ਹਿੱਸਾ ਧਰਤੀ ਉਪਰ ਡਿੱਗ ਜਾਂਦਾ ਹੈ ਅਤੇ ਧਰਤੀ 'ਤੇ ਸਿੰਚਾਈ ਨਾਲ ਇਹ ਜ਼ਹਿਰ ਜ਼ਮੀਨ ਦੇ ਹੇਠਾਂ ਚਲੇ ਜਾਂਦੇ ਹਨ। ਹੌਲੀ-ਹੌਲੀ ਇਹ ਧਰਤੀ ਨੂੰ ਜ਼ਹਿਰੀਲਾ ਕਰਦੇ ਹਨ ਅਤੇ ਧਰਤੀ ਹੇਠਲੇ ਪਾਣੀ ਵਿਚ ਵੀ ਸ਼ਾਮਲ ਹੋ ਜਾਂਦੇ ਹਨ। ਇਸ ਨਾਲ ਪੰਜਾਬ ਦੀ ਧਰਤੀ ਹੇਠਲੇ ਪਾਣੀ ਵਿਚ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਦੀ ਮਿਲਾਵਟ ਹੋ ਗਈ ਹੈ। ਇੱਕ ਸਮਾਂ ਐਸਾ ਵੀ ਆਇਆ ਕਿ ਇਕੱਲੇ ਪੰਜਾਬ



ਵਿਚ ਦੇਸ਼ ਦੇ ਕੁੱਲ ਵਰਤੇ ਜਾਂਦੇ ਕੀਟਨਾਸ਼ਕਾਂ ਦਾ 25 ਪ੍ਰਤੀਸ਼ਤ ਖਪਤ ਹੋਣ ਲਗਿਆ ਸੀ। ਇਸ ਦੀ ਜ਼ਿੰਮੇਵਾਰੀ ਉਨ੍ਹਾਂ ਖੇਤੀ ਵਿਗਿਆਨੀਆਂ ਦੀ ਹੈ ਜਿਨ੍ਹਾਂ ਵਲੋਂ ਇਨ੍ਹਾਂ ਕੀਟਨਾਸ਼ਕਾਂ ਦੀ ਵਰਤੋਂ ਨਾਲ ਇਨ੍ਹਾਂ ਦੇ ਦੁਰਪ੍ਰਭਾਵਾਂ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਪਾਣੀਆਂ ਦੀ ਗੁਣਵੱਤਾ ਦੇ ਸਬੰਧ ਵਿਚ ਭਾਰਤ ਸਰਕਾਰ ਦੇ ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਉਤਰ-ਪੱਛਮੀ ਜ਼ੋਨ, ਅਤੇ ਜਲ ਸਾਧਨਾਂ ਅਤੇ ਵਾਤਾਵਰਨ ਡਾਇਰੈਕਟੋਰੇਟ, ਪੰਜਾਬ, ਚੰਡੀਗੜ੍ਹ, 2021 ਦੀ ਰਿਪੋਰਟ ਕਾਫ਼ੀ ਪ੍ਰਸੰਗਿਤ ਹੈ। ਇਸ ਰਿਪੋਰਟ ਵਿਚ ਪਾਣੀ ਦੀ ਗੁਣਵੱਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ ਵਿਚਲੇ ਅੰਕੜੇ ਸੂਬੇ ਦੇ ਸਾਰੇ ਵਿਕਾਸ ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦੇ ਅਧਿਐਨ ਵਾਸਤੇ 750 ਆਬਜ਼ਰਵੇਸ਼ਨ ਖੂਹਾਂ ਤੋਂ ਇਕੱਠੇ ਕਰਕੇ ਪੇਸ਼ ਕੀਤੇ ਗਏ ਹਨ। ਰਿਪੋਰਟ ਵਿਚ ਇਹ ਸਪਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਪੰਜਾਬ ਦੇ ਪਾਣੀਆਂ ਵਿਚ ਵਧ ਰਹੇ ਪ੍ਰਦੂਸ਼ਣ ਦੇ ਕਾਰਨਾਂ ਵਿਚ ਸ਼ਹਿਰੀਕਰਣ, ਉਦਯੋਗੀਕਰਨ ਅਤੇ ਵਧ ਰਹੀ ਖਾਦਾਂ, ਕੀਟਨਾਸ਼ਕਾਂ ਅਤੇ ਦਵਾਈਆਂ ਦੀ ਵਰਤੋਂ ਸ਼ਾਮਲ ਹਨ। ਇਸ ਰਿਪੋਰਟ ਅਨੁਸਾਰ ਧਰਤੀ ਹੇਠਲੇ 50-60 ਪ੍ਰਤੀਸ਼ਤ ਪਾਣੀ 60 ਮੀਟਰ ਦੀ ਡੂੰਘਾਈ ਤੱਕ ਉਤਰੀ, ਉਤਰੀ-ਪੂਰਬੀ ਅਤੇ ਕੇਂਦਰੀ ਪੰਜਾਬ ਵਿਚ ਆਮ ਤੌਰ 'ਤੇ ਠੀਕ ਹੈ। ਇਨ੍ਹਾਂ ਇਲਾਕਿਆਂ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਨਵਾਂਸ਼ਹਿਰ, ਰੋਪੜ, ਲੁਧਿਆਣਾ, ਫ਼ਤਿਹਗੜ੍ਹ ਸਾਹਿਬ ਅਤੇ ਮੋਹਾਲੀ ਜ਼ਿਲੇ ਆਉਂਦੇ ਹਨ। ਪਰ ਉਤਰ-ਪੱਛਮੀ ਅਤੇ ਕੇਂਦਰੀ ਪੰਜਾਬ ਦੇ ਤਰਨਤਾਰਨ, ਪਟਿਆਲਾ, ਸੰਗਰੂਰ, ਬਰਨਾਲਾ ਅਤੇ ਮੋਗਾ ਜ਼ਿਲ੍ਹਿਆਂ ਦਾ 20-30 ਪ੍ਰਤੀਸ਼ਤ ਪਾਣੀ ਸੀਮਾਂਤਕ ਤੌਰ 'ਤੇ ਠੀਕ ਹੈ। ਲਗਭਗ 15-25 ਪ੍ਰਤੀਸ਼ਤ ਧਰਤੀ ਹੇਠਲਾ ਪਾਣੀ ਦੱਖਣੀ ਅਤੇ ਦੱਖਣ-ਪੱਛਮੀ ਪੰਜਾਬ ਦਾ ਖਾਰਾ ਹੈ ਅਤੇ ਸਿੰਚਾਈ ਲਈ ਯੋਗ ਨਹੀਂ ਹੈ।

ਇਹ ਪਾਣੀ ਕੁੱਝ ਲੜੀਆਂ ਵਿਚ ਮੁਕਤਸਰ, ਬਠਿੰਡਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਮਿਲਦਾ ਹੈ। ਇਵੇਂ ਹੀ ਸਟੇਟ ਅਤੇ ਸੈਂਟਰਲ ਗਰਾਊਂਡ ਵਾਟਰ ਬੋਰਡਾਂ ਨੇ ਤਿੰਨ ਰਸਾਇਣਕ ਤੱਤਾਂ ਨਾਲ ਪਾਣੀ ਦੀ ਗੁਣਵੱਤਾ ਦੀ ਵੰਡ ਕੀਤੀ ਹੈ। ਇਹ ਹਨ: ਜ਼ਹਿਰੀਲਾ (Arsenic), ਫਲੋਰਾਇਡ ਅਤੇ ਖਾਰਾ (Salinity)। ਇਸ ਵਾਸਤੇ ਪੰਜਾਬ ਦੇ 22 ਜ਼ਿਲ੍ਹਿਆਂ ਵਿਚ ਵੱਖ-ਵੱਖ ਥਾਵਾਂ 'ਤੇ ਅਧਿਐਨ ਵਾਸਤੇ ਖੂਹਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਨ੍ਹਾਂ ਵਿਚੋਂ ਪਾਣੀ ਦੇ 302 ਸੈਂਪਲ ਲੈਣ ਤੋਂ ਬਾਅਦ ਰਸਾਇਣਕ ਅਧਿਐਨ ਕੀਤਾ ਗਿਆ ਹੈ। ਸੂਬੇ ਦੇ ਧਰਤੀ ਹੇਠਲੇ ਪਾਣੀ ਦੇ ਲਏ ਗਏ ਇਨ੍ਹਾਂ ਸੈਂਪਲਾਂ ਵਿਚੋਂ ਬਹੁਤੇ ਫੇਲ੍ਹ ਪਾਏ ਗਏ, ਕਿਉਂਕਿ ਇਨ੍ਹਾਂ ਵਿਚ ਮੈਗਨੇਸ਼ੀਅਮ, ਸੋਡੀਅਮ, ਪੋਟਾਸ਼ੀਅਮ, ਬਾਈਓਕਾਰਬੋਨੇਟ, ਕਲੋਰਾਇਡ, ਸਲਫੇਟ, ਨਾਈਟ੍ਰੇਟ, ਆਦਿ, ਮਨੁੱਖੀ ਜੀਵਨ, ਪਸ਼ੂ ਅਤੇ ਪੰਛੀਆਂ ਅਤੇ ਬਨਸਪਤੀ ਲਈ ਸੁਝਾਈਆਂ ਜਾਂਦੀਆਂ ਮਿਕਦਾਰ ਨਾਲੋਂ ਘੱਟ ਜਾਂ ਵੱਧ ਪਾਏ ਗਏ। ਇਹ ਪਾਣੀ ਵਿਚ ਜ਼ਹਿਰਾਂ ਜਾਂ ਰਸਾਇਣਾਂ ਦੀ ਜ਼ਿਆਦਾ ਮਾਤਰਾ ਮਿਲਾਵਟ ਨੂੰ ਦਰਸਾਉਂਦੀ ਹੈ। ਇਹ ਮਿਲਾਵਟ ਉਦਯੋਗਿਕ ਇਕਾਈਆਂ, ਸ਼ਹਿਰਾਂ ਦੇ ਸੀਵਰੇਜ ਅਤੇ ਖੇਤੀਬਾੜੀ ਵਿਚ ਵਰਤੇ ਜਾਂਦੇ ਰਸਾਇਣਕ ਪਦਾਰਥਾਂ ਕਾਰਨ ਪੈਦਾ ਹੋਈ ਹੈ। ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਣ ਨਾਲ ਕਾਫ਼ੀ ਪਿੰਡਾਂ ਅਤੇ ਸ਼ਹਿਰਾਂ ਵਿਚ ਪੀਣ ਵਾਲੇ ਪਾਣੀ ਦੀ ਸਮਸਿਆ ਬਣਦੀ ਜਾ ਰਹੀ ਹੈ। ਕਈ ਲੋਕਾਂ ਨੇ ਆਪਣੇ ਘਰਾਂ ਵਿਚ ਵਰਤਣ ਵਾਲੇ ਪਾਣੀ ਨੂੰ ਸਾਫ਼ ਕਰਨ ਵਾਸਤੇ ਜੰਤਰ ਫਿੱਟ ਕਰਵਾਏ ਹਨ। ਕਈ ਪਿੰਡਾਂ ਵਿਚ ਟੂਟੀਆਂ ਦੇ ਪਾਣੀ ਦੀ ਸਪਲਾਈ ਦੇ ਨਾਲ-ਨਾਲ ਆਰ ਓ ਸਿਸਟਮ ਲਗਾਏ ਗਏ ਹਨ। ਇਸ ਦੇ ਬਾਵਜੂਦ ਪੰਜਾਬ ਦੇ ਲੋਕ ਪਲੀਤ ਅਤੇ ਗੰਧਲੇ ਪਾਣੀਆਂ ਕਾਰਨ ਕੈਂਸਰ ਅਤੇ ਕੈਂਸਰ ਵਰਗੀਆਂ ਨਾਮੁਰਾਦ ਬਹੁਤ ਸਾਰੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੈ ਕਿ ਸਰਕਾਰਾਂ, ਸਰਕਾਰੀ ਅਦਾਰਿਆਂ, ਕਾਰਪੋਰੇਟ ਘਰਾਣਿਆਂ, ਵਪਾਰੀਆਂ, ਸਨਅਤਕਾਰਾਂ, ਕੀਟਨਾਸ਼ਕਾਂ ਅਤੇ ਰਸਾਇਣਾਂ ਆਧਾਰਤ ਖੇਤੀਬਾੜੀ ਅਤੇ ਆਮ ਲੋਕਾਂ ਨੇ ਘਰਾਂ ਵਿਚ ਪਾਣੀਆਂ ਦੀ ਕੇਵਲ ਹੱਦੋਂ ਵੱਧ ਵਰਤੋਂ ਅਤੇ ਨਿਕਾਸੀ ਹੀ ਨਹੀਂ ਕੀਤੀ ਸਗੋਂ ਸੂਬੇ ਦੇ ਪਾਣੀਆਂ ਨੂੰ ਖ਼ਤਰਨਾਕ ਪੱਧਰ ਤੱਕ ਪਲੀਤ ਅਤੇ ਗੰਧਲਾ ਵੀ ਕੀਤਾ ਹੈ। ਅਫਸੋਸ ਇਸ ਗੱਲ ਦਾ ਹੈ ਕਿ ਇਹ ਵਰਤਾਰਾ ਸਰਕਾਰਾਂ, ਸਰਕਾਰੀ ਅਦਾਰਿਆਂ ਅਤੇ ਲੋਕਾਂ ਦੀਆਂ ਅੱਖਾਂ ਸਾਹਮਣੇ ਬੇ-ਰੋਕਟੋਕ ਲਗਾਤਾਰ ਜਾਰੀ ਹੈ। ਪਾਣੀਆਂ ਦੀ ਗੁਣਵੱਤਾ ਨੂੰ ਮਨੁੱਖੀ ਕਾਰਵਾਈਆਂ ਨੇ ਹੀ ਖਰਾਬ ਕੀਤਾ ਹੈ ਅਤੇ ਇਸ ਨੂੰ ਠੀਕ ਕਰਨ ਦੀ ਜ਼ਿੰਮੇਵਾਰੀ ਵੀ ਮਨੁੱਖਾਂ ਅਤੇ ਮਨੁੱਖੀ ਸੰਸਥਾਵਾਂ ਦੀ ਹੀ ਹੈ ਅਤੇ ਇਸ ਨੂੰ ਠੀਕ ਵੀ ਇਨ੍ਹਾਂ ਵਲੋਂ ਹੀ ਕਰਨਾ ਪੈਣਾ ਹੈ। ਹੁਣ ਵਕਤ ਆ ਗਿਆ ਹੈ ਕਿ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਸਮੇਂ ਮਨੁੱਖਤਾ ਕੋਲ ਸਾਧਨ ਵੀ ਹਨ ਅਤੇ ਤਕਨਾਲੋਜੀ ਵੀ ਉਪਲਬਧ ਹੈ। ਜੇ ਹੰਭਲਾ ਮਾਰਿਆ ਜਾਵੇ ਤਾਂ ਪਾਣੀ ਨੂੰ ਸਵੱਛ ਬਣਾ ਕੇ ਪੰਜਾਬ ਦੇ ਲੋਕਾਂ, ਜੀਵ-ਜੰਤੂਆਂ ਅਤੇ ਬਨਸਪਤੀ ਦੀ ਜ਼ਿੰਦਗੀ ਨੂੰ ਸਿਹਤਮੰਦ ਬਣਾਇਆ ਜਾ ਸਕਦਾ ਹੈ ਅਤੇ ਵਾਤਾਵਰਣ ਨੂੰ ਵੀ ਸੰਭਾਲਿਆ ਜਾ ਸਕਦਾ ਹੈ। ਇਸ ਵਾਸਤੇ ਲੋਕਾਂ ਦਾ ਧਿਆਨ ਚੇਤਨਾ ਪੈਦਾ ਕਰਨ ਅਤੇ ਕੋਸ਼ਿਸ਼ਾਂ ਕਰਨ ਵੱਲ ਵਧਾਇਆ ਜਾ ਸਕਦਾ ਹੈ। ਇਸ ਵਾਸਤੇ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਅਤੇ ਲੋਕ ਪੱਖੀ ਜਥੇਬੰਦੀਆਂ ਨੂੰ ਇਸ ਨੂੰ ਠੀਕ ਕਰਨ ਵਾਸਤੇ ਕੋਸ਼ਿਸ਼ਾਂ ਕਰਨੀਆਂ ਪੈਣੀਆਂ ਹਨ। ਇਨ੍ਹਾਂ ਜਥੇਬੰਦੀਆਂ ਦੀਆਂ ਸਰਗਮੀਆਂ ਨਾਲ ਸਰਕਾਰ ਨੂੰ ਪਾਣੀਆਂ ਨੂੰ ਸਾਫ਼ ਰੱਖਣ ਵਾਸਤੇ ਸਰਗਰਮ ਕੀਤਾ ਜਾ ਸਕਦਾ ਹੈ। ਜੇ ਲੋਕ ਜਾਗਰੂਕ ਹੋਣ ਅਤੇ ਸਰਕਾਰ ਸਰਗਰਮ ਹੋ ਜਾਵੇ ਤਾਂ ਧਰਤੀ ਹੇਠਲੇ ਪਾਣੀ ਅਤੇ ਨਦੀਆਂ-ਨਾਲਿਆਂ ਦੇ ਪਾਣੀ ਨੂੰ ਸਾਫ-ਸੁਥਰਾ ਰੱਖਣਾ ਸੰਭਵ ਹੋ ਸਕਦਾ ਹੈ। ਹੁਣ ਸਮਾਂ ਅਤੇ ਸਥਿਤੀ ਇਹ ਮੰਗ ਕਰਦੀ ਹੈ ਕਿ ਸਰਕਾਰਾਂ ਅਤੇ ਲੋਕਾਂ ਨੂੰ ਇਸ ਵਰਤਾਰੇ ਸਬੰਧੀ ਜਾਗਰੂਕ ਹੋਣਾ ਪਵੇਗਾ ਨਹੀਂ ਤਾਂ ਵੇਲਾ ਬੀਤਣ ਤੋਂ ਬਾਅਦ ਪਛਤਾਉਣ ਦਾ ਕੋਈ ਵੀ ਫਾਇਦਾ ਨਹੀਂ ਹੋਵੇਗਾ।

***-ਵਿਸ਼ੇਸ਼ ਸਹਿਯੋਗ ਲਈ ਪ੍ਰੋਫੈਸਰ ਸੁੱਚਾ ਸਿੰਘ ਗਿੱਲ ਜੀ ਦਾ ਬਹੁਤ ਬਹੁਤ ਧੰਨਵਾਦ ਹੈ।***

---

***(ਪਿਛਲੇ ਸਫੇ ਦਾ ਬਾਕੀ)***

ਮਹੱਤਵਪੂਰਨ ਸਥਾਨ ਬਣਾਇਆ। ਪਰ ਇਸੇ ਨਾਲ ਕੁਝ ਖਾਲਿਸਤਾਨ ਸਰਗਰਮੀਆਂ ਨੇ ਭਾਰਤ-ਕੈਨੇਡਾ ਸੰਬੰਧਾਂ ਵਿਚ ਤਣਾਅ ਵੀ ਪੈਦਾ ਕੀਤਾ। ਕੈਨੇਡੀਅਨ ਸਰਕਾਰ ਲਈ ਚੁਣੌਤੀ ਇਹ ਰਹੀ ਹੈ ਕਿ ਉਹ ਪ੍ਰਗਟਾਵੇ ਦੀ ਆਜ਼ਾਦੀ (Freedom of expression) ਦੀ ਰੱਖਿਆ ਕਰੇ ਪਰ ਹਿੰਸਾ ਜਾਂ ਧਮਕੀ ਨੂੰ ਬਰਦਾਸ਼ਤ ਨਾ ਕਰੇ। ਅਜੋਕੇ ਦੌਰ ਵਿਚ 1984 ਤੋਂ ਬਾਅਦ ਦੀ ਸ਼ਰਨਾਰਥੀਆਂ ਦੀ ਕਹਾਣੀ ਅਤੇ ਅੱਜ ਦੀ ਪ੍ਰਵਾਸੀ ਭਾਈਚਾਰੇ ਦੀ ਰਾਜਨੀਤੀ ਇੱਕ ਦੂਜੇ ਤੋਂ ਵੱਖ ਹੋ ਜਾਂਦੀਆਂ ਹਨ।

ਪੱਛਮ ਵਿਚ ਸਿੱਖ ਪ੍ਰਵਾਸ ਦੀ ਕਹਾਣੀ ਨੂੰ ਸਿਰਫ਼ ਖਾਲਿਸਤਾਨ ਦੀ ਰਾਜਨੀਤੀ ਨਾਲ ਜੋੜ ਕੇ ਦੇਖਣਾ ਅਧੂਰਾ ਵਿਸ਼ਲੇਸ਼ਣ ਹੋਵੇਗਾ। ਬਹੁਤ ਸਾਰੇ ਸਿੱਖ ਪੱਛਮ ਵਿਚ ਆਏ, ਆਪਣੇ ਪਰਿਵਾਰ ਵਸਾਏ, ਸਿੱਖਿਆ ਪ੍ਰਾਪਤ ਕੀਤੀ, ਕਾਰੋਬਾਰ ਖੜ੍ਹੇ ਕੀਤੇ ਅਤੇ ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਦੇ ਸਮਾਜਾਂ ਦਾ ਅਟੁੱਟ ਹਿੱਸਾ ਬਣ ਗਏ। ਉਨ੍ਹਾਂ ਦੀ ਸਫਲਤਾ ਪੱਛਮੀ ਲੋਕਤੰਤਰ ਦੀ ਉਸ ਵਿਵਸਥਾ ਦੀ ਵੀ ਕਹਾਣੀ ਹੈ, ਜਿਸ ਨੇ ਉਨ੍ਹਾਂ ਨੂੰ ਆਪਣੀ ਪਛਾਣ ਨਾਲ ਜਿਊਣ ਦੀ ਆਜ਼ਾਦੀ ਦਿੱਤੀ। ਇਸੇ ਪ੍ਰਵਾਸੀ ਭਾਈਚਾਰੇ ਵਿਚੋਂ ਇੱਕ ਹਿੱਸੇ ਨੇ ਖਾਲਿਸਤਾਨ ਦੀ ਰਾਜਨੀਤੀ ਨੂੰ ਵੀ ਜਿਉਂਦਾ ਰੱਖਿਆ। ਪਰ ਇੱਕ ਸੀਮਤ ਸਿੱਖ ਪ੍ਰਵਾਸੀ ਭਾਈਚਾਰੇ ਦੀ ਰਾਜਨੀਤਕ ਸਰਗਰਮੀ ਅਤੇ ਪੰਜਾਬ ਦੇ ਲੋਕਾਂ ਦੀ ਰਾਜਨੀਤਕ ਇੱਛਾ ਇੱਕੋ ਚੀਜ਼ ਨਹੀਂ ਹਨ। ਅੱਜ ਦਾ ਸਭ ਤੋਂ ਮਹੱਤਵਪੂਰਨ ਸਵਾਲ ਇਹ ਨਹੀਂ ਕਿ ਵਿਦੇਸ਼ਾਂ ਵਿਚ ਕਿੰਨੇ ਲੋਕ ਖਾਲਿਸਤਾਨ ਦੇ ਹੱਕ ਵਿਚ ਨਾਅਰੇ ਲਾਉਂਦੇ ਹਨ। ਅਸਲ ਸਵਾਲ ਇਹ ਹੈ ਕਿ ਪੰਜਾਬ ਦੀ ਧਰਤੀ 'ਤੇ ਰਹਿਣ ਵਾਲੇ ਲੋਕ ਆਪਣੇ ਭਵਿੱਖ ਬਾਰੇ ਕੀ ਸੋਚਦੇ ਹਨ ਅਤੇ ਇੱਕ ਵੱਖਰੇ ਰਾਜ ਲਈ ਉਹ ਕਿੰਨੀ ਕੀਮਤ ਦੇਣ ਲਈ ਤਿਆਰ ਹਨ?

ਕੁਝ ਇੱਕ ਖਾਲਿਸਤਾਨ ਵਿਚਾਰਕਾਂ ਦਾ ਖ਼ਿਆਲ ਹੈ ਕਿ ਜੀਓ ਪਲੇਟਿਕਸ ਦੇ ਚਲਦਿਆਂ ਬਾਹਰੀ ਸ਼ਕਤੀਆਂ ਖ਼ਾਸ ਕਰਕੇ ਅਮਰੀਕਾ ਉਨ੍ਹਾਂ ਦੀ ਖ਼ਾਲਿਸਤਾਨ ਬਣਾਉਣ ਵਿਚ ਮਦਦ ਕਰ ਸਕਦਾ ਹੈ। ਉਹ ਇਹ ਸੋਚਦੇ ਹਨ ਕਿ ਭਵਿੱਖ ਵਿਚ ਭਾਰਤ ਨਾਲ ਟਕਰਾਅ ਜਾਂ ਵੱਡੀ ਭੂ-ਰਾਜਨੀਤਕ ਤਬਦੀਲੀ ਦੀ ਸਥਿਤੀ ਵਿਚ ਅਮਰੀਕਾ ਜਾਂ ਕੋਈ ਹੋਰ ਬਾਹਰੀ ਸ਼ਕਤੀ ਖ਼ਾਲਿਸਤਾਨ ਦੇ ਪੱਖ ਵਿਚ ਆ ਸਕਦੀ ਹੈ। ਸਿੱਖ ਸੰਘਰਸ਼ ਦੌਰਾਨ ਅਤੇ ਬਾਅਦ ਵਿਚ ਵੀ ਖਾਲਿਸਤਾਨੀ ਲਹਿਰ ਨੂੰ ਪ੍ਰਣਾਏ ਕੁਝ ਲੋਕ ਪਾਕਿਸਤਾਨ ਵਰਗੇ ਦੋ ਕੌਮੀ ਸਿਧਾਂਤ 'ਤੇ ਉਸਰੇ ਅਧੂਰੇ ਜਿਹੇ ਮੁਲਕ ਕੋਲੋਂ ਇਹ ਉਮੀਦ ਪਾਲਦੇ ਰਹੇ। ਅੱਜ ਉਹ ਸੋਚਦੇ ਹਨ ਕਿ ਅਮਰੀਕਾ ਪੰਜਾਬ ਦੇ ਮਸਲੇ ਨੂੰ ਭਾਰਤ ਉੱਤੇ ਦਬਾਅ ਬਣਾਉਣ ਲਈ ਵਰਤ ਸਕਦਾ ਹੈ। ਇਹ ਮੰਨ ਲੈਣਾ ਕਿ ਅਮਰੀਕਾ ਨੂੰ ਜਦੋਂ ਵੀ ਭਾਰਤ ਨੂੰ ਕਮਜ਼ੋਰ ਕਰਨ ਦੀ ਲੋੜ ਪਵੇਗੀ, ਉਹ ਖਾਲਿਸਤਾਨ ਬਣਾਉਣ ਵਿਚ ਮਦਦ ਕਰੇਗਾ, ਇੱਕ ਬਹੁਤ ਵੱਡੀ ਗ਼ਲਤ-ਫ਼ਹਿਮੀ ਹੈ। ਭਾਰਤੀ ਪੰਜਾਬ ਪਾਕਿਸਤਾਨ, ਜੰਮੂ-ਕਸ਼ਮੀਰ ਅਤੇ ਉਤਰੀ ਭਾਰਤ ਦੇ ਵਿਚਕਾਰ ਇੱਕ ਬਹੁਤ ਸੰਵੇਦਨਸ਼ੀਲ ਖੇਤਰ ਹੈ। ਇਸ ਲਈ ਕੁਝ ਲੋਕ ਇਹ ਕਲਪਨਾ ਕਰਦੇ ਹਨ ਕਿ ਕਿਸੇ ਵੇਲੇ ਭਾਰਤ-ਪਾਕਿਸਤਾਨ ਜਾਂ ਭਾਰਤ-ਚੀਨ ਟਕਰਾਅ ਵਿਚ ਪੰਜਾਬ ਦੀ ਰਾਜਨੀਤਕ ਸਥਿਤੀ ਵੱਡੀ ਭੂ-ਰਾਜਨੀਤਕ ਮਹੱਤਤਾ ਹਾਸਲ ਕਰ ਸਕਦੀ ਹੈ। ਕੁਝ ਖਾਲਿਸਤਾਨ ਪੱਖੀ ਲੇਖਕ ਇਹ ਦਲੀਲ ਦਿੰਦੇ ਹਨ ਕਿ ਵੱਡੀਆਂ ਸ਼ਕਤੀਆਂ ਨੇ ਇਤਿਹਾਸ ਵਿਚ ਛੋਟੇ ਰਾਜਾਂ ਜਾਂ ਆਜ਼ਾਦੀ ਅੰਦੋਲਨਾਂ ਨੂੰ ਕਿਸੇ ਨਾ ਕਿਸੇ ਪੜਾਅ 'ਤੇ ਸਮਰਥਨ ਦਿੱਤਾ ਹੀ ਹੈ। ਇਸ ਲਈ ਉਹ ਮੰਨਦੇ ਹਨ ਕਿ ਭਵਿੱਖ ਵਿਚ ਅਜਿਹਾ ਪੰਜਾਬ ਨਾਲ ਵੀ ਹੋ ਸਕਦਾ ਹੈ।

ਸਿੱਖ ਸਿਆਸਤ ਵਿਚ ਇੱਕ ਹੋਰ ਗ਼ਲਤ ਵਿਚਾਰ ਅਕਸਰ ਪ੍ਰਚਾਰਿਆ ਜਾਂਦਾ ਹੈ ਕਿ ਸਿੱਖ ਸਿਆਸਤ ਵਿਚ ਆਏ ਇਸ ਨਿਘਾਰ ਦੇ ਕਸੂਰਵਾਰ ਵੰਡ ਸਮੇਂ ਦੇ ਸਿੱਖ ਲੀਡਰ ਹੀ ਹਨ। ਖ਼ਾਸ ਕਰਕੇ ਮਾਸਟਰ ਤਾਰਾ ਸਿੰਘ ਬਾਰੇ ਅਜਿਹਾ ਦੁਰ-ਪ੍ਰਚਾਰ ਕੁਝ ਇੱਕ ਤੱਤੀਆਂ ਧਿਰਾਂ ਦਾ ਹਮੇਸ਼ਾ ਹੀ ਮੁੱਖ ਏਜੰਡਾ ਰਿਹਾ ਹੈ। ਕਿਹਾ ਇਹ ਜਾਂਦਾ ਹੈ ਕਿ ਬ੍ਰਿਟਿਸ਼ ਹਕੂਮਤ ਤਾਂ ਵੱਖਰੀ ਸਿੱਖ ਸਟੇਟ ਬਣਾਉਣਾ ਚਾਹੁੰਦੀ ਸੀ, ਪਰ ਤਤਕਾਲੀ ਲੀਡਰਸ਼ਿਪ ਨੇ ਮੌਕਾ ਗੁਆ ਦਿੱਤਾ। ਵੰਡ ਸਮੇਂ ਦੀ ਸਿੱਖ ਸਿਆਸਤ ਦੀ ਸਾਰੀ ਅਸਫਲਤਾ ਦਾ ਦੋਸ਼ ਮਾਸਟਰ ਤਾਰਾ ਸਿੰਘ ਜਾਂ ਕੁਝ ਗਿਣਤੀ ਦੇ ਸਿੱਖ ਆਗੂਆਂ ਉੱਤੇ ਪਾ ਦੇਣਾ ਇਤਿਹਾਸ ਨੂੰ ਬਹੁਤ ਸਰਲ ਕਰ ਦੇਣ ਵਾਲੀ ਪਹੁੰਚ ਹੈ। ਇਸ ਵਿਚ ਮਾਸਟਰ ਤਾਰਾ ਸਿੰਘ ਦੀਆਂ ਆਪਣੀਆਂ ਰਾਜਨੀਤਿਕ ਗ਼ਲਤੀਆਂ ਦੀ ਆਲੋਚਨਾ ਹੋ ਸਕਦੀ ਹੈ, ਪਰ ਉਨ੍ਹਾਂ ਨੂੰ ਹੀ ਮੁੱਖ ਜਾਂ ਇਕਲੌਤਾ ਦੋਸ਼ੀ ਬਣਾਉਣਾ ਇਤਿਹਾਸਕ ਤੌਰ 'ਤੇ ਕਮਜ਼ੋਰ ਦਲੀਲ ਹੈ। ਬਾਅਦ ਦੀਆਂ ਪੰਥਕ ਅਖਵਾਉਂਦੀਆਂ ਵੱਖ ਵੱਖ ਧਿਰਾਂ ਵੱਲੋਂ ਕੀਤੀਆਂ ਵਿਆਖਿਆਵਾਂ ਨੇ 1947 ਦੇ ਅਤਿਅੰਤ ਕਠਨ ਸਮੇਂ ਦੀ ਜਟਿਲ ਅਤੇ ਗੁੰਝਲਦਾਰ ਰਾਜਨੀਤੀ ਨੂੰ ਉਸ ਵੇਲੇ ਦੇ ਸਿੱਖ ਆਗੂਆਂ ਨੇ ਕੌਮ ਨੂੰ ਧੋਖਾ ਦਿੱਤਾ ਵਾਲੀ ਇੱਕ ਲਾਈਨ ਦੀ ਕਥਾ ਵਿਚ ਬਦਲ ਦਿੱਤਾ। ਅਜਿਹੀ ਵਿਆਖਿਆ ਅੱਜ ਦੀ ਰਾਜਨੀਤੀ ਵਿਚ ਵੀ ਵਰਤੀ ਜਾ ਰਹੀ ਹੈ। ਕਿਉਂਕਿ ਇਸ ਨਾਲ ਮੌਜੂਦਾ ਅਸਫਲਤਾਵਾਂ ਲਈ ਇਨ੍ਹਾਂ ਧਿਰਾਂ ਨੂੰ ਜਿਨ੍ਹਾਂ ਦੀ ਆਪਣੀ ਕੋਈ ਵੀ ਮਾਣ ਕਰਨ ਯੋਗ ਪ੍ਰਾਪਤੀ ਨਹੀਂ ਹੈ, ਨੂੰ ਇਤਿਹਾਸ ਵਿਚ ਕਿਸੇ ਐਸੀ ਧਿਰ ਨੂੰ ਦੋਸ਼ੀ ਤਿਆਰ ਕਰ ਦਿੱਤਾ ਜਾਂਦਾ ਹੈ, ਜੋ ਅੱਜ ਦੀ ਰਾਜਨੀਤੀ ਦੀ ਮੁੱਖ ਧਾਰਾ ਵਿਚ ਨਹੀਂ ਹੈ। ਕੀ ਅਜ਼ਾਦੀ ਤੋਂ ਬਾਅਦ ਦੀ ਸਿੱਖ ਰਾਜਨੀਤੀ ਵਿਚ ਕੋਈ ਸਬਕ ਸਿੱਖਿਆ ਗਿਆ? ਜੇ ਅਜਿਹਾ ਹੁੰਦਾ ਤਾਂ ਪੰਜਾਬ ਦੀ ਫਿਰ ਤੋਂ ਦੂਹਰੀ-ਤੀਹਰੀ ਵੰਡ ਹੀ ਨਾ ਹੁੰਦੀ। ਜੇ ਇਹ ਮੰਨ ਵੀ ਲਿਆ ਜਾਵੇ ਕਿ 1947 ਵਿਚ ਸਿੱਖਾਂ ਦੀ ਕਮਜ਼ੋਰੀ ਦਾ ਇੱਕ ਕਾਰਨ ਸਿਆਸੀ ਮੁੱਲ-ਤੋਲ ਕਰਨ ਦੀ ਸ਼ਕਤੀ (Bargaining Power) ਦੀ ਘਾਟ ਸੀ। 1960ਵਿਆਂ ਵਿਚ ਜਦੋਂ ਪੰਜਾਬੀ ਸੂਬੇ ਦੀ ਮੰਗ ਲਈ ਇੱਕ ਵੱਡੀ ਜਨਤਕ ਲਾਮਬੰਦੀ ਹੋਈ ਸੀ, ਉਸ ਵੇਲੇ ਦੀ ਸਿੱਖ ਲੀਡਰਸ਼ਿਪ ਨੇ ਵੀ ਆਪਣੀ ਅੰਦਰੂਨੀ ਏਕਤਾ ਕਾਇਮ ਨਾ ਰੱਖੀ। ਅਨੇਕਾਂ ਵਾਰ ਇਹ ਇਤਿਹਾਸ ਦੁਹਰਾਇਆ ਗਿਆ। ਧਰਮ ਯੁੱਧ ਮੋਰਚੇ ਵੇਲੇ ਫਿਰ 1984 ਦੇ ਅਪ੍ਰੇਸ਼ਨ ਬਲੂ ਸਟਾਰ ਵਾਪਰਨ ਦੇ ਕਾਰਨਾਂ ਦੀ ਕੀ ਕਦੀ ਨਿਠ ਕੇ ਪੜਚੋਲ ਹੋਈ? ਧਰਮ ਯੁੱਧ ਮੋਰਚੇ ਦੀ ਪੈਦਾ ਹੋਈ ਭਾਵਨਾਤਮਿਕ ਖਾੜਕੂ ਸੋਚ ਦੇ ਸ਼ਿਕਾਰ ਨੌਜੁਆਨਾਂ, ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਅਤੇ 1984 ਦੇ ਦਿੱਲੀ ਕਤਲੇਆਮ ਦੇ ਮਜ਼ਲੂਮ ਪੀੜਤਾਂ ਦੀ ਸਾਰ ਕੀ ਕਿਸੇ ਨੇ ਲਈ ਹੈ?

ਦਰਅਸਲ ਸਿੱਖ ਰਾਜਨੀਤੀ ਵਿਚ ਖਲਾਅ ਪੈਦਾ ਹੋ ਚੁੱਕਾ ਹੈ। ਇਸ ਸਮੇਂ ਕੋਈ ਵੀ ਅਜਿਹਾ ਰੋਲ ਮਾਡਲ ਸਿੱਖਾਂ ਕੋਲ ਨਹੀਂ, ਜਿਸ ਦੇ ਕੰਮਾਂ ਨੂੰ ਮੁੱਖ ਰੱਖ ਕੇ ਸਿੱਖ ਭਾਈਚਾਰਾ ਕੋਈ ਸੇਧ ਪ੍ਰਾਪਤ ਕਰ ਸਕੇ। ਸਿੱਖ ਰਾਜਨੀਤੀ ਦਾ ਇਤਿਹਾਸਕ ਆਧਾਰ ਸਰਬੱਤ ਦੇ ਭਲੇ, ਨਿਆਂ, ਮਨੁੱਖੀ ਬਰਾਬਰੀ, ਜ਼ੁਲਮ ਦੇ ਵਿਰੋਧ ਅਤੇ ਪੰਜਾਬ ਦੇ ਹਿੱਤਾਂ ਨਾਲ ਜੁੜਿਆ ਰਿਹਾ ਹੈ। ਪਰ ਅੱਜ ਦੀ ਰਾਜਨੀਤੀ ਵਿਚ ਇਹ ਵੱਡੇ ਸਿਧਾਂਤ ਅਕਸਰ ਚੋਣਾਂ ਦੇ ਗਣਿਤ, ਗੁੱਟਬੰਦੀ ਅਤੇ ਤੁਰੰਤ ਮਸਲਿਆਂ ਹੇਠ ਦੱਬ ਜਾਂਦੇ ਹਨ। ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸੰਸਥਾਵਾਂ ਤੋਂ ਸਿੱਖ ਭਾਈਚਾਰਾ ਸਿਰਫ਼ ਪ੍ਰਸ਼ਾਸਨ ਦੀ ਉਮੀਦ ਨਹੀਂ ਕਰਦਾ, ਸਗੋਂ ਉਹ ਇਨ੍ਹਾਂ ਸੰਸਥਾਵਾਂ 'ਤੋਂ ਨੈਤਿਕ ਅਤੇ ਵਿਚਾਰਧਾਰਕ ਅਗਵਾਈ ਦੀ ਵੀ ਉਮੀਦ ਕਰਦਾ ਹੈ। ਜਦੋਂ ਇਹ ਸੰਸਥਾਵਾਂ ਆਪਸੀ ਧੜੇਬੰਦੀ ਜਾਂ ਸਿਆਸੀ ਪ੍ਰਭਾਵ ਦੇ ਸਵਾਲਾਂ ਵਿਚ ਘਿਰਦੀਆਂ ਹਨ ਤਾਂ ਆਮ ਸਿੱਖ ਲਈ ਸੇਧ ਦਾ ਕੇਂਦਰ ਕਮਜ਼ੋਰ ਹੁੰਦਾ ਹੈ। ਅੱਜ ਦਾ ਨੌਜਵਾਨ ਰੋਜ਼ਗਾਰ, ਵਿਦੇਸ਼ ਜਾਣ, ਸਿੱਖਿਆ, ਨਸ਼ਿਆਂ, ਵਾਤਾਵਰਨ, ਤਕਨਾਲੋਜੀ ਅਤੇ ਆਪਣੀ ਪਛਾਣ ਵਰਗੇ ਮਸਲਿਆਂ ਨਾਲ ਜੂਝ ਰਿਹਾ ਹੈ। ਜੇ ਸਿਆਸਤ ਉਸ ਨੂੰ ਸਿਰਫ਼ ਪੁਰਾਣੇ ਨਾਅਰੇ ਅਤੇ ਇਤਿਹਾਸਕ ਪ੍ਰਤੀਕ ਹੀ ਦੇਵੇਗੀ ਜਿਸ ਵਿਚ ਭਵਿੱਖ ਦੀ ਸਪਸ਼ਟ ਦਿਸ਼ਾ ਨਹੀਂ ਦੇਵੇਗੀ, ਤਾਂ ਨਵੀਂ ਪੀੜ੍ਹੀ ਦੀ ਰਾਜਨੀਤੀ ਨਾਲ ਦੂਰੀ ਵਧੇਗੀ। ਸਿੱਖ ਰਾਜਨੀਤੀ ਦਾ ਭਵਿੱਖ ਸਿਰਫ਼ ਪੰਥਕ ਬਨਾਮ ਗੈਰ-ਪੰਥਕ ਦੀ ਬਹਿਸ ਵਿਚ ਨਹੀਂ ਹੈ। ਅਸਲ ਚੁਣੌਤੀ ਇਹ ਹੈ ਕਿ ਸਿੱਖ ਸਿਧਾਂਤਾਂ ਨੂੰ 21ਵੀਂ ਸਦੀ ਦੀ ਲੋਕਤੰਤਰੀ, ਆਰਥਿਕ ਅਤੇ ਸਮਾਜਕ ਭਾਸ਼ਾ ਵਿਚ ਕਿਵੇਂ ਪੇਸ਼ ਕੀਤਾ ਜਾਵੇ।

# 'ਹਿਟਲਰ ਆਲਸੀ ਅਪਰਾਧੀ ਸੀ, ਜੋ ਦੁਪਹਿਰ ਤੱਕ ਸੁੱਤਾ ਰਹਿੰਦਾ ਸੀ'

## *ਨਾਜ਼ੀਆਂ ਦੇ ਉਭਾਰ ਬਾਰੇ ਅਸੀਂ ਜੋ ਕੁਝ ਜਾਣਦੇ ਸਮਝਦੇ ਹਾਂ, ਉਸ ਵਿਚੋਂ ਬਹੁਤਾ ਗ਼ਲਤ ਕਿਉਂ ਹੈ?*

***ਆਪਣੀ ਨਵੀਂ ਕਿਤਾਬ ਵਿਚ ਜਰਮਨ ਕਲਾਕਾਰ ਅਤੇ ਲੇਖਕ ਫਿਲਿਪ ਰੁਚ ਦਲੀਲ ਦਿੰਦੇ ਹਨ ਕਿ ਹਿਟਲਰ ਦੀ ਨੈਸ਼ਨਲ ਸੋਸ਼ਲਿਸਟ ਜਰਮਨ ਵਰਕਰਜ਼ ਪਾਰਟੀ (ਐਨ.ਐਸ.ਡੀ.ਏ.ਪੀ.) ਦੇ ਉਭਾਰ ਨੂੰ ਤੀਜੀ ਰਾਈਖ (ਪਾਰਲੀਮੈਂਟ) ਦੇ ਨਜ਼ਰੀਏ ਰਾਹੀਂ ਦੇਖਣ ਨੇ ਚੋਣਾਂ ਵਿਚ ਫਾਸ਼ੀਵਾਦ ਦੀ ਵੱਡੀ ਕਾਮਯਾਬੀ ਬਾਰੇ ਸਾਡੀ ਸਮਝ ਨੂੰ ਵਿਗਾੜ ਦਿੱਤਾ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਪੇਸ਼ ਹਨ ਫਿਲਿਪ ਰੁਚ ਨਾਲ ਕੁਝ ਸਵਾਲ-ਜਵਾਬ।-ਸੰਪਾਦਕ॥***

ਆਪਣੇ ਕਲਾ ਸਮੂਹ 'ਸੈਂਟਰ ਫ਼ਾਰ ਪੋਲੀਟੀਕਲ ਬਿਊਟੀ' ਨਾਲ ਮਿਲ ਕੇ ਤੁਸੀਂ ਏ.ਐਫ.ਡੀ. ਦੇ ਇੱਕ ਸਿਆਸਤਦਾਨ ਦੇ ਘਰ ਦੇ ਨਾਲ ਲੱਗਦੀ ਜਾਇਦਾਦ ਉੱਤੇ ਸਰਬਨਾਸ਼ (ਹੋਲੋਕਾਸਟ) ਸਮਾਰਕ ਦੀ ਹੂ-ਬ-ਹੂ ਨਕਲ ਬਣਾਈ ਸੀ, ਜਿਸ ਦੀ ਕਾਫ਼ੀ ਚਰਚਾ ਹੋਈ। ਹੁਣ ਤੁਸੀਂ ਨਾਜ਼ੀਆਂ ਦੇ ਸੱਤਾ ਵਿਚ ਆਉਣ ਬਾਰੇ ਇਤਿਹਾਸ ਦੀ ਇੱਕ ਕਿਤਾਬ ਲਿਖੀ ਹੈ। ਕੀ ਅਸੀਂ 1932 ਦੀਆਂ ਚੋਣਾਂ, ਰਾਈਖਸਟਾਗ ਦੀ ਅੱਗ ਅਤੇ 1933 ਦੇ ਅਧਿਕਾਰ-ਪ੍ਰਦਾਨ ਕਾਨੂੰਨ ਬਾਰੇ ਜਾਣਨਯੋਗ ਹਰ ਗੱਲ ਪਹਿਲਾਂ ਹੀ ਨਹੀਂ ਜਾਣਦੇ?

ਲਗਭਗ ਤਿੰਨ ਸਾਲ ਪਹਿਲਾਂ ਮੇਰੀ ਇਸ ਗੱਲ ਵਿਚ ਦਿਲਚਸਪੀ ਪੈਦਾ ਹੋਈ ਕਿ ਹਿਟਲਰ ਦੀ ਨੈਸ਼ਨਲ ਸੋਸ਼ਲਿਸਟ ਜਰਮਨ ਵਰਕਰਜ਼ ਪਾਰਟੀ (ਐਨਐਸਡੀਏਪੀ) ਨੇ ਉਸ ਸਮੇਂ ਪ੍ਰਮੁੱਖਤਾ ਕਿਵੇਂ ਹਾਸਲ ਕੀਤੀ, ਜਦੋਂ ਜਰਮਨੀ ਅਜੇ ਵੀ ਇੱਕ



**ਫਿਲਿਪ ਓਲਟਰਮਾਨ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਲੋਕਤੰਤਰ ਸੀ। ਮੈਨੂੰ ਉਮੀਦ ਸੀ ਕਿ ਇਸ ਤੋਂ ਸਾਨੂੰ ਅੱਜ ਦੇ ਸੱਜੇਪੱਖੀ ਕੱਟੜਪੰਥੀ ਅੰਦੋਲਨਾਂ ਦੀ ਕਾਮਯਾਬੀ ਬਾਰੇ ਕੁਝ ਸਮਝ ਮਿਲ ਸਕੇਗੀ। ਇਤਿਹਾਸਕ ਸਰੋਤਾਂ ਨੂੰ ਪੜ੍ਹਦਿਆਂ ਮੈਨੂੰ ਅਹਿਸਾਸ ਹੋਇਆ ਕਿ 14 ਸਤੰਬਰ 1930 ਦੀਆਂ ਰਾਈਖਸਟਾਗ ਚੋਣਾਂ ਕਈ ਪੱਖਾਂ ਤੋਂ 1932 ਅਤੇ 1933 ਵਿਚ ਵਾਪਰੀਆਂ ਘਟਨਾਵਾਂ ਨਾਲੋਂ ਵੱਧ ਮਹੱਤਵਪੂਰਨ ਸਨ। ਮੈਨੂੰ ਲੱਗਿਆ ਸੀ ਕਿ ਇਸ ਮਾਮਲੇ ਦੀ ਵਿਆਖਿਆ ਸਿੱਧੀ ਅਤੇ ਸਪਸ਼ਟ ਹੋਵੇਗੀ। ਪਰ ਜਿੰਨਾ ਵੱਧ ਮੈਂ ਇਸ ਦੀ ਪੜਤਾਲ ਕੀਤੀ, ਓਨਾ ਹੀ ਮੈਨੂੰ ਅਹਿਸਾਸ ਹੋਇਆ ਕਿ ਨਾਜ਼ੀਆਂ ਦੇ ਉਭਾਰ ਦੀ ਵਿਆਖਿਆ ਕਰਨ ਲਈ ਸਾਡੇ ਕੋਲ ਮੌਜੂਦ ਬਹੁਤੇ ਸਿਧਾਂਤ ਤਰਕਸੰਗਤ ਨਹੀਂ ਹਨ—ਅੰਕੜੇ ਬਿਲਕੁਲ ਵੱਖਰੀ ਅਤੇ ਕਿਤੇ ਵੱਧ ਭਿਆਨਕ ਕਹਾਣੀ ਦੱਸਦੇ ਹਨ।

### 1930 ਦੀਆਂ ਚੋਣਾਂ ਇੰਨੀਆਂ ਮਹੱਤਵਪੂਰਨ ਕਿਉਂ ਸਨ?

ਵੋਟਾਂ ਦੇ ਅੰਕੜੇ ਹੈਰਾਨ ਕਰਨ ਵਾਲੇ ਸਨ। 1928 ਵਿਚ ਐਨ.ਐਸ.ਡੀ.ਏ.ਪੀ. ਨੂੰ ਅੱਠ ਲੱਖ ਵੋਟਾਂ ਅਤੇ ਰਾਈਖਸਟਾਗ ਵਿਚ 12 ਸੀਟਾਂ ਮਿਲੀਆਂ ਸਨ। 1930 ਦੀਆਂ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਤੱਕ ਵੀ ਹਿਟਲਰ ਦੇ ਪ੍ਰਚਾਰ ਮੁਖੀ ਯੋਜ਼ੇਫ਼ ਗੋਏਬਲਜ਼—ਜੋ ਵਧਾ-ਚੜ੍ਹਾ ਕੇ ਗੱਲ ਕਰਨ ਵਿਚ ਇਤਿਹਾਸ ਦਾ ਮਹਾਂ ਉਸਤਾਦ ਸੀ—ਦਾ ਖ਼ਿਆਲ ਸੀ ਕਿ ਵੱਧ ਤੋਂ ਵੱਧ ਉਨ੍ਹਾਂ ਦੀਆਂ ਸੀਟਾਂ 50 ਤੋਂ 60 ਤੱਕ ਪਹੁੰਚ ਸਕਦੀਆਂ ਹਨ। ਪਰ ਨਤੀਜਿਆਂ ਵਾਲੀ ਰਾਤ ਨਾਜ਼ੀਆਂ ਨੂੰ 64 ਲੱਖ ਵੋਟਾਂ ਅਤੇ 107 ਸੀਟਾਂ ਮਿਲੀਆਂ। ਦੋ ਸਾਲਾਂ ਵਿਚ ਇਹ ਨੌਂ ਗੁਣਾ ਵਾਧਾ ਸੀ। ਇੱਕੋ ਰਾਤ ਵਿਚ ਸਿਆਸਤ ਦੇ ਹਾਸ਼ੀਏ ਉੱਤੇ ਮੌਜੂਦ ਇੱਕ ਛੋਟੀ ਜਿਹੀ ਪਾਰਟੀ ਸੱਜੇਪੱਖ ਦੀਆਂ ਤਿੰਨ ਸਥਾਪਤ ਪਾਰਟੀਆਂ—ਸੈਂਟਰ ਪਾਰਟੀ, ਡੀ.ਵੀ.ਪੀ. ਅਤੇ ਡੀ.ਐਨ.ਵੀ.ਪੀ.—ਨੂੰ ਪਿੱਛੇ ਛੱਡ ਕੇ ਸੋਸ਼ਲ ਡੈਮੋਕਰੈਟਾਂ ਤੋਂ ਬਾਅਦ ਦੂਜੇ ਸਥਾਨ ਉੱਤੇ ਆ ਗਈ। ਇਹ ਬਹੁਤ ਵੱਡਾ ਝਟਕਾ ਸੀ। ਇਹ ਉਹ ਪਲ ਸੀ ਜਦੋਂ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲਿਆਂ ਅਤੇ ਡੰਡੇ ਚਲਾਉਣ ਵਾਲਿਆਂ ਦੇ ਇੱਕ ਨਸਲਵਾਦੀ ਟੋਲੇ ਨੂੰ, ਪੂਰੀ ਤਰ੍ਹਾਂ ਸਨਕੀ ਲੋਕਾਂ ਦੀ ਪਾਰਟੀ ਨੂੰ, ਰਾਜਸੀ ਵਾਜਬੀਅਤ ਮਿਲ ਗਈ।

ਤੁਸੀਂ ਐਨ.ਐਸ.ਡੀ.ਏ.ਪੀ. ਨੂੰ 'ਸਨਕੀਆਂ ਦੀ ਪਾਰਟੀ' ਕਹਿੰਦੇ ਹੋ। ਕੀ ਹਿਟਲਰ ਵਿਚ ਇੱਕ ਖ਼ਾਸ ਕਿਸਮ ਦਾ ਖ਼ਤਰਨਾਕ ਕ੍ਰਿਸ਼ਮਾ ਨਹੀਂ ਸੀ?

ਜਰਮਨ ਇਤਿਹਾਸਕਾਰਾਂ ਵਿਚ ਨਾਜ਼ੀ ਪਾਰਟੀ ਦੀ ਕਾਮਯਾਬੀ ਨੂੰ ਸਮਝਾਉਣ ਲਈ ਲੰਮੇ ਸਮੇਂ ਤੋਂ ਇਹੀ ਪ੍ਰਮੁੱਖ ਸਿਧਾਂਤ ਰਿਹਾ ਹੈ ਕਿ ਹਿਟਲਰ ਦੇ ਅੰਦਰ ਇੱਕ ਅਜਿਹੀ ਅਟੱਲ ਖਿੱਚ ਸੀ, ਜਿਸ ਨੇ ਲੋਕਾਂ ਨੂੰ ਆਪਣੇ ਵੱਸ ਵਿਚ ਕਰ ਲਿਆ। ਇੱਕ ਦੂਜਾ ਸਿਧਾਂਤ ਵੀ ਹੈ, ਜੋ ਇਸ ਨਾਲ ਕਾਫ਼ੀ ਮਿਲਦਾ-ਜੁਲਦਾ ਹੈ—'ਫ਼ਿਊਰਰਕਲਟ', ਭਾਵ ਸਰਵਉੱਚ ਆਗੂ ਦੀ ਵਿਅਕਤੀ-ਪੂਜਾ ਦਾ ਵਿਚਾਰ। ਇਸ ਮੁਤਾਬਕ ਐਨ.ਐਸ.ਡੀ.ਏ.ਪੀ. ਦੀ ਖਿੱਚ ਇੰਨੀ ਜ਼ਬਰਦਸਤ ਇਸ ਲਈ ਸੀ ਕਿਉਂਕਿ ਉਸ ਕੋਲ ਅਜਿਹਾ ਆਗੂ ਸੀ, ਜੋ ਜਰਮਨ ਲੋਕਾਂ ਦੀ ਤਾਨਾਸ਼ਾਹੀ ਹਕੂਮਤ ਲਈ ਤਾਂਘ ਨੂੰ ਸੰਬੋਧਨ ਕਰਦਾ ਸੀ। ਸਮੱਸਿਆ ਇਹ ਹੈ ਕਿ ਮੈਨੂੰ 1930 ਦੀਆਂ ਚੋਣਾਂ ਤੋਂ ਪਹਿਲਾਂ ਦਾ ਕੋਈ ਅਜਿਹਾ ਸਬੂਤ ਨਹੀਂ ਮਿਲਿਆ, ਜੋ ਇਨ੍ਹਾਂ ਸਿਧਾਂਤਾਂ ਦੀ ਪੁਸ਼ਟੀ ਕਰਦਾ ਹੋਵੇ। ਕਿਉਂਕਿ 1930 ਵਿਚ ਹਰ ਪਾਰਟੀ ਆਪਣੇ ਸਿਆਸੀ ਆਗੂ ਨੂੰ ਸਿਤਾਰੇ ਵਾਂਗ ਪੂਜ ਰਹੀ ਸੀ, ਇੱਥੋਂ ਤੱਕ ਕਿ ਸੋਸ਼ਲ ਡੈਮੋਕਰੈਟ ਵੀ। ਇਸ ਪੱਖੋਂ ਨਾਜ਼ੀ ਪਾਰਟੀ ਕੋਲ ਕੋਈ ਵਿਲੱਖਣ ਖ਼ਾਸੀਅਤ ਨਹੀਂ ਸੀ। ਇਸ ਪੜਾਅ ਉੱਤੇ ਤਾਂ ਖ਼ੁਦ ਨਾਜ਼ੀ ਵੀ 'ਫ਼ਿਊਰਰ ਦੇ ਸਿਧਾਂਤ' ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਜਾਪਦੇ ਸਨ। ਪਾਰਟੀ ਦੇ ਕਈ ਲੋਕਾਂ ਨੇ ਹਿਟਲਰ ਦੇ ਆਲੇ-ਦੁਆਲੇ ਬਣੀ 'ਬਿਜ਼ੰਤੀਨੀ' ਕਿਸਮ ਦੀ ਦਰਬਾਰੀ ਵਿਅਕਤੀ-ਪੂਜਾ ਬਾਰੇ ਸ਼ਿਕਾਇਤ ਕੀਤੀ ਸੀ। ਇਹ ਵੀ ਇੱਕ ਕਾਰਨ ਸੀ ਕਿ ਚੋਣ ਮੁਹਿੰਮ ਦਰਅਸਲ ਉਸ ਦੀ ਸ਼ਖ਼ਸੀਅਤ ਨੂੰ ਕੇਂਦਰ ਵਿਚ ਰੱਖ ਕੇ ਨਹੀਂ ਘੜੀ ਗਈ ਸੀ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ 1930 ਵਿਚ ਹਿਟਲਰ ਚੋਣ ਮੈਦਾਨ ਵਿਚ ਉਮੀਦਵਾਰ ਵੀ ਨਹੀਂ ਸੀ, ਕਿਉਂਕਿ ਉਹ ਜਰਮਨ ਨਾਗਰਿਕ ਨਹੀਂ ਸੀ। ਉਹ ਇੱਕ ਬਦੇਸ਼ੀ ਸੀ, ਜਿਸ ਦਾ ਰਾਜਪਲਟਾ ਕਰਨ ਦੀ ਕੋਸ਼ਿਸ਼ ਦਾ ਅਪਰਾਧਿਕ ਰਿਕਾਰਡ ਸੀ ਅਤੇ ਜਿਸ ਨੂੰ ਦੇਸ਼ ਵਿਚੋਂ ਕੱਢੇ ਜਾਣ ਦਾ ਖ਼ਤਰਾ ਸੀ।

ਮੈਂ ਬਚਪਨ ਤੋਂ ਹਿਟਲਰ ਨੂੰ ਇੱਕ ਦੈਂਤ ਵਜੋਂ ਦੇਖਦਾ ਆਇਆ ਸੀ, ਪਰ ਅਜਿਹੇ ਦੈਂਤ ਵਜੋਂ ਜਿਸ ਵਿਚ ਕੁਝ ਸਿਆਸੀ ਪ੍ਰਤਿਭਾ ਵੀ ਸੀ। ਅਤੇ 1930 ਤੋਂ ਬਾਅਦ ਦੇ ਸਮੇਂ ਲਈ ਇਹ ਗੱਲ ਪੂਰੀ ਤਰ੍ਹਾਂ ਗ਼ਲਤ ਵੀ ਨਹੀਂ ਹੈ। ਪਰ ਜਦੋਂ ਤੁਸੀਂ 1928 ਤੋਂ 1930 ਦੇ ਸਮੇਂ ਉੱਤੇ ਧਿਆਨ ਕੇਂਦਰਿਤ ਕਰਦੇ ਹੋ, ਤਾਂ ਉਸ ਦਾ ਜੀਵਨੀਕਾਰ ਇਆਨ ਕਰਸ਼ਾ ਵੀ ਇਸ ਨਤੀਜੇ ਉੱਤੇ ਪਹੁੰਚਦਾ ਹੈ ਕਿ ਐਨ.ਐਸ.ਡੀ. ਏ.ਪੀ. ਦੀ ਕਾਮਯਾਬੀ ਦਾ ਹਿਟਲਰ ਨਾਲ ਬਹੁਤ ਘੱਟ ਸਬੰਧ ਸੀ। ਉਸ ਦੀ ਸਰਗਰਮੀ ਬੁਰੀ ਤਰ੍ਹਾਂ ਘਟੀ ਹੋਈ ਸੀ। 1929 ਵਿਚ ਉਸ ਨੇ ਸਿਰਫ਼ 29 ਭਾਸ਼ਣ ਦਿੱਤੇ, ਜੋ ਉਸ ਦੀ ਆਮ ਗਿਣਤੀ ਦਾ ਅੱਧ ਸੀ, ਅਤੇ ਇਨ੍ਹਾਂ ਵਿਚੋਂ 21 ਬਵੇਰੀਆ ਵਿਚ ਹੀ ਦਿੱਤੇ ਗਏ ਸਨ। 1930 ਵਿਚ ਗੋਏਬਲਜ਼ ਨੇ ਅੱਧਾ ਸਾਲ ਹਿਟਲਰ ਦੀ ਟਾਲਮਟੋਲ ਬਾਰੇ ਸ਼ਿਕਾਇਤਾਂ ਕਰਦਿਆਂ ਲੰਘਾਇਆ। ਜਦੋਂ ਉਹ ਐਨ.ਐਸ.ਡੀ.ਏ.ਪੀ. ਦੇ ਆਗੂ ਨੂੰ ਲੱਭਣ ਲਈ ਮਿਊਨਿਖ ਗਿਆ, ਤਾਂ ਉਸ ਨੇ ਪਾਰਟੀ ਦੇ ਮੁੱਖ ਦਫ਼ਤਰ ਵਿਚ ਉਸ ਨੂੰ ਲੱਭਣ ਦੀ ਖੇਚਲ ਵੀ ਨਹੀਂ ਕੀਤੀ। ਗੋਏਬਲਜ਼ ਨੇ ਵਿਅੰਗ ਨਾਲ ਲਿਖਿਆ: 'ਰਾਈਖ ਦੀ ਲੀਡਰਸ਼ਿਪ। ਹਿਟਲਰ ਦੇ ਮਨਪਸੰਦ ਕੌਫ਼ੀਘਰ॥ ਕੈਫ਼ੇ ਹੇਕ ਵਿਚ ਹੈ ਜਾਂ ਸਿਨੇਮਾ ਵਿਚ।' 1930 ਵਿਚ ਹਿਟਲਰ ਕੋਈ ਸਿਆਸੀ ਪ੍ਰਤਿਭਾ ਦਾ ਧਨੀ ਨਹੀਂ ਸੀ। ਉਹ ਆਲਸੀ ਅਪਰਾਧੀ ਸੀ, ਜੋ ਦੁਪਹਿਰ ਤੱਕ ਸੁੱਤਾ ਰਹਿੰਦਾ ਸੀ।

ਜੇ ਹਿਟਲਰ ਨਹੀਂ, ਤਾਂ ਕੀ ਨਾਜ਼ੀਆਂ ਦੇ ਉਭਾਰ ਪਿੱਛੇ ਮੁੱਖ ਸ਼ਖ਼ਸ ਪ੍ਰਚਾਰ ਵਿਭਾਗ ਦਾ ਮੁਖੀ ਗੋਏਬਲਜ਼ ਸੀ? ਇਨ੍ਹਾਂ ਦਿਨਾਂ ਵਿਚ ਇੱਕ ਵਿਆਖਿਆ ਮੁੜ ਚਰਚਾ ਵਿਚ ਹੈ ਕਿ ਸਿਆਸੀ ਸੰਕਟ ਅਕਸਰ ਮੀਡੀਆ ਦੇ ਸੰਕਟਾਂ ਨਾਲ-ਨਾਲ ਆਉਂਦੇ ਹਨ ਅਤੇ ਨਾਜ਼ੀਆਂ ਨੇ ਤਸਵੀਰਾਂ ਵਾਲੀਆਂ ਖ਼ਬਰਾਂ, ਰੇਡੀਓ ਅਤੇ ਫ਼ਿਲਮ ਵਰਗੇ ਮੀਡੀਆ ਦੇ ਨਵੇਂ ਰੂਪਾਂ ਦਾ ਬੜੀ ਮੁਹਾਰਤ ਨਾਲ ਫ਼ਾਇਦਾ ਚੁੱਕਿਆ ਸੀ।

ਜਦੋਂ ਅਸੀਂ ਨਾਜ਼ੀਆਂ ਬਾਰੇ ਗੱਲ ਕਰਦੇ ਹਾਂ, ਤਾਂ ਹਰ ਕਿਸੇ ਦੇ ਮਨ ਵਿਚ ਕੁਝ ਅਜਿਹੇ ਦ੍ਰਿਸ਼ ਹੁੰਦੇ ਹਨ, ਜੋ ਬੜੀ ਸੁਚੱਜੀ ਪ੍ਰਚਾਰ ਮਸ਼ੀਨ ਵੱਲ ਇਸ਼ਾਰਾ ਕਰਦੇ ਹਨ: ਨਿਊਰੇਮਬਰਗ ਦੀ ਰੈਲੀ, ਰੌਸ਼ਨੀ ਦਾ ਗਿਰਜਾਘਰ, ਇਹ ਸਾਰੇ ਹੈਰਾਨ ਅਤੇ ਭੈਅਭੀਤ ਕਰ ਦੇਣ ਵਾਲੇ ਦ੍ਰਿਸ਼। ਅਤੇ ਇਹ ਸੱਚ ਹੈ ਕਿ 1930 ਤੋਂ ਪਹਿਲਾਂ ਗੋਏਬਲਜ਼ ਨੇ ਅਮਰੀਕੀ ਰੂਪ-ਸ਼ੈਲੀਆਂ ਤੋਂ ਪ੍ਰੇਰਿਤ ਪ੍ਰਚਾਰ ਅਖ਼ਬਾਰਾਂ ਨੂੰ ਵਿਕਸਿਤ ਕਰਨ ਲਈ ਬਹੁਤ ਮਿਹਨਤ ਕੀਤੀ ਸੀ, ਜਿਵੇਂ 'ਡੇਰ ਆਂਗਰਿਫ਼', 'ਫ਼ੋਲਕਿਸ਼ਰ ਬੇਓਬਾਖਟਰ' ਅਤੇ 'ਇਲੁਸਟ੍ਰੀਰਟਰ ਬੇਓਬਾਖਟਰ'। ਪਰ ਸ਼ੁਰੂਆਤੀ ਨਾਜ਼ੀ ਪ੍ਰਚਾਰ ਸ਼ਰਮਿੰਦਾ ਕਰਨ ਵਾਲਾ, ਅਣਘੜ ਮਜ਼ਾਕ ਸੀ। ਮੈਂ 'ਇਲੁਸਟ੍ਰੀਰਟਰ ਬੇਓਬਾਖਟਰ' ਦਾ ਹਰ ਅੰਕ ਦੇਖਿਆ ਹੈ। ਉਨ੍ਹਾਂ ਵੱਲੋਂ ਪਾਠਕਾਂ ਅੱਗੇ ਪੇਸ਼ ਕੀਤੀਆਂ ਤਸਵੀਰਾਂ ਹਾਸੋਹੀਣੀਆਂ ਸਨ, ਜਿਵੇਂ ਐਸ.ਏ. ਦੇ ਆਦਮੀਆਂ ਨੂੰ ਇਸ਼ਤਿਹਾਰੀ ਥੰਮ੍ਹਾਂ ਵਰਗਾ ਪਹਿਰਾਵਾ ਪਹਿਨਾਇਆ ਗਿਆ ਹੋਵੇ। ਇਸ ਵਿਚ ਪੇਸ਼ੇਵਰ ਮੁਹਾਰਤ ਹੀ ਨਹੀਂ ਸੀ। ਵਿਕਰੀ ਦੇ ਅੰਕੜੇ ਬਹੁਤ ਮਾੜੇ ਸਨ: ਕੋਈ ਇਹ ਅਖ਼ਬਾਰ ਪੜ੍ਹ ਹੀ ਨਹੀਂ ਰਿਹਾ ਸੀ। ਇਸ ਦੀ ਤੁਲਨਾ ਦੂਜੀਆਂ




ਪਾਰਟੀਆਂ ਕੋਲ ਮੌਜੂਦ ਸਾਧਨਾਂ ਨਾਲ ਕਰੋ: ਉਹ ਸੜਕਾਂ ਦੇ ਮੋੜਾਂ ਉੱਤੇ ਨਿਓਨ ਬੱਤੀਆਂ ਵਾਲੇ ਬੋਰਡ ਲਗਾਉਂਦੀਆਂ ਸਨ ਅਤੇ ਹਵਾਈ ਇਸ਼ਤਿਹਾਰਬਾਜ਼ੀ ਲਈ ਜਹਾਜ਼ ਕਿਰਾਏ ਉੱਤੇ ਲੈਂਦੀਆਂ ਸਨ। ਪ੍ਰਚਾਰ ਐਨ.ਐਸ.ਡੀ.ਏ.ਪੀ. ਦੀ ਕਾਮਯਾਬੀ ਦੀ ਵਿਆਖਿਆ ਨਹੀਂ ਕਰਦਾ।

ਆਰਥਿਕਤਾ ਬਾਰੇ ਕੀ ਕਹੋਗੇ? ਇੱਕ ਸਾਲ ਪਹਿਲਾਂ ਵਾਲ ਸਟ੍ਰੀਟ ਦਾ ਸ਼ੇਅਰ ਬਾਜ਼ਾਰ ਢਹਿ ਗਿਆ ਸੀ, ਜਰਮਨ ਬਰਾਮਦਾਂ ਡਿੱਗ ਰਹੀਆਂ ਸਨ ਅਤੇ ਬੇਰੁਜ਼ਗਾਰੀ ਵਧ ਰਹੀ ਸੀ।

ਫ਼ਾਸ਼ੀਵਾਦੀ ਅੰਦੋਲਨਾਂ ਦੇ ਉਭਾਰ ਦੀ ਵਿਆਖਿਆ ਕਰਦਿਆਂ ਆਰਥਿਕ ਕਾਰਕਾਂ ਦਾ ਸਹਾਰਾ ਲੈਣਾ ਹਮੇਸ਼ਾ ਆਕਰਸ਼ਕ ਲੱਗਦਾ ਹੈ। ਜਰਮਨੀ ਵਿਚ ਹੁਣ ਵੀ ਇਹ ਗੱਲ ਮੁੜ ਸੁਣਾਈ ਦੇ ਰਹੀ ਹੈ: ਆਰਥਿਕਤਾ ਡਿੱਗ ਰਹੀ ਹੈ, ਰੇਲਾਂ ਸਮੇਂ ਸਿਰ ਨਹੀਂ ਚੱਲ ਰਹੀਆਂ, ਇਸ ਲਈ ਲੋਕ ਮੁੜ ਫ਼ਾਸ਼ੀਵਾਦੀਆਂ ਦੇ ਝਾਂਸੇ ਵਿਚ ਆ ਜਾਣਗੇ। ਪਰ ਜੇ ਮੈਂ 1930 ਤੋਂ ਪਹਿਲਾਂ ਦੇ ਸਮੇਂ ਦੇ ਇਤਿਹਾਸਕ ਸਰੋਤਾਂ ਨੂੰ ਦੇਖਦਾ ਹਾਂ, ਤਾਂ ਮੇਰਾ ਨਤੀਜਾ ਇਹ ਹੁੰਦਾ ਹੈ ਕਿ ਵੋਟਰ ਇੰਨੇ ਮੂਰਖ ਨਹੀਂ ਸਨ। ਬੇਰੁਜ਼ਗਾਰਾਂ ਨੂੰ ਹੀ ਲੈ ਲਓ। ਪਿਛਲੇ 30 ਸਾਲਾਂ ਦੌਰਾਨ ਇਤਿਹਾਸਕਾਰਾਂ ਨੇ ਇਸ ਗੱਲ ਦੀ ਕਾਫ਼ੀ ਸਪਸ਼ਟ ਤਸਵੀਰ ਤਿਆਰ ਕਰ ਲਈ ਹੈ ਕਿ ਐਨ.ਐਸ.ਡੀ.ਏ.ਪੀ. ਨੂੰ ਕਿਸ ਨੇ ਵੋਟ ਦਿੱਤੀ ਸੀ। ਅਤੇ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਜਿਨ੍ਹਾਂ ਖੇਤਰਾਂ ਵਿਚ ਬੇਰੁਜ਼ਗਾਰੀ ਵੱਧ ਸੀ, ਉੱਥੇ ਨਾਜ਼ੀ ਪਾਰਟੀ ਦੀ ਕਾਰਗੁਜ਼ਾਰੀ ਮੁਕਾਬਲਤਨ ਮਾੜੀ ਸੀ। ਜੇ ਬੇਰੁਜ਼ਗਾਰੀ ਦੀ ਕੋਈ ਭੂਮਿਕਾ ਸੀ ਵੀ, ਤਾਂ ਉਹ ਫ਼ਾਸ਼ੀਵਾਦ ਵਿਰੋਧੀ ਦ੍ਰਿੜ੍ਹਤਾ ਨੂੰ ਮਜ਼ਬੂਤ ਕਰਨ ਦੀ ਸੀ। ਅਤੇ ਜਿੱਥੋਂ ਤੱਕ ਇਸ ਵਿਚਾਰ ਦਾ ਸਵਾਲ ਹੈ ਕਿ ਨਾਜ਼ੀਆਂ ਨੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਿਆ ਸੀ, ਉੱਥੇ ਵੀ ਇਹੀ ਗੱਲ ਲਾਗੂ ਹੁੰਦੀ ਹੈ: ਜਿਨ੍ਹਾਂ ਇਲਾਕਿਆਂ ਵਿਚ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਦੀ ਗਿਣਤੀ ਵੱਧ ਸੀ, ਉੱਥੇ ਵੀ ਐਨ.ਐਸ.ਡੀ.ਏ.ਪੀ. ਦੀ ਕਾਰਗੁਜ਼ਾਰੀ ਮਾੜੀ ਰਹੀ। ਨੌਜਵਾਨ ਵੀ ਇਸ ਪਾਰਟੀ ਤੋਂ ਦੂਰ ਜਾ ਰਹੇ ਸਨ।

ਆਲਮੀ ਆਰਥਿਕ ਸੰਕਟ ਸ਼ਾਇਦ ਇਹ ਸਮਝਾ ਸਕਦਾ ਹੈ ਕਿ ਐਨ.ਐਸ.ਡੀ.ਏ.ਪੀ. ਨੇ 1932 ਵਿਚ ਆਪਣੀ ਹਮਾਇਤ ਦੁੱਗਣੀ ਕਰਕੇ 37.3 ਫ਼ੀਸਦੀ ਵੋਟਾਂ ਕਿਵੇਂ ਹਾਸਲ ਕੀਤੀਆਂ। ਪਰ 1930 ਵਿਚ ਹੋਏ ਨੌਂ ਗੁਣਾ ਵਾਧੇ ਦੀ ਵਿਆਖਿਆ ਕਰਨ ਲਈ ਇਹ ਨਾਕਾਫ਼ੀ ਹੈ। ਵਾਲ ਸਟ੍ਰੀਟ ਦੇ 'ਕਾਲੇ ਵੀਰਵਾਰ' ਦਾ ਪੂਰਾ ਅਸਰ ਜਰਮਨੀ ਵਿਚ ਜੁਲਾਈ 1931 ਤੱਕ ਨਹੀਂ ਪਹੁੰਚਿਆ ਸੀ, ਜਦੋਂ ਕਈ ਵੱਡੇ ਬੈਂਕ ਡਿੱਗ ਗਏ—ਨਾਜ਼ੀਆਂ ਨੂੰ ਰਾਈਖਸਟਾਗ ਵਿਚ 107 ਸੀਟਾਂ ਮਿਲਣ ਤੋਂ ਦਸ ਮਹੀਨੇ ਬਾਅਦ। ਵਾਇਮਰ ਗਣਰਾਜ ਦੇ ਕੁੱਲ ਘਰੇਲੂ ਉਤਪਾਦ ਵਿਚ 36.6 ਫ਼ੀਸਦੀ ਦੀ ਭਾਰੀ ਗਿਰਾਵਟ ਅਗਲੇ ਦੋ ਸਾਲਾਂ ਦੌਰਾਨ ਹੀ ਆਈ। 1930 ਦੇ ਅੰਤ ਤੱਕ ਇਹ ਸਿਰਫ਼ 7.1 ਫ਼ੀਸਦੀ ਸੁੰਗੜਿਆ ਸੀ ਅਤੇ ਸਾਨੂੰ ਨਹੀਂ ਪਤਾ ਕਿ ਇਸ ਗਿਰਾਵਟ ਦਾ ਕਿੰਨਾ ਹਿਸਾ ਚੋਣ ਨਤੀਜਿਆਂ ਦਾ ਅਸਰ ਸੀ। ਇੱਥੇ ਕਾਰਨ ਅਤੇ ਨਤੀਜੇ ਨੂੰ ਰਲਗੱਡ ਕਰ ਦੇਣ ਦਾ ਖ਼ਤਰਾ ਹੈ।

ਜੇ ਅਸੀਂ ਇਸ ਦੀ ਬਜਾਏ ਲੋਕਤੰਤਰੀ ਪਾਰਟੀਆਂ ਵੱਲ ਦੇਖੀਏ ਤਾਂ?

ਨਾਜ਼ੀ ਪਾਰਟੀ ਦੀ ਚੋਣ ਮੁਹਿੰਮ ਦੇ ਕੇਂਦਰੀ ਮੁੱਦਿਆਂ ਵਿਚੋਂ ਇੱਕ ਸਥਾਪਤ ਪਾਰਟੀਆਂ ਦਾ ਕਥਿਤ ਭ੍ਰਿਸ਼ਟਾਚਾਰ ਸੀ, ਪਰ ਇਸ ਗੱਲ ਦੇ ਬਹੁਤ ਘੱਟ ਸਬੂਤ ਹਨ ਕਿ ਅਸਲ ਵਿਚ ਅਜਿਹਾ ਸੀ। ਮੈਨੂੰ ਜਿਹੜੀ ਗੱਲ ਸਭ ਤੋਂ ਵੱਧ ਹੈਰਾਨ ਕਰਨ ਵਾਲੀ—ਅਤੇ ਸਭ ਤੋਂ ਵੱਧ ਉਲਝਾਉਣ ਵਾਲੀ—ਲੱਗੀ, ਉਹ ਇਹ ਸੀ ਕਿ ਵਾਇਮਰ ਗਣਰਾਜ ਦੀਆਂ ਤਿੰਨੋਂ ਵੱਡੀਆਂ ਸੱਜੇਪੱਖੀ ਪਾਰਟੀਆਂ ਨੇ 1928 ਤੋਂ 1929 ਦਰਮਿਆਨ ਕੱਟੜ ਸਿਆਸੀ ਵਤੀਰੇ ਵਾਲੇ ਆਗੂਆਂ ਨੂੰ ਆਪਣੀ ਕਮਾਨ ਸੌਂਪ ਦਿੱਤੀ ਸੀ। ਜੇ ਵੋਟਰ ਸੱਚਮੁੱਚ ਸਖ਼ਤ ਸੱਜੇਪੱਖੀ ਨੀਤੀਆਂ ਲਈ ਇੰਨੇ ਉਤਾਵਲੇ ਸਨ, ਤਾਂ ਉਹ ਕੈਥੋਲਿਕ ਸੈਂਟਰ ਪਾਰਟੀ, ਰਾਸ਼ਟਰਵਾਦੀ ਉਦਾਰਵਾਦੀ ਡੀ.ਵੀ.ਪੀ. ਜਾਂ ਰਾਜਸ਼ਾਹੀ ਦੀ ਹਮਾਇਤੀ ਡੀ.ਐਨ.ਵੀ.ਪੀ. ਨੂੰ ਵੋਟ ਦੇ ਸਕਦੇ ਸਨ—ਇਹ ਸਾਰੀਆਂ ਪਾਰਟੀਆਂ ਆਪਣੇ ਵਾਅਦਿਆਂ ਨੂੰ ਅਮਲ ਵਿਚ ਲਿਆਉਣ ਲਈ ਬਹੁਤ ਅਨੁਕੂਲ ਸਥਿਤੀ ਵਿਚ ਸਨ।

ਕੀ ਉਨ੍ਹਾਂ ਨੂੰ ਸਿਰਫ਼ ਉਸੇ ਤਜਰਬੇ ਵਿਚੋਂ ਨਹੀਂ ਲੰਘਣਾ ਪਿਆ, ਜਿਸ ਦਾ ਕਈ ਰੂੜ੍ਹੀਵਾਦੀ ਪਾਰਟੀਆਂ ਨੂੰ ਹੁਣ ਪਤਾ ਲੱਗ ਰਿਹਾ ਹੈ: ਜਦੋਂ ਉਹ ਘੋਰ ਸੱਜੇਪੱਖ ਦੇ ਰੁਖ ਦੀ ਨਕਲ ਕਰਦੀਆਂ ਹਨ, ਤਾਂ ਵੋਟਰ ਅਸਲੀ ਨੂੰ ਤਰਜੀਹ ਦਿੰਦੇ ਹਨ?

ਮੇਰੇ ਖ਼ਿਆਲ ਵਿਚ ਇਹ ਇੱਕ ਘਸਿਆ-ਪਿਟਿਆ ਕਥਨ ਹੈ, ਜੋ ਸੱਚ ਨਹੀਂ ਹੈ। ਕਿਉਂਕਿ 1930 ਵਿਚ ਹਿਟਲਰ ਅਸਲੀ ਨਹੀਂ ਸੀ; ਉਹ ਡੀ.ਵੀ.ਪੀ. ਜਾਂ ਡੀ.ਐਨ.ਵੀ.ਪੀ. ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਗੱਲਾਂ ਦੀ ਇੱਕ ਫਿੱਕੀ ਨਕਲ ਸੀ। ਡੀ.ਐਨ.ਵੀ.ਪੀ. ਨੇ ਹਿਟਲਰ ਨਾਲੋਂ ਵੀ ਵੱਧ ਯਹੂਦੀ ਵਿਰੋਧੀ ਚੋਣ ਮੁਹਿੰਮ ਚਲਾਈ ਸੀ, ਫਿਰ ਵੀ ਚੋਣਾਂ ਵਿਚ ਸਭ ਤੋਂ ਵੱਧ ਨੁਕਸਾਨ ਉਸੇ ਨੂੰ ਹੋਇਆ ਅਤੇ ਉਸ ਦਾ ਵੋਟ ਹਿੱਸਾ 7.3 ਫ਼ੀਸਦੀ ਘਟ ਗਿਆ। ਮੈਨੂੰ ਭਰੋਸੇਯੋਗਤਾ ਕਿਤੇ ਵੱਧ ਮਹੱਤਵਪੂਰਨ ਲੱਗਦੀ ਹੈ। 1930 ਵਿਚ ਰਾਸ਼ਟਰਵਾਦੀ ਉਦਾਰਵਾਦੀ ਡੀ.ਵੀ.ਪੀ. ਉੱਤੇ ਉਸੇ ਦੀ ਪਾਰਟੀ ਦੇ ਅਖ਼ਬਾਰਾਂ ਨੇ ਆਪਣੇ ਸਾਬਕਾ ਆਗੂ ਗੁਸਤਾਵ ਸਟ੍ਰੇਜ਼ੇਮਾਨ ਦੀ ਵਿਰਾਸਤ ਨਾਲ ਧੋਖਾ ਕਰਨ ਦਾ ਦੋਸ਼ ਲਾਇਆ ਸੀ, ਜਿਸ ਦੀ ਇੱਕ ਸਾਲ ਪਹਿਲਾਂ ਮੌਤ ਹੋ ਗਈ ਸੀ। ਇਹ ਅੱਜ ਜਰਮਨੀ ਦੇ ਕ੍ਰਿਸਚਨ ਡੈਮੋਕਰੈਟਾਂ ਦੀ ਸਥਿਤੀ ਨਾਲ ਕਾਫ਼ੀ ਮਿਲਦੀ ਹੈ: ਮਰਕਲ ਦੀ ਅਗਵਾਈ ਹੇਠ ਪਾਰਟੀ ਪੂਰੀ ਤਰ੍ਹਾਂ ਮੱਧਮਾਰਗੀ ਸੀ ਅਤੇ ਆਪਣੇ ਵਫ਼ਾਦਾਰ ਵੋਟਰਾਂ ਨੂੰ ਨਾਲ ਜੋੜੀ ਰੱਖਣ ਵਿਚ ਕਾਮਯਾਬ ਰਹੀ ਸੀ, ਪਰ ਫਿਰ ਇਸ ਨੇ ਆਪਣੇ ਸੱਜੇਪੱਖੀ ਧੜੇ ਦੇ ਫ੍ਰੀਡਰਿਖ ਮਰਟਸ ਨੂੰ ਨਵਾਂ ਆਗੂ ਚੁਣ ਲਿਆ। ਅਤੇ ਵੋਟਰ ਏ.ਐਫ.ਡੀ. ਵੱਲ ਜਾ ਰਹੇ ਹਨ। ਮੇਰੇ ਲਈ ਕੇਂਦਰੀ ਸਬਕ ਇਹ ਹੈ ਕਿ ਰੂੜ੍ਹੀਵਾਦੀ ਪਾਰਟੀਆਂ ਮੱਧਮਾਰਗੀ ਸਿਆਸੀ ਰੁਖ ਅਪਣਾ ਕੇ ਹੀ ਜਿੱਤ ਸਕਦੀਆਂ ਹਨ।

ਤੁਸੀਂ ਕਹਿੰਦੇ ਹੋ ਕਿ ਭਰੋਸੇਯੋਗਤਾ ਸਭ ਤੋਂ ਅਹਿਮ ਹੈ। ਫਿਰ ਭ੍ਰਿਸ਼ਟਾਚਾਰ ਦੇ ਘਪਲੇ ਅੱਜ ਦੀਆਂ ਉਨ੍ਹਾਂ ਘੋਰ ਸੱਜੇਪੱਖੀ ਪਾਰਟੀਆਂ ਨੂੰ ਮੁਸ਼ਕਲ ਨਾਲ ਹੀ ਨੁਕਸਾਨ ਕਿਉਂ ਪਹੁੰਚਾਉਂਦੇ ਜਾਪਦੇ ਹਨ, ਜੋ 'ਵਿਵਸਥਾ' ਖ਼ਿਲਾਫ਼ ਸਭ ਤੋਂ ਉੱਚੀ ਆਵਾਜ਼ ਵਿਚ ਬੋਲਦੀਆਂ ਹਨ?

ਇਹ ਸੱਚ ਹੈ ਕਿ 1930 ਵਿਚ ਐਨ.ਐਸ.ਡੀ.ਏ.ਪੀ. ਘਪਲਿਆਂ ਨਾਲ ਪੂਰੀ ਤਰ੍ਹਾਂ ਭਰੀ ਹੋਈ ਸੀ: ਪਿੱਠ ਵਿਚ ਛੁਰਾ ਮਾਰਨਾ, ਸੱਤਾ ਦੀਆਂ ਖਿੱਚੋਤਾਣਾਂ, ਭ੍ਰਿਸ਼ਟਾਚਾਰ—ਹਰ ਕਿਸਮ ਦੀ ਗੜਬੜ। ਅਤੇ ਉਸ ਵੇਲੇ ਬਹੁਤ ਸਾਰੇ ਜਰਮਨ ਪੱਤਰਕਾਰਾਂ ਦਾ ਮੰਨਣਾ ਸੀ ਕਿ ਸਿਰਫ਼ ਇੱਕ ਹੋਰ ਘਪਲਾ ਸਾਹਮਣੇ ਆਉਣ ਨਾਲ ਇਹ ਪਾਰਟੀ ਪੂਰੀ ਤਰ੍ਹਾਂ ਢਹਿ ਜਾਵੇਗੀ। ਕੁਝ ਬੇਹੱਦ ਵਧੀਆ ਅਤੇ ਬਹਾਦਰ ਪੱਤਰਕਾਰ ਬਹੁਤ ਚੰਗੀਆਂ ਜਾਂਚਾਂ ਕਰ ਰਹੇ ਸਨ। ਪਰ ਇਸ ਦਾ ਅਸਰ ਨਹੀਂ ਹੋਇਆ।

ਜਦੋਂ ਮੈਂ ਅੱਜ ਪੂਰੇ ਯੂਰਪ ਦੀਆਂ ਘੋਰ ਸੱਜੇਪੱਖੀ ਪਾਰਟੀਆਂ ਵੱਲ ਦੇਖਦਾ ਹਾਂ, ਤਾਂ ਮੈਨੂੰ ਗੁਪਤ ਤੌਰ ਉੱਤੇ ਕੰਮ ਕਰਨ ਵਾਲੇ ਪੱਤਰਕਾਰ ਏ.ਐਫ.ਡੀ. ਦੀਆਂ 'ਰੀਮਾਈਗ੍ਰੇਸ਼ਨ', ਭਾਵ ਪ੍ਰਵਾਸੀ ਪਿਛੋਕੜ ਵਾਲੇ ਲੋਕਾਂ ਨੂੰ ਵਾਪਸ ਭੇਜਣ ਦੀਆਂ ਯੋਜਨਾਵਾਂ ਦਾ ਪਰਦਾਫ਼ਾਸ਼ ਕਰਦੇ ਦਿਸਦੇ ਹਨ। ਇਸ ਕਾਰਨ ਜੰਗ ਤੋਂ ਬਾਅਦ ਦੇ ਜਰਮਨ ਇਤਿਹਾਸ ਦੇ ਸਭ ਤੋਂ ਵੱਡੇ ਰੋਸ ਮੁਜ਼ਾਹਰੇ ਹੋਏ। ਅਤੇ ਇਸ ਕਿਸਮ ਦੀਆਂ ਜਾਂਚਾਂ ਬੇਹੱਦ ਮਹੱਤਵਪੂਰਨ ਹਨ। ਪਰ ਫ਼ਾਸ਼ੀਵਾਦੀ ਜਾਂ ਸੱਜੇਪੱਖੀ ਕੱਟੜਪੰਥੀ ਪਾਰਟੀਆਂ ਉੱਤੇ ਅਜਿਹੀਆਂ ਗੱਲਾਂ ਦਾ ਅਸਰ ਹੁੰਦਾ ਹੀ ਨਹੀਂ ਜਾਪਦਾ। ਉਹ ਬਿਜਲੀ ਤੋਂ ਬਚਾਅ ਕਰਨ ਵਾਲੇ ਯੰਤਰਾਂ ਵਰਗੀਆਂ ਹਨ: ਘਪਲਾ ਊਰਜਾ ਦੀ ਇੱਕ ਚਮਕ ਵਾਂਗ ਉਨ੍ਹਾਂ ਵਿਚੋਂ ਸਿੱਧਾ ਲੰਘ ਕੇ ਜ਼ਮੀਨ ਵਿਚ ਸਮਾ ਜਾਂਦਾ ਹੈ ਅਤੇ ਫਿਰ ਖ਼ਤਮ ਹੋ ਜਾਂਦਾ ਹੈ। ਭ੍ਰਿਸ਼ਟਾਚਾਰ ਦਾ ਕੋਈ ਘਪਲਾ ਕਿਸੇ ਪਾਰਟੀ ਨੂੰ ਆਰਜ਼ੀ ਤੌਰ 'ਤੇ ਨੁਕਸਾਨ ਪਹੁੰਚਾ ਸਕਦਾ ਹੈ, ਜਿਵੇਂ 'ਇਬੀਜ਼ਾ ਮਾਮਲੇ' ਨੇ ਆਸਟਰੀਆ ਦੀ ਫ਼ਰੀਡਮ ਪਾਰਟੀ ਨੂੰ ਪਹੁੰਚਾਇਆ ਸੀ, ਪਰ ਪੰਜ ਸਾਲ ਬਾਅਦ ਉਹ ਦੁੱਗਣੀ ਤਾਕਤ ਨਾਲ ਵਾਪਸ ਆ ਜਾਂਦੀ ਹੈ।

ਤਾਂ ਫਿਰ 1930 ਵਿਚ ਨਾਜ਼ੀਆਂ ਦੀ ਕਾਰਗੁਜ਼ਾਰੀ ਇੰਨੀ ਮਜ਼ਬੂਤ ਕਿਉਂ ਰਹੀ?

ਇਹ ਗੱਲ ਭਾਵੇਂ ਵਿਰੋਧਾਭਾਸੀ ਲੱਗੇ, ਪਰ ਸ਼ਾਇਦ ਇਸ ਦਾ ਕਾਰਨ ਉਹੀ ਸੀ, ਜਿਸ ਕਰਕੇ 1928 ਵਿਚ ਵੋਟਰ ਨਾਜ਼ੀਆਂ ਤੋਂ ਦੂਰ ਹੋ ਗਏ ਸਨ: ਹਿੰਸਾ ਵੱਲ ਉਨ੍ਹਾਂ ਦਾ ਝੁਕਾਅ। ਜਦੋਂ ਤੋਂ ਹਿਟਲਰ ਐਨ.ਐਸ.ਡੀ.ਏ.ਪੀ. ਵਿਚ ਸ਼ਾਮਲ ਹੋਇਆ ਸੀ, ਉਹ ਇੱਕੋ ਗੱਲ ਕਰਦਾ ਆਇਆ ਸੀ: ਆਪਣੇ ਰਾਜਸੀ ਵਿਰੋਧੀਆਂ ਨੂੰ ਮੌਤ ਦੇ ਘਾਟ ਉਤਾਰਨਾ। ਅਤੇ ਇਸ ਪੱਖੋਂ ਨਾਜ਼ੀ ਪਾਰਟੀ ਦਾ ਰੁਖ ਪੂਰੀ ਤਰ੍ਹਾਂ ਇਕਸਾਰ ਰਿਹਾ। 1930 ਦੀਆਂ ਚੋਣਾਂ ਤੋਂ ਪਹਿਲਾਂ ਉਸ ਨੇ ਸਮਾਜਿਕ ਨੀਤੀ ਬਾਰੇ ਗੱਲ ਨਹੀਂ ਕੀਤੀ, ਉਸ ਨੇ ਆਟੋਬਾਨ, ਭਾਵ ਤੇਜ਼ ਰਫ਼ਤਾਰ ਰਾਜਮਾਰਗ ਬਣਾਉਣ ਬਾਰੇ ਗੱਲ ਨਹੀਂ ਕੀਤੀ। ਉਸ ਕੋਲ ਸਿਰਫ਼ ਕਤਲ ਦੀਆਂ ਸਾਜ਼ਿਸ਼ਾਂ ਸਨ।

ਇਸ ਨਾਲ ਸਾਨੂੰ ਅੱਜ ਦੇ ਫ਼ਾਸ਼ੀਵਾਦੀ ਜਾਂ ਸੱਜੇਪੱਖੀ ਕੱਟੜਪੰਥੀ ਅੰਦੋਲਨਾਂ ਦੇ ਉਭਾਰ ਨੂੰ ਸਮਝਣ ਵਿਚ ਕਿਵੇਂ ਮਦਦ ਮਿਲਦੀ ਹੈ?

ਅੱਜ ਦੇ ਨਜ਼ਰੀਏ ਤੋਂ ਇਹ ਗੱਲ ਮੰਨਣੀ ਔਖੀ ਹੈ, ਪਰ ਇਤਿਹਾਸਕ ਫ਼ਾਸ਼ੀਵਾਦ ਦੀ ਹਿੰਸਾ ਲਈ ਲਾਲਸਾ ਨੇ ਬਹੁਤ ਸਾਰੇ ਜਰਮਨ ਵੋਟਰਾਂ ਲਈ ਉਸ ਨੂੰ ਘਿਣਾਉਣਾ ਨਹੀਂ ਬਣਾਇਆ, ਸਗੋਂ ਬੇਹੱਦ ਆਕਰਸ਼ਕ ਬਣਾ ਦਿੱਤਾ ਸੀ। ਅਤੇ ਅੱਜ ਅਸੀਂ ਏ.ਐਫ.ਡੀ. ਵਿਚ ਵੀ ਅਜਿਹੀਆਂ ਗੱਲਾਂ ਦੇਖ ਰਹੇ ਹਾਂ, ਜਿੱਥੇ ਬਾਜ਼ਾਰਾਂ ਦੇ ਚੌਕਾਂ ਵਿਚ ਹੋਣ ਵਾਲੇ ਚੋਣ ਪ੍ਰਚਾਰ ਸਮਾਗਮਾਂ ਦਾ ਹਿੰਸਕ ਬਦਲਾ ਲੈਣ ਦੀਆਂ ਕਲਪਨਾਵਾਂ ਇੱਕ ਅਟੁੱਟ ਹਿੱਸਾ ਜਾਪਦੀਆਂ ਹਨ। ਅਸੀਂ ਪੂਰੇ ਸਮਾਜ ਵਿਚ ਜ਼ਹਿਰ ਘੁਲਦਾ ਦੇਖ ਰਹੇ ਹਾਂ। ਇੱਕ ਲੋਕਤੰਤਰ ਵਜੋਂ ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ ਜਦੋਂ ਰਾਜਸੀ ਪਾਰਟੀਆਂ ਇਸ ਤਰ੍ਹਾਂ ਦਾ ਸੰਦੇਸ਼ ਦਿੰਦੀਆਂ ਹਨ, ਤਾਂ ਕੀ ਉਨ੍ਹਾਂ ਉੱਤੇ ਫ਼ੌਜਦਾਰੀ ਕਾਨੂੰਨ ਲਾਗੂ ਨਹੀਂ ਹੋਣਾ ਚਾਹੀਦਾ? ਸੰਦੇਸ਼ ਦੇਣਾ ਇੱਕ ਗੱਲ ਹੈ, ਰਾਜਸੀ ਯੋਜਨਾਵਾਂ ਦੂਜੀ। ਐਨ.ਐਸ.ਡੀ.ਏ.ਪੀ. ਕੋਲ ਦੋਵੇਂ ਸਨ। ਪਰ ਅਸੀਂ ਜਾਣਦੇ ਹਾਂ ਕਿ ਏ.ਐਫ.ਡੀ. ਕੱਟੜਪੰਥੀ ਪਾਰਟੀ ਹੈ, ਇੰਝ ਜਾਪਦਾ ਹੈ ਕਿ ਉਹ ਜਰਮਨੀ ਵਿਚ ਨਸਲੀ ਸਫ਼ਾਇਆ ਕਰਨਾ ਚਾਹੁੰਦੀ ਹੈ। ਜੇ ਏ.ਐਫ.ਡੀ. ਚੋਣਾਂ ਜਿੱਤ ਕੇ ਸੱਤਾ ਵਿਚ ਆ ਜਾਂਦੀ ਹੈ, ਤਾਂ ਦੁਨੀਆ ਦੀਆਂ ਸਭ ਤੋਂ ਵੱਧ ਵਿਕਸਿਤ ਆਰਥਿਕਤਾਵਾਂ ਵਿਚੋਂ ਇੱਕ ਨੂੰ ਬੋਸਨੀਆ ਅਤੇ ਹਰਜ਼ੇਗੋਵੀਨਾ ਵਿਚ ਵਾਪਰੀਆਂ ਘਟਨਾਵਾਂ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

***(ਦੀ ਗਾਰਜੀਅਨ, 1 ਅਕਤੂਬਰ 2026 ਦੇ ਧੰਨਵਾਦ ਸਹਿਤ)***

# ਲਲ ਦੇਦ ਨੂੰ ਮੁੜ ਖੋਜਦਿਆਂ

**ਚੌਦ੍ਹਵੀਂ ਸਦੀ ਦੀ ਕਸ਼ਮੀਰੀ ਰਹੱਸਵਾਦੀ ਕਵਿੱਤਰੀ ਨੂੰ ਕਸ਼ਮੀਰੀ ਪੰਡਿਤ ਲੱਲੇਸ਼ਵਰੀ ਵਜੋਂ ਅਤੇ ਮੁਸਲਿਮ ਪਰੰਪਰਾ ਵਿਚ ਲੱਲਾ ਆਰਿਫ਼ਾ ਵਜੋਂ ਯਾਦ ਕੀਤਾ ਜਾਂਦਾ ਹੈ।**



ਲਲ ਦੇਦ, ਜਾਂ ਲੱਲੇਸ਼ਵਰੀ, ਇਤਿਹਾਸਕ ਸ਼ਖ਼ਸੀਅਤਾਂ ਦੀ ਉਸ ਵਿਰਲੀ ਸ਼੍ਰੇਣੀ ਨਾਲ ਸਬੰਧ ਰੱਖਦੀ ਹੈ, ਜਿਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਵੱਖ-ਵੱਖ ਧਾਰਮਿਕ ਪਰੰਪਰਾਵਾਂ ਰਾਹੀਂ ਵਿਆਖਿਆ ਕੀਤੀ ਹੈ, ਪਰ ਉਨ੍ਹਾਂ ਦੀ ਅਹਿਮੀਅਤ ਨੂੰ ਕਿਸੇ ਇੱਕ ਵਿਆਖਿਆ ਵਿਚ ਸਮੇਟਿਆ ਨਹੀਂ ਜਾ ਸਕਿਆ। ਚੌਦ੍ਹਵੀਂ ਸਦੀ ਦੀ ਇਸ ਕਸ਼ਮੀਰੀ ਰਹੱਸਵਾਦੀ ਕਵਿੱਤਰੀ ਨੂੰ ਕਸ਼ਮੀਰੀ ਪੰਡਿਤ ਲੱਲੇਸ਼ਵਰੀ ਵਜੋਂ ਅਤੇ ਮੁਸਲਿਮ ਪਰੰਪਰਾ ਵਿਚ ਲੱਲਾ ਆਰਿਫ਼ਾ ਵਜੋਂ ਯਾਦ ਕਰਦੇ ਹਨ। ਫਿਰ ਵੀ, ਇਤਿਹਾਸਕ ਲਲ ਦੇਦ ਦੀ ਸ਼ਖ਼ਸੀਅਤ ਦਾ ਪੁਨਰ-ਨਿਰਮਾਣ ਸਿਰਫ਼ ਬਾਅਦ ਵਿਚ ਬਣੀਆਂ ਇਨ੍ਹਾਂ ਪਛਾਣਾਂ ਰਾਹੀਂ ਨਹੀਂ ਕੀਤਾ ਜਾਣਾ ਚਾਹੀਦਾ। ਉਸ ਦੇ ਵਾਖ (ਬਾਣੀ) ਇੱਕ ਅਜਿਹੀ ਆਤਮਿਕ ਖੋਜ ਪੇਸ਼ ਕਰਦੇ ਹਨ, ਜੋ ਅੰਦਰੂਨੀ ਬੋਧ ਤੋਂ ਬਿਨਾਂ ਕੀਤੇ ਜਾਂਦੇ ਬਾਹਰੀ ਕਰਮਕਾਂਡਾਂ ਦੀ ਕਾਰਗਰਤਾ ਉੱਤੇ ਸਵਾਲ ਉਠਾਉਂਦੀ ਹੈ।

ਉਸ ਦੀ ਆਲੋਚਨਾ ਦੇ ਘੇਰੇ ਵਿਚ ਬਾਹਰੀ ਧਾਰਮਿਕ ਰਸਮਾਂ ਵਿਚ ਡੁੱਬਿਆ ਮੁੱਲਾ ਅਤੇ

**ਡਾ. ਅਬਦੁਲ ਅਹਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਕਰਮਕਾਂਡੀ ਰਸਮੀਪਣ ਵਿਚ ਉਲਝਿਆ ਬ੍ਰਾਹਮਣ ਇੱਕੋ ਜਿਹੇ ਤੌਰ 'ਤੇ ਆ ਸਕਦੇ ਸਨ। ਉਸ ਦੀ ਚਿੰਤਨ-ਧਾਰਾ ਦੇ ਕੇਂਦਰ ਵਿਚ ਸਾਹ ਦੀ ਸਾਧਨਾ, ਨਿਰਮੋਹਤਾ, ਆਤਮ-ਬੋਧ ਅਤੇ ਆਪਣੇ ਸੀਮਤ ਆਪੇ ਤੋਂ ਪਾਰ ਜਾਣ ਰਾਹੀਂ ਮਨੁੱਖ ਦਾ ਅੰਦਰੂਨੀ ਰੂਪਾਂਤਰਣ ਸੀ। ਉਸ ਦੀ ਰਹੱਸਵਾਦੀ ਵਿਰਾਸਤ ਦੀਆਂ ਜੜ੍ਹਾਂ ਕਸ਼ਮੀਰ ਦੇ ਸ਼ੈਵ ਆਤਮਿਕ ਸੰਸਾਰ ਵਿਚ ਸਨ, ਹਾਲਾਂਕਿ ਉਸ ਦੀਆਂ ਸਿੱਖਿਆਵਾਂ ਦੇ ਕੁਝ ਪੱਖ ਬਾਅਦ ਵਿਚ ਸੂਫ਼ੀ ਪਰੰਪਰਾ ਦੀ ਆਪਾ ਮਿਟਾਉਣ ਅਤੇ ਪਰਮਾਤਮਾ ਨਾਲ ਮਿਲਾਪ ਦੀ ਸ਼ਬਦਾਵਲੀ ਨਾਲ ਮੇਲ ਖਾ ਸਕਦੇ ਸਨ।

ਜਿਉਂਦੀ ਲੋਕ-ਸਮ੍ਰਿਤੀ ਤੋਂ ਲਿਖਤੀ ਪਾਠ ਤੱਕ ਲਲ ਦੇਦ ਦਾ ਕੋਈ ਇੱਕ 'ਖੋਜਕਰਤਾ' ਨਹੀਂ ਹੈ। ਉਹ ਕੋਈ ਅਜਿਹੀ ਭੁੱਲੀ-ਵਿਸਰੀ ਕਵਿੱਤਰੀ ਨਹੀਂ ਸੀ, ਜਿਸ ਨੂੰ ਆਧੁਨਿਕ ਵਿਦਵਤਾ ਨੇ ਅਚਾਨਕ ਇਤਿਹਾਸ ਵਿਚ ਵਾਪਸ ਲਿਆ ਖੜ੍ਹਾ ਕੀਤਾ ਹੋਵੇ। ਉਸ ਦੇ ਵਾਖ ਸਦੀਆਂ ਤੱਕ ਕਸ਼ਮੀਰ ਵਿਚ ਮੌਖਿਕ ਪਰੰਪਰਾ ਰਾਹੀਂ ਪ੍ਰਚਲਿਤ ਰਹੇ। ਆਧੁਨਿਕ ਵਿਦਵਤਾ ਨੇ ਮੁੱਖ ਤੌਰ ਉੱਤੇ ਉਸ ਕਵਿੱਤਰੀ ਦੀਆਂ ਰਚਨਾਵਾਂ ਦੇ ਪਾਠ ਨੂੰ ਇਕੱਠਾ ਕਰਕੇ ਮੁੜ ਪ੍ਰਾਪਤ ਕੀਤਾ, ਜਿਸ ਦੇ ਬੋਲ ਲੋਕ-ਸਮ੍ਰਿਤੀ ਵਿਚ ਜਿਉਂਦੇ ਰਹੇ ਸਨ।

ਪਰ ਸਾਰੇ ਸਰੋਤਾਂ ਦਾ ਇਤਿਹਾਸਕ ਮਹੱਤਵ ਇੱਕੋ ਜਿਹਾ ਨਹੀਂ ਹੈ। ਸਭ ਤੋਂ ਪੁਰਾਣਾ ਜਾਣਿਆ ਲਿਖਤੀ ਹਵਾਲਾ ਬਾਬਾ ਦਾਊਦ ਮਿਸ਼ਕਾਤੀ ਦੀ ਫ਼ਾਰਸੀ ਰਚਨਾ 'ਅਸਰਾਰ-ਉਲ-ਅਬਰਾਰ' ਵਿਚ ਮਿਲਦਾ ਹੈ, ਜੋ 1654 ਵਿਚ ਲਿਖੀ ਗਈ ਸੀ—ਲਲ ਦੇਦ ਤੋਂ ਦੋ ਸਦੀਆਂ ਤੋਂ ਵੀ ਵੱਧ ਸਮੇਂ ਬਾਅਦ। ਇਹ ਸਤਾਰ੍ਹਵੀਂ ਸਦੀ ਦੀ ਕਸ਼ਮੀਰੀ ਧਾਰਮਿਕ ਸਮ੍ਰਿਤੀ ਵਿਚ ਉਸ ਦੀ ਮੌਜੂਦਗੀ ਨੂੰ ਸਥਾਪਤ ਕਰਦਾ ਹੈ, ਪਰ ਇਸ ਨੂੰ ਉਸ ਦੇ ਜੀਵਨ ਦਾ ਸਮਕਾਲੀ ਸਬੂਤ ਨਹੀਂ ਮੰਨਿਆ ਜਾ ਸਕਦਾ। ਬਾਅਦ ਦੀਆਂ ਫ਼ਾਰਸੀ ਅਤੇ ਸਥਾਨਕ ਭਾਸ਼ਾਵਾਂ ਵਿਚ ਲਿਖੀਆਂ ਸੰਤ-ਜੀਵਨੀਆਂ ਉਸ ਦੀ ਵਧਦੀ ਪ੍ਰਸਿੱਧੀ ਅਤੇ ਵੱਖ-ਵੱਖ ਭਾਈਚਾਰਿਆਂ ਵੱਲੋਂ ਉਸ ਨੂੰ ਯਾਦ ਕਰਨ ਦੇ ਤਰੀਕਿਆਂ ਦੇ ਮਹੱਤਵਪੂਰਨ ਸਬੂਤ ਹਨ, ਪਰ ਇਨ੍ਹਾਂ ਨੂੰ ਵੀ ਸਮਕਾਲੀ ਗਵਾਹੀ ਤੋਂ ਵੱਖਰਾ ਰੱਖਣਾ ਜ਼ਰੂਰੀ ਹੈ।

ਵਾਖ ਆਪ ਇੱਕ ਵੱਖਰੀ ਸਮੱਸਿਆ ਪੇਸ਼ ਕਰਦੇ ਹਨ। ਲੰਮੇ ਸਮੇਂ ਤੱਕ ਮੌਖਿਕ ਰੂਪ ਵਿਚ ਅੱਗੇ ਪਹੁੰਚਦੇ ਰਹਿਣ ਕਾਰਨ ਉਨ੍ਹਾਂ ਦੇ ਸ਼ਬਦਾਂ, ਗਿਣਤੀ ਅਤੇ ਤਰਤੀਬ ਦੇ ਸਵਾਲਾਂ ਨੂੰ ਨਿਸ਼ਚਿਤ ਕਰਨਾ ਔਖਾ ਹੈ। ਰਵਾਇਤੀ ਤੌਰ ਉੱਤੇ ਭਾਸਕਰ ਰਾਜ਼ਦਾਨ ਅਤੇ ਬਾਅਦ ਵਿਚ ਲਕਸ਼ਮਣ ਕਾਕ ਨਾਲ ਜੋੜੇ ਜਾਂਦੇ ਸੰਗ੍ਰਹਿ ਇਸ ਰਚਨਾ-ਸਮੂਹ ਦੇ ਕੁਝ ਹਿੱਸਿਆਂ ਨੂੰ ਸੰਭਾਲਦੇ ਹਨ, ਪਰ ਵੱਖ-ਵੱਖ ਸੰਗ੍ਰਹਿਆਂ ਵਿਚਲੇ ਫ਼ਰਕ ਮੌਖਿਕ ਤੌਰ ਉੱਤੇ ਅੱਗੇ ਪਹੁੰਚਦੇ ਪਾਠ ਵਿਚ ਮੌਜੂਦ ਸੁਭਾਵਿਕ ਅਸਥਿਰਤਾ ਨੂੰ ਦਰਸਾਉਂਦੇ ਹਨ।

ਉਨੀਵੀਂ ਸਦੀ ਵਿਚ ਯੂਰਪੀ ਪੂਰਬੀ ਅਧਿਐਨ ਦੇ ਵਿਦਵਾਨਾਂ ਵੱਲੋਂ ਕਸ਼ਮੀਰ ਦੀਆਂ ਹੱਥ-ਲਿਖਤਾਂ ਨੂੰ ਵਿਉਂਤਬੱਧ ਢੰਗ ਨਾਲ ਇਕੱਠਾ ਕਰਨ ਨਾਲ ਇੱਕ ਨਵਾਂ ਪੜਾਅ ਸ਼ੁਰੂ ਹੋਇਆ। 1875-76 ਵਿਚ ਗਿਓਰਗ ਬਿਊਲਰ ਦੀਆਂ ਹੱਥ-ਲਿਖਤਾਂ ਇਕੱਠੀਆਂ ਕਰਨ ਲਈ ਕੀਤੀ ਯਾਤਰਾ ਇਸ ਪ੍ਰਕਿਰਿਆ ਦਾ ਮਹੱਤਵਪੂਰਨ ਪੜਾਅ ਸੀ। ਇਸ ਨੇ ਔਰਲ ਸਟਾਈਨ ਅਤੇ ਜਾਰਜ ਗ੍ਰੀਅਰਸਨ ਵਰਗੇ ਵਿਦਵਾਨਾਂ ਲਈ ਕਸ਼ਮੀਰ ਦੀਆਂ ਸਾਹਿਤਕ ਪਰੰਪਰਾਵਾਂ ਦੇ ਅਧਿਐਨ ਦਾ ਰਾਹ ਖੋਲ੍ਹਣ ਵਿਚ ਮਦਦ ਕੀਤੀ।

ਆਧੁਨਿਕ ਸਮੇਂ ਵਿਚ ਪਾਠ ਦੀ ਮੁੜ ਪ੍ਰਾਪਤੀ ਵੱਲ ਨਿਰਣਾਇਕ ਕਦਮ ਵੀਹਵੀਂ ਸਦੀ ਦੇ ਸ਼ੁਰੂ ਵਿਚ ਚੁੱਕਿਆ ਗਿਆ। 1914 ਵਿਚ ਗ੍ਰੀਅਰਸਨ ਨੇ ਪੰਡਿਤ ਮੁਕੁੰਦ ਰਾਮ ਸ਼ਾਸਤਰੀ ਨੂੰ 'ਲੱਲਾ-ਵਾਕਯਾਨੀ' ਦਾ ਇੱਕ ਭਰੋਸੇਯੋਗ ਪਾਠ ਲੱਭਣ ਲਈ ਕਿਹਾ। ਆਖ਼ਿਰਕਾਰ ਸ਼ਾਸਤਰੀ ਨੂੰ ਗੁਸ਼ ਦੇ ਧਰਮ ਦਾਸ ਦਰਵੇਸ਼ ਮਿਲੇ। ਉਹ ਬਜ਼ੁਰਗ ਵਾਖ-ਪਾਠਕ ਸਨ, ਜਿਨ੍ਹਾਂ ਨੂੰ ਇਹ ਕਾਵਿ ਪਰਿਵਾਰਕ ਪਰੰਪਰਾ ਰਾਹੀਂ ਵਿਰਸੇ ਵਿਚ ਮਿਲਿਆ ਸੀ। ਸ਼ਾਸਤਰੀ ਨੇ ਉਨ੍ਹਾਂ ਦੇ ਮੂੰਹੋਂ ਸੁਣ ਕੇ ਵਾਖ ਲਿਖੇ ਅਤੇ ਇਹ ਸਮੱਗਰੀ ਗ੍ਰੀਅਰਸਨ ਨੂੰ ਦਿੱਤੀ। ਗ੍ਰੀਅਰਸਨ ਨੇ ਲਾਇਨਲ ਡੀ. ਬਾਰਨੈੱਟ ਨਾਲ ਮਿਲ ਕੇ ਇਸ ਸਮੱਗਰੀ ਦੀ ਹੋਰ ਉਪਲਬਧ ਸਰੋਤਾਂ ਨਾਲ ਤੁਲਨਾ ਕੀਤੀ ਅਤੇ 1920 ਵਿਚ ਲੰਡਨ ਵਿਚ 'ਲੱਲਾ-ਵਾਕਯਾਨੀ, ਜਾਂ ਲਲ ਦੇਦ ਦੇ ਗਿਆਨ-ਭਰੇ ਕਥਨ' ਪ੍ਰਕਾਸ਼ਿਤ ਕੀਤੀ। ਇਸ ਤੋਂ ਬਾਅਦ ਸਰ ਰਿਚਰਡ ਕਾਰਨੈਕ ਟੈਂਪਲ ਨੇ 1924 'ਚ 'ਲੱਲਾ ਪੈਗੰਬਰਣੀ ਦੇ ਬਚਨ' ਪ੍ਰਕਾਸ਼ਿਤ ਕੀਤੀ।

ਇਸ ਲਈ ਆਧੁਨਿਕ ਸਮੇਂ ਵਿਚ ਉਸ ਦੀਆਂ ਰਚਨਾਵਾਂ ਦੀ ਮੁੜ ਪ੍ਰਾਪਤੀ ਕਈ ਪੜਾਵਾਂ ਦੇ ਸਾਂਝੇ ਯੋਗਦਾਨ ਦਾ ਨਤੀਜਾ ਸੀ: ਕਸ਼ਮੀਰ ਵਿਚ ਸੰਭਾਲੀ ਗਈ ਮੌਖਿਕ ਪਰੰਪਰਾ, ਕਸ਼ਮੀਰੀ ਵਿਦਵਾਨਾਂ ਵੱਲੋਂ ਤਿਆਰ ਕੀਤੇ ਸੰਗ੍ਰਹਿ ਅਤੇ ਉਸ ਤੋਂ ਬਾਅਦ ਹੋਇਆ ਭਾਸ਼ਾ ਤੇ ਪਾਠ ਦਾ ਵਿਦਵਤਾਪੂਰਨ ਅਧਿਐਨ, ਜਿਸ ਰਾਹੀਂ ਸਮੱਗਰੀ ਨੂੰ ਇਕੱਠਾ ਕੀਤਾ ਗਿਆ, ਤੁਲਨਾ ਕੀਤੀ ਗਈ, ਅਨੁਵਾਦ ਕੀਤਾ ਗਿਆ ਅਤੇ ਛਾਪਿਆ ਗਿਆ। ਕਸ਼ਮੀਰ ਲਲ ਦੇਦ ਨੂੰ ਭੁੱਲਿਆ ਨਹੀਂ ਸੀ; ਆਧੁਨਿਕ ਵਿਦਵਤਾ ਨੇ ਉਸ ਸਮ੍ਰਿਤੀ ਨੂੰ ਲਿਖਤੀ ਅਤੇ ਕੋਮਾਂਤਰੀ ਰੂਪ ਦਿੱਤਾ, ਜੋ ਪਹਿਲਾਂ ਹੀ ਜਿਉਂਦੀ ਸੀ। ਲੱਲਾ ਆਰਿਫ਼ਾ ਅਤੇ ਸਬੂਤਾਂ ਦੀਆਂ ਸੀਮਾਵਾਂ ਲਲ ਦੇਦ ਵੱਲੋਂ ਕਥਿਤ ਤੌਰ ਉੱਤੇ ਇਸਲਾਮ ਕਬੂਲ ਕਰਨ ਦਾ ਸਵਾਲ ਇਹ ਸਪਸ਼ਟ ਕਰਦਾ ਹੈ ਕਿ ਸਬੂਤਾਂ ਦੀ ਭਰੋਸੇਯੋਗਤਾ ਦਾ ਦਰਜਾ ਕਿਉਂ ਮਹੱਤਵ ਰੱਖਦਾ ਹੈ।

ਮੌਜੂਦ ਸਬੂਤ ਇਹ ਸਥਾਪਤ ਨਹੀਂ ਕਰਦੇ ਕਿ ਉਸ ਨੇ ਆਪਣੇ ਜੀਵਨਕਾਲ ਵਿਚ ਰਸਮੀ ਤੌਰ ਉੱਤੇ ਧਰਮ ਪਰਿਵਰਤਨ ਕੀਤਾ ਸੀ। ਬਾਅਦ ਦੀਆਂ ਮੁਸਲਿਮ ਸੰਤ-ਜੀਵਨੀ ਪਰੰਪਰਾਵਾਂ ਉਸ ਨੂੰ ਮੁਸਲਿਮ ਸੰਤਾਂ ਨਾਲ ਜੋੜਦੀਆਂ ਹਨ ਅਤੇ ਲੱਲਾ ਆਰਿਫ਼ਾ ਵਜੋਂ ਯਾਦ ਕਰਦੀਆਂ ਹਨ। ਕੁਝ ਤਾਂ ਸਪਸ਼ਟ ਤੌਰ ਉੱਤੇ ਇਹ ਵੀ ਦੱਸਦੀਆਂ ਹਨ ਕਿ ਉਸ ਨੇ ਇਸਲਾਮ ਕਬੂਲ ਕਰ ਲਿਆ ਸੀ। ਇਹ ਪਰੰਪਰਾਵਾਂ ਇਸ ਗੱਲ ਦੇ ਮਹੱਤਵਪੂਰਨ ਸਬੂਤ ਹਨ ਕਿ ਮੁਸਲਿਮ ਕਸ਼ਮੀਰ ਵਿਚ ਲਲ ਦੇਦ ਨੂੰ ਕਿਵੇਂ ਸਮਝਿਆ ਜਾਣ ਲੱਗਾ, ਪਰ ਇਹ ਧਰਮ ਪਰਿਵਰਤਨ ਦੇ ਸਮਕਾਲੀ ਲਿਖਤੀ ਸਬੂਤ ਨਹੀਂ ਹਨ।

ਮਿਸਾਲ ਵਜੋਂ, 'ਤਜ਼ਕਿਰਤ ਅਲ-ਆਰਿਫ਼ੀਨ' ਲਲ ਦੇਦ ਨੂੰ ਮੁਸਲਿਮ ਸੰਤ-ਜੀਵਨੀ ਦੇ ਢਾਂਚੇ ਵਿਚ ਰੱਖਦੀ ਹੈ ਅਤੇ ਉਸ ਨੂੰ ਉੱਚਾ ਰੂਹਾਨੀ ਦਰਜਾ ਦਿੰਦੀ ਹੈ, ਪਰ ਧਰਮ ਪਰਿਵਰਤਨ ਦਾ ਵਰਣਨ ਨਹੀਂ ਕਰਦੀ। ਇਸੇ ਤਰ੍ਹਾਂ 'ਆਰਿਫ਼ਾ' ਦਾ ਖ਼ਿਤਾਬ, ਜਿਸ ਦਾ ਅਰਥ ਆਤਮਿਕ ਗਿਆਨ ਜਾਂ ਅੰਤਰ-ਬੋਧ ਰੱਖਣ ਵਾਲੀ ਔਰਤ ਹੈ, ਸ਼ਰਧਾ ਨੂੰ ਤਾਂ ਦਰਸਾਉਂਦਾ ਹੈ, ਪਰ ਆਪਣੇ ਆਪ ਵਿਚ ਧਾਰਮਿਕ ਰਿਸ਼ਤਾ ਬਦਲਣ ਨੂੰ ਸਥਾਪਤ ਨਹੀਂ ਕਰ ਸਕਦਾ।

ਇਸ ਲਈ ਇਤਿਹਾਸਕ ਨਿਰਣਾ ਸਾਵਧਾਨੀ ਨਾਲ ਸਬੂਤਾਂ ਦੀਆਂ ਹੱਦਾਂ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ: ਲਲ ਦੇਦ ਦੀ ਆਤਮਿਕ ਸ਼ਬਦਾਵਲੀ ਦੀਆਂ ਜੜ੍ਹਾਂ ਮੱਧਕਾਲੀ ਕਸ਼ਮੀਰ ਦੇ ਸ਼ੈਵ ਮਾਹੌਲ ਵਿਚ ਹਨ; ਬਾਅਦ ਵਿਚ ਲੱਲਾ ਆਰਿਫ਼ਾ ਵਜੋਂ ਉਸ ਪ੍ਰਤੀ ਸ਼ਰਧਾ ਦੇ ਮੁਸਲਿਮ ਪਰੰਪਰਾ ਵਿਚ ਪੱਕੇ ਸਬੂਤ ਮਿਲਦੇ ਹਨ; ਪਰ ਇਸ ਵੇਲੇ ਰਸਮੀ ਧਰਮ ਬਦਲਣ ਨੂੰ ਇਤਿਹਾਸਕ ਤੱਥ ਵਜੋਂ ਸਥਾਪਤ ਨਹੀਂ ਕੀਤਾ ਜਾ ਸਕਦਾ। ਸਮਕਾਲੀ ਸਬੂਤਾਂ ਦੀ ਗ਼ੈਰਮੌਜੂਦਗੀ ਇਹ ਸਾਬਤ ਨਹੀਂ ਕਰਦੀ ਕਿ ਧਰਮ ਬਦਲੀ ਹੋਈ ਹੀ ਨਹੀਂ ਸੀ; ਇਸ ਦਾ ਮਤਲਬ ਸਿਰਫ਼ ਇਹ ਹੈ ਕਿ ਇਸ ਦਾਅਵੇ ਨੂੰ ਇਤਿਹਾਸਕ ਨਿਸ਼ਚਿਤਤਾ ਨਾਲ ਨਹੀਂ ਕਿਹਾ ਜਾ ਸਕਦਾ।

ਇਹੀ ਫ਼ਰਕ ਲਲ ਦੇਦ ਅਤੇ ਨੁੰਦ ਰਿਸ਼ੀ ਦੇ ਰਵਾਇਤੀ ਸਬੰਧ ਉੱਤੇ ਵੀ ਲਾਗੂ ਹੁੰਦਾ ਹੈ। ਕਸ਼ਮੀਰੀ ਲੋਕ-ਸਮ੍ਰਿਤੀ ਵਿਚ ਨੁੰਦ ਰਿਸ਼ੀ ਉੱਤੇ ਉਸ ਦਾ ਮਹੱਤਵਪੂਰਨ ਆਤਮਿਕ ਪ੍ਰਭਾਵ ਮੰਨਿਆ ਜਾਂਦਾ ਹੈ, ਪਰ ਉਨ੍ਹਾਂ ਦੇ ਸਬੰਧ ਦੇ ਸਹੀ ਹਾਲਾਤ ਬਾਅਦ ਦੀ ਪਰੰਪਰਾ ਦਾ ਹਿੱਸਾ ਹਨ। ਇਸ ਪਰੰਪਰਾ ਦੀ ਮੌਜੂਦਗੀ ਬਾਰੇ ਜਿੰਨੇ ਭਰੋਸੇ ਨਾਲ ਗੱਲ ਕੀਤੀ ਜਾ ਸਕਦੀ ਹੈ, ਓਨੇ ਹੀ ਭਰੋਸੇ ਨਾਲ ਉਨ੍ਹਾਂ ਹਾਲਾਤ ਦਾ ਪੁਨਰ-ਨਿਰਮਾਣ ਨਹੀਂ ਕੀਤਾ ਜਾ ਸਕਦਾ।

## ਹਰਮਨਪਿਆਰੇ ਚਿੱਤਰਾਂ ਵਿਚ ਲਲ ਦੇਦ

ਬਾਅਦ ਦੀਆਂ ਵਿਆਖਿਆਵਾਂ ਦੀ ਸਮੱਸਿਆ ਲਲ ਦੇਦ ਨੂੰ ਚਿੱਤਰਾਂ ਵਿਚ ਪੇਸ਼ ਕਰਨ ਦੇ ਢੰਗ ਵਿਚ ਵੀ ਓਨੀ ਹੀ ਸਪਸ਼ਟ ਹੈ। ਆਧੁਨਿਕ ਕੈਲੰਡਰ-ਕਲਾ ਵਿਚ ਉਸ ਨੂੰ ਅਕਸਰ ਵੀਹਵੀਂ ਸਦੀ ਦੀ ਕਸ਼ਮੀਰੀ ਪੰਡਿਤ ਔਰਤ ਵਜੋਂ ਦਰਸਾਇਆ ਜਾਂਦਾ ਹੈ—ਫਿਰਨ ਪਹਿਨੀ ਹੋਈ, ਲਾਲ ਕਮਰਪੱਟੇ, ਦੇਜਹੋਰ ਅਤੇ ਪੰਡਿਤ ਕਸਾਬੇ ਨਾਲ। ਅਜਿਹੀ ਤਸਵੀਰ ਸੱਭਿਆਚਾਰਕ ਤੌਰ ਉੱਤੇ ਜਾਣੀ-ਪਛਾਣੀ ਹੋ ਸਕਦੀ ਹੈ, ਪਰ ਇਤਿਹਾਸਕ ਤੌਰ ਉੱਤੇ ਇਹ ਆਪਣੇ ਸਮੇਂ ਨਾਲ ਮੇਲ ਨਹੀਂ ਖਾਂਦੀ। ਚੌਦ੍ਹਵੀਂ ਸਦੀ



ਦੀ ਲਲ ਦੇਦ ਲਈ ਰੰਗਾਂ ਦੀ ਉਹ ਖ਼ਾਸ ਲੜੀ ਵੀ ਉਪਲਬਧ ਨਹੀਂ ਸੀ, ਜਿਸ ਵਿਚ ਅੱਜ ਅਕਸਰ ਉਸ ਨੂੰ ਚਿਤਰਿਆ ਜਾਂਦਾ ਹੈ—ਲੰਮੇ ਕੁੜਤੇ, ਕਮਰਪੱਟੇ ਅਤੇ ਕਸਾਬੇ ਦੇ ਚਮਕਦਾਰ, ਇਕਸਾਰ ਅਤੇ ਬੇਹੱਦ ਗੂੜ੍ਹੇ ਲਾਲ, ਜਾਮਣੀ, ਮੈਜੈਂਟਾ ਅਤੇ ਬਿਜਲਈ ਨੀਲੇ ਰੰਗ। ਇਸ ਲਈ ਸਮੱਸਿਆ ਸਿਰਫ਼ ਇਹ ਨਹੀਂ ਕਿ ਪਹਿਰਾਵਾ ਬਾਅਦ ਦੇ ਸਮੇਂ ਦਾ ਹੈ; ਸਮੁੱਚੀ ਦ੍ਰਿਸ਼-ਭਾਸ਼ਾ ਹੀ ਬਹੁਤ ਬਾਅਦ ਦੀ ਕਲਪਨਾ ਦੀ ਉਪਜ ਹੈ।

ਲਲ ਦੇਦ ਚੌਦ੍ਹਵੀਂ ਸਦੀ ਨਾਲ ਸਬੰਧ ਰੱਖਦੀ ਸੀ। ਰਵਾਇਤੀ ਬਿਰਤਾਂਤ ਉਸ ਨੂੰ ਗ੍ਰਿਹਿਸਥ ਜੀਵਨ ਤਿਆਗਣ ਤੋਂ ਬਾਅਦ ਇੱਕ ਭਟਕਦੀ ਜੋਗਣ ਵਜੋਂ ਦਰਸਾਉਂਦੇ ਹਨ, ਜੋ ਪਹਿਰਾਵੇ ਅਤੇ ਸਮਾਜਿਕ ਜ਼ਿੰਦਗੀ ਦੀਆਂ ਆਮ ਰੀਤਾਂ ਤੋਂ ਨਿਰਲੇਪ ਸੀ। ਕੁਝ ਬਿਰਤਾਂਤ ਉਸ ਨੂੰ ਚੀਥੜਿਆਂ ਵਿਚ ਜਾਂ ਰਵਾਇਤੀ ਕੱਪੜਿਆਂ ਤੋਂ ਬਿਨਾਂ ਦਰਸਾਉਂਦੇ ਹਨ; ਇੱਕ ਹੋਰ ਬਿਰਤਾਂਤ ਉਸ ਨੂੰ ਮੋਢਿਆਂ ਉੱਤੇ ਕੱਪੜੇ ਦੇ ਟੁਕੜੇ ਸੁੱਟ ਕੇ ਨਿਰਵਸਤਰ ਤੁਰਦੀ ਹੋਈ ਯਾਦ ਕਰਦਾ ਹੈ।

ਨਿਰਵਸਤਰਤਾ ਬਾਰੇ ਉਸ ਦਾ ਪ੍ਰਸਿੱਧ ਵਾਖ ਤਿਆਗ ਦੀ ਇਸ ਵਿਆਪਕ ਜੀਵਨ-ਦ੍ਰਿਸ਼ਟੀ ਦਾ ਹਿੱਸਾ ਹੈ। ਸਵਾਲ ਸਿਰਫ਼ ਕੱਪੜਿਆਂ ਦਾ ਨਹੀਂ ਸੀ, ਸਗੋਂ ਬਾਹਰੀ ਦਿੱਖ ਨੂੰ ਰੂਹਾਨੀ ਪਛਾਣ ਦਾ ਪੈਮਾਨਾ ਮੰਨਣ ਤੋਂ ਇਨਕਾਰ ਦਾ ਸੀ।

ਇਸ ਲਈ ਅਜਿਹੀ ਸ਼ਖ਼ਸੀਅਤ ਨੂੰ ਪਿੱਛੋਂ ਬਹੁਤ ਬਾਅਦ ਦੀ ਕਸ਼ਮੀਰੀ ਪੰਡਿਤ ਔਰਤ ਦਾ ਪਹਿਰਾਵਾ ਪਹਿਨਾ ਦੇਣਾ ਸਿਰਫ਼ ਕਾਲਕ੍ਰਮ ਦੀ ਗ਼ਲਤੀ ਨਹੀਂ ਹੈ। ਇਹ ਚਿੱਤਰ ਦਾ ਅਰਥ ਹੀ ਬਦਲ ਦਿੰਦਾ ਹੈ। ਰਵਾਇਤੀ ਸਮਾਜਿਕ ਪਛਾਣ ਨੂੰ ਰੱਦ ਕਰਨ ਵਾਲੀ ਭਟਕਦੀ ਜੋਗਣ ਆਪਣੇ ਭਾਈਚਾਰੇ ਦੀ ਰਵਾਇਤੀ ਨਾਰੀ ਪਛਾਣ ਦਾ ਪ੍ਰਤੀਕ ਬਣ ਜਾਂਦੀ ਹੈ।

## ਵਿਲਾਸਤਾ ਦੇ ਚਿੱਤਰ ਵਜੋਂ ਲਲ ਦੇਦ

ਲਲ ਦੇਦ ਨੂੰ ਬਾਰੀਕੀ ਨਾਲ ਚਿੱਤਰੀ ਹੋਈ ਇੱਕ ਪਸ਼ਮੀਨਾ ਸ਼ਾਲ ਉੱਤੇ ਪੇਸ਼ ਕਰਨ ਨਾਲ ਬਿਲਕੁਲ ਵੱਖਰਾ ਸਵਾਲ ਉੱਠਦਾ ਹੈ। ਦੱਸਿਆ ਜਾਂਦਾ ਹੈ ਕਿ ਇਸ ਸ਼ਾਲ ਦੀ ਕੀਮਤ ਇੰਨੀ ਹੈ ਕਿ ਇਹ ਅਮੀਰਾਂ ਦੀ ਪਹੁੰਚ ਤੋਂ ਵੀ ਬਾਹਰ ਹੈ।

ਉੱਤਮ ਕਾਰੀਗਰੀ ਦੀ ਕਿਸੇ ਰਚਨਾ ਰਾਹੀਂ ਇੱਕ ਸਤਿਕਾਰਯੋਗ ਰਹੱਸਵਾਦੀ ਸ਼ਖ਼ਸੀਅਤ ਨੂੰ ਚਿਤਰਨਾ ਆਪਣੇ ਆਪ ਵਿਚ ਇਤਰਾਜ਼ਯੋਗ ਨਹੀਂ ਹੈ। ਨਾ ਹੀ ਕਿਸੇ ਕਲਾਕ੍ਰਿਤੀ ਦਾ ਵਪਾਰਕ ਮੁੱਲ ਆਪਣੇ ਆਪ ਵਿਚ ਉਸ ਦੀ ਸੱਭਿਆਚਾਰਕ ਜਾਂ ਕਲਾਤਮਕ ਅਹਿਮੀਅਤ ਨੂੰ ਰੱਦ ਕਰਦਾ ਹੈ। ਸਵਾਲ ਉਸ ਤਣਾਅ ਦਾ ਹੈ, ਜੋ ਉਸ ਵੇਲੇ ਪੈਦਾ ਹੁੰਦਾ ਹੈ ਜਦੋਂ ਤਿਆਗ ਲਈ ਪ੍ਰਸਿੱਧ ਇੱਕ ਰਹੱਸਵਾਦੀ ਦਾ ਚਿੱਤਰ ਬੇਹੱਦ ਕੀਮਤੀ ਵਿਲਾਸੀ ਵਸਤੂ ਦਾ ਹਿੱਸਾ ਬਣ ਜਾਂਦਾ ਹੈ।

ਸ਼ਾਲ ਉੱਤੇ ਚਿੱਤਰੀ ਲਲ ਦੇਦ ਸ਼ਾਂਤ ਬੈਠੀ ਇੱਕ ਰਹੱਸਵਾਦੀ ਸਾਧਿਕਾ ਹੈ, ਜਿਸ ਦੇ ਆਲੇ-ਦੁਆਲੇ ਲਹਿਰਾਂ ਤੇ ਕਮਲ ਹਨ ਅਤੇ ਜਿਸ ਨੂੰ ਲਗਭਗ ਇੱਕ ਧਾਰਮਿਕ ਮੂਰਤੀ ਵਾਂਗ ਪੇਸ਼ ਕੀਤਾ ਗਿਆ ਹੈ। ਉਸ ਦੇ ਮੱਥੇ ਦਾ ਚਿੰਨ੍ਹ, ਪਹਿਰਾਵਾ, ਸਿਰ ਢਕਣ ਦਾ ਢੰਗ ਅਤੇ ਆਲੇ-ਦੁਆਲੇ ਦੇ ਚਿੱਤਰ ਇਸ ਪੇਸ਼ਕਾਰੀ ਨੂੰ ਸਪਸ਼ਟ ਹਿੰਦੂ ਦ੍ਰਿਸ਼ਟੀਗਤ ਸਰੂਪ ਦਿੰਦੇ ਹਨ। ਇਸ ਲਈ ਇਹ ਕਲਾਤਮਕ ਵਿਆਖਿਆ ਦੀ ਰਚਨਾ ਵੀ ਹੈ ਅਤੇ ਇਸ ਗੱਲ ਦਾ ਬਿਆਨ ਵੀ ਕਿ ਆਧੁਨਿਕ ਕਲਪਨਾ ਉਸ ਨੂੰ ਕਿਸ ਰੂਪ ਵਿਚ ਦੇਖਣਾ ਚੁਣਦੀ ਹੈ।

ਵਿਡੰਬਨਾ ਇਸ ਭੌਤਿਕ ਰੂਪ ਅਤੇ ਲਲ ਦੇਦ ਦੀ ਸਿੱਖਿਆ ਦੀ ਇੱਕ ਮਹੱਤਵਪੂਰਨ ਧਾਰਾ ਦੇ ਵਿਚਕਾਰਲੇ ਅੰਤਰ ਵਿਚ ਹੈ। ਉਸ ਦੇ ਵਾਖ ਵਾਰ-ਵਾਰ ਸਾਧਕ ਨੂੰ ਬਾਹਰੀ ਰੂਪਾਂ ਅਤੇ ਵਸਤੂਆਂ ਦੇ ਮੋਹ ਤੋਂ ਹਟਾ ਕੇ ਅੰਦਰਲੇ ਸੱਚ ਵੱਲ ਮੋੜਦੇ ਹਨ। ਉਸ ਦਾ ਚਿੱਤਰ ਅਜਿਹੀ ਵਸਤੂ ਉੱਤੇ ਅੰਕਿਤ ਕਰਨਾ, ਜਿਸ ਦਾ ਅਸਾਧਾਰਨ ਧਨ-ਮੁੱਲ ਉਸ ਦੀ ਪਛਾਣ ਦਾ ਹਿੱਸਾ ਹੋਵੇ, ਲਾਜ਼ਮੀ ਤੌਰ ਉੱਤੇ ਤਿਆਗੀ ਸਾਧਿਕਾ ਅਤੇ ਵਿਲਾਸੀ ਵਸਤੂ ਵਿਚਕਾਰ ਇੱਕ ਤਣਾਅ ਪੈਦਾ ਕਰਦਾ ਹੈ।

ਪਰ ਇਸ ਤਣਾਅ ਨੂੰ ਕਲਾਕ੍ਰਿਤੀ ਦੀ ਨਿੰਦਾ ਨਹੀਂ ਸਮਝਣਾ ਚਾਹੀਦਾ। ਸ਼ਾਲ ਦੀ ਕਾਰੀਗਰੀ ਵਜੋਂ ਪ੍ਰਸ਼ੰਸਾ ਕੀਤੀ ਜਾ ਸਕਦੀ ਹੈ, ਇਸ ਨੂੰ ਸੱਭਿਆਚਾਰਕ ਵਿਰਾਸਤ ਵਜੋਂ ਸੰਭਾਲਿਆ ਜਾ ਸਕਦਾ ਹੈ ਅਤੇ ਸਮਕਾਲੀ ਕਸ਼ਮੀਰੀ ਕਲਾਤਮਕ ਪਰੰਪਰਾ ਦੇ ਪ੍ਰਗਟਾਵੇ ਵਜੋਂ ਕਦਰ ਦਿੱਤੀ ਜਾ ਸਕਦੀ ਹੈ। ਪੜਤਾਲ ਦੀ ਲੋੜ ਉਸ ਰੂਪਾਂਤਰਣ ਦੀ ਹੈ, ਜੋ ਉਸ ਵੇਲੇ ਵਾਪਰਦਾ ਹੈ ਜਦੋਂ ਕਿਸੇ ਤਿਆਗੀ ਸ਼ਖ਼ਸੀਅਤ ਦੀ ਪੇਸ਼ਕਾਰੀ ਦੇ ਅਰਥ ਉਸ ਔਰਤ ਦੇ ਫ਼ਲਸਫ਼ੇ ਜਿੰਨੇ ਹੀ ਸੁਹਜ-ਬੋਧ, ਪਛਾਣ ਅਤੇ ਬਾਜ਼ਾਰ ਰਾਹੀਂ ਨਿਰਧਾਰਤ ਹੋਣ ਲੱਗਦੇ ਹਨ।

## ਲਲ ਦੇਦ ਨੂੰ ਮੁੜ ਖੋਜਦਿਆਂ

ਲਲ ਦੇਦ ਨੂੰ ਗੁੰਮਨਾਮੀ ਵਿਚੋਂ ਬਚਾਉਣ ਨਾਲੋਂ ਵੱਧ ਲੋੜ ਉਸ ਦੇ ਆਲੇ-ਦੁਆਲੇ ਇਕੱਠੀਆਂ ਹੋਈਆਂ ਵਿਆਖਿਆਵਾਂ ਦੀਆਂ ਪਰਤਾਂ ਵਿਚੋਂ ਉਸ ਨੂੰ ਮੁੜ ਲੱਭਣ ਦੀ ਹੈ। ਇਤਿਹਾਸਕਾਰ ਦਾ ਕੰਮ ਇਨ੍ਹਾਂ ਪਰਤਾਂ ਨੂੰ ਵੱਖਰਾ ਰੱਖਣਾ ਹੈ: ਵਾਖ ਅਤੇ ਉਹ ਰੂਹਾਨੀ ਸੰਸਾਰ, ਜਿਸ ਨੂੰ ਉਹ ਉਜਾਗਰ ਕਰਦੇ ਹਨ; ਉਹ ਮੌਖਿਕ ਪਰੰਪਰਾ, ਜਿਸ ਰਾਹੀਂ ਉਹ ਬਚੇ ਰਹੇ; ਬਾਅਦ ਦੀਆਂ ਸੰਤ-ਜੀਵਨੀਆਂ, ਜੋ ਉਸ ਨੂੰ ਅਪਣਾਏ ਅਤੇ ਸਮਝੇ ਜਾਣ ਦੇ ਢੰਗਾਂ ਉੱਤੇ ਚਾਨਣਾ ਪਾਉਂਦੀਆਂ ਹਨ; ਅਤੇ ਆਧੁਨਿਕ ਚਿੱਤਰ, ਜਿਨ੍ਹਾਂ ਨੇ ਉਸ ਨੂੰ ਆਪਣੇ ਯੁੱਗ ਦੀਆਂ ਉਮੀਦਾਂ ਅਨੁਸਾਰ ਨਵੇਂ ਸਿਰਿਓਂ ਘੜਿਆ ਹੈ। ਇਹ ਫ਼ਰਕ ਲਲ ਦੇਦ ਦਾ ਮਹੱਤਵ ਘਟਾਉਂਦਾ ਨਹੀਂ। ਇਹ ਉਸ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਮੁੜ ਸਾਹਮਣੇ ਲਿਆਉਂਦਾ ਹੈ।

ਉਹ ਚੌਦ੍ਹਵੀਂ ਸਦੀ ਦੀ ਇੱਕ ਅਜਿਹੀ ਕਸ਼ਮੀਰੀ ਰਹੱਸਵਾਦੀ ਵਜੋਂ ਉੱਭਰਦੀ ਹੈ, ਜਿਸ ਦੇ ਬੋਲ ਕਿਸੇ ਦਰਬਾਰ, ਸੰਸਥਾ ਜਾਂ ਪ੍ਰਮਾਣਿਤ ਧਾਰਮਿਕ ਗ੍ਰੰਥ-ਪਰੰਪਰਾ ਦੀ ਸਰਪ੍ਰਸਤੀ ਤੋਂ ਬਿਨਾਂ ਬਚੇ ਰਹੇ; ਜਿਸ ਦੀ ਕਵਿਤਾ ਲਿਖਤੀ ਰਿਕਾਰਡ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਮੌਖਿਕ ਪਰੰਪਰਾ ਦੀਆਂ ਕਈ ਪੀੜ੍ਹੀਆਂ ਵਿਚੋਂ ਲੰਘੀ; ਅਤੇ ਜਿਸ ਦੀ ਰੂਹਾਨੀ ਮਹਾਨਤਾ ਨੂੰ ਬਾਅਦ ਵਿਚ ਇੱਕ ਤੋਂ ਵੱਧ ਧਾਰਮਿਕ ਪਰੰਪਰਾਵਾਂ ਵਿਚ ਮਾਨਤਾ ਮਿਲੀ।

ਉਸ ਦੀ ਮੌਤ ਤੋਂ ਬਾਅਦ ਜਾਰੀ ਰਹੀ ਵਿਰਾਸਤ ਦਾ ਵਿਰੋਧਾਭਾਸ ਇਹ ਹੈ ਕਿ ਹਰ ਯੁੱਗ ਨੇ ਲਲ ਦੇਦ ਨੂੰ ਆਪਣੇ ਹੀ ਅਕਸ ਵਿਚ ਪਛਾਣਯੋਗ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਤਿਹਾਸਕਾਰ ਦੀ ਜ਼ਿੰਮੇਵਾਰੀ ਵੱਖਰੀ ਹੈ: ਉਸ ਨੂੰ ਬਾਅਦ ਦੀ ਕਿਸੇ ਪਛਾਣ ਦੇ ਅਨੁਕੂਲ ਢਾਲਣ ਦੀ ਬਜਾਏ, ਇਕੱਠੀਆਂ ਹੋਈਆਂ ਪੇਸ਼ਕਾਰੀਆਂ ਦੇ ਪਿੱਛੇ ਮੌਜੂਦ ਉਸ ਔਰਤ ਨੂੰ ਓਨੀ ਵਫ਼ਾਦਾਰੀ ਨਾਲ ਮੁੜ ਲੱਭਣਾ, ਜਿੰਨੀ ਇਜਾਜ਼ਤ ਸਬੂਤ ਦਿੰਦੇ ਹਨ।

ਉਸ ਦੇ ਵਾਖ ਉਸ ਔਰਤ ਬਾਰੇ ਬਚੀ ਹੋਈ ਸਭ ਤੋਂ ਮਜ਼ਬੂਤ ਗਵਾਹੀ ਹਨ। ਉਹ ਉਨ੍ਹਾਂ ਹਾਲਾਤ ਤੋਂ ਵੀ ਅੱਗੇ ਜਿਉਂਦੇ ਰਹੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਉਚਾਰਿਆ ਗਿਆ ਸੀ; ਉਨ੍ਹਾਂ ਭਾਈਚਾਰਿਆਂ ਤੋਂ ਵੀ, ਜਿਨ੍ਹਾਂ ਨੇ ਉਨ੍ਹਾਂ ਨੂੰ ਅੱਗੇ ਪਹੁੰਚਾਇਆ; ਅਤੇ ਬਾਅਦ ਵਿਚ ਉਸ ਦੇ ਨਾਂ ਉੱਤੇ ਬਣਾਏ ਗਏ ਚਿੱਤਰਾਂ ਤੋਂ ਵੀ।ਇਸ ਲਈ ਜੋ ਸਭ ਤੋਂ ਮਜ਼ਬੂਤੀ ਨਾਲ ਬਚਿਆ ਹੋਇਆ ਹੈ, ਉਹ ਲਲ ਦੇਦ ਉੱਤੇ ਕਿਸੇ ਦੀ ਮਲਕੀਅਤ ਦਾ ਦਾਅਵਾ ਨਹੀਂ, ਸਗੋਂ ਉਸ ਦੀ ਆਵਾਜ਼ ਹੈ। ਅਤੇ ਸ਼ਾਇਦ ਉਸ ਨੂੰ ਮੁੜ ਖੋਜਣ ਦਾ ਸਭ ਤੋਂ ਢੁਕਵਾਂ ਤਰੀਕਾ ਵੀ ਇਹੀ ਹੈ: ਇਹ ਫ਼ੈਸਲਾ ਕਰਨ ਦੀ ਬਜਾਏ ਕਿ ਉਹ ਕਿਸ ਦੀ ਸੀ, ਉਸ ਵੱਲ ਮੁੜਨਾ ਜੋ ਉਹ ਅਸਲ ਵਿਚ ਆਪਣੇ ਪਿੱਛੇ ਛੱਡ ਗਈ ਹੈ।

*(ਡਾ. ਅਬਦੁਲ ਅਹਦ ਇੱਕ ਪ੍ਰਸਿੱਧ ਲੇਖਕ ਅਤੇ ਇਤਿਹਾਸਕਾਰ ਹਨ।)*

## ਕਿਉਂ! ਹੋਈ ਟੂੰ ਟੂੰ!

'ਪੈਸਾ ਨਾਲ ਨਹੀਂ ਜਾਣਾ। ਪੈਸੇ ਨਾਲ ਖ਼ੁਸ਼ੀਆਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਪੈਸਾ ਪਾਪ ਹੈ। ਪੈਸਾ ਹੱਥਾਂ ਦੀ ਮੈਲ ਹੈ...' ਸੁਣੀਆਂ ਨੇ ਇਹ ਗੱਲਾਂ! ਤੇ ਹੁਣ ਯਾਦ ਕਰੋ, ਕਿਸ ਨੇ ਕਹੀਆਂ ਇਹ ਗੱਲਾਂ। ਸ਼ਰਤੀਆ ਉਨ੍ਹਾਂ ਲੋਕਾਂ ਨੇ ਜਿਨ੍ਹਾਂ ਕੋਲ ਪੈਸਾ ਨਹੀਂ ਸੀ। ਸਾਧ, ਫ਼ਕੀਰ, ਦਾਰਸ਼ਨਿਕ, ਲੇਖਕ ਤੇ ਬੁੱਧੀਜੀਵੀ।



ਕਦੇ ਕਿਸੇ ਅਮੀਰ ਨੂੰ ਇਹ ਗੱਲ ਕਹਿੰਦੇ ਸੁਣਿਆ ਹੈ? ਉਹ ਤਾਂ ਸਗੋਂ ਹੱਸਦੇ ਹੋਣਗੇ ਅਜਿਹੀਆਂ ਗੱਲਾਂ ਸੁਣ ਕੇ।

'ਗਰੀਬਾਂ ਵਿਚ ਰੱਬ ਵੱਸਦਾ ਹੈ,' ਵਰਗੀਆਂ ਗੱਲਾਂ ਕਰ-ਕਰ ਕੇ ਅਸੀ ਗਰੀਬੀ ਨੂੰ ਇੰਨੀ ਉੱਚੀ-ਸੁੱਚੀ ਚੀਜ਼ ਬਣਾ ਦਿੱਤਾ ਹੈ ਕਿ ਇਸ ਵਿਚ ਫਸੇ ਗਰੀਬ ਇਸੇ ਨੂੰ ਆਪਣੀ ਤਾਕਤ ਮੰਨ ਲੈਂਦੇ ਹਨ। ਉਹ ਇਹੀ ਸੋਚ-ਸੋਚ ਖ਼ੁਸ਼ ਹੋਈ ਜਾਂਦੇ ਹਨ, ਉਹ ਹੀ ਅਸਲੀ ਰੱਬ ਦੇ ਬੰਦੇ ਹਨ ਤੇ ਸਾਰੇ ਅਮੀਰ ਪਾਪੀ ਹਨ। ਰੱਬ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦਏਗਾ ਤੇ ਉਨ੍ਹਾਂ ਨੂੰ ਨਰਕ ਦੀ ਅੱਗ ਵਿਚ ਸੁੱਟੇਗਾ।

ਤੇ ਜੇ ਕਿਸੇ ਦੇ ਮਨ ਵਿਚ ਇਸ ਸੋਚ ਦੇ ਖ਼ਿਲਾਫ਼ ਸਵਾਲ ਉੱਠਦਾ ਵੀ ਹੈ, ਸਰਕਾਰਾਂ ਹਜ਼ਾਰ ਰੁਪਏ ਦੀ ਟੂੰ ਟੂੰ ਕਰਾ ਕੇ ਉਸ ਸਵਾਲ ਦਾ ਮਨ-ਮਸਤਿਕ ਵਿਚ ਹੀ ਗਰਭਪਾਤ ਕਰ ਦਿੰਦੀਆਂ ਨੇ।

**-ਪਾਲੀ ਭੁਪਿੰਦਰ**

# ਕਰਮ-ਧਰਮ ਦਾ ਮਹਾਂ-ਕੁੰਭ—ਨਿਸ਼ਾਨ-ਏ-ਸਿੱਖੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਖਡੂਰ ਸਾਹਿਬ ਦੀ ਧਰਤ ਨੂੰ ਸ਼ਰਫ਼ ਹਾਸਲ ਹੈ ਕਿ ਇਸਨੇ ਅੱਠ ਗੁਰੂਆਂ ਦੀ ਚਰਨ ਛੋਹ ਮਾਣੀ। ਗੁਰਜੋਤ ਦਾ ਅੱਠ ਮੁਖੀਆ ਚਿਰਾਗ। ਗੁਰਮੁਖੀ ਲਿੱਪੀ ਦਾ ਸਿਰਜਣ ਅਧਾਰ। ਅਖਾੜਾ ਪ੍ਰੰਪਰਾ ਦਾ ਅਗਾਜ਼। ਗੁਰੂ ਅੰਗਦ ਦੇਵ ਜੀ ਦਾ ਕਰਮ-ਧਰਮ ਅਸਥਾਨ। ਮਾਨਵੀ ਕਰਮ-ਧਰਮ ਦੀ ਪ੍ਰੰਪਰਾ ਨੂੰ ਅਜੋਕੇ ਸਮੇਂ ਵਿਚ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਵਾਲੇ ਬਾਖ਼ੂਬੀ ਅੱਗੇ ਵਧਾ ਰਹੇ ਹਨ। ਵਾਤਾਵਰਣ ਨੂੰ ਬਚਾਉਣ ਲਈ ਹਵਾ ਦੇ ਲੰਗਰ ਲਾਉਣ ਵਾਲੇ ਬਾਬਾ ਜੀ ਨੇ ਹੁਣ ਤੱਕ ਅੱਠ ਲੱਖ 20 ਹਜ਼ਾਰ ਦਰਖਤ ਲਗਵਾਉਣ ਤੋਂ ਇਲਾਵਾ ਪੰਜਾਬ ਦੇ ਪਿੰਡਾਂ ਵਿਚ 376 ਗੁਰੂ ਨਾਨਕ ਯਾਦਗਾਰੀ ਝਿੜੀਆਂ ਵੀ ਲਗਾਈਆਂ ਹਨ। ਬਾਬਾ ਜੀ ਭਵਿੱਖਮੁਖੀ ਸੋਚ ਦੇ ਧਾਰਨੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਨਵੀਂ ਦਿਸ਼ਾ ਦੇਣ ਅਤੇ ਇਸਦੀ ਸਦੀਵਤਾ ਲਈ ਹਰ ਵੇਲੇ ਕੋਈ ਨਾ ਕੋਈ ਨਵਾਂ ਵਸੀਲਾ ਅਤੇ ਸੋਚ ਨੂੰ ਅਪਣਾਉਣ ਵਾਲੇ ਬਾਬਾ ਜੀ ਦਰਅਸਲ ਸਮਿਆਂ ਦੀ ਸੋਚ ਤੋਂ ਅਗਾਂਹ ਸੋਚਦੇ ਹਨ। ਭਾਵੇਂ ਕਿ ਉਨ੍ਹਾਂ ਤੋਂ ਪਹਿਲਾਂ ਡਿਗਰੀ ਕਾਲਜ, ਬੀਐਡ ਕਾਲਜ, ਹਾਇਰ ਸੈਕੰਡਰੀ ਸਕੂਲ ਆਦਿ ਰਾਹੀਂ ਮਾਝੇ ਦੇ ਇਸ ਖਿੱਤੇ ਵਿਚ ਵਿਦਿਆ ਦਾ ਦਾਨ ਵੰਡਿਆ ਜਾ ਰਿਹਾ ਸੀ ਪਰ ਉਨ੍ਹਾਂ ਨੇ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਅਤੇ ਇਸ ਖਿੱਤੇ ਦੇ ਨੌਜਵਾਨਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਨਿਸ਼ਾਨ-ਏ-ਸਿੱਖੀ ਉਸਾਰਨ ਅਤੇ ਇਸ ਵਿਚ ਵੱਖ-ਵੱਖ ਅਦਾਰੇ ਸਥਾਪਤ ਕਰਕੇ ਪੰਜਾਬੀ ਬੱਚਿਆਂ ਨੂੰ ਨਵੀਆਂ ਪ੍ਰਾਪਤੀਆਂ ਵੱਲ ਤੋਰਨ ਦਾ ਅਹਿਦ ਲਿਆ।

ਨਿਸ਼ਾਨ-ਏ-ਸਿੱਖੀ ਅੱਠ ਕੋਣੀ, ਅੱਠ ਮੰਜ਼ਲੀ ਇਮਾਰਤ, ਅੱਠ ਗੁਰੂ ਸਾਹਿਬਾਨ ਨੂੰ ਸਮਰਪਿਤ ਹੈ। ਮੈਂ 'ਨਿਸ਼ਾਨ-ਏ-ਸਿੱਖੀ' ਅਦਾਰੇ ਨਾਲ ਦਸੰਬਰ 2009 ਤੋਂ ਜੁੜਿਆ ਹੋਇਆ ਹਾਂ ਜਦ ਬਾਬਾ ਜੀ ਇਸ ਇਮਾਰਤ ਦੀ ਤਾਮੀਰ ਡਾ. ਰਘਬੀਰ ਸਿੰਘ ਬੈਂਸ ਦੀ ਦੇਖ-ਰੇਖ ਹੇਠ ਕਰਵਾ ਰਹੇ ਸਨ। ਡਿਜੀਟਲ ਸਿੱਖ ਐਨਸਾਈਕਲੋਪੀਡੀਆ ਬਣਾਉਣ ਵਾਲੇ ਡਾ. ਬੈਂਸ ਅਤੇ ਬਾਬਾ ਜੀ ਦਾ ਇਹ ਸੁਪਨਾ ਸੀ ਇਹ ਬਹੁਤ ਹੀ ਕਮਾਲ ਦੀ ਸੁੰਦਰ ਇਮਾਰਤ, ਜੋ ਏ.ਸੀ. ਅਤੇ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇ। ਇਸਦੀ ਬੇਸਮੈਂਟ ਵਿਚ ਇਕ ਆਲੀਸ਼ਾਨ 100 ਕੁ ਬੰਦਿਆਂ ਦੀ ਸਮਰੱਥਾ ਵਾਲਾ ਆਡੀਟੋਰੀਅਮ ਹੈ, ਜਿਥੇ ਸੈਮੀਨਾਰ, ਲੈਕਚਰ ਜਾਂ ਹੋਰ ਸਮਾਗਮ ਕੀਤੇ ਜਾਂਦੇ ਹਨ। ਇਹ ਇਕ ਅਜੇਹੀ ਉਦਾਹਰਣ ਬਣੇ ਕਿ ਇਸ ਵਿਚ ਸਥਾਪਤ ਅੱਠ ਅਦਾਰਿਆਂ ਵਿਚੋਂ ਪੜ੍ਹ ਕੇ ਗਏ ਵਿਦਿਆਰਥੀ ਉਚੇ ਮਰਤਬਿਆਂ 'ਤੇ ਪਹੁੰਚ ਕੇ ਇਸ ਇਲਾਕੇ ਦੀ ਖੁਸ਼ਹਾਲੀ ਅਤੇ ਪੰਜਾਬੀਆਂ ਦੇ ਮਾਣ ਦਾ ਸਬੱਬ ਬਣਨ।

ਨੀਟ/ਜੇਈ ਦੀ ਤਿਆਰੀ ਕਰਵਾਉਣ ਵਾਲਾ ਅਦਾਰਾ ਬੱਚਿਆਂ ਨੂੰ +2 ਦੀ ਪੜ੍ਹਾਈ ਕਰਵਾਉਣ ਦੇ ਨਾਲ-ਨਾਲ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲੇ ਲਈ ਹੋਣ ਵਾਲੇ ਟੈਸਟਾਂ ਦੀ ਤਿਆਰੀ ਵੀ ਕਰਵਾਉਂਦਾ ਹੈ ਤਾਂ ਕਿ ਇਹ ਬੱਚੇ ਚੰਗੇ ਪ੍ਰੋਫੈਸ਼ਨਲ ਬਣ ਕੇ ਵਧੀਆ ਮਨੁੱਖ ਵੀ ਬਣਨ। ਇਸ ਅਦਾਰੇ ਵਿਚੋਂ ਪੜ੍ਹੇ ਬੱਚੇ ਵੱਖ-ਵੱਖ ਮੈਡੀਕਲ, ਡੈਂਟਲ, ਬੀਵੀਐਸਸੀ, ਇੰਜੀਨੀਅਰਿੰਗ ਕਾਲਜਾਂ ਤੋਂ ਇਲਾਵਾ ਆਈਆਈਟੀ ਵਿਚ ਦਾਖ਼ਲ ਹੋਏ ਹਨ, ਜਿਸਨੇ ਇਸ ਸੰਸਥਾ ਦਾ ਰੁਤਬਾ ਉਚਾ ਕੀਤਾ ਹੈ। ਐਮਬੀਬੀਐਸ ਵਿਚ 18, ਬੀਡੀਐਸ 13, ਬੀਵੀਐਸਸੀ ਵਿਚ 6 ਵਿਦਿਆਰਥੀ ਦਾਖਲ ਹੋ ਚੁੱਕੇ ਹਨ। ਵੱਖ- ਵੱਖ ਇੰਜੀਨੀਅਰਿੰਗ ਕਾਲਜਾਂ ਵਿਚ ਦਾਖ਼ਲ ਹੋਣ ਤੋਂ ਇਲਾਵਾ ਆਈ.ਆਈ.ਟੀ. ਵਿਚ ਚਾਰ, ਐਨ.ਆਈ.ਟੀ. ਵਿਚ ਚਾਰ ਅਤੇ ਯੂ.ਆਈ.ਈ.ਟੀ. ਵਿਚ ਚਾਰ ਵਿਦਿਆਰਥੀ ਦਾਖ਼ਲ ਹੋ ਚੁੱਕੇ ਹਨ।

ਐਨ.ਡੀ.ਏ. ਅਦਾਰੇ ਵਿਚ ਬੱਚਿਆਂ ਨੂੰ +2 ਦੀ ਪੜ੍ਹਾਈ ਕਰਵਾਉਣ ਦੇ ਨਾਲ-ਨਾਲ ਐਨ.ਡੀ.ਏ. ਦੀ ਤਿਆਰੀ ਵੀ ਕਰਵਾਉਂਦਾ ਹੈ ਤਾਂ ਕਿ ਇਹ ਬੱਚੇ ਸਿੱਖੀ ਸਰੂਪ ਵਿਚ ਫੌਜ ਵਿਚ ਭਰਤੀ ਹੋ ਕੇ ਆਪਣੇ ਪਰਿਵਾਰ, ਦੇਸ਼ ਅਤੇ ਇਸ ਅਦਾਰੇ ਦਾ ਨਾਮ ਰੌਸ਼ਨ ਕਰਨ। ਜਦੋਂ ਤੋਂ ਇਹ ਸੰਸਥਾ ਸ਼ੁਰੂ ਹੋਈ ਹੈ, ਹੁਣ ਤੱਕ 147 ਵਿਦਿਆਰਥੀਆਂ ਲਿਖਤੀ ਪ੍ਰੀਖਿਆ ਪਾਸ ਕੀਤੀ ਹੈ, 40 ਵਿਦਿਆਰਥੀਆਂ ਨੇ ਐਸਐਸਬੀ ਦੀ ਇੰਟਰਵਿਊ ਪਾਸ ਕੀਤੀ ਜਿਸ ਵਿਚੋਂ



25 ਵਿਦਿਆਰਥੀਆਂ ਨੇ ਐਨਡੀਏ ਜਾਇਨ ਕੀਤੀ, 2 ਨੇ ਸੀਡੀਐਸ ਅਤੇ 103 ਵਿਦਿਆਰਥੀਆਂ ਨੇ ਮਰਚੈਂਟ ਨੇਵੀ ਜਾਇਨ ਕੀਤੀ ਹੈ।

ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼ ਸੰਸਥਾ ਵਿਚ ਵਿਦਿਆਰਥੀ ਗੁਰਮਤਿ ਸਟੱਡੀਜ਼ ਦੀ ਡਿਗਰੀ ਅਤੇ ਪੋਸਟ ਗਰੈਜੂਏਟ ਵੀ ਕਰਦੇ ਹਨ। ਦਰਅਸਲ ਇਸ ਸੰਸਥਾ ਦਾ ਮਕਸਦ ਸਿੱਖ ਧਰਮ ਦੀ ਫ਼ਿਲਾਸਫੀ, ਸਰਬ-ਭਾਵੀ ਅਤੇ ਮਾਨਵਤਾ-ਵਾਦੀ ਸੋਚ ਨੂੰ ਸਹੀ ਸੰਦਰਭ ਵਿਚ ਦੁਨੀਆਂ ਭਰ ਵਿਚ ਫੈਲਾਉਣਾ ਹੈ। ਇਹ ਅਜੇਹਾ ਕਾਰਜ ਹੈ ਜਿਸ ਤੋਂ ਸਾਡੀਆਂ ਧਾਰਮਿਕ ਸੰਸਥਾਵਾਂ ਅਕਸਰ ਟਾਲਾ ਵੱਟਦੀਆਂ ਹਨ। ਗੁਰਮਤਿ ਸਟੱਡੀਜ਼ ਵਿਚ 10 ਵਿਦਿਆਰਥੀ ਐਮ.ਫਿਲ਼ ਕਰ ਚੁੱਕੇ ਹਨ। ਭਾਰਤੀ ਫੌਜ ਵਿਚ 5 ਜਣੇ ਆਰਟੀਜੇਸੀਓ ਵਜੋਂ ਕੰਮ ਕਰ ਰਹੇ ਹਨ। ਵੱਖ-ਵੱਖ ਦੇਸ਼ਾਂ ਸਿੰਘਾਪੁਰ, ਆਸਟਰੇਲੀਆ, ਕੈਨੇਡਾ, ਹਾਲੈਂਡ ਵਿਚ ਬਹੁਤ ਸਾਰੇ ਵਿਦਿਆਰਥੀ



ਧਾਰਮਿਕ ਅਧਿਆਪਕ, ਪ੍ਰਚਾਰਕ, ਗ੍ਰੰਥੀ ਸਿੰਘ ਵਜੋਂ ਸੇਵਾਵਾਂ ਨਿਭਾ ਰਹੇ ਹਨ। ਭਾਰਤ ਭਰ ਵਿਚ ਧਾਰਮਿਕ ਸੰਸਥਾਵਾਂ ਵਲੋਂ ਚਲਾਈਆਂ ਜਾ ਰਹੀਆਂ ਵਿਦਿਆਕ ਸੰਸਥਾਵਾਂ ਵਿਚ 36 ਧਾਰਮਿਕ ਅਧਿਆਪਕ, 5 ਪ੍ਰਚਾਰਕ ਸਿੰਘ, 5 ਧਾਰਮਿਕ ਪ੍ਰੋਫੈਸਰ, ਇਕ ਪ੍ਰਿੰਸੀਪਲ ਅਤੇ ਇਕ ਗ੍ਰੰਥੀ ਸਿੰਘ ਵਜੋਂ ਸੇਵਾ ਨਿਭਾ ਰਹੇ ਹਨ।

ਨਿਸ਼ਾਨ-ਏ-ਸਿੱਖੀ ਸਿਵਲ ਸੇਵਾਵਾਂ ਪ੍ਰੀਖਿਆ ਟਰੇਨਿੰਗ ਸੈਂਟਰ ਵਿਚ ਉਹ ਬੱਚੇ ਲਿਖਤੀ ਟੈਸਟ ਰਾਹੀਂ ਹੀ ਦਾਖਲ ਹੁੰਦੇ ਹਨ, ਜਿਨ੍ਹਾਂ ਨੇ ਪ੍ਰਤੀਯੋਗੀ ਪ੍ਰੀਖਿਆਵਾਂ ਜਿਵੇਂ ਪੀਸੀਐਸ, ਆਈਏਐਸ ਜਾਂ ਹੋਰ ਸਬੰਧਤ ਇਮਤਿਹਾਨਾਂ ਦੀ ਤਿਆਰੀ ਕਰਨੀ ਹੈ। ਦਰਅਸਲ ਬਾਬਾ ਜੀ ਦਾ ਮੰਨਣਾ ਹੈ ਕਿ ਐਡਮਨਿਸਟਰੇਟਿਵ ਪਦਵੀਆਂ 'ਤੇ ਜਦ ਸਾਡੇ ਬੱਚੇ ਬੈਠਣਗੇ ਤਾਂ ਉਹ ਪੰਜਾਬ ਦੀ ਭਲਾਈ ਅਤੇ ਇਸਦੇ ਤਰੱਕੀ ਬਾਰੇ ਸੁਚਾਰੂ ਅਤੇ ਉਸਾਰੂ ਫ਼ੈਸਲੇ ਲੈਣਗੇ ਜਿਸ ਨਾਲ ਪੰਜਾਬੀਆਂ ਦਾ ਸਮੁੱਚਾ ਭਲਾ ਹੋਵੇਗਾ। ਕੁਝ ਸਮਾਂ ਪਹਿਲਾਂ ਸ਼ੁਰੂ ਕੀਤੀ ਗਈ ਇਸ ਸੰਸਥਾ ਦੇ 7 ਵਿਦਿਆਰਥੀਆਂ ਨੇ ਪੀਸੀਐਸ ਦੀ ਮੁੱਢਲੀ ਪ੍ਰੀਖਿਆ ਕਲੀਅਰ ਕਰ ਲਈ ਹੈ ਅਤੇ ਮੇਨ ਇਮਤਿਹਾਨ ਦੀ ਤਿਆਰੀ ਕਰ ਰਹੇ ਹਨ। 5 ਵਿਦਿਆਰਥੀਆਂ ਨੇ ਭਾਰਤੀ ਏਅਰ ਫੋਰਸ ਦਾ ਐਫ਼ ਕੈਟ ਲਿਖਤੀ ਟੈਸਟ ਪਾਸ ਕੀਤਾ ਹੈ ਅਤੇ ਇਕ ਵਿਦਿਆਰਥਣ ਏਅਰ ਫੋਰਸ ਵਿਚ ਅਫਸਰ ਵਜੋਂ ਸੇਵਾਵਾਂ ਨਿਭਾ ਰਹੀ ਹੈ।

ਸੱਭ ਤੋਂ ਖੂਬਸੂਰਤ ਅਤੇ ਤਸੱਲੀ ਵਾਲੀ ਗੱਲ ਹੈ ਕਿ ਇਨ੍ਹਾਂ ਅਦਾਰਿਆਂ ਵਿਚ ਦਾਖ਼ਲਾ ਨਿਰੋਲ ਐਂਟਰੈਂਸ ਇਮਤਿਹਾਨ ਦੇ ਅਧਾਰ 'ਤੇ ਮਿਲਦਾ ਹੈ। ਦਾਖਲੇ ਵਿਚ ਜਾਂ ਕਿਸੇ ਟੀਚਰ ਦੀ ਨਿਯੁਕਤੀ ਵਿਚ ਕੋਈ ਸਿਫਾਰਸ਼ ਨਹੀਂ ਚੱਲਦੀ। ਵਿਦਿਆਰਥੀਆਂ ਦਾ ਰਹਿਣ, ਖਾਣੇ ਅਤੇ ਪੜ੍ਹਾਈ ਦੀ ਫੀਸ ਲਈ ਬਹੁਤ ਹੀ ਨਿਗੂਣੀ ਜਿਹੀ ਰਾਸ਼ੀ ਚਾਰਜ ਕੀਤੀ ਜਾਂਦੀ ਹੈ।

ਕਾਰ ਸੇਵਾ ਵਲੋਂ ਹਾਕੀ ਅਕਾਦਮੀ ਵੀ ਚਲਾਈ ਜਾਂਦੀ ਹੈ ਜਿਸਨੇ ਹੁਣ ਤੱਕ ਕਈ ਇੰਟਰਨੈਸ਼ਨਲ ਖਿਡਾਰੀ ਪੈਦਾ ਕਰਕੇ ਖਡੂਰ ਸਾਹਿਬ ਖੇਤਰ ਦਾ ਨਾਮ ਰੌਸ਼ਨ ਕੀਤਾ ਹੈ।

ਬਾਬਾ ਜੀ ਦਾ ਇਕ ਹੋਰ ਵਧੀਆ ਅਤੇ ਉਸਾਰੂ ਕਾਰਜ ਹੈ ਸ੍ਰੀ ਅੰਗਦ ਦੇਵ ਇੰਸਟੀਚਿਊਟ ਆਫ਼ ਕੈਰੀਅਰ ਅਤੇ ਕੋਰਸਜ਼, ਜਿਸ ਵਿਚ ਲੜਕੀਆਂ ਵਾਸਤੇ ਲਿਖਤੀ ਇਮਤਿਹਾਨ, ਸਰੀਰਕ ਇਮਤਿਹਾਨ ਅਤੇ ਇੰਟਰਵਿਊ ਦੀ ਤਿਆਰੀ ਕਰਵਾਈ ਜਾਂਦੀ ਹੈ। ਪੰਜਾਬ ਪੁਲੀਸ, ਬੀਐਸਐਫ, ਦਿੱਲੀ ਪੁਲੀਸ, ਸੀਆਰਪੀਐਫ਼ ਆਦਿ ਵਿਚ ਭਰਤੀ ਹੋਣ ਲਈ ਲੜਕੀਆਂ ਨੂੰ ਮੁਫ਼ਤ ਟਰੇਨਿੰਗ ਦਿੱਤੀ ਜਾਂਦੀ ਹੈ। ਹੁਣ ਤੱਕ ਇਸ ਸੰਸਥਾ ਦੀਆਂ 652 ਦੇ ਕਰੀਬ ਲੜਕੀਆਂ ਵੱਖ-ਵੱਖ ਅਦਾਰਿਆਂ ਵਿਚ ਬਤੌਰ ਇੰਸਪੈਕਟਰ, ਸਬ- ਇੰਸਪੈਕਟਰ, ਕਾਂਸਟੇਬਲ ਸੇਵਾ ਨਿਭਾ ਰਹੀਆਂ ਹਨ। ਬਾਬਾ ਜੀ ਦਾ ਮੰਨਣਾ ਹੈ ਕਿ ਇਕ ਲੜਕੀ ਦੇ ਰੁਜ਼ਗਾਰ 'ਤੇ ਲੱਗਣ ਨਾਲ ਦੋ ਪਰਿਵਾਰਾਂ ਦੀ ਭਲਾਈ ਹੁੰਦੀ ਅਤੇ ਪਰਿਵਾਰ ਦਾ ਸਮਾਜਿਕ ਰੁਤਬਾ ਵੀ ਉਚਾ ਹੁੰਦਾ ਹੈ। ਇਨ੍ਹਾਂ



ਵਿਚੋਂ ਬਹੁਤ ਸਾਰੀਆਂ ਲੜਕੀਆਂ ਸਿੱਖੀ ਸਰੂਪ ਵਿਚ ਰਹਿ ਕੇ ਸੇਵਾ ਨਿਭਾ ਰਹੀਆਂ ਹਨ।

ਦਰਅਸਲ ਇਹ ਗਿਆਨ ਦਾ ਮਹਾਂ ਕੁੰਭ ਹੈ, ਜਿਸ ਵਿਚ ਦੁਨੀਆਂ ਭਰ ਦੇ ਦਾਨੀ ਲੋਕ ਆਪਣਾ ਦਸਵੰਧ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਵਿਦਿਆਰਥੀ ਮੱਲਾਂ ਮਾਰਦੇ ਅਤੇ ਵਧੀਆ ਪ੍ਰਾਪਤੀਆਂ ਦਾ ਸਿਰਲੇਖ ਬਣਦੇ ਹਨ ਤਾਂ ਦਾਨੀਆਂ ਨੂੰ ਸਕੂਨ ਮਿਲਦਾ ਕਿ ਉਨ੍ਹਾਂ ਦਾ ਦਾਨ ਲੋਕ ਭਲਾਈ ਦੇ ਕਾਰਜਾਂ ਲਈ ਸਾਰਥਿਕ ਹੋਇਆ ਹੈ।

ਇਹ ਉਸਾਰੂ ਅਤੇ ਨਤੀਜਾ-ਮੁਖੀ ਸ਼ੁਰੂਆਤਾਂ ਬਾਬਾ ਜੀ ਦੀ ਉਸ ਸੋਚ ਦਾ ਮੁਜੱਸਮਾ ਹਨ ਕਿ ਆਪਣੇ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਸਥਾਪਤ ਹੋਣ ਲਈ ਚੰਗੇ ਪ੍ਰੋਫੈਸ਼ਨਲ ਬਣਨ ਦੇ ਨਾਲ-ਨਾਲ ਵਧੀਆ ਮਨੁੱਖ ਬਣ ਕੇ ਹੀ ਸਮਾਜ ਦਾ ਸੁਧਾਰ ਹੋ ਸਕਦਾ ਹੈ।

ਨਿਸ਼ਾਨ-ਏ-ਸਿੱਖੀ ਦੀ ਫ਼ਿਜ਼ਾ ਵਿਚ ਨੂਰਾਨੀ ਰੰਗ। ਇਸਦੀ ਪਾਕੀਜ਼ਗੀ ਵਿਚ ਬੰਦਾ ਸ਼ੁਭ-ਕਰਮਨ ਦਾ ਅਹਿਸਾਸ ਆਪਣੇ ਮਨ ਵਿਚ ਪੈਦਾ ਕਰਦਾ। ਇਸ ਦੀਆਂ ਪ੍ਰਾਪਤੀਆਂ ਨੂੰ ਦੇਖ ਕੇ ਹਰੇਕ ਵਿਅਕਤੀ ਦੇ ਮਨ ਵਿਚ ਆਉਂਦਾ ਕਿ ਮੈਨੂੰ ਵੀ ਇਸ ਨੇਕ ਕਾਰਜ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਹ ਅੱਠ ਗੁਰੂ ਸਾਹਿਬਾਨਾਂ ਦੀ ਬਖਸ਼ਿਸ਼ ਹੀ ਹੈ ਕਿ ਇੰਨੇ ਥੋੜ੍ਹੇ ਸਮੇਂ ਵਿਚ ਨਿਸ਼ਾਨ-ਏ-ਸਿੱਖੀ ਵਿਚਲੇ ਅਦਾਰਿਆਂ ਨੇ ਆਪਣੀਆਂ ਮਾਣਮੱਤੀਆਂ ਪ੍ਰਾਪਤੀਆਂ ਨਾਲ ਖਡੂਰ ਸਾਹਿਬ ਦੀ ਆਭਾ ਨੂੰ ਰੁਸ਼ਨਾਇਆ ਹੈ। ਬਹੁਤ ਸਾਰੇ ਪਰਿਵਾਰਾਂ ਨੂੰ ਖੁਸ਼ੀਆਂ ਖੇੜੇ ਵੰਡੇ ਹਨ ਜਿਹੜੇ ਕਦੇ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਸਨ। ਪਰ ਇਨ੍ਹਾਂ ਅਦਾਰਿਆਂ ਵਲੋਂ ਪ੍ਰਦਾਨ ਕੀਤੇ ਮੌਕਿਆਂ ਨੇ ਉਨ੍ਹਾਂ ਨੂੰ ਆਪਣੀ ਕਾਬਲੀਅਤ ਦਿਖਾਉਣ, ਵੱਡੇ ਸੁਪਨੇ ਲੈਣ ਅਤੇ ਸੁਪਨਿਆਂ ਨੂੰ ਪੂਰੇ ਕਰਨ ਦੇ ਯੋਗ ਬਣਾਇਆ।

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਬਾਬਾ ਸੇਵਾ ਸਿੰਘ ਜੀ ਇਸ ਨਿਸ਼ਕਾਮ ਸੇਵਾ ਦਾ ਲੰਗਰ ਲਾ ਕੇ ਕੌਮ, ਖਿੱਤੇ ਅਤੇ ਪੰਜਾਬ ਨੂੰ ਹੋਰ ਖੁਸ਼ਹਾਲ ਬਣਾ ਕੇ ਨਵੀਆਂ ਪ੍ਰਾਪਤੀਆਂ ਦਾ ਪਰਚਮ ਲਹਿਰਾਉਂਦੇ ਰਹਿਣ।

# ਰੁਪਈਆ ਸਾਂਭਿਆ ਗਿਆ ਤਾਂ ਖਿਲਰਿਆ ਹੋਇਆ ਭਾਨ ਵੀ ਆਪੇ ਕੱਠਾ ਹੋ ਜੂ...!

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ।***

ਭਾਈ ਸਾਬ੍ਹ ਦੀ ਰਿਹਾਈ...ਛਿਥੇ ਪਏ ਖੱਬੇ-ਪੱਖੀ ਨੇ ਗਰਾਰੀ ਫਸਾ ਲਈ...ਸਰਕਾਰਾਂ ਨਾਲ ਮੱਥੇ ਲਾਉਣੇ ਕਿਹੜੇ ਸੌਖੇ...ਨੱਕ 'ਚੋਂ ਕੱਢ ਕੰਨ 'ਤੇ ਹੀ ਤਾਂ ਲਾਇਆ...ਦਿੱਲੀਓਂ ਬਾਹਰ ਪੈਰ ਨੀ ਪਾ ਸਕਦਾ...ਹੋਰ ਕਿੰਨੀਆਂ ਬੰਦਿਸ਼ਾਂ...ਜੇ ਚੂੰ-ਚਾਂ ਕੀਤੀ...ਦੋਬਾਰਾ ਡੱਕਣ ਲੱਗਿਆਂ ਘੜੀ ਨਹੀਂ ਲਾਉਣੀ...ਡਿਬਰੂਗੜ੍ਹ ਵਾਲੇ ਨੂੰ ਵੀ ਕੰਨ ਹੋ ਜਾਣੇ ਚਾਹੀਦੇ...!

ਮਨ ਵਿਚ ਆਇਆ ਡਿਬਰੂਗੜ੍ਹ ਵਾਲੇ ਕਿਹੜਾ ਤੁਹਾਡਾ ਲਾਚੀਆਂ ਦਾ ਬਾਗ ਉਜਾੜਿਆ...ਪਰ ਕੀ ਕਰੀਏ ਈਰਖਾ ਵਾਲਾ ਇਹ ਪੁਰਜਾ ਜਮਾਂਦਰੂ ਫਿੱਲ ਕਰਕੇ ਘੱਲੇ ਹੁੰਦੇ...ਬਹਿਸ ਕਰਨੀ ਵਾਜਿਬ ਨਾ ਸਮਝੀ...!

ਮਨ ਵਿਚ ਕਈ ਸਵਾਲ ਉੱਠੇ...ਆਖਿਰ ਕਸੂਰ ਕੀ ਸੀ ਭਾਈ ਸਾਬ੍ਹ ਦਾ...?

ਸੰਘਰਸ਼ੀ ਸ਼ਹੀਦਾਂ ਦੀ ਫਹਿਰਿਸ਼ਤ ਹੀ ਤਾਂ ਲੜੀਬੱਧ ਕੀਤੀ...ਪੂਰੇ ਨੌਂ ਸਾਲ ਸਲਾਖਾਂ ਪਿੱਛੇ...ਨਵੀਂ ਵਿਆਹੀ ਨਾਲਦੀ...ਹਰ ਚੜ੍ਹਦੀ ਕਲਾ ਦੀ ਅਰਦਾਸ ਕਰਨ ਵਾਲਾ ਧੰਤਾ ਦਾ ਭਾਗੀਦਾਰ...!

ਪਰ ਗੁਰੂ ਦਾ ਲਾਲ ਵੀ ਕਸਵੱਟੀ 'ਤੇ ਪੂਰਾ ਨਿੱਕਲਿਆ...ਹੱਸਦੇ ਹੋਏ ਦ੍ਰਿੜ ਇਰਾਦੇ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰ ਦਿੱਤੀ...ਬਾਹਰੀ ਨੀਂਹ ਪੱਥਰਾਂ ਨੂੰ ਤਾਂ ਦੁਨੀਆ ਮੱਥੇ ਟੇਕਦੀ ਆਈ ਪਰ ਕੌਣ ਦੱਸੇ ਕਿ ਵੱਡੀ ਇਬਾਰਤ ਧਰਤੀ ਹੇਠਲੀ ਬੁਨਿਆਦ 'ਤੇ ਹੀ ਟਿਕੀ ਹੁੰਦੀ...ਇਹ ਲੋਕ ਵੀ ਓਸੇ ਸਿਧਾਂਤ ਦੀਆਂ ਬੁਨਿਆਦਾਂ...!

ਸਾਡੇ ਇਲਾਕੇ ਦਾ ਸ਼ਹੀਦ ਡਾਕਟਰ ਗੁਰਨਾਮ ਸਿੰਘ ਬੁੱਟਰ...ਨਾ ਕੋਈ ਕਤਲ...ਨਾ ਡਾਕਾ...ਨਾ ਕੋਈ ਫਿਰੌਤੀ ਧਮਕੀ ਅੱਗਜ਼ਨੀ...ਬੱਸ ਸੰਘਰਸ਼ ਨੂੰ ਇੱਕ ਸਟੇਟਸਮੈਨ ਵਾਲੀ ਅਗਵਾਈ ਦੇਣ ਦੀ ਕੋਸ਼ਿਸ਼...ਇੱਕੋ ਵੇਰ ਮੁਲਾਕਾਤ ਹੋਈ...ਬਹੁਤ ਘੱਟ ਬੋਲਣ ਵਾਲਾ...ਹੱਦ ਦਰਜੇ ਦੇ ਹੋਸ਼ਿਆਰ... ਅੰਮ੍ਰਿਤਸਰ ਮੈਡੀਕਲ ਕਾਲਜ ਮੈਰਿਟ ਵਿਚ ਤੀਜਾ ਨੰਬਰ...ਕਾਲਜ ਵੇਲੇ ਅੰਨ੍ਹਾ ਤਸ਼ੱਦਦ ਸਿਹਾ...ਬੱਸ ਓਹੀ ਕੁੱਟ ਜ਼ਮੀਰ ਵਿਚ ਘਰ ਕਰ ਗਈ...!

ਵੱਡੇ ਭਾਈ ਸ. ਸੁਖਦੇਵ ਸਿੰਘ ਦੱਸਦੇ ਅਸਾਂ ਕਾਦੀਆਂ ਹਸਪਤਾਲ ਖੋਲ੍ਹ ਕੇ ਦੇਣਾ ਸੀ ਪਰ ਉਸਦੇ ਅੰਦਰ ਕੁਝ ਹੋਰ ਹੀ ਚੱਲ ਰਿਹਾ ਸੀ...ਘੋਟਣੇ ਨੇ ਕੋਹ ਕੋਹ ਕੇ ਸ਼ਹੀਦ ਕੀਤਾ...ਐਸਾ ਪੜ੍ਹਿਆ-ਲਿਖਿਆ ਵਰਗ...ਸੰਘਰਸ਼ ਦੇ ਬਾਬੇ ਬੋਹੜ...ਸਿਸਟਮ ਨੇ ਕਿਸੇ ਕੀਮਤ 'ਤੇ ਵੀ ਜਿਉਂਦੇ ਨਾ ਛੱਡੇ...!

ਅਮਰੀਕੀ ਰਾਜਦੂਤ...ਸਰਜਿਓ ਗੌਰ...ਪਹਿਲੋਂ ਮਨੀਪੁਰ, ਕਸ਼ਮੀਰ ਫੇਰ ਅੰਮ੍ਰਿਤਸਰ ਮੁੜ ਕੇ ਪਾਕਿਸਤਾਨ...ਭਗਤ ਕਲਪੇ ਹੋਏ...ਉਸਨੂੰ ਜਾਣ ਹੀ ਕਿਓਂ ਦਿੱਤਾ...ਆਖਿਆ ਮੇਰੇ ਗੱਲ ਕਿਓਂ ਪੈਂਦੇ ਓ...ਛਪੰਜਾ ਇੰਚੀ ਅਨਾਰ ਨੂੰ ਪੁੱਛ ਜਿਹੜਾ ਚਰੋਕਣ ਤੋਂ ਠੁੱਸ ਹੋਇਆ ਪਿਆ...ਕੀ ਮਜਾਲ ਅੱਗਿਓਂ ਉੱਚੀ ਸਾਹ ਵੀ ਲੈ ਸਕੇ...ਤੁਮ੍ਹਾਰੇ ਬਾਅਦ ਅਬ ਜੋ ਭੀ ਚਾਹੇ ਰੱਖ ਲੇ ਮੁਝੇ...ਜਨਾਜਾ ਅਪਨੀ ਮਰਜ਼ੀ ਸੇ ਕੰਧਾ ਕਹਾਂ ਬਦਲਤਾ ਹੈ...!

ਲੋਕਤੰਤਰ ਦਾ ਵਾਕਿਆ ਹੀ ਜਨਾਜਾ ਨਿੱਕਲਿਆ ਪਿਆ...ਉੱਤੋਂ ਬਦਲਦੇ ਹੋਏ ਅੰਤਰਰਾਸ਼ਟਰੀ ਸਮੀਕਰਨ...ਪਰ ਤ੍ਰਾਸਦੀ ਕੌਮ ਬਹਿਰੀਨ ਵਾਲੇ ਨਿੱਕੇ-ਨਿੱਕੇ ਰੰਗ ਤਮਾਸ਼ਿਆਂ ਵਿਚ



ਰੁੱਝੀ ਹੋਈ...ਅਨਾਜ ਤੇਲ ਖਾਦ ਅਤੇ ਵਿਦੇਸ਼ੀ ਮੁਦਰਾ ਬਾਰੇ ਲੇਜਰ ਆਈ ਵਿਦੇਸ਼ ਮੰਤਰੀ ਦਾ ਤੌਖਲਾ...!

ਕਈ ਫੂਕ ਛਕਾਉਂਦੇ...ਵੋਟਾਂ ਚੋਰੀ ਕਰਕੇ ਬਣੀ ਇਸ ਸਰਕਾਰ ਨੂੰ ਸਿਰਫ ਸਰਦਾਰ ਹੀ ਗਲੋਂ ਲਾਹ ਸਕਦੇ...ਭਲਾ ਸਾਨੂੰ ਕਿਸ ਕੁੱਤੇ ਵੱਢਿਆ...ਅਸੀਂ ਕਿਓਂ ਅੱਗੇ ਲੱਗੀਏ...ਨਾਲੇ ਤੁਸੀਂ ਤਾਂ ਫੇਰ ਵੀ ਦੇਸ਼ਾਂ ਵਿਦੇਸ਼ਾਂ ਵਿਚ ਭੰਡਣਾ ਹੀ ਹੈ...ਜਾਂ ਫੇਰ ਉਹ ਸੂਰਮੇ ਭੋਪਾਲੀ ਅੱਗੇ ਲੱਗਣ ਜਿਨ੍ਹਾਂ ਨੂੰ ਡੀ.ਸੀ., ਐਸ.ਡੀ.ਐਮ. ਦਫਤਰ ਘੇਰਨ ਦੀ ਵਾਹਵਾ ਪ੍ਰੈਕਟਿਸ ਏ...ਲਾ ਲੈਣ ਧਰਨਾ ਸੰਸਦ ਭਵਨ ਦਾ...ਉਹ ਗੱਲਾਂ ਗਈਆਂ...!

ਹਮ ਤੋ ਭਰੋਸਾ ਕਰਕੇ ਬਿਕਤੇ ਰਹੇ ਵਰਨਾ ਕੀਮਤ ਲਗਾ ਕੇ ਖਰੀਦਣਾ ਕਿਸੀ ਕੇ ਬਸ ਮੇਂ ਨਾ ਥਾ...!

1757...ਬੰਗਾਲ ਦੇ ਨਵਾਬ ਮੀਰ ਕਾਸਿਮ ਨੂੰ ਪਲਾਸੀ ਦੇ ਯੁੱਧ ਵਿਚ ਹਰਾ ਕੇ ਮੁਰਸ਼ਿਦਾਬਾਦ ਸ਼ਹਿਰ ਬਾਰੇ ਗੋਰਾ ਜਨਰਲ ਰਾਬਰਟ ਕਲਾਈਵ ਲਿਖਦਾ ਜਦੋਂ ਅਸੀਂ ਕੁਝ ਕੁ ਅੰਗਰੇਜ਼ ਹਜ਼ਾਰਾਂ ਹਿੰਦੁਸਤਾਨੀ ਸਿਪਾਹੀਆਂ ਨੂੰ ਲੈ ਕੇ ਜੇਤੂ ਜਲੂਸ ਕੱਢ ਰਹੇ ਸਾਂ ਤਾਂ ਜਿੰਨੇ ਵੀ ਲੋਕ ਸਾਨੂੰ ਕੋਠਿਆਂ 'ਤੇ ਚੜ੍ਹ ਵੇਖ ਰਹੇ ਸਨ...ਜੇ ਇੱਕ ਇੱਕ ਬੰਦਾ ਵੀ ਮਿੱਟੀ ਦੀ ਇਕ ਮੁੱਠ ਭਰ ਸਾਡੇ 'ਤੇ ਸੁੱਟ ਦਿੰਦਾ ਤਾਂ ਅਸੀਂ ਗਿਣਤੀ ਦੇ ਲੋਕ ਮਿੱਟੀ ਦੇ ਢੇਰ ਹੇਠ ਦੱਬੇ ਜਾਂਦੇ...!

ਹਜ਼ਾਰਾਂ ਸਾਲ ਦੀ ਗੁਲਾਮੀ ਕਿਧਰੇ ਆਪੇ ਥੋੜ੍ਹਾ ਜੰਮ ਪਈ...ਕਮਜ਼ੋਰ ਕਿਰਦਾਰਾਂ ਅਤੇ ਪਿੱਠ ਪਿੱਛੇ ਛੁਰੀਆਂ ਨੇ ਹੀ ਤਾਂ ਸਿਰਜੀ ਸੀ...ਹੁਣ ਵੀ ਬਿੱਪਰ ਓਸੇ ਰਾਹ 'ਤੇ...ਤੁਰਿਆ ਰਹਿਣ ਦਿਓ...ਮੌਜੂਦਾ ਅੰਤਰਰਾਸ਼ਟਰੀ ਘਟਨਾਕ੍ਰਮ...ਇੱਕ ਸਬਕ ਲੈਣ ਦੀ ਲੋੜ...ਜਿੰਨ ਦੇ ਸਾਹ ਜਿਸ ਤੋਤੇ ਵਿਚ ਉਸ 'ਤੇ ਨਜ਼ਰ ਰੱਖਣ ਦੀ ਲੋੜ...ਨਿੱਕੇ ਮਸਲਿਆਂ ਤੋਂ ਉੱਪਰ ਉੱਠ ਵੱਡੇ ਪੱਧਰ 'ਤੇ ਪੜਚੋਲ ਕਰਨੀ ਹਰ ਮਾਈ ਭਾਈ ਦਾ ਫਰਜ਼...! ਰਹੀ ਗੱਲ ਪੈਸੇ ਪਦਾਰਥਵਾਦ ਦੀ ਝਾਕ ਵਿਚ ਫਾਵੀ ਹੋਈਆਂ ਪਈਆਂ ਸੈਂਕੜੇ ਧੇਲੀਆਂ ਚਵੰਨੀਆਂ...ਦੋਸਤੋ ਕੇਰਾਂ ਰੁਪਈਆ ਸਾਂਭਿਆ ਗਿਆ ਤਾਂ ਖਿਲਰਿਆ ਹੋਇਆ ਭਾਨ ਵੀ ਆਪਣੇ ਆਪ ਹੀ ਕੱਠਾ ਹੋ ਜੂ...!

# ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਤੇ ਦੇਣ

23 ਫਰਵਰੀ ਸੰਨ 1921 ਨੂੰ ਬੁੱਧਵਾਰ ਦਾ ਦਿਨ ਸੀ। ਜਗਤ-ਗੁਰ ਬਾਬੇ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਜਨਮ ਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ 40-50 ਹਜ਼ਾਰ ਦੇ ਲਗਭਗ ਗੁਰਸਿੱਖ ਸੰਗਤਾਂ ਹਾਜ਼ਰ ਸਨ। ਪ੍ਰੰਤੂ, ਸਾਰਿਆਂ ਦੇ ਨੇਤ੍ਰਾਂ ਵਿਚ ਰੋਹ ਭਰੀ ਲਾਲੀ ਤੇ ਹੰਝੂ ਡਲਕ ਰਹੇ ਸਨ। ਕਾਰਨ ਸੀ ਕਿ ਇਸ ਤੋਂ ਤਿੰਨ ਦਿਨ ਪਹਿਲਾਂ 20 ਫਰਵਰੀ ਨੂੰ ਇਥੋਂ ਦੇ ਆਚਰਣਹੀਨ ਉਦਾਸੀ ਮਹੰਤ ਨਰਾਇਣ ਦਾਸ ਨੇ ਸਰਕਾਰ ਅਤੇ ਪੰਥ ਵਿਰੋਧੀ ਸ਼ਕਤੀਆਂ ਦੀ ਸ਼ਹਿ 'ਤੇ ਜਿਹੜਾ ਖ਼ੂਨੀ ਸਾਕਾ ਵਰਤਾਇਆ, ਉਸ ਦਾ ਭਿਆਨਕ ਦ੍ਰਿਸ਼ ਉਹ ਆਪਣੀ ਅੱਖੀਂ ਵੇਖ ਰਹੇ ਸਨ। ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸ਼ਹਿਜਾਦੇ ਮਹਾਰਾਜਾ ਦਲੀਪ ਸਿੰਘ ਦੀ ਬੇਟੀ



**ਜਗਤਾਰ ਸਿੰਘ ਜਾਚਕ, ਨਿਊਯਾਰਕ**
**ਈ-ਮੇਲ:** jachakji@gmail.com

'ਪ੍ਰਿੰਸੈਸ ਬੰਬਾ ਦਲੀਪ ਸਿੰਘ' ਸ਼ਹੀਦਾਂ ਨੂੰ ਸ਼ਰਧਾਜਲੀ ਅਰਪਣ ਕਰਨ ਲਈ ਵਿਸ਼ੇਸ਼ ਤੌਰ 'ਤੇ ਸਰ ਜੋਗਿੰਦਰ ਸਿੰਘ ਦੇ ਨਾਲ ਉਨ੍ਹਾਂ ਵਿਚ ਹਾਜ਼ਰ ਸੀ। 'ਮੈਂ ਮਰਾਂ, ਪੰਥ ਜੀਵੇ' ਦੀ ਭਾਵਨਾ ਵਾਲੇ ਪੰਥਕ ਮੁਖੀਏ ਭਾਈ ਕਰਤਾਰ ਸਿੰਘ 'ਝੱਬਰ', ਜਥੇਦਾਰ ਤੇਜਾ ਸਿੰਘ ਭੁੱਚਰ, ਸਰਦਾਰ ਸੁੰਦਰ ਸਿੰਘ ਮਜੀਠੀਆ, ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਹਰਿਬੰਸ ਸਿੰਘ ਅਟਾਰੀ, ਡਾ. ਭਾਈ ਜੋਧ ਸਿੰਘ ਜੀ ਆਦਿਕ ਸਿੱਖ ਕੌਮ ਦੇ ਉੱਜਲੇ ਭਵਿੱਖ ਲਈ ਚਿੰਤਤ ਸਿਰ ਜੋੜੀ ਬੈਠੇ ਡੂੰਘੀਆਂ ਵਿਚਾਰਾਂ ਕਰ ਰਹੇ ਸਨ।

ਗੁਰਸਿੱਖ ਸੰਗਤਾਂ ਦੇ ਸਤਿਕਾਰ ਨੂੰ ਮੁਖ ਰੱਖ ਕੇ ਉਪਰੋਕਤ ਮੁਖੀਆਂ ਦੁਆਰਾ ਲਾਈ ਸੇਵਾ ਨਿਭਾਅ ਰਹੇ ਭਾਈ ਸਾਹਿਬ ਭਾਈ ਤਖ਼ਤ ਸਿੰਘ ਮੈਨੇਜਰ 'ਸਿੱਖ ਕੰਨਿਆ ਮਹਾਂ ਵਿਦਿਆਲਾ, ਫ਼ੀਰੋਜ਼ਪੁਰ' ਨੇ ਸ਼ਹੀਦਾਂ ਦੇ ਅੰਤਮ ਸੰਸਕਾਰ ਲਈ 20 ਫੁੱਟ ਲੰਬਾ ਤੇ 8 ਫੁੱਟ ਉੱਚਾ ਅੰਗੀਠਾ ਤਿਆਰ ਕਰਵਾਇਆ। 150 ਦੇ ਲੱਗਭਗ ਸ਼ਹੀਦ ਹੋਏ ਗੁਰਸਿੱਖਾਂ ਦੇ ਸਰੀਰਾਂ 'ਚੋਂ ਕੇਵਲ ਤਿੰਨ ਹੀ ਸਬੂਤੀਆਂ ਪਵਿਤਰ ਦੇਹਾਂ ਮਿਲੀਆਂ, ਜੋ ਉੱਪਰ ਰੱਖੀਆਂ ਗਈਆਂ; ਬਾਕੀ ਤਾਂ ਗੇਲੀਆਂ ਵਾਂਗ ਅੱਧ-ਸੜੇ ਕਾਲੇ ਹੋਏ ਕੁਰੰਗ ਤੇ ਲੱਤਾਂ-ਬਾਹਵਾਂ ਹੀ ਸਨ, ਜਿਨ੍ਹਾਂ ਦੀ ਚਿਣਾਈ ਕਰਨੀ ਪਈ। ਭਾਈ ਹੀਰਾ ਸਿੰਘ ਰਾਗੀ ਕੁਝ ਚੋਣਵੇਂ ਸਤਿਸੰਗੀਆਂ ਸਮੇਤ ਟੋਕਰਿਆਂ ਦੀ ਇੱਕ ਛੋਟੀ ਜੇਹੀ ਪਾਲਕੀ ਲੈ ਕੇ ਵੈਰਾਗਮਈ ਸ਼ਬਦ ਪੜ੍ਹਦੇ ਹੋਏ ਗੁਰਦੁਆਰਾ ਸਾਹਿਬ ਤੋਂ ਘੁਮਿਆਰਾਂ ਦੀ ਆਵੀ ਤੱਕ ਗਏ। ਉਨ੍ਹਾਂ ਨੇ ਤਿੰਨ ਟੋਕਰੇ ਕੀਮਾ ਕੀਤੇ ਮਾਸ ਦੇ ਲੋਥੜੇ ਅਤੇ ਭਸਮ ਸਮੇਤ ਹੱਡੀਆਂ ਵਾਲੇ ਭੂਰ-ਚੂਰ ਦੇ 10 ਟੋਕਰੇ ਭਰ ਕੇ ਲਿਆਂਦੇ, ਜਿਨ੍ਹਾਂ ਨੂੰ ਅੰਗੀਠੇ ਵਿਚ ਟਿਕਾ ਦਿੱਤਾ ਗਿਆ। 24 ਗਜ਼ ਲੱਠਾ ਲਿਆਏ, ਜਿਸ ਨੂੰ ਸਾਂਝੇ ਕਫ਼ਨ ਵਜੋਂ ਅੰਗੀਠੇ 'ਤੇ ਲਪੇਟ ਦਿੱਤਾ ਗਿਆ। ਚਾਰ ਪੀਪੇ ਦੇਸੀ ਘਿਉ ਦੇ ਲਿਆਂਦੇ ਤੇ ਉਨ੍ਹਾਂ ਨੂੰ ਅੰਗੀਠੇ 'ਤੇ ਪਇਆ ਗਿਆ। ਸ਼ਾਮ ਦੇ ਸੱਤ ਵੱਜ ਚੁੱਕੇ ਸਨ। ਪ੍ਰਿੰਸੀਪਲ ਜੋਧ ਸਿੰਘ ਹੁਰਾਂ ਬੜਾ ਦਰਦਨਾਕ ਤੇ ਭਾਵਪੂਰਤ ਅਰਦਾਸਾ ਸੋਧਿਆ। ਜਦ ਲਾਂਬੂ ਲਾਇਆ ਤਾਂ ਅੰਗੀਠੇ ਦੀਆਂ ਲਾਟਾਂ ਕੋਠਿਆਂ 'ਤੋਂ ਵੀਂ ਉੱਚੀਆਂ ਨਿਕਲੀਆਂ।

ਉਪਰੋਕਤ ਪੰਥ-ਦਰਦੀ ਸਿੱਖ ਆਗੂਆਂ ਦੀ ਨਿਗਾਹਾਂ ਭਾਵੇਂ ਸ਼ਹੀਦਾਂ ਦੇ ਅੰਗੀਠੇ ਦੀ ਅੱਗ ਦੀਆਂ ਉੱਚੀਆਂ ਲਾਟਾਂ 'ਤੇ ਪੈ ਰਹੀਆਂ ਸਨ; ਪਰ ਉਨ੍ਹਾਂ ਦੇ ਅੰਤਰ-ਆਤਮੇ ਇੱਕ ਬੜਾ ਅਹਿਮ ਤੇ ਚਿੰਤਾਜਨਕ ਸੁਆਲ ਖੜਾ ਹੋ ਰਿਹਾ ਸੀ ਕਿ ਕੌਮ ਦੀ ਅਜਿਹੀ ਹਾਲਤ ਕਿਉਂ ਹੋਈ? ਉੱਤਰ ਸਾਰਿਆਂ ਦਾ ਸਾਂਝਾ ਸੀ ਕਿ ਗੁਰਦੁਆਰਾ ਪ੍ਰਬੰਧਕੀ ਪੱਖ ਸੁਧਾਰਨ ਲਈ ਤਾਂ ਭਾਵੇਂ ਅਸੀਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਅਤੇ 'ਸ਼੍ਰੋਮਣੀ ਅਕਾਲੀ ਦਲ' ਸਥਾਪਤ ਕਰ ਲਏ ਹਨ; ਪ੍ਰੰਤੂ ਗੁਰਬਾਣੀ ਤੇ ਗੁਰਇਤਿਹਾਸ ਦੇ ਚਾਨਣ ਵਿਚ ਗੁਰਮਤਿ ਦੀ ਸ੍ਰੇਸ਼ਟਤਾ ਨੂੰ ਸਮਝਣ ਤੇ ਸਮਝਾਉਣ ਵਾਲੇ ਗ੍ਰੰਥੀ ਸਿੰਘਾਂ, ਕੀਰਤਨੀਆਂ ਤੇ ਪ੍ਰਚਾਰਕਾਂ ਦੀ ਬਹੁਤ ਘਾਟ ਹੈ। ਇਹੀ ਕਾਰਨ ਹੈ ਕਿ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਕੇਂਦਰ ਬਣਾਏ ਗੁਰਦੁਆਰਾ ਸਾਹਿਬਾਨ, ਉਦਾਸੀ ਤੇ ਨਿਰਮਲੇ ਮਹੰਤਾਂ ਦੇ ਰੂਪ ਵਿਚ ਉਨ੍ਹਾਂ ਬਿਪਰਵਾਦੀ ਸ਼ਕਤੀਆਂ ਦੇ ਹੱਥੀਂ ਚੜ੍ਹ ਗਏ, ਜਿਹੜੇ ਗੁਰੂ-ਕਾਲ ਤੋਂ ਹੀ ਗੁਰਮਤਿ ਨੂੰ ਕਰਮਕਾਂਡ ਵਾਲੇ ਭਗਵੇ ਰੰਗ ਵਿਚ ਰੰਗਣ ਲਈ ਯਤਨਸ਼ੀਲ ਹਨ। ਇਸ ਲਈ ਤਤਕਾਲੀ ਲੋੜ ਹੈ ਕਿ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਹੀਦ ਗੰਜ ਦੀ ਉਸਾਰੀ ਅਤੇ ਸ਼ਹੀਦਾਂ ਦੇ ਪਰਿਵਾਰਾਂ ਦੀ ਦੇਖ-ਭਾਲ ਦੇ ਨਾਲ ਸ਼ਹੀਦਾਂ ਦੀ ਸਦੀਵੀ ਯਾਦਗਰ ਵਜੋਂ ਕੋਈ ਅਜਿਹਾ ਸਕੂਲ ਕਾਲਜ ਖੋਲ੍ਹਿਆ ਜਾਵੇ, ਜਿਸ ਦੀ ਬਦੌਲਤ ਗੁਰਦੁਆਰੇ ਮੁੜ ਗੁਰਮਤਿ ਦੇ ਪ੍ਰਚਾਰ ਕੇਂਦਰ ਬਣ ਸਕਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਹਿਲੇ ਪ੍ਰਧਾਨ ਸਰਦਾਰ ਸੁੰਦਰ ਸਿੰਘ ਮਜੀਠੀਏ ਨੇ ਉਪਰੋਕਤ ਮਨੋਰਥ ਨੂੰ ਮੁਖ ਰੱਖ ਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਹੀ 4-5 ਅਤੇ 6 ਮਾਰਚ 1921 ਨੂੰ ਇੱਕ ਵਿਸ਼ੇਸ਼ ਤੇ ਵਿਸ਼ਾਲ ਪੰਥਕ ਇਕੱਠ ਬੁਲਾਇਆ। ਸ਼੍ਰੋਮਣੀ ਕਮੇਟੀ ਦੇ ਮੀਤ-ਪ੍ਰਧਾਨ ਸਰਦਾਰ ਹਰਿਬੰਸ ਸਿੰਘ ਅਟਾਰੀ ਵੀ ਉਨ੍ਹਾਂ ਦੇ ਨਾਲ ਸਨ, ਜਿਹੜੇ 21 ਫ਼ਰਵਰੀ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੀ ਸੇਵਾ-ਸੰਭਾਲ ਲਈ ਬਣਾਈ ਕਾਰਜਕਾਰੀ ਸਬ-ਕਮੇਟੀ ਦੇ ਮੁਖੀ ਵੀ ਥਾਪੇ ਗਏ ਸਨ। ਇਸ ਇਤਿਹਾਸਕ ਇਕੱਠ ਦੀ ਸਮਾਪਤੀ ਉਪਰੰਤ ਉਸੇ ਦਿਨ (6ਮਾਰਚ 1921) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਆਪਣੀ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਪੰਥਕ ਇਕੱਠ ਦੀਆਂ ਵਿਚਾਰਾਂ ਦੇ ਚਾਨਣ ਵਿਚ ਹੋਏ ਫੈਸਲੇ ਮੁਤਾਬਿਕ ਸ਼੍ਰੋਮਣੀ ਕਮੇਟੀ ਦੇ ਸਕਤਰ ਸ੍ਰ. ਸੁੰਦਰ ਸਿੰਘ ਰਾਮਗੜ੍ਹੀਏ ਨੇ 'ਨਨਕਾਣਾ ਸਾਹਿਬ ਸ਼ਹੀਦੀ ਫੰਡ' ਦੀ ਸਥਾਪਨਾ ਦਾ ਰਸਮੀ ਐਲਾਨ ਕੀਤਾ ਅਤੇ ਬਾਕੀ ਦੇ ਕੁਝ ਅਹਿਮ ਮਤੇ ਪੜ੍ਹ ਕੇ ਸੁਣਾਏ। ਇਨ੍ਹਾਂ ਵਿਚ ਸਾਕੇ ਦੇ ਵਿਰੋਧ ਪ੍ਰਦਰਸ਼ਨ ਵਜੋਂ ਸਮੂਹ ਗੁਰਸਿੱਖਾਂ ਨੂੰ ਕਾਲੀਆਂ ਪੱਗਾਂ ਬੰਨ੍ਹਣ ਦੀ ਅਪੀਲ, ਸ਼ਹੀਦੀ ਫੰਡ ਦੀ ਸੁਵਰਤੋਂ ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ 'ਸਿੱਖ ਮਿਸ਼ਨ ਸੁਸਾਇਟੀ' ਦੀ ਸਥਾਪਨਾ ਅਤੇ ਬ੍ਰਿਟਿਸ਼ ਸਰਕਾਰ ਨਾਲ ਨਾ ਮਿਲਵਰਤਣ ਦਾ ਉਹ ਮਤਾ ਵੀ ਸ਼ਾਮਲ ਸੀ, ਜਿਸ ਦੀ 20 ਮਾਰਚ ਨੂੰ ਅੰਮ੍ਰਿਤਸਰ ਦੀ ਮੀਟਿੰਗ ਉਪਰੰਤ ਪੁਸ਼ਟੀ ਕੀਤੀ ਗਈ।

'ਨਨਕਾਣਾ ਸਾਹਿਬ ਸ਼ਹੀਦੀ ਫੰਡ' ਨੂੰ ਸ਼ਹੀਦ ਪਰਿਵਾਰ ਫੰਡ ਵੀ ਕਿਹਾ ਜਾਂਦਾ ਰਿਹਾ, ਜਿਸ ਵਿਚ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੇ ਦਿਲ ਖੋਲ੍ਹ ਕੇ ਆਪੋ-ਆਪਣਾ ਹਿੱਸਾ ਪਾਇਆ। ਕੁਝ ਦਿਨਾਂ ਵਿਚ ਹੀ 2 ਲੱਖ 35 ਹਜ਼ਾਰ ਦੀ ਰਾਸ਼ੀ ਇਕੱਠੀ ਹੋ ਗਈ। ਇਸ ਨਾਲ ਸ਼ਹੀਦ ਪਰਿਵਾਰਾਂ ਦੇ ਬੱਚਿਆਂ ਦੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ ਤੇ ਲੋੜਵੰਦ ਪਰਿਵਾਰਾਂ ਦੀ ਮਾਸਕ ਪੈਨਸ਼ਨ ਲਗਾਈ। ਮਹੰਤ ਨਰੈਣ ਦਾਸ ਅਤੇ ਉਸ ਦੇ ਗੁੰਡਿਆਂ ਖ਼ਿਲਾਫ਼ ਅਦਾਲਤੀ ਕੇਸ ਲੜਨ ਲਈ ਲੋੜੀਂਦੇ ਖਰਚੇ ਕੀਤੇ ਅਤੇ ਬਾਕੀ ਦੀ ਮਾਇਆ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਲਈ ਸੁਰਖਿਅਤ ਰੱਖੀ ਗਈ। 'ਸਿੱਖ ਗੁਰਦੁਆਰਾ ਐਕਟ 1925' ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਨੂੰਨੀ ਮਾਨਤਾ ਮਿਲਣ ਸਦਕਾ ਗੁਰਦੁਆਰਿਆਂ 'ਚੋਂ ਹਰੇਕ ਪੱਖੋਂ ਮਹੰਤਾਂ ਦੇ ਨਿਜੀ ਕਬਜ਼ੇ ਕਾਨੂੰਨਨ ਤੌਰ 'ਤੇ ਸੁਭਾਵਿਕ ਹੀ ਖ਼ਤਮ ਹੋ ਗਏ। ਐਕਟ ਦੇ ਸੈਕਸ਼ਨ 85 ਤਹਿਤ ਸ੍ਰੀ ਨਨਕਾਣਾ ਸਾਹਿਬ ਆਦਿਕ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਅਧਿਕਾਰਤ ਤੌਰ 'ਤੇ ਨਵੀਂ ਚੁਣੀ ਗਈ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਅਧੀਨ ਸਥਾਨਕ (ਲੋਕਲ) ਕਮੇਟੀਆਂ ਦੇ ਹੱਥ ਆ ਗਿਆ। ਸਰਬ-ਸੰਮਤੀ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਅਤੇ ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਚੁਣੇ ਗਏ, ਜਿਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧਕੀ ਸੁਧਾਰਾਂ ਵਿਚ ਅਹਿਮ ਭੂਮਿਕਾ ਨਿਭਾਈ।

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਲਈ ਮਾਸਟਰ ਤਾਰਾ ਸਿੰਘ ਜੀ ਦਾ ਯੋਗਦਾਨ ਵਿਸ਼ੇਸ਼ ਹੈ। ਇਸ ਮਨੋਰਥ ਨੂੰ ਮੁਖ ਰੱਖ ਕੇ ਹੀ ਉਨ੍ਹਾਂ ਨੇ ਭਾਈ ਕਰਤਾਰ ਸਿੰਘ 'ਝੱਬਰ', ਸਰਦਾਰ ਬਹਾਦਰ ਮਹਿਤਾਬ ਸਿੰਘ ਤੇ ਡਾ. ਭਾਈ ਜੋਧ ਸਿੰਘ ਵਰਗੇ ਪੰਥ-ਦਰਦੀ ਤੇ ਦੂਰਦ੍ਰਿਸ਼ਟ ਆਗੂਆਂ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧਕ ਬਣਾਇਆ। ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਖ਼ਾਲਸਾ ਕਾਲਜ ਦੇ ਨੇੜੇ ਸ਼ਹੀਦਾਂ ਦੀ ਸਦੀਵੀ ਯਾਦਗਰ ਵਜੋਂ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਖੋਲ੍ਹਣ ਦਾ ਮਤਾ ਪਾਸ ਕੀਤਾ। ਗੰਗਾ ਬਿਲਡਿੰਗ ਦੇ ਪਿੱਛਵਾੜੇ ਰਣਜੀਤਪੁਰਾ ਮਹੱਲੇ ਵਿਚ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਜੀ ਦੇ ਘਰਾਂ ਦੇ ਵਿਚਕਾਰ 'ਨਨਕਾਣਾ ਸਾਹਿਬ ਸ਼ਹੀਦੀ ਫੰਡ' 'ਚੋਂ 34 ਹਜ਼ਾਰ ਰੁਪੈ ਦੀ ਇੱਕ ਹਵੇਲੀ-ਨੁਮਾ ਕੋਠੀ ਖ਼ਰੀਦੀ। ਉਰਦੂ, ਫ਼ਾਰਸੀ ਤੇ ਪੰਜਾਬੀ ਜ਼ਬਾਨ ਵਿਚ ਗੁਰਮਤਿ ਦੀ ਸਿਧਾਂਤਕ ਵਿਆਖਿਆ ਕਰਨ, ਪੰਥਕ ਮਸਲਿਆਂ ਦੇ ਇਕੱਠਾਂ ਮੌਕੇ ਭਾਸ਼ਣ ਦੇਣ ਅਤੇ ਅਨਮਤੀਆਂ ਨਾਲ ਦਲੀਲਾਂ ਸਹਿਤ ਵਿਚਾਰ-ਵਿਟਾਂਦਰੇ ਮੌਕੇ ਹਾਜ਼ਰ-ਜਵਾਬੀ ਦੀ ਕਲਾ ਵਿਚ ਮਾਹਰ ਸਰਦਾਰ ਗੰਗਾ ਸਿੰਘ ਜੀ ਨੂੰ ਕਾਲਜ ਦੇ ਪਹਿਲੇ ਪ੍ਰਿੰਸੀਪਲ ਨਿਯੁਕਤ ਕੀਤਾ। ਇਸ ਪ੍ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਉਪਰੋਕਤ ਕੋਠੀ ਵਿਚ ਅਕਤੂਬਰ 1927 ਨੂੰ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਦੀ ਸਥਾਪਨਾ ਹੋਈ। ਕਾਲਜ ਦੀ ਸੌ ਸਾਲਾ ਮਾਣਮੱਤੀ ਵਿਰਾਸਤ ਨੂੰ ਮੁਖ ਰੱਖ ਕੇ ਅਕਤੂਬਰ 2026 ਤੋਂ 2027 ਤਕ ਦੇ ਸ਼ਤਾਬਦੀ ਸਮਾਗਮਾਂ ਦੀ ਅਰੰਭਤਾ ਲਈ ਕਾਲਜ ਵਿਚ ਭਾਵੇਂ 2 ਅਕਤੂਬਰ ਨੂੰ 'ਅਰਦਾਸ ਸਮਾਗਮ' ਹੋਇਆ ਹੈ। ਪਰ, ਕੁਝ ਬਜ਼ੁਰਗ ਖੋਜੀ ਵਿਦਵਾਨਾਂ 'ਤੋਂ ਮਿਲੀ ਜਾਣਕਾਰੀ ਅਨੁਸਾਰ ਅਕਤੂਬਰ 1927 ਦੀ ਪਹਿਲੀ ਤੇ ਦੂਜੀ ਨੂੰ ਸ਼ਨੀ ਤੇ ਐਤਵਾਰ ਦੀ ਛੁੱਟੀ ਹੋਣ ਕਰਕੇ ਕਾਲਜ ਦਾ ਮੁੱਢਲਾ ਉਦਘਾਟਨ 3 ਅਕਤੂਬਰ ਸੋਮਵਾਰ ਨੂੰ ਹੋਇਆ।

ਸ੍ਰ. ਈਸ਼ਰ ਸਿੰਘ ਮਝੈਲ (1901-1977) ਪਹਿਲੇ ਬੈਚ ਦੇ ਵਿਦਿਆਰਥੀ ਰਹੇ, ਜੋ ਸੰਨ 1940-41 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸੰਨ 1946 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਯੂਪੀ ਸਿੱਖ ਮਿਸ਼ਨ ਦੇ ਮੁਖੀ ਇੰਚਾਰਜ ਰਹੇ ਮਰਹੂਮ ਗਿਆਨੀ ਫੌਜਾ ਸਿੰਘ ਵੀ ਉਨ੍ਹਾਂ ਦੇ ਜਮਾਤੀ ਸਨ। ਸ਼੍ਰੋਮਣੀ ਕਮੇਟੀ ਦੇ ਮੁੱਖ ਪ੍ਰਚਾਰਕ ਰਹੇ ਮਰਹੂਮ ਗਿਆਨੀ ਕੇਹਰ ਸਿੰਘ ਵੈਰਾਗੀ ਤੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਸੰਨ 1930 ਵਾਲੇ ਬੈਚ ਵਿਚ ਜਮਾਤੀ ਸਨ। ਸ਼੍ਰੋਮਣੀ ਕਮੇਟੀ ਨੇ 'ਸਰਬ ਹਿੰਦ ਸਿੱਖ ਮਿਸ਼ਨ' ਦੀ ਸਥਾਪਨਾ ਕਰਕੇ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਉਸ ਦੇ ਅਧੀਨ ਕੀਤਾ, ਜਿਸ ਨੇ ਸੰਨ 1936 ਵਿਚ ਡਾ. ਧਰਮਾਨੰਤ ਸਿੰਘ ਨੂੰ ਪ੍ਰਿੰਸੀਪਲ ਨਿਯੁਕਤ ਕੀਤਾ। ਉਸ ਮੌਕੇ ਹੀ ਗਿਆਨੀ ਲਾਲ ਸਿੰਘ ਦੌਧਰ (1916-1996) ਵਾਲਿਆਂ ਨੇ ਦੋ-ਸਾਲਾ ਮਿਸ਼ਨਰੀ ਕੋਰਸ ਕੀਤਾ, ਜਿਸ ਦੀ ਵਿਦਿਅਕ ਯੋਗਤਾ ਨੂੰ ਮੁਖ ਰੱਖ ਕੇ ਮਾਸਟਰ ਤਾਰਾ ਸਿੰਘ ਜੀ ਨੇ ਉਨ੍ਹਾਂ ਨੂੰ ਕਾਲਜ ਦਾ ਵਾਈਸ ਪ੍ਰਿੰਸੀਪਲ ਬਣਾ ਦਿੱਤਾ। ਉਹੀ ਪਿੱਛੋਂ ਜਾ ਕੇ 'ਭਾਸ਼ਾ ਵਿਭਾਗ ਪੰਜਾਬ' ਦੇ ਡਾਇਰੈਕਟਰ ਅਤੇ 'ਪੰਜਾਬ ਪਬਲਿਕ

**_ਸ਼ਤਾਬਦੀ ਸਾਲ ਅਕਤੂਬਰ 2026 ਤੋਂ 2027 ਲਈ ਵਿਸ਼ੇਸ਼ ਸਮਰਪਣ_**




ਸਰਵਿਸ ਕਮਿਸ਼ਨ' ਦੇ ਚੇਅਰਮੈਨ ਬਣੇ। ਇਸ ਤੋਂ ਪਿੱਛੋਂ ਪ੍ਰੋ. ਸਾਹਿਬ ਸਿੰਘ, ਡਾ. ਤਾਰਨ ਸਿੰਘ ਤੇ ਚੰਡੀਗੜ੍ਹ ਵਾਲੇ ਹਰਿਭਜਨ ਸਿੰਘ (ਭਾਈ ਸਾਹਿਬ) ਵਰਗੇ ਪ੍ਰਬੁੱਧ ਵਿਦਵਾਨ, ਪ੍ਰਸਿੱਧ ਵਕਤੇ ਅਤੇ ਧਰਮ-ਸ਼ਾਸ਼ਤਰੀ ਸਮੇਂ ਸਮੇਂ ਇਸ ਕਾਲਜ ਦੇ ਪ੍ਰਿਸੀਪਲ ਨਿਯੁਕਤ ਹੁੰਦੇ ਰਹੇ। ਮਰਹੂਮ ਪ੍ਰੋ. ਪਿਆਰਾ ਸਿੰਘ ਪਦਮ ਵਰਗੇ ਖੋਜੀ, ਪ੍ਰੋ. ਪਿਆਰਾ ਸਿੰਘ 'ਸੁੱਖੀ' ਅਤੇ ਪ੍ਰੋ. ਅਮਰ ਸਿੰਘ 'ਚਾਕਰ' ਵਰਗੇ ਅਨੁਭਵੀ ਵਿਦਵਾਨ ਵੀ ਇਸ ਕਾਲਜ ਵਿਚ ਪੜ੍ਹਾਉਂਦੇ ਰਹੇ। ਇਸ ਪ੍ਰਾਪਤੀ ਦੀ ਬਦੌਲਤ ਹੀ ਪ੍ਰਬੰਧਕਾਂ ਮਹਿਸੂਸ ਕੀਤਾ ਕਿ 'ਸਿੱਖ ਮਿਸ਼ਨ ਸੁਸਾਇਟੀ' ਦਾ ਮਨੋਰਥ ਪੂਰਾ ਹੋ ਗਿਆ ਹੈ।

ਕਾਲਜ ਦੇ 1964-66 ਦੇ ਸ਼ੈਸ਼ਨ 'ਚੋਂ ਪ੍ਰਚਾਰਕ ਕੋਰਸ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਬਣਨ ਉਪਰੰਤ ਇਤਿਹਾਸ ਦੇ ਪ੍ਰੋਫੈਸਰ ਨਿਯੁਕਤ ਹੋਏ ਹਰਿਭਜਨ ਸਿੰਘ ਯੂ.ਕੇ. ਵਾਲਿਆਂ ਦੱਸਿਆ ਕਿ ਉਸ ਮੌਕੇ ਕਾਲਜ ਅਤੇ ਮਾਸਟਰ ਤਾਰਾ ਸਿੰਘ ਦੇ ਘਰ ਦੀ ਸਾਂਝੀ ਦੀਵਾਰ ਚਾਰ ਕੁ ਫੁੱਟ ਉੱਚੀ ਸੀ। ਉਸ ਵਿਚੋਂ ਦੀ ਦਰਵਾਜ਼ਾ ਬਣਾਇਆ ਹੋਇਆ ਸੀ, ਤਾਂ ਕਿ ਮਾਸਟਰ ਜੀ ਇਸ ਵਿਦਿਅਕ ਅਦਾਰੇ ਦੀ ਦੇਖ-ਭਾਲ ਕਰ ਸਕਣ। ਉਨ੍ਹਾਂ ਦੀ ਲੰਮੀ-ਨਦਰ ਸਮਝਦੀ ਸੀ ਕਿ ਸਿੱਖ ਜਗਤ ਅੰਦਰ ਪੰਥਕ-ਜਜ਼ਬਾ ਕਾਇਮ ਰੱਖਣ ਲਈ ਇਹ ਅਦਾਰਾ ਰੌਸ਼ਨ-ਮੁਨਾਰੇ ਦਾ ਕੰਮ ਕਰੇਗਾ। ਮਾਸਟਰ ਜੀ ਦਾ ਇਹ ਸੁਪਨਾ ਸਾਕਾਰ ਹੋਇਆ ਜਾਪਦਾ ਹੈ। ਕਾਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਹੁਣ ਤਕ ਰਾਜਸਥਾਨ ਦੇ ਬੁੱਢੇ ਜੌਹੜ, ਹਰਿਆਣੇ ਦੇ ਕੁਰਕਸ਼ੇਤਰ ਅਤੇ ਪੰਜਾਬ ਵਿਚ ਸ੍ਰੀ ਤਰਨਤਾਰਨ, ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਅਤੇ ਸ੍ਰੀ ਅਨੰਦਪਰ ਸਾਹਿਬ ਆਦਿਕ ਸ਼ਹਿਰਾਂ ਵਿਚ ਉਪਰੋਕਤ ਕਿਸਮ ਦੇ ਦਰਜਨਾ ਸਿੱਖ ਮਿਸ਼ਨਰੀ ਤੇ ਸੰਗੀਤ ਵਿਦਿਆਲੇ ਚਲਾਏ ਜਾ ਰਹੇ ਹਨ। ਸਿੱਖ ਸੰਗਤ ਵਲੋਂ ਸੇਵਾ ਵਜੋਂ ਸੁਤੰਤਰ ਤੌਰ 'ਤੇ ਦਿੱਲੀ, ਲੁਧਿਆਣੇ, ਬੁੱਢੇਵਾਲ, ਰੋਪੜ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਸਿੱਖ ਮਿਸ਼ਨਰੀ ਕਾਲਜ' ਖੋਲ੍ਹੇ ਜਾ ਚੁੱਕੇ ਹਨ।

ਪ੍ਰੋ. ਹਰਿਭਜਨ ਸਿੰਘ ਜੀ ਸੰਨ 1979 ਵਿਚ ਯੂਰਪ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸਾਊਥਾਲ ਲੰਡਨ ਦੇ ਮੈਨੇਜਰ ਨਿਯੁਕਤ ਹੋ ਗਏ। ਉਨ੍ਹਾਂ ਮੈਨੂੰ 2025 ਵਿਚ ਦੱਸਿਆ ਕਿ ਦੋ ਕੁ ਸਾਲ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ 'ਭੌਰ' ਆਪਣੀ ਭਾਣਜੀ ਦੇ ਅਨੰਦ ਕਾਰਜ ਮੌਕੇ ਇਥੇ (ਲੰਡਨ) ਪਹੁੰਚੇ। ਪ੍ਰੋ. ਸਾਹਿਬ ਨੂੰ ਵੇਖ ਕੇ ਉਨ੍ਹਾਂ ਆਖਿਆ ਕਿ ਸਾਨੂੰ ਮਾਣ ਹੈ ਕਿ ਤੁਸੀਂ ਸ਼੍ਰੋਮਣੀ ਕਮੇਟੀ ਦੇ ਉਸ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀ, ਪ੍ਰਚਾਰਕ ਅਤੇ ਪ੍ਰੋਫੈਸਰ ਰਹੇ ਹੋ, ਜਿਥੋਂ ਭਾਰਤ ਦੇ ਸਤਵੇਂ ਰਾਸ਼ਟਰਪਤੀ ਰਹੇ ਮਰਹੂਮ ਗਿਆਨੀ ਜ਼ੈਲ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਮਰਹੂਮ ਭਾਈ ਸਾਧੂ ਸਿੰਘ ਭੌਰਾ, ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗ੍ਰੰਥੀ ਰਹੇ ਗਿਆਨੀ ਸਾਹਿਬ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਰਹੇ ਮਰਹੂਮ ਗਿਆਨੀ ਸ਼ਰਮ ਸਿੰਘ, ਯੂਪੀ ਸਿੱਖ ਮਿਸ਼ਨ ਹਾਪੜ ਦੇ ਮੁਖੀ ਰਹੇ ਮਰਹੂਮ ਗਿਆਨੀ ਫੌਜਾ ਸਿੰਘ ਤੇ ਗਿ. ਬਾਦਲ ਸਿੰਘ, ਪ੍ਰਸਿੱਧ ਕਥਾਵਾਚਕ ਮਰਹੂਮ ਗਿਆਨੀ ਮਾਨ ਸਿੰਘ 'ਝੌਰ' ਅਤੇ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਬਲਕਾਰ ਸਿੰਘ ਤੇ ਡਾ. ਕੇਹਰ ਸਿੰਘ ਜੀ ਆਦਿਕ ਨੇ ਵਿਦਿਆ ਪ੍ਰਾਪਤ ਕੀਤੀ। ਉਨ੍ਹਾਂ ਦੇ ਉੱਤਰ ਵਿਚ ਪ੍ਰੋ. ਹਰਿਭਜਨ ਸਿੰਘ ਜੀ ਹੁਰਾਂ ਕਿਹਾ 'ਭੌਰ ਜੀ ! ਆਪਣੀ ਇਸ ਮਾਣ-ਭਰੀ ਲਿਸ਼ਟ ਵਿਚ ਸ੍ਰੀ ਕੇਸਗੜ੍ਹ ਦੇ ਜਥੇਦਾਰ ਰਹੇ ਪ੍ਰੋ. ਮਨਜੀਤ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਰਹੇ ਗਿਆਨੀ ਕੇਵਲ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਿਦਵਾਨ ਗ੍ਰੰਥੀ ਰਹੇ ਗਿ. ਜਗਤਾਰ ਸਿੰਘ ਜਾਚਕ, ਮਰਹੂਮ ਰਾਗੀ ਭਾਈ ਨਿਰਮਲ ਸਿੰਘ 'ਪਦਮ ਸ਼੍ਰੀ' ਅਤੇ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਡਾ. ਓਅੰਕਾਰ ਸਿੰਘ ਹੁਰਾਂ ਦੇ ਨਾਂਅ ਵੀ ਸ਼ਾਮਲ ਕਰ ਲੈਣੇ ਚਾਹੀਦੇ ਹਨ। ਤਹਾਨੂੰ ਇਹ ਵੀ ਖ਼ਿਆਲ ਹੋਣਾ ਚਾਹੀਦਾ ਹੈ ਕਿ ਉਸ ਕਾਲਜ ਨੇ ਗੁਰਮਤਿ ਦੀ ਸਿਧਾਂਤਕ ਸੂਝ ਰੱਖਣ ਵਾਲੇ ਕੇਵਲ ਬਹੁਤ ਸਾਰੇ ਖੋਜੀ ਵਿਦਵਾਨ, ਵਕਤੇ, ਕੀਰਤਨੀਏ ਅਤੇ ਗਿਆਨੀ ਜਸਬੀਰ ਸਿੰਘ ਵੈਨਕੂਵਰ ਵਰਗੇ ਸੁਜਾਨ ਲੇਖਕ ਤੇ ਸਿੰਘ ਸਾਹਿਬਾਨ ਹੀ ਨਹੀਂ ਪੈਦਾ ਕੀਤੇ, ਉਥੋਂ ਕੌਮੀ ਸੰਘਰਸ਼ ਲੜਨ ਵਾਲੇ ਖਾੜਕੂ ਸਿੰਘ ਵੀ ਪੈਦਾ ਹੁੰਦੇ ਰਹੇ ਹਨ। ਅਜਿਹਾ ਵਰਨਣ ਕਰਦਿਆਂ ਸ਼ਾਇਦ ਉਨ੍ਹਾਂ ਦੇ ਧਿਆਨ ਵਿਚ ਭਾਈ ਇੰਦਰਜੀਤ ਸਿੰਘ 'ਬਾਗੀ' ਤੇ ਭਾਈ ਨਰਾਇਣ ਸਿੰਘ 'ਚੌੜਾ' ਆਦਿਕ ਵਿਦਿਆਰਥੀ ਰਹੇ ਹੋਣਗੇ। ਰਾਗੀ ਭਾਈ ਹਰਿਜਿੰਦਰ ਸਿੰਘ ਸ੍ਰੀਨਗਰ ਵਾਲੇ ਵੀ ਇਸੇ ਕਾਲਜ ਦੀ ਦੇਣ ਹਨ, ਜਿਨ੍ਹਾਂ ਨੂੰ ਗੁਰਬਾਣੀ ਸੰਗੀਤ ਦੀ ਬਦੌਲਤ ਸੰਨ 2026 ਵਿਚ ਭਾਰਤ ਸਰਕਾਰ ਵੱਲੋਂ 'ਪਦਮ ਸ਼੍ਰੀ' ਐਵਾਰਡ ਪ੍ਰਦਾਨ ਕੀਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਫ਼ਰਵਰੀ 1921 ਦੇ ਸ਼ਹੀਦਾਂ ਦੀ ਯਾਦਗਰ ਵਜੋਂ ਅਕਤੂਬਰ 1927 ਵਿਚ ਸ਼ੁਰੂ ਕੀਤਾ ਇਹ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ'; ਆਪਣੇ ਆਰੰਭਕ ਸਾਲਾਂ ਵਿਚ ਵਿੱਤੀ, ਪ੍ਰਬੰਧਕੀ ਤੇ ਦੇਸ਼ ਦੇ ਰਾਜਨੀਤਕਾਂ ਹਲਾਤਾਂ ਕਾਰਨ ਭਾਵੇਂ ਸੰਨ 1932 ਤੋਂ 1935 ਅਤੇ 1938 ਤੋਂ 1943 ਦੇ ਸਮੈਂ ਦੌਰਾਨ ਬੰਦ ਰਿਹਾ, ਪਰ ਇਸ ਤੋਂ ਇਲਾਵਾ ਉਹ ਹੁਣ ਤਕ ਨਿਰੰਤਰ ਚਲ ਰਿਹਾ ਹੈ। ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ ਕਿ ਦਸੰਬਰ 2018 ਤੋਂ ਬੀਬੀ ਮਨਜੀਤ ਕੌਰ ਇਸ ਕਾਲਜ ਦੇ ਪ੍ਰਿੰਸੀਪਲ ਹਨ। ਉਨ੍ਹਾਂ ਮੁਤਾਬਿਕ ਸ਼੍ਰੋਮਣੀ ਕਮੇਟੀ ਅਕਤੂਬਰ 2026 'ਤੋਂ ਅਕਤੂਬਰ 2027 ਤਕ ਦੇ ਸਾਲ ਨੂੰ ਦੇਸ਼-ਵਿਦੇਸ਼ ਅੰਦਰ ਕਾਲਜ ਦੇ ਸ਼ਤਾਬਦੀ ਵਰ੍ਹੇ ਵਜੋਂ ਮਨਾ ਰਹੀ ਹੈ। ਇਸ ਪੱਖੋਂ ਇੱਕ ਸਬ ਕਮੇਟੀ ਵੀ ਬਣਾਈ ਜਾ ਚੁੱਕੀ ਹੈ। ਸੰਸਾਰ ਭਰ ਦੇ ਵਖ ਵਖ ਖੇਤਰਾਂ ਵਿਚ ਸੇਵਾਵਾਂ ਨਿਭਾਅ ਰਹੇ ਸਮੂਹ ਵਿਦਿਆਰਥੀਆਂ ਦੇ ਆਪਸੀ ਸੰਪਰਕ ਤੇ ਸਹਿਯੋਗ ਲਈ ਇੱਕ 'ਟੈਲੀਫੋਨ ਡਾਇਰੈਕਟਰੀ' ਅਤੇ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਸੰਦਰਭ-ਕੋਸ਼' ਵੀ ਤਿਆਰ ਕੀਤਾ ਜਾ ਰਿਹਾ ਹੈ। ਪ੍ਰਿੰਸੀਪਲ ਸਾਹਿਬਾਂ ਨੇ ਅਪੀਲ ਕੀਤੀ ਹੈ ਕਿ ਸਮੂਹ ਵਿਦਿਆਰਥੀ ਇਸ ਪੱਖੋਂ ਉਨ੍ਹਾਂ ਨਾਲ ਈ-ਮੇਲ ssmcasr1927@gmail.com ਰਾਹੀਂ ਸੰਪਰਕ ਕਰਨ। ਪਰ, ਪੰਥਕ ਦਰਦੀਆਂ ਅੰਦਰ ਇਹ ਵਿਚਾਰ ਵੀ ਉਭਰ ਰਿਹਾ ਹੈ ਕਿ 'ਕਾਲਜ ਦੇ ਸੰਪੂਰਨ ਇਤਿਹਾਸ ਦੀ ਇੱਕ ਡਾਕੂਮੈਂਟਰੀ ਫ਼ਿਲਮ' ਵੀ ਬਣਾਈ ਜਾਵੇ। ਇਸ ਪ੍ਰਤੀ ਵੀ ਪ੍ਰਿੰਸੀਪਲ ਸਾਹਿਬਾਂ ਦਾ ਹੁੰਗਾਰਾ ਉਤਸ਼ਾਹ-ਜਨਕ ਹੈ।

ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਪਰਵਾਰਿਕ ਮੈਂਬਰਾਂ ਦੀ ਇੱਛਾ ਹੈ ਕਿ ਅਮਰੀਕਾ ਦੀ ਕੈਲੇਫੋਰਨੀਆ ਸਟੇਟ ਅੰਦਰ ਸ਼੍ਰੋਮਣੀ ਕਮੇਟੀ ਜਿਹੜਾ ਨਵੀਨ ਗੁਰਮਤਿ ਵਿਦਿਆਲਾ ਖੋਲ੍ਹਣਾ ਚਾਹੁੰਦੀ ਹੈ, ਉਸ ਦਾ ਨਾਂ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਕੈਲੇਫੋਰਨੀਆ' ਰੱਖਿਆ ਜਾਵੇ। ਇਸ ਨਾਲ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਯਾਦ ਮੁੜ ਤਾਜ਼ਾ ਹੋਵੇਗੀ। ਪੂਰਨ ਆਸ ਹੈ ਕਿ ਜਿਥੇ ਸ਼੍ਰੋਮਣੀ ਕਮੇਟੀ ਇਸ ਪੱਖੋਂ ਆਪਣਾ ਫ਼ਰਜ਼ ਅਦਾ ਕਰ ਰਹੀ ਹੈ; ਉਥੇ ਸੰਸਾਰ ਭਰ ਵਿਚ ਵਿਚਰ ਰਹੇ ਵਿਦਿਆਰਥੀ ਤੇ ਹੋਰ ਪੰਥ-ਦਰਦੀ ਸੱਜਣ ਵੀ ਉਪਰੋਕਤ ਪੱਖੋਂ ਭਰਪੂਰ ਉਤਸ਼ਾਹ ਵਿਖਾਉਣਗੇ। ਜਿਵੇਂ ਵੈਨਕੂਵਰ ਵਿਚ ਭਾਈ ਬਲਬੀਰ ਸਿੰਘ 'ਚੰਗਿਆੜਾ', ਟੋਰਾਂਟੋ ਵਿਚ ਸਰਦਾਰ ਅਮਰਜੀਤ ਸਿੰਘ 'ਰਾਹੀ' ਅਤੇ ਕੈਲੇਫੋਰਨੀਆ ਵਿਚ ਨਰਿੰਦਰਪਾਲ ਸਿੰਘ 'ਹੁੰਦਲ' ਉਪਰੋਕਤ ਪੱਖੋਂ ਸਰਗਰਮ ਹਨ।

***ਲੇਖਕ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਸਾਬਕਾ ਵਿਦਿਆਰਥੀ ਅਤੇ ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹਨ।***

# ਹਰਭਜਨ ਸਿੰਘ ਬਾਜਵਾ ਸਿਮਰਤੀ ਗ੍ਰੰਥ

**ਡਾ.ਲਖਵਿੰਦਰ ਸਿੰਘ ਜੌਹਲ**

ਵਿਸ਼ਵ ਪ੍ਰਸਿੱਧ ਫ਼ੋਟੋਗ੍ਰਾਫ਼ਰ ਹਰਭਜਨ ਸਿੰਘ ਬਾਜਵਾ ਇੱਕ ਲਾਸਾਨੀ ਜਿਊੜਾ ਸੀ। ਇੱਕ ਅਜਿਹਾ ਰਮਤਾ ਜੋਗੀ, ਜਿਸ ਦੇ ਪੈਰਾਂ ਦੇ ਚੱਕਰ ਨੇ ਉਸ ਨੂੰ ਅਦਭੁਤ ਫੋਟੋ-ਪ੍ਰੇਮਾਂ ਦੀ ਭਾਲ ਵਿੱਚ ਪਿੰਡ-ਪਿੰਡ ਸ਼ਹਿਰ-ਸ਼ਹਿਰ ਅਤੇ ਦੇਸ਼-ਦੇਸ਼ ਘੁੰਮਾਈ ਰੱਖਿਆ। ਲਗਭਗ 85 ਸਾਲ ਦੀ ਘੁਮੱਕੜੀ ਜ਼ਿੰਦਗੀ ਦਾ ਲੁਤਫ਼ ਮਾਣ ਕੇ, 12 ਸਤੰਬਰ 2026 ਨੂੰ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਇਹ "ਸਿਮਰਤੀ ਗ੍ਰੰਥ" ਉਸ ਦੀਆਂ ਯਾਦਗਾਰਾਂ ਨੂੰ ਸ਼ਬਦਾਂ ਅਤੇ ਤਸਵੀਰਾਂ ਰਾਹੀਂ ਸੰਭਾਲਣ ਦਾ ਸੰਜੀਦਾ ਯਤਨ ਹੈ। ਇਹ ਕਿਤਾਬ ਮਾਝੇ ਦੀ ਉਸ ਧਰਤੀ ਨੂੰ ਸਮਰਪਿਤ ਹੈ, "ਜਿਸ ਨੇ ਹਰਭਜਨ ਸਿੰਘ ਬਾਜਵਾ ਨੂੰ ਸ਼ਖ਼ਸ ਤੋਂ ਸ਼ਖ਼ਸੀਅਤ ਵਜੋਂ ਮੌਲਣ,ਵਿਗਸਣ ਅਤੇ ਫੈਲਣ ਦਾ ਮੌਕਾ ਦਿੱਤਾ।"

ਇਸ ਕਿਤਾਬ ਵਿੱਚ ਉਹਨਾਂ ਲੇਖਕਾਂ ਅਤੇ ਹੋਰ ਸ਼ਖ਼ਸੀਅਤਾਂ ਦੇ ਲੇਖ ਸ਼ਾਮਿਲ ਹਨ, ਜਿਨਾਂ ਨੇ ਬਾਜਵਾ ਨੂੰ ਬਹੁਤ ਨੇੜੇ ਤੋਂ ਵੇਖਿਆ ਸੀ। ਉਸ ਨਾਲ ਜ਼ਿੰਦਗੀ ਦੇ ਕੁਝ ਪਲ ਬਿਤਾਏ ਸਨ ਅਤੇ ਉਸ ਤੋਂ ਬਹੁਤ ਕੁਝ ਸਿੱਖਿਆ ਸੀ। ਇਨ੍ਹਾਂ ਵਿਚ ਬੀਬੀ ਇੰਦਰਜੀਤ ਕੌਰ (ਪਿੰਗਲਵਾੜਾ),ਸਵਰਨ ਸਿੰਘ ਵਿਰਕ,ਪ੍ਰੋਫ਼ੈਸਰ ਗੁਰਭਜਨ ਗਿੱਲ, ਹਰਮੋਹਿੰਦਰ ਸਿੰਘ ਬੇਦੀ, ਪ੍ਰਿੰਸੀਪਲ ਸਰਵਣ ਸਿੰਘ, ਵਰਿਆਮ ਸਿੰਘ ਸੰਧੂ, ਆਤਮਜੀਤ, ਡਾ.ਐਸ.ਪੀ ਸਿੰਘ, ਗੁਰਮੀਤ ਸਿੰਘ ਖੁੱਡੀਆਂ, ਡਾ.ਰਵਿੰਦਰ, ਪ੍ਰੋਫ਼ੈਸਰ ਨਰੇਸ਼ ਕੁਮਾਰ, ਸਤਨਾਮ ਸਿੰਘ ਨਿੱਝਰ, ਵਿਸ਼ਾਲ, ਰਤੀਕੰਤ ਸਿੰਘ ਪ੍ਰੀਤਲੜੀ, ਅਤੈ ਸਿੰਘ, ਜਗੀਰ ਸਿੰਘ ਕਾਹਲੋਂ, ਹਰਪ੍ਰੀਤ ਸਿੰਘ ਹੁੰਦਲ, ਤ੍ਰੈਲੋਚਨ ਲੋਚੀ,ਡਾ. ਨਿਰਮਲ ਸਿੰਘ ਲਾਂਬੜਾ, ਬਲਜੀਤ ਕੌਰ ਰਿਆੜ ਅਤੇ ਲਖਵਿੰਦਰ ਸਿੰਘ ਜੌਹਲ ਸਮੇਤ ਤਿੰਨ ਦਰਜਨ ਤੋਂ ਵੱਧ ਲੇਖਕਾਂ ਦੇ ਲੇਖ ਸ਼ਾਮਿਲ ਹਨ।ਦੋ ਦਰਜਨ ਤੋਂ ਵੱਧ ਅਜਿਹੀਆਂ ਰੰਗਦਾਰ ਤਸਵੀਰਾਂ ਇਸ ਕਿਤਾਬ ਦਾ ਸ਼ਿੰਗਾਰ ਬਣੀਆਂ ਹਨ, ਜਿਨਾਂ ਵਿੱਚ ਹਰਭਜਨ ਸਿੰਘ ਬਾਜਵਾ ਆਪਣੇ ਦੋਸਤਾਂ,ਸੁਨੇਹੀਆਂ ਅਤੇ ਜਾਣੂਆਂ ਨਾਲ ਹਾਜ਼ਰ ਹੈ। ਬਾਜਵਾ ਦੀ ਜ਼ਿੰਦਗੀ ਨਾਲ ਸੰਬੰਧਿਤ ਯਾਦਾਂ ਦੀਆਂ ਕਥਾ-ਕਹਾਣੀਆਂ ਨਾਲ ਭਰੇ ਹੋਏ ਲੇਖਾਂ ਦੇ ਨਾਲ-ਨਾਲ,ਬਾਜਵਾ ਦੀ ਹੱਥ-ਲਿਖਤ, ਅਤੇ ਹੋਰ ਸਾਹਿਤਕਾਰਾਂ-ਸ਼ਖ਼ਸੀਅਤਾਂ ਵੱਲੋਂ ਬਾਜਵਾ ਨੂੰ ਲਿਖੇ ਗਏ ਪੱਤਰਾਂ ਦੀਆਂ ਫੋਟੋ ਕਾਪੀਆਂ ਵੀ ਇਸ ਕਿਤਾਬ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ। ਬਾਜਵਾ ਨੂੰ ਪੱਤਰ ਲਿਖਣ ਵਾਲਿਆਂ ਵਿੱਚ ਸ਼ਾਮਿਲ ਹਨ ਗੁਰਬਖਸ਼ ਸਿੰਘ ਪ੍ਰੀਤਲੜੀ, ਅਮ੍ਰਿਤਾ ਪ੍ਰੀਤਮ, ਸ਼ੋਭਾ ਸਿੰਘ, ਬਲਰਾਜ ਸਾਹਨੀ, ਕਰਤਾਰ ਸਿੰਘ ਦੁੱਗਲ, ਅਤੇ ਪਾਕਿਸਤਾਨੀ ਲੇਖਕ ਬਾਬਾ ਨਜ਼ਮੀ।




ਇਨ੍ਹਾਂ ਲੇਖਾਂ ਤਸਵੀਰਾਂ ਅਤੇ ਚਿੱਠੀ ਪੱਤਰਾਂ ਦੇ ਨਾਲ ਨਾਲ ਹਰਭਜਨ ਸਿੰਘ ਬਾਜਵਾ ਵੱਲੋਂ ਲਿਖੀ ਗਈ ਵਾਰਤਕ ਵੀ ਇਸ ਵਿੱਚ ਸ਼ਾਮਿਲ ਕੀਤੀ ਗਈ ਹੈ ਅਤੇ ਉਸ ਵੱਲੋਂ ਲਿਖੇ ਗਏ ਚਾਰ ਕਾਵਿ ਸੰਗ੍ਰਹਿਆਂ ਵਿੱਚੋਂ ਕੁਝ ਕਵਿਤਾਵਾਂ ਵੀ ਇਸ ਵਿੱਚ ਅੰਕਿਤ ਹਨ।

ਇਨ੍ਹਾਂ ਲਿਖਤਾਂ, ਲੇਖਾਂ ਅਤੇ ਤਸਵੀਰਾਂ ਰਾਹੀਂ ਹਰਭਜਨ ਸਿੰਘ ਬਾਜਵਾ ਦੀ ਸ਼ਖ਼ਸੀਅਤ ਦੀਆਂ ਗਹਿਰੀਆਂ-ਖ਼ੂਬਸੂਰਤ ਪਰਤਾਂ ਨੂੰ ਉਜਾਗਰ ਕਰਨ ਅਤੇ ਸੰਭਾਲਣ ਦਾ ਇਹ ਦਸਤਾਵੇਜ਼ੀ ਉੱਦਮ, ਬੇਹੱਦ ਸਲਾਹੁਣਯੋਗ ਯੋਗ ਹੈ। ਸਵਰਨ ਸਿੰਘ ਵਿਰਕ ਅਤੇ ਪ੍ਰੋਫ਼ੈਸਰ ਗੁਰਭਜਨ ਗਿੱਲ ਦੀ ਸਰਪ੍ਰਸਤੀ ਹੇਠ ਇਸ ਕਿਤਾਬ ਦੀ ਸੰਪਾਦਨਾ ਨੂੰ ਗਗਨਦੀਪ ਸਿੰਘ ਵਿਰਕ ਅਤੇ ਪ੍ਰੋਫ਼ੈਸਰ ਨਰੇਸ਼ ਕੁਮਾਰ (ਧਰਮਸ਼ਾਲਾ) ਨੇ ਅਤਿ ਸੂਖ਼ਮ ਕਲਾਤਮਿਕਤਾ ਅਤੇ ਸੰਜੀਦਗੀ ਨਾਲ ਨੇਪਰੇ ਚਾੜ੍ਹਿਆ ਹੈ। ਇਸ ਸਿਮਰਤੀ ਗ੍ਰੰਥ ਦੇ ਖ਼ੂਬਸੂਰਤ ਸਫ਼ਿਆਂ ਉੱਤੇ ਸ਼ਬਦਾਂ ਅਤੇ ਤਸਵੀਰਾਂ ਰਾਹੀਂ ਹਾਜ਼ਰ ਹਰਭਜਨ ਸਿੰਘ ਬਾਜਵਾ, ਆਪਣੀ ਸ਼ਖ਼ਸੀਅਤ ਅਤੇ ਫੋਟੋ-ਕਲਾ ਦੇ ਸ਼ਾਬਦਿਕ ਝਲਕਾਰਿਆਂ ਨਾਲ ਆਉਣ ਵਾਲੀਆਂ ਪੀੜ੍ਹੀਆਂ

**ਕਲਾ ਪਰਿਕਰਮਾ**

ਦਾ ਰਾਹ ਰੁਸ਼ਨਾਉਂਦਾ ਰਹੇਗਾ। ਇਹ ਸਿਮਰਤੀ ਗ੍ਰੰਥ ਵੇਖਣਯੋਗ ਵੀ ਹੈ ਅਤੇ ਪੜ੍ਹਨਯੋਗ ਵੀ।

-0-

# ਅਨੰਨਿਆ ਪਾਂਡੇ

## ਚਰਚਾ ਲਹਿੰਗੇ ਮੋਤੀਆਂ ਵਾਲੇ ਦੀ

ਅਨੰਨਿਆ ਦੀ ਚਰਚਿਤ ਰਹੀ ਵੈੱਬ ਸੀਰੀਜ਼ 'ਕਾਲ ਮੀ ਬੇ' ਨੂੰ ਸਾਲ ਹੋ ਚੁੱਕਾ ਹੈ ਤੇ ਇਸ ਲੜੀ ਦੇ ਦੂਸਰੇ ਸੀਜਨ ਦੀ ਸ਼ੂਟਿੰਗ ਦਾ ਉਹ ਇੰਤਜ਼ਾਰ ਕਰ ਰਹੀ ਹੈ। ਬਾਲੀਵੁੱਡ ਦੀ ਚੁਲਬੁਲੀ ਤੇ ਆਕਰਸ਼ਕ ਸਟਾਰ ਨਾਇਕਾ ਅਨੰਨਿਆ ਪਾਂਡੇ ਜਿਹੜਾ ਵੀ ਪਹਿਰਾਵਾ ਪਹਿਨਦੀ ਹੈ, ਉਹੀ ਉਸ 'ਤੇ ਪੂਰਾ ਜਚਦਾ ਹੈ। ਫੈਸ਼ਨ ਡਿਜ਼ਾਈਨਰ ਗੌਰਵ ਗੁਪਤਾ ਨਾਲ ਅੱਜਕਲ੍ਹ ਅਨੰਨਿਆ ਦੀ ਖ਼ੂਬ ਬਣਦੀ ਹੈ ਤੇ ਉਹ ਵੀ ਅਨੰਨਿਆ ਲਈ ਖਾਸ ਪਹਿਰਾਵੇ ਡਿਜ਼ਾਈਨ ਕਰਦਾ ਹੈ। 2600 ਤੋਂ ਜ਼ਿਆਦਾ ਫੁੱਲਾਂ ਦੀਆਂ ਪੰਖੜੀਆਂ ਅਨੰਨਿਆ ਦੇ ਨਵੇਂ ਲਹਿੰਗੇ 'ਤੇ ਲੱਗੀਆਂ ਨੇ ਜਿਹੜਾ ਚਿੱਟੇ ਰੰਗ ਦਾ ਹੈ। ਡਾਈਮੈਨਸ਼ਨ ਕਮੇਲੀਆ ਨਾਮਕ ਫੁੱਲ ਨੇ ਜਿਨ੍ਹਾਂ ਦੀਆਂ ਪੰਖੜੀਆਂ ਨਾਲ ਅਪਸਰਾ ਲਗਦੀ ਅਨੰਨਿਆ ਦਾ ਲਹਿੰਗਾ ਬਣਿਆ ਹੈ ਤੇ 12 ਹਜ਼ਾਰ ਦੇ ਕਰੀਬ ਅਸਲੀ ਮੋਤੀ ਬਾਰੀਕੀ ਨਾਲ ਕਾਰੀਗਰਾਂ ਨੇ ਉਸ ਦੇ ਲਹਿੰਗੇ 'ਤੇ ਲਾਏ ਹਨ। ਕਹਿੰਦੇ ਨੇ ਕਿ 490 ਘੰਟਿਆਂ 'ਚ ਅਨੰਨਿਆ ਪਾਂਡੇ ਦਾ ਇਹ ਖਾਸ ਲਹਿੰਗਾ ਗੌਰਵ ਗੁਪਤਾ ਦੀ ਟੀਮ ਨੇ ਤਿਆਰ ਕੀਤਾ ਹੈ। ਅਸਲ ਵਿਚ ਅਨੰਨਿਆ 'ਤੇ ਇਹ ਸਭ ਜਚਦਾ ਵੀ ਖ਼ੂਬ ਹੈ ਕਿਉਂਕਿ ਉਸ ਦੀ ਫਿਟਨੈੱਸ ਗ਼ਜ਼ਬ ਹੈ, ਜਿਸ ਦਾ ਰਾਜ਼ ਤੜਕੇ ਉਠ ਕੇ ਦੋ ਗਿਲਾਸ ਕੋਸਾ ਪਾਣੀ, ਸਾਈਕਲ ਚਲਾਉਣਾ ਤੇ ਯੋਗਾ ਹੈ।



ਇਧਰ ਤਾਜ਼ਾ ਖ਼ਬਰ ਹੋਰ ਵੀ ਹੈ ਕਿ ਅਨੰਨਿਆ ਪਾਂਡੇ ਨੇ ਆਪਣਾ ਪੌਡਕਾਸਟ ਸ਼ੁਰੂ ਕਰ ਲਿਆ ਹੈ ਜਿਸ 'ਚ ਉਹ ਮਾਨਸਿਕ ਸਿਹਤ ਸਹੀ ਰੱਖਣ ਲਈ ਵੱਖ-ਵੱਖ ਕਹਾਣੀਆਂ ਸੁਣਾਇਆ ਕਰੇਗੀ ਤੇ ਇਹ ਪੌਡਕਾਸਟ ਪੰਦਰਾਂ ਅਕਤੂਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੌਰਾਨ ਅਨੰਨਿਆ ਨੂੰ ਆਲੋਚਨਾ ਦਾ ਵੱਡਾ ਝਟਕਾ ਲੱਗਿਆ ਹੈ। ਭਰਤ ਨਾਟਿਯਮ ਮਾਹਿਰ ਡਾਕਟਰੀ ਦੀ ਪੜ੍ਹਾਈ ਕਰ ਕੇ ਪੀ.ਐਚ.ਡੀ. ਇਸ ਨਿਤ 'ਤੇ ਕਰ ਚੁੱਕੀ ਸ਼ੀਤਲ ਨੇ ਅਨੰਨਿਆ ਪਾਂਡੇ ਦੇ 'ਭਾਰਤ ਨਾਟਿਯਮ' 'ਤੇ ਪ੍ਰਤੀਕਰਮ ਦਿੱਤਾ ਹੈ ਕਿ ਜੇਕਰ ਨੱਚਣਾ ਨਹੀਂ ਆਉਂਦਾ ਤਾਂ ਵਿਹੜਾ ਟੇਢਾ ਨਾ ਆਖੋ।

ਅਨੰਨਿਆ ਉਸ ਦਾ ਇਹ ਬੇਹੂਦਾ ਭਰਤ ਨਾਟਿਯਮ ਦੇਖ ਸਦੀਆਂ ਪਾਰਣੀ ਭਾਰਤ ਨਾਟਿਯਮ ਕਲਾ ਦੇ ਉਪਾਸ਼ਕ ਕੈਲਾਸ਼ ਪਰਬਤ 'ਤੇ ਰੋ ਰਹੇ ਹੋਣਗੇ ਕਿ ਉਨ੍ਹਾਂ ਦੀ ਖੋਜ ਦਾ ਕੀ ਹਾਲ ਇਸ ਕੁੜੀ ਨੇ ਕਰ ਦਿੱਤਾ ਹੈ। ਇਹ ਆਲੋਚਨਾ ਸੁਣ ਕੇ ਤਿੰਨ ਦਿਨ ਸੋਸ਼ਲ ਮੀਡੀਆ ਨਹੀਂ, ਅਨੰਨਿਆ ਨੇ ਵਰਤਿਆ ਮਤਲਬ ਕਿ ਉਹ ਜਾਣ ਗਈ ਕਿ ਹਰੇਕ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 17 ਅਕਤੂਬਰ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-763



*ਪਿੰਡ ਸ਼ਹਿਰ ਵਣਜਾਰੇ ਆਉਂਦੇ, ਚੁੱਕ ਕੇ ਸਭ ਸੰਦ ਸੰਦੇੜਾ,*
*ਗੱਡੀ ਬਲਦ ਘਰ ਸਰਮਾਇਆ, ਘੁੰਮਦੇ ਵਿਹੜਾ ਵਿਹੜਾ।*
*ਕੜਾਹੀਆਂ ਪੀਪੇ ਥੱਲੇ ਦਾ ਹੋਕਾ, ਘਰ ਘਰ ਲਾਉਂਦੇ ਗੇੜਾ,*
*ਸੋਨੇ ਦਾ ਦੰਦ ਮੂੰਹਾਂ ਵਿਚ ਫੱਬਦੈ, ਹਾਸੇ ਠੱਠੇ ਵੰਡਦੈ ਜੇਹੜਾ।*

## ਕੈਪਸ਼ਨ ਮੁਕਾਬਲਾ-761



ਨਾਰੀ ਦੀ ਹੈ ਅਜਬ ਕਹਾਣੀ।
ਜਿਸ 'ਤੇ ਬੀਤੀ ਓਸੇ ਹੀ ਜਾਣੀ।
ਆਪ ਹੀ ਜਿਸਨੂੰ ਹੈ ਉਹ ਜਣਦੀ।
ਖੌਅ ਉਹ ਜਿੰਦ, ਉਸੇ ਦਾ ਬਣਦੀ।
ਨਾਰੀ ਮਰਦ ਇਕ ਰੱਬ ਦੀ ਦਾਤ।
ਇਕ ਲਈ ਚਾਨਣ ਦੂਜੇ ਨੂੰ ਰਾਤ।
ਪੁੱਤਰ ਹੁੰਦੈ ਪਰ ਹੁਕਮ ਚਲਾਵੇ।
ਭਾਈ ਹੋ ਕੇ ਵੀ ਰਖਦਾ ਦਾਹਵੇ।
ਪਤੀ ਰੱਖੇ ਬਣਾ ਕੇ ਜਾਇਦਾਦ।
ਚਿਤ ਹੋਵੇ ਤਾਂ ਸੁਣੇ ਫਰਿਆਦ।
ਆਪ ਚਾਹੇ ਤਾਂ ਲੱਖ ਮੂੰਹ ਮਾਰੇ
ਨਾਰ ਆਪਣੀ ਲਈ ਜੰਦਰੇ ਸਾਰੇ।
ਕਹਿੰਦੈ 'ਲੈ ਨੱਥ ਝਾਂਜਰ ਗਹਿਣੇ'।
ਦਿਨੇ-ਰਾਤ ਇਹ ਪਹਿਰੇ ਰਹਿਣੇ।
ਸਮਝ ਨਾ ਸਕੀ ਚਾਲ ਮਰਦਾਨੀ।
ਸੰਗਲ ਸੋਨੇ ਦੇ, ਦੁੱਖ ਨਾ ਜਾਣੀ।
ਆਪ ਫਾਥੀ ਤੈਨੂੰ ਕੌਣ ਛੁਡਾਵੇ।
ਰਾਸ ਮਰਦ ਨੂੰ ਇਹ ਗੁਣ ਆਵੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਵਿਚ ਪੈਰਾਂ ਦੇ ਝਾਂਜਰ ਸੋਂਹਦੀ
ਆਪਣੇ ਰੰਗ ਦਿਖਾਵੇ।
ਜਦ ਤੁਰਦੀ ਮੁਟਿਆਰ ਮੜਕ ਨਾਲ
ਤਾਂ ਇਹ ਗੀਤ ਸੁਣਾਵੇ।
ਇੱਕ ਦੂਜੇ ਨਾਲ਼ ਖਹਿ ਕੇ ਘੁੰਗਰੂ
ਤਾਲ ਨਾਲ ਤਾਲ ਮਿਲਾਵੇ।
ਜਦ ਝਾਂਜਰ ਦੇ ਬੋਰ ਬੋਲਦੇ
ਛਣ-ਛਣ ਹੁੰਦੀ ਜਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਗੋਰੇ ਪੈਰਾਂ ਵਿਚ ਝਾਂਜਰ ਪਾ ਕੇ,
ਐਵੇਂ ਨਾ ਛਣਕਾਇਆ ਕਰ ਤੂੰ,
ਪਿਆਰ ਨਿਸ਼ਾਨੀ ਰੱਖ ਸਾਂਭ ਕੇ,
ਦਿਲ ਨਾ ਤੜਫਾਇਆ ਕਰ ਤੂੰ।
ਅੱਲ੍ਹੜਾਂ ਦਾ ਹੈ ਇਸ਼ਕ ਕੁਆਰਾ,
ਘੱਟੇ 'ਚ ਨ ਰੁਲਾਇਆ ਕਰ ਤੂੰ,
ਲਾਜ ਹਯਾ ਨਾਰੀ ਦਾ ਗਹਿਣਾ,
ਹੌਲ਼ੀ ਪੱਬ ਟਿਕਾਇਆ ਕਰ ਤੂੰ।
***-ਸੇਵਾ ਸਿੰਘ 'ਨੂਰਪੁਰੀ'***

---

ਲਾਪਤਾ ਹੋਵੇ ਹਮਸਫ਼ਰ ਸਾਥੀ
ਝਾਂਜਰ ਛਣਕੇ ਬਰੇਲੀ
ਧਮਕ ਜਲੰਧਰ ਪੈਂਦੀ।
ਸੁਖਾਲਾ ਹੋਇਆ ਪੈੜ ਨੱਪੀ
ਸ਼ੱਕ ਰੱਖਦੇ ਜੋ ਹਰ ਸ਼ੈਅ 'ਤੇ
ਮੂੰਹ 'ਤੇ ਮਰ ਜਾਵਾਂ ਤੇਰੇ ਲਈ
ਸਿਫ਼ਤਾਂ ਦੇ ਪੁਲ ਬੰਨ੍ਹਦੇ।
ਪਿੱਠ ਪਿੱਛੇ ਹੋਰਨਾਂ ਨੂੰ ਝੂਠੇ ਵਾਅਦੇ।
ਮਸ਼ਹੂਰੀ ਹਾਸਾ ਨਹੀਂ ਲੁਕਦਾ
ਦਿਖਾ ਹੀ ਜਾਂਦਾ
ਦਾਲ 'ਚ ਕਾਲਾ ਹੈ।
ਝਾਂਜਰ ਇਕ ਸੁਹੱਪਣ ਇਸਤਰੀ ਦਾ
ਪਰ ਕਈ ਰਾਜ ਵੀ ਖੋਲ੍ਹ ਜਾਂਦਾ।
***-ਦਰਸ਼ਨ ਪਾਲ ਦੋਸਾਂਝ***

**********************

# ਲਾਹੇਵੰਦ ਸਾਬਤ ਹੋ ਸਕਦਾ ਹੈ ਇਕੱਲਾਪਣ

ਮਨੁੱਖ ਸਮਾਜਿਕ ਪ੍ਰਾਣੀ ਹੈ। ਇਹ ਲੋਕਾਂ 'ਚ ਵਿਚਰ ਕੇ, ਲੋਕਾਂ ਦੀ ਭੀੜ 'ਚ ਗੁਆਚ ਕੇ ਪ੍ਰਸੰਨ ਹੁੰਦਾ ਹੈ ਅਤੇ ਇਕਲਾਪੇ ਤੋਂ ਗੁਰੇਜ਼ ਕਰਦਾ ਹੈ। ਮਨੋਵਿਗਿਆਨ ਵਿਚ ਕਿਹਾ ਜਾਂਦਾ ਹੈ ਕਿ ਇਕਲਾਪੇ ਦੀ ਅਵਸਥਾ ਵਿਚ ਮਨੁੱਖ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਜਾਂਦਾ ਹੈ।



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 90414-98009

ਮਨੁੱਖ ਦੀ ਇਹ ਬਹੁਤ ਵੱਡੀ ਕਮਜ਼ੋਰੀ ਹੈ ਕਿ ਉਹ ਲੰਮਾ ਸਮਾਂ ਇਕੱਲਾ ਨਹੀਂ ਰਹਿ ਸਕਦਾ। ਪਰ ਜਦੋਂ ਕਦੇ ਅਜਿਹੀ ਸਥਿਤੀ ਬਣ ਜਾਂਦੀ ਹੈ ਤਾਂ ਮਨੁੱਖ ਬੇਚੈਨ ਹੋ ਜਾਂਦਾ ਹੈ ਅਤੇ ਕਈ ਵਾਰ ਦੁਖ ਦੇ ਸਾਗਰ ਵਿਚ ਡੁੱਬ ਜਾਂਦਾ ਹੈ। ਵਿਆਕੁਲ ਹੋ ਜਾਂਦਾ ਹੈ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਬੰਦਾ ਆਪਣੀ ਮਰਜ਼ੀ ਨਾਲ, ਖੁਸ਼ੀ ਨਾਲ ਇਕੱਲਾ ਨਹੀਂ ਰਹਿਣਾ ਚਾਹੁੰਦਾ।

ਇੱਥੇ ਖ਼ਾਸ ਅਤੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜੇਕਰ ਮਨੁੱਖ ਨੂੰ ਸਹੀ ਮਾਰਗ-ਦਰਸ਼ਨ ਮਿਲ ਜਾਵੇ ਤਾਂ ਇਹ ਇਕੱਲਾਪਣ ਬੰਦੇ ਲਈ ਲਾਹੇਵੰਦ ਅਤੇ ਸਾਰਥਕ ਵੀ ਸਾਬਤ ਹੋ ਸਕਦਾ ਹੈ। ਇਕਲਾਪੇ ਦੇ ਇਸ ਸਮੇਂ ਵਿਚ ਮਨੁੱਖ ਨੂੰ ਸਵੈ-ਪੜਚੋਲ ਦਾ ਵਕਤ ਮਿਲ ਜਾਂਦਾ ਹੈ। ਆਪਣੀਆਂ ਕਮੀਆਂ ਅਤੇ ਕਮਜ਼ੋਰੀਆਂ ਨੂੰ ਸਮਝਣ ਅਤੇ ਸੁਧਾਰ ਕਰਨ ਦਾ ਜਜ਼ਬਾ ਇਕਲਾਪੇ ਵਿਚ ਹੀ ਪੈਦਾ ਹੋ ਸਕਦਾ ਹੈ; ਭੀੜ 'ਚ ਨਹੀਂ। ਪਰ ਅਫ਼ਸੋਸ, ਬਹੁਤੇ ਇਸ ਵਿਚਾਰ ਨੂੰ ਸਮਝਦੇ ਨਹੀਂ, ਆਪਣੇ ਜੀਵਨ ਵਿਚ ਲਾਗੂ ਨਹੀਂ ਕਰਦੇ।

ਇਕਲਾਪੇ ਦੇ ਵਕਤ ਮਨੁੱਖ ਨੂੰ 'ਧਿਆਨ ਸਾਧਨਾ' ਲਗਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। ਚੁਪ-ਚਾਪ ਬੈਠ ਕੇ ਆਪਣੇ ਅੰਤਰਮਨ ਨੂੰ ਘੋਖਣਾ ਚਾਹੀਦਾ ਹੈ ਜਿਹੜਾ ਕਿ ਉਹ ਆਮ ਲੋਕਾਂ ਦੀ ਭੀੜ ਵਿਚ ਨਹੀਂ ਕਰ ਪਾਉਂਦਾ। ਆਪਣੀਆਂ ਕਮੀਆਂ-ਕਮਜ਼ੋਰੀਆਂ ਨੂੰ ਬੰਦਾ ਖੁਦ ਬਿਹਤਰ ਤਰੀਕੇ ਨਾਲ ਜਾਣਦਾ ਹੈ ਜਾਂ ਜਾਣ ਸਕਦਾ ਹੈ। ਇਨ੍ਹਾਂ ਕਮੀਆਂ-ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਜਿਹੜਾ ਕਿ ਇਕਲਾਪੇ ਦੇ ਸਮੇਂ ਵਿਚ ਹੀ ਸੰਭਵ ਹੁੰਦਾ ਹੈ। ਮਨ 'ਚ ਚੱਲਦੇ ਵਿਅਰਥ ਵਿਚਾਰਾਂ ਨੂੰ ਕੁਝ ਵਕਤ ਲਈ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ। ਅਜਿਹਾ ਕੇਵਲ ਧਿਆਨ ਦੇ ਮਾਧਿਅਮ ਰਾਹੀਂ ਹੀ ਸੰਭਵ ਹੋ ਸਕਦਾ ਹੈ।

ਇਕਲਾਪੇ ਦੇ ਸਮੇਂ ਬੰਦੇ ਨੂੰ ਚੰਗੇ ਸਾਹਿਤ ਨਾਲ ਜੁੜਨਾ ਚਾਹੀਦਾ ਹੈ। ਚੰਗੀਆਂ ਕਿਤਾਬਾਂ ਪੜ੍ਹਣੀਆਂ ਚਾਹੀਦੀਆਂ ਹਨ ਅਤੇ ਮੋਬਾਇਲ ਫੋਨ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ ਤਾਂ ਕਿ ਮਨ ਨੂੰ ਕੁਝ ਵਕਤ ਲਈ ਬਾਹਰੀ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ। ਮਾਨਸਿਕ ਸ਼ਾਂਤੀ ਲਈ ਆਪਣੇ ਤਨ (ਸਰੀਰ) ਨੂੰ ਸਾਧਨਾ ਚਾਹੀਦਾ ਹੈ। ਬ੍ਰਹਮਚਾਰਿਆ ਦਾ ਪਾਲਣ ਕਰਕੇ ਕੁਝ ਵਕਤ ਤੱਕ ਆਪਣੀ ਸਰੀਰਕ ਅਤੇ ਮਾਨਸਿਕ ਸ਼ਕਤੀ 'ਚ ਵਾਧਾ ਕਰਨਾ ਚਾਹੀਦਾ ਹੈ।

ਇਸ ਲਈ ਜੇਕਰ ਤੁਸੀਂ ਕੁਝ ਵਕਤ ਲਈ ਇਕੱਲੇ ਹੁੰਦੇ ਹੋ ਤਾਂ ਅਜਿਹੇ ਵਕਤ ਨੂੰ ਦੁੱਖ



ਜਾਂ ਵਿਰਲਾਪ 'ਚ ਵਿਅਰਥ ਨਾ ਗੁਆਓ ਬਲਕਿ ਸਾਰਥਕ ਅਤੇ ਲਾਹੇਵੰਦ ਬਣਾਓ ਤਾਂ ਕਿ ਤੁਹਾਡੇ ਜੀਵਨ 'ਚ ਕੁਝ ਬਦਲਾਓ ਆ ਸਕੇ ਅਤੇ ਤੁਹਾਨੂੰ ਮਾਨਸਿਕ ਸ਼ਾਂਤੀ ਅਤੇ ਸਰੀਰਕ ਤੰਦਰੁਸਤੀ ਦਾ ਅਹਿਸਾਸ ਹੋ ਸਕੇ। ਤੁਹਾਡੇ ਜੀਵਨ ਵਿਚ ਸੁਧਾਰ ਦੀ ਗੁੰਜਾਇਸ਼ ਬਰਕਰਾਰ ਰਹੇ। ਇਹ ਆਸ ਹੀ ਮਨੁੱਖ ਦੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਉਂਦੀ ਹੈ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ





### ਨਾ ਘੁੱਗੀ ਕਰੇ ਘੂੰ ਘੂੰ...

ਅੱਗੇ-ਪਿੱਛੇ ਫਿਰਦੀਆਂ ਵੋਟਾਂ, ਕਈ ਉਡੀਕਣ ਚਿਰ ਦੀਆਂ ਵੋਟਾਂ।
ਕਈ ਬਣਾ ਗਏ ਮੂਰਖ ਪਹਿਲਾਂ, ਕਈ ਬਣਾਉਣ ਨੂੰ ਫਿਰਦੇ।
ਪਰ ਸਾਡੇ ਤਾਂ ਰੇਤੇ ਵਾਗੂੰ, ਸੁਪਨੇ ਆਏ ਕਿਰਦੇ।
ਇਨ੍ਹਾਂ ਪੰਜਾਬ ਵਿਖਾਉਣੇ ਜੋਗਾ, ਛੱਡਿਆ ਕਿੱਥੇ ਮੂੰਹ-
ਕਿੱਦਾਂ ਟਾਹਲੀ 'ਤੇ ਘੁੱਗੀ ਕਰੇ ਘੂੰ ਘੂੰ...।

ਨਿੱਤ ਸਿਆਪਾ ਕੋਠੇ ਚੜ੍ਹ ਕੇ, ਕਰਦੀ ਏ ਕਰਤਾਰੀ
ਪੁੱਤ ਨਿਗ਼ਲ ਗਿਆ ਚਿੱਟਾ ਜੀਹਦਾ, ਹੈ ਕਰਮਾਂ ਦੀ ਮਾਰੀ
ਨੇਤਾ ਆਖੇ ਹੁਣ ਸੋਚਾਂਗੇ, ਦੇ ਦਿਓ ਫਿਰ ਇੱਕ 'ਵਾਰੀ'
ਪਰ ਇਨ੍ਹਾਂ ਦੇ ਸਿਰ ਵਿਚ ਵੇਖੀਂ ਨਹੀਂ ਸਰਕਣੀ ਜੂੰ-
ਕਿੱਦਾਂ ਟਾਹਲੀ 'ਤੇ...।

ਰਾਜਨੀਤੀ ਵਿਚ ਇਸ਼ਕੇ ਦੀ ਵੀ, ਚੱਲ ਪਈ ਨਵੀਂ ਕਹਾਣੀ
ਜਿਸ ਵਿਚ ਫਸ ਕੇ ਕਈਆਂ ਦੇ ਹੁਣ, ਲੰਘਦਾ ਵੀ ਨਹੀਂ ਪਾਣੀ
ਆਪਣੀ ਚਾਲ 'ਚ ਆਪੇ ਫਸ ਗਏ, ਪੈ ਗਏ ਵਾਹਣੋਂ-ਵਾਹਣੀ
ਉੱਠ ਉਹ ਕਮਲਿਆ ਚਰਖਾ ਤੇਰਾ, ਇਹ ਕਿਉਂ ਕੱਤਦੇ ਰੂੰ ?-
ਕਿੱਦਾਂ ਟਾਹਲੀ 'ਤੇ...।

ਲੁੱਟ ਕੇ ਲੈ ਗਏ ਮੇਲਾ ਤੇਰਾ ਚੁਗਦਾ ਫਿਰੇਂ ਲਿਫਾਫੇ
ਚੰਦ ਛਿਲੜਾਂ ਨੂੰ ਵਿਕ ਕੇ ਮਿੱਤਰਾ ਲੱਭਣੇ ਨਹੀਂ ਮੁਨਾਫੇ
ਹਾਲੇ ਵਕਤ ਏ ਤੂੰ ਅਣਖ ਦੇ ਬੰਨ੍ਹ ਲੈ ਸਿਰ 'ਤੇ ਸਾਫੇ
ਇਹ 'ਭੌਰੇ' ਸਭ ਬਣੇਂ ਸਿਕੰਦਰ, ਕਿਥੇ ਮੈਂ ਤੇ ਤੂੰ—
ਕਿੱਦਾਂ ਟਾਹਲੀ 'ਤੇ ਘੁੱਗੀ ਕਰੇ ਘੂੰ ਘੂੰ...।

# ਰਾਜਾ ਖੜਾ ਪਹਾੜ ਮੇਂ..!

ਚੰਗਾ ਭਲਾ ਆਪਣਾ ਛੋਟਾ ਰਾਜਾ ਕੱਛ 'ਚ ਤੀਰ ਕਮਾਨ ਲੈ ਕੇ ਊਰੀ ਵਾਂਗੂ ਘੁੰਮਦਾ ਪਿਆ ਸੀ। ਹਾਈ ਕਮਾਨ ਨੇ ਐਂਵੇ ਬਾਤ ਦਾ ਵਤਿੰਗੜ ਬਣਾ'ਤਾ। ਵੜਿੰਗ ਬਾਦਸ਼ਾਹ 'ਤੋਂ ਤੀਰ ਹੀ ਖੋਹ ਲਏ। ਏਨਾ ਸੋਹਣਾ ਸੁਨੱਖਾ! ਰਹੇ ਰੱਬ ਦਾ ਨਾਂ, ਉੱਚਾ ਲੰਮਾ ਗੱਭਰੂ, ਮੁਕਤਸਰੀ ਕੁੜਤੇ 'ਚ ਐਨ ਫਬਦਾ ਸੀ। ਸ਼ੋਅਲੇ ਫ਼ਿਲਮ ਤੋਂ ਵੱਧ ਪੰਜਾਬ 'ਚ ਹਿੱਟ ਸੀ। ਇੰਜ ਸਮਝ ਲਵੋ ਕਿ ਰਾਜਾ ਵੜਿੰਗ ਦੇ ਬੋਲਾਂ ਨੂੰ ਹੁਣ ਕੰਨ ਤਰਸਣਗੇ। ਜਦ



ਚਰਨਜੀਤ ਭੁੱਲਰ

ਗੱਚ ਭਰ ਕੇ ਬੋਲਦਾ, 'ਬੀਬੀਓ! ਤੁਸੀਂ ਸਾਡੇ ਨਾਲ ਧੱਕਾ ਕੀਤਾ, ਅਸੀਂ ਥੋੜਾ ਕਿਰਾਇਆ ਮੁਫ਼ਤ ਕਰਕੇ ਬਾਪੂ ਗੁੱਸੇ ਕਰ ਲਏ।' ਚੇਤਿਆਂ ਚੋਂ ਨਿਕਲ ਹੀ ਨਹੀਂ ਰਿਹਾ।

ਕੱਲ੍ਹ ਪਰਸੋਂ ਦੀ ਗੱਲ ਐ ਜਦੋਂ ਉਹ ਆਪਣੇ ਮੁਖਾਰਬਿੰਦ ਚੋਂ ਫ਼ਰਮਾਏ ਸਨ, 'ਬਾਰਾਂ ਪਾਂਜੇ 48'। ਜਿਵੇਂ ਅਰਸਤੂ ਦੇ ਦਰਸ਼ਨ ਸ਼ਾਸਤਰ ਨੇ ਦੁਨੀਆ ਹਿਲਾ ਦਿੱਤੀ ਸੀ, ਉਵੇਂ ਛੋਟੇ ਰਾਜਾ ਜੀ ਦੇ ਗਣਿਤ ਸ਼ਾਸਤਰ ਨੇ ਆਰੀਆ ਭੱਟ ਦੀ ਰੂਹ ਨੂੰ ਇੱਕੋ ਤੀਰ ਨਾਲ ਵਿੰਨ੍ਹ ਦਿੱਤਾ ਸੀ। 'ਬਾਰਾਂ ਪਾਂਜੇ 48' ਦਾ ਪੇਟੈਂਟ ਗਿੱਦੜਬਾਹਾ ਆਲੇ ਰਾਜੇ ਕੋਲ ਹੀ ਰਹੇਗਾ। ਰੰਗਾਂ ਦਾ ਵੀ ਏਨਾ ਪਾਰਖੂ ਕਿ ਸੋਭਾ ਸਿੰਘ ਨੂੰ ਮਾਤ ਪਾਉਂਦਾ ਸੀ। ਸਟੇਜ ਤੋਂ ਐਨ ਪੱਕੇ ਰੰਗ ਚਿਤਰ ਦਿੰਦਾ ਸੀ। ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਦਾ ਮੁੰਡਾ ਤਾਂ ਐਂਵੇ ਗੁੱਸਾ ਕਰ ਗਿਆ। ਪੋਚਵੀਂ ਪੱਗ ਆਲਾ ਵੜਿੰਗਾਂ ਦਾ ਮੁੰਡਾ ਜਦੋਂ ਘੋਟ ਘੋਟ ਕੇ ਬੋਲਦਾ ਸੀ, ਐਨ ਕੋਹਲੂ ਵਾਂਗ ਨਿਚੋੜ ਦਿੰਦਾ ਸੀ।

ਕੇਰਾ ਅੰਬਾਨੀਆਂ ਦੇ ਕੁੱਤੇ ਨੂੰ ਪੰਜ ਕਰੋੜ ਦੀ ਕਾਰ 'ਚ ਬੈਠੇ ਦੇਖਿਆ ਤਾਂ ਛੋਟੇ ਰਾਜਾ ਭਰੇ ਇਕੱਠ 'ਚ ਬੋਲੇ, 'ਮੇਰੇ ਕਾਲਜੇ 'ਚੋਂ ਰੁੱਗ ਭਰਿਆ ਗਿਆ।' ਦਰਦਮੰਦਾਂ ਦੇ ਦਰਦੀ ਨੂੰ ਹੁਣ ਸਾਰਾ ਪੰਜਾਬ 'ਮਿਸ ਯੂ' ਆਖੂ। ਏਨੇ ਹਰਮਨ ਪਿਆਰੇ ਪ੍ਰਧਾਨ ਸਨ ਕਿ 'ਆਪ' ਸਰਕਾਰ ਨੂੰ ਰੰਗਲੇ ਸੱਜਣ ਦੇ ਰਾਤਾਂ ਨੂੰ ਵੀ ਭੁਲੇਖੇ ਪੈਣਗੇ ਕਿ ਕਿਧਰੋਂ ਹੁਣ ਆਇਆ ਟੋਪੀ ਲੈ ਕੇ। ਭਮੱਕੜਾਂ ਦੀ ਸਰਕਾਰ ਤੋਂ ਚੇਤੇ ਆਇਆ। ਆਪਣੇ ਛੋਟੇ ਰਾਜਾ ਜੀ ਏਨੇ ਦੂਰਅੰਦੇਸ਼ੀ ਸਨ ਕਿ ਬੱਸਾਂ ਦੀਆਂ ਬਾਡੀਆਂ



ਲਵਾਉਣ ਰਾਜਸਥਾਨ ਤੱਕ ਚਲੇ ਗਏ। ਜਦੋਂ ਹੁਣ ਕੋਈ ਬੱਸ ਪਾਂ-ਪਾਂ ਕਰਦੀ ਕੋਲੋਂ ਲੰਘੂ, ਓਹ ਰੱਬ ਦਾ ਬੰਦਾ ਚੇਤੇ ਆਊ।

'ਹੁਣ ਚੱਕ ਦਿਓ ਝਾੜੂ, ਖਿਲਾਰ ਦਿਓ ਝਾੜੂ, ਐਤਕੀਂ ਕੰਮ ਮੁਕਾ ਦਿਓ।' ਇਹ ਸਟੇਜੀ ਫ਼ਰਮਾਨ ਹੁਣ ਕੌਣ ਦੇਊ ਅਸਾਨੂੰ। ਰਾਜਾ ਜੀ ਸਟੇਜਾਂ ਦੀ ਆਨ, ਬਾਣ ਤੇ ਸ਼ਾਨ ਸਨ, ਤਾਂਹੀ ਗੋਲੂ-ਮੋਲੂ ਜੇਹਾ ਚਿਹਰਾ ਹੁਣ ਕਿਥੇ ਭੁੱਲਦੈ। ਹੋਰ ਤਾਂ ਹੋਰ, ਭੁੱਲਦਾ ਤਾਂ ਪੰਜਾਬ ਨੂੰ ਭੁਪੇਸ਼ ਬਘੇਲ ਵੀ ਨੀ। ਤਾਇਆ ਬਘੇਲ ਮੱਥਾ ਖਪਾਉਂਦਾ ਤੁਰ ਗਿਆ, ਬਈ! ਪ੍ਰਧਾਨਗੀ ਗੁੱਡਾ-ਗੁੱਡੀ ਦਾ ਖੇਡ ਨਹੀਂ। ਓਹ ਖੈਰਖਵਾਹ ਵੀ ਚਲਾ ਗਿਆ। ਹੁਣ ਨਾ ਗੁੱਡਾ ਰਿਹੈ, ਨਾ ਹੀ ਗੁੱਡੀ। ਪੰਜਾਬੀ ਜਣ ਤਾਂ ਹਾਲੇ ਵੱਡੇ ਰਾਜੇ ਦੇ ਦੁੱਖ 'ਚੋਂ ਨੀ ਨਿਕਲੇ ਸਨ, ਹੁਣ ਛੋਟੇ ਰਾਜਾ ਵੀ ਅੱਧ ਵਿਚਾਲੇ ਡੋਬਾ ਦੇ ਗਏ।

21 ਸਤੰਬਰ 2021 ਨੂੰ ਵੱਡੇ ਰਾਜੇ ਨੇ ਅਸਤੀਫ਼ਾ ਔਹ ਵਗਾਹ ਮਾਰਿਆ। ਹੁਣ ਛੋਟਾ ਰਾਜਾ ਜੀ ਨੂੰ ਅਸਤੀਫ਼ੇ ਦਾ ਦੌਰਾ ਪਿਆ। ਰਾਹੁਲ ਗਾਂਧੀ ਦੇ ਮੂੰਹ 'ਤੇ ਅਸਤੀਫ਼ਾ ਮਾਰ ਔਹ ਗਏ। ਮਿੱਤਰ ਜਣੋ! ਜ਼ਮੀਰ ਤੇ ਅਣਖ ਨਾਲ ਸਮਝੌਤਾ ਨੀ ਕੀਤਾ, ਪੰਜਾਬ ਤੋਂ ਕੁਰਸੀ ਵਾਰ ਆਏ। ਮਨ ਹੌਲਾ ਨਾ ਕਰੋ ਪੰਜਾਬੀ ਵੀਰੋ। ਛੋਟੇ ਰਾਜਾ ਜ਼ਰੂਰ ਆਉਣਗੇ ਇੱਕ ਦਿਨ। ਚਾਹੇ ਟੋਪੀ ਪਾ ਕੇ ਹੀ ਆਉਣ। ਬੱਸ, ਆਹ ਆਪਣੇ ਨਵਜੋਤ ਸਿੱਧੂ ਤੋਂ 'ਪੰਜਾਬ ਮਾਡਲ' ਲੈਣ ਗਏ ਨੇ। ਨਵੇਂ ਗਣਿਤ ਦੀ ਬਾਤ ਪਾਉਣਗੇ, ਹੇਕਾਂ ਲਾਉਣਗੇ। 'ਗੋਰਾ ਰੰਗ ਨਾ ਕਿਸੇ ਨੂੰ ਦੇਵੇ, ਸਾਰਾ ਪਿੰਡ ਵੈਰ ਪਿਆ।'

ਮਜ਼ਾਲ ਐ ਜ਼ੁਬਾਨ 'ਚੋਂ ਕਦੇ ਕੋਈ ਮਾੜਾ ਬੋਲਿਆ ਹੋਵੇ। ਚੰਨੀ ਤੇ ਰੰਧਾਵੇ ਪਤਾ ਨੀ ਕਿਉਂ, ਹੱਥ ਧੋ ਕੇ ਹੀ ਭਲੇ ਬੰਦੇ ਦੇ ਪਿੱਛੇ ਪੈ ਨਿਕਲੇ। ਵੜਿੰਗ ਨੇ ਕਬੀਰ ਨੂੰ ਧਿਆ ਹਮੇਸ਼ਾ ਸਭ ਦੀ ਖੈਰ ਹੀ ਮੰਗੀ। ਚਲੋ ਛੱਡੋ ਜੀ, ਰਾਤ ਗਈ ਬਾਤ ਗਈ। ਅਸਾਡੇ ਰਾਜਿਆਂ ਦੀ ਮਸੀਤ ਹੀ ਵੱਖਰੀ ਹੈ। ਪਟਿਆਲੇ ਆਲਾ ਰਾਜਾ, ਮੁਕਤਸਰ ਆਲਾ ਰਾਜਾ। ਦੋਵੇਂ ਅੱਥਰੇ ਨੇ, ਹੈ ਵੀ ਦੋਵੇਂ ਮਲਵਈ, ਇੱਕ ਵੱਡਾ ਰਾਜਾ, ਦੂਜਾ ਛੋਟਾ ਰਾਜਾ। ਸਾਂਝਗਿਰੀ ਤਾਂ ਦੇਖੋ, ਦੋਵੇਂ ਹੀ ਰਾਜੇ ਵਜੋਂ ਮਕਬੂਲ, ਦੋਵਾਂ ਨੇ ਅਸਤੀਫ਼ੇ ਚੋਣਾਂ ਤੋਂ ਪਹਿਲਾਂ ਦਿੱਤੇ, ਦੋਵੇਂ ਰਾਹੁਲ ਗਾਂਧੀ ਦੇ ਸਕੇ।

ਸੱਚਮੁੱਚ ਪੰਜਾਬ ਨੂੰ ਇਹ ਸੱਜਣ ਅਸਤੀਫ਼ਾ ਸਾਂਢੂ ਹੀ ਜਾਪਦੇ ਨੇ। ਮੂਰਖਦਾਸੋ! ਸਮਾਂ ਵੀ ਰੁਸਤਮੇ ਹਿੰਦ ਦਾਰਾ ਸਿੰਘ ਹੀ ਹੈ, ਬੱਸ ਦਿਲ ਤੇ ਹੱਥ ਰੱਖ ਆਖੋ, 'ਜਿੱਧਰ ਗਿਆ ਬਾਣੀਆ, ਉੱਧਰ ਗਿਆ ਬਾਜ਼ਾਰ।' ਪਰ ਛੋਟੇ ਰਾਜਾ ਜੀ, ਹੁਣ ਪ੍ਰਧਾਨਗੀ ਤੋਂ ਸੁਰਖੁਰੂ ਹੋਏ ਨੇ। ਬਾਜ਼ਾਰ ਵੀ ਜਾਣਗੇ ਅਤੇ ਪਹਾੜਾਂ 'ਤੇ ਵੀ। ਪਹਾੜਾਂ ਦੇ ਕਿਸੇ ਕੋਨੇ ਬੈਠ ਜ਼ਰੂਰ ਪੰਜਾਬ ਲਈ ਤਪੱਸਿਆ ਕਰਨਗੇ। ਕੋਈ ਵੱਡੀ ਗੱਲ ਨੀ ਕਿ ਕਿਧਰੋਂ ਵੱਡੇ ਰਾਜਾ ਜੀ ਵੀ ਪ੍ਰਗਟ ਹੋ ਜਾਣ।

# ਸਾਹਿਤ ਸਭੱਈਏ

## ਵਿਅੰਗ

ਅੰਮ੍ਰਿਤਸਰ ਰਹਿੰਦਿਆਂ ਇਹ ਸ਼ਬਦ ਅਕਸਰ ਸੁਣਨ ਨੂੰ ਮਿਲਦਾ ਸੀ। ਅਜਿਹੇ ਨਵੇਂ ਘੜੇ ਸ਼ਬਦ ਦੀ ਵਿਆਖਿਆ ਵਿਚ ਬੜਾ ਕੁਝ ਪਿਆ ਹੁੰਦਾ ਹੈ। ਅਸਲ ਵਿਚ ਇਹ ਕੋਈ ਕ੍ਰਿਸ਼ਮਈ ਵਰਤਾਰਾ ਹੁੰਦਾ ਹੈ, ਜਿਸ ਦੀ ਕੁੱਖ ਵਿਚੋਂ ਅਜਿਹੇ ਸ਼ਬਦ ਜਨਮ ਲੈਂਦੇ ਹਨ। ਇਸ ਵਰਤਾਰੇ ਨੂੰ ਜਾਣਨ ਦੀ ਉਤਸੁਕਤਾ ਮੇਰੇ ਵਿਚ ਵੀ ਸੀ। ਫਿਰ ਭਾਣਾ ਇਹ



ਮਲਵਿੰਦਰ
ਫੋਨ: 365 994 6744

ਵਾਪਰਿਆ ਕਿ ਕਿਸੇ ਸਾਹਿਤਕ ਪੱਤ੍ਰਿਕਾ ਦੇ ਸੰਪਾਦਕ ਨੇ ਆਪਣੀ ਸੰਪਾਦਕੀ ਵਿਚ ਇਸ ਸ਼ਬਦ ਦੀ ਵਿਆਖਿਆ ਕਰ ਦਿੱਤੀ। ਇਹ ਸੰਪਾਦਕੀ ਪੜ੍ਹ ਕੇ ਮੈਨੂੰ ਪਤਾ ਲੱਗਾ ਕਿ ਸਾਹਿਤ ਸਭੱਈਏ ਉਹ ਲੋਕ ਹਨ, ਜਿਨ੍ਹਾਂ ਦਾ ਸਾਹਿਤ ਨਾ਼ਲ ਤਾਂ ਕੋਈ ਗਹਿਰਾ ਲਗਾਓ ਨਹੀਂ ਹੁੰਦਾ, ਪਰ ਇਹ ਲੋਕ ਸਾਹਿਤ ਸਭਾਵਾਂ ਉਪਰ ਕਬਜ਼ਾ ਕਰਨ ਦੀ ਹੈਰਾਨੀਜਨਕ ਯੋਗਤਾ ਰੱਖਦੇ ਹਨ। ਸਾਹਿਤ ਦੇ ਨਾਂ 'ਤੇ ਬਣੀਆਂ ਸਭਾਵਾਂ ਦੀ ਚੋਣ ਵੇ਼ਲੇ ਤਾਂ ਇਹ ਸਿਰ-ਧੜ ਦੀ ਬਾਜ਼ੀ ਲਾ ਦਿੰਦੇ ਹਨ। ਜੇ ਕੋਈ ਕਮਜ਼ੋਰ ਕਵੀ ਖੁੱਲੇਆਮ ਇਨ੍ਹਾਂ ਦਾ ਵਿਰੋਧ ਕਰਨ ਦੀ ਗੁਸ਼ਤਾਖ਼ੀ ਕਰ ਬੈਠੇ ਤਾਂ ਇਹ ਉਸ 'ਤੇ ਜਾਨ-ਲੇਵਾ ਹਮਲਾ ਕਰਨ ਤੀਕ ਵੀ ਜਾਂਦੇ ਹਨ। ਮੈਂ ਕੁਝ ਘਟਨਾਵਾਂ ਦਾ ਚਸ਼ਮਦੀਦ ਗਵਾਹ ਵੀ ਹਾਂ। ਪਰ ਉਹ ਗੱਲਾਂ ਪੁਰਾਣੀਆਂ ਹੋ ਚੁੱਕੀਆਂ ਹਨ। ਨਾਲੇ ਇਹ ਪੰਜਾਬ ਨਹੀਂ ਬਰੈਂਪਟਨ ਹੈ, ਭਾਰਤ ਨਹੀਂ ਕੈਨੇਡਾ ਹੈ। ਮੈਨੂੰ ਲੱਗਦਾ ਸੀ ਕਿ ਇਹ ਕਦਰਾਂ-ਕੀਮਤਾਂ ਦਾ ਸੁਹਿਰਦਤਾ ਨਾ਼ਲ ਪਾਲਣ ਕਰਨ ਵਾ਼ਲਾ ਦੇਸ਼, ਸ਼ਹਿਰ ਤੇ ਇਥੇ ਵੱਸਦੇ ਲੋਕ ਇੰਝ ਕਿਵੇਂ ਕਰ ਸਕਦੇ ਹਨ। ਪਰ ਭਾਈ ਕਈ ਕੁਝ ਸਾਡੇ ਧੁਰ ਅੰਦਰ ਪਿਆ ਉਥੇ ਕਿੰਝ ਰਹਿ ਜਾਂਦਾ? ਸਾਡਾ ਵਿਹਾਰ, ਸਲੀਕਾ, ਕਬਜ਼ੇ ਦੀ ਭਾਵਨਾ, ਚੌਧਰ ਦੀ ਭੁੱਖ ਤੇ ਆਪਣੀ ਮਿਥੀ ਹੱਦ ਦੇ ਅੰਦਰ ਹੋਰਾਂ ਦੇ ਸਾਹ ਲੈਣ ਦੀ ਪਾਬੰਦੀ ਤਾਂ ਸਾਡਾ ਸਹਿਜ-ਸੁਭਾ ਸਿਰਜਿਆ ਨਿਜ਼ਾਮ ਹੈ। ਇਸ ਨਿਜ਼ਾਮ ਦਾ ਪਾਲਣ ਕਰਨਾ ਤਾਂ ਇਨ੍ਹਾਂ ਕਵੀ ਲੋਕਾਂ ਦਾ ਇਖਲਾਕੀ ਫ਼ਰਜ ਹੈ।

ਸੱਤ ਸਾਗਰ ਪਾਰ ਇਸ ਸ਼ਹਿਰ ਵਿਚ ਬਹੁਤ ਸਾਰੀਆਂ ਸਾਹਿਤ ਸਭਾਵਾਂ ਹਨ ਅਤੇ ਕੁਝ ਬੜੀ ਸੁਹਿਰਦਤਾ ਨਾ਼ਲ ਆਪਣਾ ਸਾਹਿਤਕ ਫ਼ਰਜ਼ ਨਿਭਾਅ ਰਹੀਆਂ ਹਨ। ਪਰ ਮਨੁੱਖੀ ਮਨ ਹੈ ਨਾ! ਕਾਰਜ ਕਰਦਿਆਂ ਕਦੋਂ ਅੰਦਰ ਹਉਮੈ ਅੰਗੜਾਈ ਲੈ ਲੈਂਦੀ ਹੈ, ਪਤਾ ਹੀ ਨਹੀਂ ਚੱਲਦਾ। ਇਸ ਹਉਮੈ ਅੰਦਰੋਂ ਹੀ ਸਾਹਿਤ ਸਭੱਈਏ ਦਾ ਜਨਮ ਹੁੰਦਾ ਹੈ। ਪਰ ਸਾਹਿਤ ਸਭੱਈਆ ਹੋਣ ਲਈ ਕੁਝ ਗੁਣ ਵੀ ਦਰਕਾਰ ਹਨ। ਸਭਾ ਵਿਚਲੇ ਬੌਸ-ਨੁਮਾ ਬੰਦੇ ਮੂਹਰੇ ਟਪੂਸੀਆਂ ਨਾ ਮਾਰਨੀਆਂ। ਮਿੱਤਰਾਂ ਨੂੰ ਬਿਨਾਂ ਭਰੋਸਾ ਕੀਤਿਆਂ ਮਿੱਤਰ ਬਣਾਈ ਰੱਖਣਾ ਤੇ ਦੁਸ਼ਮਣਾਂ ਦੀ ਸੁਚੱਜੀ ਵਰਤੋਂ ਕਰਨ ਦਾ ਹੁਨਰ ਹੋਣਾ। ਇਰਾਦੇ ਜੋ ਤੁਸੀਂ ਆਉਂਦੇ ਦਿਨਾਂ ਦੌਰਾਨ ਵਰਤਣੇ ਹਨ, ਲੁਕਾ ਕੇ ਰੱਖਣੇ। ਆਪਣੇ ਪਹਿਰਾਵੇ, ਵਿਹਾਰ ਅਤੇ ਬੋਲਚਾਲ ਵਿਚ ਆਕਰਸ਼ਣ ਬਣਾਈ ਰੱਖਣਾ। ਦੂਜਿਆਂ ਦੀ ਖਿੱਚ ਦਾ ਕਾਰਣ ਬਣੇ ਰਹਿਣਾ। ਦੂਜਿਆਂ ਦੁਆਰਾ ਕੀਤੇ ਜਾਂ ਕਰਵਾਏ ਕੰਮਾ ਦਾ ਸਿਹਰਾ ਆਪਣੇ ਸਿਰ ਲਈ ਰਾਖਵਾਂ ਰੱਖਣਾ। ਹੋਰਨਾਂ ਨਾ਼ਲ ਨੇੜਤਾ ਬਣਾਉਣੀ। ਇੰਝ ਦਾ ਵਿਹਾਰ ਕਰਨਾ ਕਿ ਲੋਕ ਤੁਹਾਡੇ ਮੁਥਾਜ ਰਹਿਣ ਲਈ ਮਜ਼ਬੂਰ ਹੋਣ। ਇਮਾਨਦਾਰੀ, ਨਿਮਰਤਾ ਵਰਗੇ ਹਥਿਆਰਾਂ ਨਾ਼ਲ ਸਾਹਮਣੇ ਵਾ਼ਲੇ ਨੂੰ ਨਿਹੱਥਾ ਕਰ ਦੇਣਾ ਅਤੇ ਮਿੱਤਰਤਾ ਦੇ ਭੇਸ ਵਿਚ ਸੂਹੀਏ ਦਾ ਕੰਮ ਕਰਨਾ, ਵਰਗੇ ਗੁਣ ਤੁਹਾਨੂੰ ਸਾਹਿਤ ਸਭੱਈਆ ਦੀ ਪਦਵੀ ਦੇ ਯੋਗ ਬਣਾਉਂਦੇ ਹਨ। ਹੋਰਨਾਂ ਨੂੰ ਖ਼ੌਫ਼ਜਦਾ ਰੱਖਣਾ ਤੇ ਆਪਣੇ ਵਾਅਦਿਆਂ ਤੋਂ ਮੁਕਰਦੇ ਰਹਿਣਾ ਤੁਹਾਡੀ ਪਦਵੀ ਉਪਰ ਪਕੜ ਨੂੰ ਮਜ਼ਬੂਤ ਕਰਦੇ ਹਨ। ਹੁਣ ਗੱਲ ਕਰੀਏ ਸਾਹਿਤ ਸਭੱਈਏ ਦੀਆਂ ਜ਼ੁਮੇਵਾਰੀਆਂ ਦੀ:::

ਸਾਹਿਤ ਸਭੱਈਏ ਦਾ ਕੰਮ ਇਹ ਹੁੰਦਾ ਹੈ ਕਿ ਸਮੁੱਚੇ ਸਮਾਗਮ ਦਾ ਸੰਚਾਲਨ ਉਸਦੀ ਮੁੱਠੀ ਵਿਚ ਬੰਦ ਹੁੰਦਾ ਹੈ। ਸਾਹਮਣੇ ਬੈਠਿਆਂ ਵਿਚੋਂ ਕਿਸ ਨੂੰ ਡਾਇਸ 'ਤੇ ਬੁਲਾਉਣਾ ਹੈ ਤੇ ਕਿਸ ਦੀ ਅਣਦੇਖੀ ਕਰਨੀ ਹੈ, ਇਹ ਉਸ ਸੰਚਾਲਕ ਦੀ ਮਰਜ਼ੀ ਉਪਰ ਨਿਰਭਰ ਕਰਦਾ ਹੈ। ਡਾਇਸ ਉਪਰ ਆਏ ਬੰਦੇ ਨੇ ਕਿੰਨਾ ਚਿਰ ਬੋਲਣਾ ਹੈ, ਇਸ ਦਾ ਨਿਰਣਾ ਵੀ ਸੰਚਾਲਕ ਦੀ ਘੂਰੀ ਕਰਦੀ ਹੈ। ਬੋਲਣ ਵਾਲੇ ਨੇ ਸਾਹਮਣੇ ਘੱਟ ਤੇ ਸੰਚਾਲਕ ਵੱਲ ਵੱਧ ਵੇਖਣਾ ਹੁੰਦਾ ਹੈ। ਸੰਚਾਲਕ ਦੀ ਘੂਰੀ-ਨੁਮਾ ਬੇਨਤੀ ਨੂੰ ਸਵੀਕਾਰ ਕਰਦਿਆਂ ਹੀ ਆਪਣਾ ਭਾਸ਼ਣ ਤੁਰੰਤ ਭਾਵ ਨਾ਼ਲ ਬੰਦ ਕਰਨ ਲਈ ਤਿਆਰ-ਬਰ-ਤਿਆਰ ਰਹਿਣਾ ਪੈਂਦਾ ਹੈ। ਤੁਹਾਡੀ ਥੋੜ੍ਹੀ ਜਿਹੀ ਅਣਗਹਿਲੀ ਤੁਹਾਡੇ ਪੈਰਾਂ ਹੇਠਲੀ ਭੋਇੰ ਵਿਚ ਹਲਚਲ ਕਰ ਸਕਦੀ ਹੈ। ਤੁਸੀਂ ਬੇਇਜ਼ਤ ਹੋਏ ਮੂੰਹ ਲਮਕਾਅ ਆਪਣਾ ਆਸਣ ਗ੍ਰਹਿਣ ਕਰਨ ਲਈ ਮਜ਼ਬੂਰ ਹੁੰਦੇ ਹੋ। ਹੋ ਸਕਦੈ, ਬਾਅਦ ਵਿਚ ਤੁਹਾਨੂੰ ਸੰਚਾਲਕ ਦੇ ਬਹੁਤ ਨੇੜੇ ਜਾ ਕੇ ਬਹੁਤ ਹੀ ਧੀਮੀ ਸੁਰ ਵਿਚ ਆਪਣੀ ਗੁਸ਼ਤਾਖ਼ੀ ਲਈ ਮੁਆਫ਼ੀ ਵੀ ਮੰਗਣੀ ਪਵੇ।

ਦੋਸਤੋ! ਇਹ ਸਨ ਸਾਹਿਤ ਸਭੱਈਏ ਬਾਰੇ ਥੋੜੀਆਂ ਜਿਹੀਆਂ ਗੱਲਾਂ। ਤੁਹਾਡਾ ਵੀ ਜੇ ਕਿੱਧਰੇ ਅਜਿਹੇ ਸਭੱਈਏ ਨਾ਼ਲ ਵਾਹ ਪਿਆ ਹੋਵੇ ਤਾਂ ਤੁਸੀਂ ਆਪਣੇ ਵਿਚਾਰ ਸਾਂਝੇ ਕਰ ਸਕਦੇ ਹੋ। ਪਰ ਧਿਆਨ ਰੱਖਣਾ ਕਿਸੇ ਵੀ ਹਾਲਤ ਵਿਚ ਉਸਦੀ ਨਰਾਜ਼ਗੀ ਮੁੱਲ ਨਹੀਂ ਲੈਣੀ। ਜੇਕਰ ਤੁਹਾਨੂੰ ਡਾਇਸ ਉਪਰ ਜਾਣ ਦਾ ਮੌਕਾ ਨਹੀਂ ਵੀ ਮਿਲਿਆ ਤਾਂ ਉਦਾਸ ਨਹੀਂ ਹੋਣਾ। ਘਰ ਆ ਕੇ ਕਿਸੇ ਵੀ ਕੰਧ ਕੋਲ ਖਲ੍ਹੋ ਕੇ ਤੁਸੀਂ ਆਪਣੇ ਮਨ ਦੀ ਭੜਾਸ ਕੱਢ ਸਕਦੇ ਹੋ। ਦਿਖਾਵਾ ਇਹ ਕਰੋ ਕਿ ਤੁਸੀਂ ਸਾਹਿਤ ਸਭੱਈਏ ਦੇ ਸਭ ਤੋਂ ਨੇੜਲੇ ਸਾਥੀਆਂ ਵਿਚੋਂ ਇੱਕ ਹੋ। ਵਰਨਾ ਮੈਂ ਤਾਂ ਅਸਹਿਮਤੀਆਂ ਉਪਰ ਜਾਨਲੇਵਾ ਹਮਲੇ ਹੁੰਦੇ ਵੀ ਵੇਖੇ ਹਨ। ਬਾਕੀ ਗੱਲਾਂ ਫਿਰ ਕਦੀ ਕਰਾਂਗੇ।

# ਪਰਗਟ ਸਿੰਘ ਲਈ ਪ੍ਰਧਾਨਗੀ ਕੰਡਿਆਂ ਦੀ ਸੇਜ

ਆਖ਼ਰ ਕਈ ਮਹੀਨੇ ਦੀ ਕਸ਼ਮਕਸ਼ ਤੋਂ ਬਾਅਦ ਆਲ ਇੰਡੀਆ ਕਾਂਗਰਸ ਕਮੇਟੀ ਨੇ ਰਾਜਾ ਅਮਰਿੰਦਰ ਸਿੰਘ ਵੜਿੰਗ ਨੂੰ ਹਟਾ ਕੇ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਹੈ। ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਕੰਮ ਕਰਨ ਵਾਲੀ ਪਾਰਟੀ ਨੇ ਭਾਵੇਂ ਦੇਰ ਨਾਲ ਫ਼ੈਸਲਾ ਕੀਤਾ ਹੈ, ਪ੍ਰੰਤੂ ਦੇਰ ਆਏ ਦਰੁਸਤ ਆਏ, ਕਾਂਗਰਸ ਪਾਰਟੀ ਨੇ ਨਿਰਵਿਵਾਦ, ਨਿਰਪੱਖ, ਬੇਬਾਕ ਅਤੇ ਚੰਗੇ ਕਿਰਦਾਰ ਵਾਲੇ ਪ੍ਰਗਟ ਸਿੰਘ ਨੂੰ ਪ੍ਰਧਾਨਗੀ ਦਾ



ਉਜਾਗਰ ਸਿੰਘ
ਫੋਨ: 94178-13072

ਅਹੁਦਾ ਨਿਵਾਜ਼ ਕੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਖਿਲਰੀ ਹੋਈ ਤਾਣੀ ਨੂੰ ਇੱਕਮੁੱਠ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲੀ ਵਾਰ ਕਾਂਗਰਸ ਪਾਰਟੀ ਨੇ ਧੜਿਆਂ ਦੀ ਰਾਜਨੀਤੀ ਨਾਲੋਂ ਵੱਖਰੀ ਗੱਲ ਕਰਕੇ ਨਿਰਪੱਖਤਾ ਦਾ ਸਬੂਤ ਦਿੱਤਾ ਹੈ। ਆਮ ਤੌਰ 'ਤੇ ਕਾਂਗਰਸ ਪਾਰਟੀ ਮੋਹ-ਮੁਲਾਹਜ਼ੇਦਾਰੀਆਂ ਅਤੇ ਕੁਨਬਾਪਰਵਰੀਆਂ ਦੇ ਜਾਲ ਵਿਚ ਹੀ ਫਸੀ ਰਹਿੰਦੀ ਰਹੀ ਹੈ, ਜਿਸਦਾ ਪਾਰਟੀ ਨੂੰ ਨੁਕਸਾਨ ਹੁੰਦਾ ਹੈ। ਇਸ ਵਾਰ ਰਾਹੁਲ ਗਾਂਧੀ ਨੇ ਸਿਫ਼ਾਰਸ਼ਾਂ ਨਾਲ ਨਿਯੁਕਤ ਕੀਤੇ ਪ੍ਰਧਾਨਾਂ ਦੇ ਤਜ਼ਰਬੇ ਦੇ ਮੰਦੇ ਨਤੀਜੇ ਕਾਬਲੀਅਤ ਅਤੇ ਨਿਰਪੱਖਤਾ ਨੂੰ ਆਧਾਰ ਬਣਾ ਕੇ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਇਆ ਹੈ। ਇਸ ਤੋਂ ਪਹਿਲਾਂ ਮੁਲਾਹਜ਼ੇਦਾਰੀਆਂ ਨਾਲ ਕੀਤੇ ਗਏ ਫ਼ੈਸਲਿਆਂ ਦੇ ਨਤੀਜੇ ਚੰਗੇ ਨਹੀਂ ਰਹੇ, ਸਗੋਂ ਕਾਂਗਰਸ ਵਿਚ ਧੜੇਬੰਦੀ ਵੱਧਦੀ ਰਹੀ ਤੇ ਖਿਲਾਰਾ ਪੈਂਦਾ ਰਿਹਾ। ਪਹਿਲਾਂ ਦਿੱਲੀ ਬੈਠੇ ਨੇਤਾ ਆਪਣੇ ਚਹੇਤਿਆਂ ਨੂੰ ਅਹੁਦੇ ਦਿਵਾ ਦਿੰਦੇ ਸਨ। ਇਸ ਵਾਰੀ ਕਾਂਗਰਸ ਹਾਈ ਕਮਾਂਡ ਨੇ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਹੈ, ਜਿਸਦੇ ਨਤੀਜੇ ਸਾਰਥਿਕ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ। ਇੱਕ ਜੱਟ ਸਿੱਖ ਨੂੰ ਪ੍ਰਧਾਨਗੀ ਤੋਂ ਹਟਾ ਕੇ ਦੂਜੇ ਜੱਟ ਸਿੱਖ ਨੂੰ ਬਣਾਉਣਾ ਕਾਂਗਰਸ ਪਾਰਟੀ ਦੀ ਮਜ਼ਬੂਰੀ ਅਤੇ ਸਮੇਂ ਦੀ ਲੋੜ ਸੀ, ਭਾਵੇਂ ਹਿੰਦੂ ਨੇਤਾ ਵਿਜੇਇੰਦਰ ਸਿੰਗਲਾ ਨੂੰ ਪ੍ਰਧਾਨ ਬਣਾਉਣ ਦੀਆਂ ਕਨਸੋਆਂ ਆ ਰਹੀਆਂ ਸਨ। ਉਹ ਵੀ ਰਾਹੁਲ ਗਾਂਧੀ ਦੇ ਬਲਿਊ ਆਈਡ ਬੁਆਏ ਹਨ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸੰਯੁਕਤ ਖ਼ਜ਼ਾਨਚੀ ਦੇ ਵੱਡੇ ਅਹੁਦੇ 'ਤੇ ਬਿਰਾਜਮਾਨ ਹਨ। ਇਸ ਤੋਂ ਇਲਾਵਾ ਉਹ ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਹਨ। ਭਾਰਤੀ ਜਨਤਾ ਪਾਰਟੀ ਜਿਸਨੂੰ ਹਿੰਦੂਆਂ ਦੀ ਪ੍ਰਤੀਨਿਧ ਪਾਰਟੀ ਕਿਹਾ ਜਾਂਦਾ ਹੈ, ਉਸਨੇ ਵੀ ਇੱਕ ਜੱਟ ਸਿੱਖ ਕੇਵਲ ਸਿੰਘ ਢਿਲੋਂ ਨੂੰ ਪ੍ਰਧਾਨ ਬਣਾਇਆ ਹੋਇਆ, ਇਸ ਲਈ ਕਾਂਗਰਸ ਵਰਗੀ ਧਰਮ ਨਿਰਪੱਖ ਪਾਰਟੀ ਨੂੰ ਮਜ਼ਬੂਰੀ ਬਸ ਜੱਟ ਸਿੱਖ ਨੂੰ ਪ੍ਰਧਾਨ ਬਣਾਉਣਾ ਪਿਆ ਲੱਗਦਾ ਹੈ।

ਕਾਫੀ ਲੰਬੇ ਅਰਸੇ ਤੋਂ ਬਾਅਦ ਦੁਆਬੇ ਵਿਚੋਂ ਪ੍ਰਧਾਨ ਬਣਾਇਆ ਗਿਆ ਹੈ। ਪਹਿਲਾਂ ਰਾਜਿੰਦਰ ਸਿੰਘ ਸਪੈਰੋ ਅਤੇ ਮਹਿੰਦਰ ਸਿੰਘ ਕੇ ਪੀ ਦੁਆਬੇ ਤੋਂ ਪ੍ਰਧਾਨ ਰਹੇ ਹਨ। ਜਿਥੋਂ ਤੱਕ ਹਿੰਦੂ ਅਤੇ ਅਨੁਸੂਚਿਤ ਜਾਤੀਆਂ ਦੇ ਨੇਤਾਵਾਂ ਦਾ ਸਵਾਲ ਹੈ, ਉਹ ਪਹਿਲਾਂ ਹੀ ਬਣਾਈਆਂ ਕਮੇਟੀਆਂ ਦੇ ਚੇਅਰਮੈਨ, ਕੋ ਕਨਵੀਨਰ, ਐਕਟਿੰਗ ਪ੍ਰਧਾਨ ਅਤੇ ਮੈਂਬਰ ਹਨ। ਇਹ ਬਿਲਕੁਲ ਦਰੁਸਤ ਹੈ ਕਿ ਭਾਵੇਂ ਪਰਗਟ ਸਿੰਘ ਲਈ ਘਾਗ ਕਾਂਗਰਸੀਆਂ ਦੀਆਂ ਤਿਕੜਮਬਾਜ਼ੀਆਂ ਨੂੰ ਨਿਪਟ ਕੇ ਇੱਕਮੁੱਠ ਕਰਨਾ ਬਹੁਤ ਵੱਡੀ ਵੰਗਾਰ ਹੈ, ਕਿਉਂਕਿ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ ਵਿਚ ਆਪਸੀ ਧੜੇਬੰਦੀ ਪਹਾੜ ਦੀ ਤਰ੍ਹਾਂ ਮੂੰਹ ਅੱਡੀ ਖੜ੍ਹੀ ਹੈ। ਉਹ ਮੁੱਖ ਮੰਤਰੀ ਦੀ ਕੁਰਸੀ ਖਾਲ੍ਹੀ ਹੋਣ ਤੋਂ ਪਹਿਲਾਂ ਹੀ ਉਸਦੀਆਂ ਲੱਤਾਂ ਨੂੰ ਫੜੀ ਬੈਠੇ ਹਨ। ਪੰਜਾਬ ਕਾਂਗਰਸ ਦੇ ਵਰਕਰ ਸੀਨੀਅਰ ਨੇਤਾਵਾਂ ਦੀਆਂ ਆਪ ਹੁਦਰੀਆਂ ਤੋਂ ਦੁੱਖੀ ਸਨ, ਇਸ ਲਈ ਹੁਣ ਉਹ ਮਹਿਸੂਸ ਕਰਦੇ ਹਨ ਕਿ ਪਰਗਟ ਸਿੰਘ ਸਾਰੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਿਚ ਸਫਲ ਹੋਵੇਗਾ, ਕਿਉਂਕਿ ਉਹ ਕਿਸੇ ਧੜੇ ਨਾਲ ਜੁੜਿਆ ਹੋਇਆ ਨਹੀਂ ਹੈ। ਉਹ ਸੰਜੀਦਾ, ਸੰਵੇਦਨਸ਼ੀਲ, ਨਿਵੇਕਲੇ, ਠਰੰਮੇ ਵਾਲੇ ਅਤੇ ਪਾਜੇਟਿਵ ਵਿਚਾਰਧਾਰਾ ਦਾ ਹਾਮੀ ਹੈ। ਉਹ ਟੀਮ ਵਰਕ ਨਾਲ ਕੰਮ ਕਰੇਗਾ, ਕਿਉਂਕਿ ਟੀਮ ਵਰਕ ਨਾਲ ਹੀ ਉਹ ਓਲੰਪਿਕ ਵਿਚ ਕਪਤਾਨੀ ਕਰਕੇ ਤਮਗੇ ਜਿੱਤਦਾ ਰਿਹਾ ਹੈ। ਉਸਦੀ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਪ੍ਰਤੀਕ੍ਰਿਆ ਹੈ ਕਿ ਉਹ ਖਿਡਾਰੀ ਹੈ, ਖਿਡਾਰੀ ਭਾਵਨਾ ਨਾਲ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਚਲੇਗਾ। ਉਹ ਚਾਪਲੂਸੀ ਦੀ ਥਾਂ ਕੰਮ ਦੀ ਕਦਰ ਕਰਨ ਵਾਲਾ ਹੈ, ਕਾਂਗਰਸੀ ਵਰਕਰ ਵੀ ਇਹੋ ਚਾਹੁੰਦੇ ਹਨ, ਕਿਉਂਕਿ ਚਾਪਲੂਸਾਂ ਨੇ ਪਾਰਟੀ ਦਾ ਬਹੁਤ ਨੁਕਸਾਨ ਕੀਤਾ ਹੈ। ਇਮਾਨਦਾਰੀ ਤੇ ਦਿਆਨਤਦਾਰੀ ਉਸਦਾ ਗਹਿਣਾ ਹੈ। ਉਹ ਲੀਹੋਂ ਲੱਥੀ ਕਾਂਗਰਸ ਪਾਰਟੀ ਨੂੰ ਮੁੜ ਲੀਹ 'ਤੇ ਪਾਉਣ ਦੀ ਸਮਰੱਥਾ ਹੀ ਨਹੀਂ ਰੱਖਦਾ, ਸਗੋਂ ਸਫਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਵੇਗਾ। ਉਸ ਕੋਲ ਸੰਗਠਨ ਨੂੰ ਇੱਕਮੁੱਠ ਕਰਨ ਦਾ ਬਤੌਰ ਜਨਰਲ ਸਕੱਤਰ (ਸੰਗਠਨ)



ਦਾ ਤਜ਼ਰਬਾ ਹੈ। 2021 ਵਿੱਚ ਨਵਜੋਤ ਸਿੰਘ ਸਿੱਧੂ ਜਦੋਂ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਿਆਂ ਸੀ ਤਾਂ ਉਸਨੇ ਪਰਗਟ ਸਿੰਘ ਨੂੰ ਪਾਰਟੀ ਦਾ ਜਨਰਲ ਸਕੱਤਰ (ਸੰਗਠਨ) ਬਣਾਇਆ ਸੀ। ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਨਵਜੋਤ ਸਿੰਘ ਸਿੱਧੂ ਦੇ ਸਮਰਥਕ ਵੀ ਪਰਗਟ ਸਿੰਘ ਦੇ ਪ੍ਰਧਾਨ ਬਣਨ ਨਾਲ ਕਾਂਗਰਸ ਪਾਰਟੀ ਨਾਲ ਜੁੜੇ ਰਹਿਣਗੇ।

ਪਰਗਟ ਸਿੰਘ ਦਾ ਪਿਛੋਕੜ ਵੀ ਸਿਆਸਤ ਨਾਲ ਜੁੜਿਆ ਹੋਇਆ ਹੈ। ਉਸਦਾ ਸਹੁਰਾ ਦਰਬਾਰਾ ਸਿੰਘ ਪੰਜਾਬ ਵਿਧਾਨ ਸਭਾ ਦਾ ਸਪੀਕਰ ਅਤੇ ਰਾਜਸਥਾਨ ਦਾ ਰਾਜਪਾਲ ਰਿਹਾ ਹੈ। ਇਸ ਲਈ ਵਿਰਾਸਤ ਵਿੱਚੋਂ ਵੀ ਸਿਆਸਤ ਦਾ ਤਜ਼ਰਬਾ ਹਾਸਲ ਹੋਇਆ ਹੋਵੇਗਾ। ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਦੀ ਸਰਕਾਰ ਬਣੀ ਸੀ ਤਾਂ ਉਸ ਵਿਚ ਉਹ ਸਿਖਿਆ ਤੇ ਖੇਡ ਮੰਤਰੀ ਰਿਹਾ ਹੈ। ਉਸਨੇ ਇਸ ਸਮੇਂ ਦੌਰਾਨ ਬਿਹਤਰੀਨ ਕਾਰਗੁਜ਼ਾਰੀ ਵਿਖਾਈ ਹੈ। ਪੰਜਾਬ ਵਿਧਾਨ ਸਭਾ ਵਿਚ ਵੀ ਪ੍ਰਗਟ ਸਿੰਘ ਬਾਕਮਾਲ ਢੰਗ ਨਾਲ ਬਿਨਾ ਕਿਸੇ ਟਕਰਾਓ ਦੇ ਸਿਆਸਤ ਕਰਦਾ ਰਿਹਾ ਹੈ। ਉਹ ਸ਼ਾਂਤ ਸੁਭਾਅ ਦਾ ਹੋਣ ਕਰਕੇ ਕਦੇ ਵੀ ਆਪੇ ਤੋਂ ਬਾਹਰ ਨਹੀਂ ਹੁੰਦਾ, ਸਗੋਂ ਸਹਿਜਤਾ ਦਾ ਪੱਲਾ ਫੜੀ ਰੱਖਦਾ ਹੈ, ਜਿਸ ਕਰਕੇ ਪਾਰਟੀ ਦੇ ਵਰਕਰਾਂ ਅਤੇ ਨੇਤਾਵਾਂ ਨੂੰ ਆਪਣੇ ਨਾਲ ਤੋਰਨ ਵਿਚ ਸਫਲ ਹੋਵੇਗਾ। ਇਸ ਤੋਂ ਇਲਾਵਾ ਉਹ ਦੋ ਵਾਰ ਓਲੰਪਿਕ ਵਿਚ ਭਾਰਤੀ ਹਾਕੀ ਟੀਮ ਦੀ ਅਗਵਾਈ ਕਰਕੇ ਖਿਡਾਰੀਆਂ ਨੂੰ ਅਨੁਸ਼ਾਸਨ ਵਿਚ ਰੱਖਣ ਵਿਚ ਸਫਲ ਹੋਇਆ ਹੈ। ਇਸੇ ਤਰ੍ਹਾਂ ਡਾਇਰੈਕਟਰ ਖੇਡ ਵਿਭਾਗ ਵੀ ਸਫਲ ਪ੍ਰਬੰਧਕ ਸਾਬਤ ਹੋਇਆ ਹੈ। ਉਹ ਆਪਣੇ ਸਹਿਯੋਗੀਆਂ ਨੂੰ ਆਪਣੇ ਨਾਲ ਜੋੜ ਕੇ ਚਲਣ ਵਿਚ ਮਾਹਿਰ ਗਿਣਿਆਂ ਜਾਂਦਾ ਹੈ, ਕਿਉਂਕਿ ਉਸਦੀ ਹਲੀਮੀ ਕਾਂਗਰਸੀ ਸਾਥੀਆਂ ਨੂੰ ਕਾਇਲ ਕਰ ਜਾਂਦੀ ਹੈ।

ਪਰਗਟ ਸਿੰਘ ਨੇ ਪੰਜਾਬੀਆਂ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਹੋਈ ਹੈ। ਉਹ 2012, 2017 ਅਤੇ 2022 ਵਿਚ ਤਿੰਨ ਵਾਰ ਲਗਾਤਾਰ ਜਲੰਧਰ ਛਾਉਣੀ ਤੋਂ ਵਿਧਾਇਕ ਬਣਦਾ ਆ ਰਿਹਾ ਹੈ। 2012 ਵਿਚ ਉਹ ਸ਼ਰੋਮਣੀ ਅਕਾਲੀ ਦਲ ਦੇ ਟਿਕਟ 'ਤੇ ਚੋਣ ਲੜ ਕੇ ਵਿਧਾਨਕਾਰ ਬਣਿਆ ਸੀ, ਪ੍ਰੰਤੂ ਸ਼ਰੋਮਣੀ ਅਕਾਲੀ ਦੀ ਲੀਡਰਸ਼ਿਪ ਨਾਲ ਮੁੱਦਿਆਂ 'ਤੇ ਸਹਿਮਤੀ ਨਾ ਬਣਨ ਕਰਕੇ ਉਹ ਦਸੰਬਰ 2016 ਵਿੱਚ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਿਆ ਸੀ। ਪਰਗਟ ਸਿੰਘ ਨੂੰ ਹਮੇਸ਼ਾ ਹਰ ਖੇਤਰ ਵਿਚ ਸਫਲਤਾ ਹੀ ਮਿਲੀ ਹੈ। ਉਹ ਮੁੱਦਿਆਂ ਅਤੇ ਅਸੂਲਾਂ ਦੀ ਸਿਆਸਤ ਕਰਨ ਦਾ ਹਾਮੀ ਹੈ। ਅਸੂਲਾਂ ਕਰਕੇ ਉਸਨੇ ਆਲ ਇੰਡੀਆ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਕੇ.ਪੀ.ਐਸ. ਗਿੱਲ ਨਾਲ ਤਕਰਾਰ ਕੀਤਾ ਸੀ ਤੇ ਵਿਰੋਧ ਵਜੋਂ ਹਾਕੀ 'ਤੋਂ ਸਨਿਆਸ ਲੈ ਲਿਆ ਸੀ। ਪਰ ਉਸਦੀ ਕਾਬਲੀਅਤ ਕਰਕੇ ਦੁਬਾਰਾ ਵਾਪਸ ਬੁਲਾ ਕੇ ਉਸਨੂੰ ਹਾਕੀ ਫੈਡਰੇਸ਼ਨ ਨੇ ਕਪਤਾਨ ਬਣਾਇਆ ਸੀ। ਭਾਵੇਂ ਉਸ ਸਮੇਂ ਉਹ ਪੁਲਿਸ ਵਿਭਾਗ ਦੀ ਨੌਕਰੀ ਕਰ ਰਿਹਾ ਸੀ, ਪ੍ਰੰਤੂ ਉਹ ਡਰਿਆ ਨਹੀਂ। ਉਮੀਦ ਕੀਤੀ ਜਾ ਰਹੀ ਹੈ ਕਿ ਕਾਂਗਰਸ ਪਾਰਟੀ ਵਿਚ ਵੀ ਉਹ ਬੇਬਾਕੀ ਨਾਲ ਮੁਦਿਆਂ ਦੀ ਸਿਆਸਤ ਕਰੇਗਾ। ਪ੍ਰਗਟ ਸਿੰਘ ਦੇ ਪ੍ਰਧਾਨ ਬਣਨ ਨਾਲ ਪੰਜਾਬ ਦੇ ਕਾਂਗਰਸੀ ਵਰਕਰਾਂ ਵਿਚ ਆਸ ਦੀ ਚਿਣਗ ਪੈਦਾ ਹੋ ਗਈ ਹੈ। ਪੰਜਾਬ ਕਾਂਗਰਸ ਦੇ ਸਾਰੇ ਧੜਿਆਂ ਨੇ ਉਸਦੀ ਪ੍ਰਧਾਨਗੀ ਦੀ ਸਹਿਮਤੀ ਹੀ ਨਹੀਂ ਦਿੱਤੀ, ਸਗੋਂ ਜੋਸ਼-ਖ਼ਰੋਸ਼ ਨਾਲ ਸਵਾਗਤ ਵੀ ਕੀਤਾ ਹੈ। ਪਹਿਲੀ ਵਾਰ ਹੋਇਆ ਹੈ ਕਿ ਕਾਂਗਰਸੀ ਵਰਕਰਾਂ ਨੇ ਪ੍ਰਗਟ ਸਿੰਘ ਦੀ ਪ੍ਰਧਾਨਗੀ ਦਾ ਇਤਨੇ ਵੱਡੇ ਪੱਧਰ 'ਤੇ ਸ਼ੋਸ਼ਲ ਮੀਡੀਆ 'ਤੇ ਤਹਿ ਦਿਲੋਂ ਸਵਾਗਤ ਕੀਤਾ ਹੈ। ਹਾਕੀ ਦੀ ਕਪਤਾਨੀ ਕਰਦਿਆਂ ਉਹ ਡਿਫੈਂਡਰ ਰਿਹਾ ਹੈ, ਭਾਵ ਫੁਲ ਬੈਕ ਸੀ, ਪ੍ਰੰਤੂ ਇੱਕ ਵਾਰ ਗੇਂਦ ਉਸਦੇ ਹੱਥ ਆ ਜਾਂਦੀ ਤਾਂ ਉਹ ਵਿਰੋਧੀਆਂ ਨੂੰ ਚਕਮਾ ਦੇ ਗੋਲ ਕਰਕੇ ਹੀ ਵਾਪਸ ਆਉਂਦਾ। ਹੁਣ ਵੀ ਉਮੀਦ ਹੈ ਕਾਂਗਰਸ ਨੂੰ ਜੇਤੂ ਬਣਾਵੇਗਾ। ਉਹ ਪੱਕਾ ਨਿਸ਼ਾਨਚੀ ਹੈ। ਉਸਦਾ ਸਿਆਸਤ ਵਿਚ ਵੀ ਨਿਸ਼ਾਨਾ ਕਦੀ ਉਕਿਆ ਨਹੀਂ। ਇਸ ਕਰਕੇ ਪੰਜਾਬ ਕਾਂਗਰਸ ਦਾ ਬਚਾਓ ਤਾਂ ਉਸ ਲਈ ਮਾਮੂਲੀ ਗੱਲ ਹੈ, ਪ੍ਰੰਤੂ ਉਹ ਅਗਰੈਸਿਵ ਸਿਆਸਤ ਵੀ ਕਰੇਗਾ, ਕਿਉਂਕਿ ਕਾਂਗਰਸ ਪਾਰਟੀ ਵੱਲੋਂ ਉਸ ਉਪਰ ਕੀਤੇ ਵਿਸ਼ਵਾਸ਼ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰੇਗਾ। ਪ੍ਰਗਟ ਸਿੰਘ ਨੂੰ 1989 ਵਿਚ ਅਰਜੁਨਾ ਅਵਾਰਡ ਅਤੇ 1998 ਵਿਚ ਕੇਂਦਰ ਸਰਕਾਰ ਨੇ ਪਦਮ ਸ੍ਰੀ ਦੀ ਉਪਾਧੀ ਦੇ ਕੇ ਸਨਮਾਨਤ ਕੀਤਾ ਸੀ ਅਤੇ ਉਸਨੂੰ ਰਾਜੀਵ ਗਾਂਧੀ ਖੇਡ ਰਤਨ ਵੀ ਮਿਲਿਆ ਸੀ। ਪਰਗਟ ਸਿੰਘ 313 ਅੰਤਰਾਸ਼ਟਰੀ ਹਾਕੀ ਦੇ ਮੈਚ ਖੇਡਿਆ, 168 ਮੈਚਾਂ ਵਿਚ ਕਪਤਾਨੀ ਕੀਤੀ, ਚੈਪੀਅਨਜ਼ ਹਾਕੀ ਟਰਾਫੀ ਤੋਂ ਲੈ ਕੇ ਸੈਫ ਖੇਡਾਂ, ਵਿਸ਼ਵ ਕੱਪ, ਏਸ਼ੀਆ ਕੱਪ, ਏਸ਼ੀਆਈ ਖੇਡਾਂ ਵਿਚ ਖੇਡਿਆ। ਓਲੰਪਿਕ ਖੇਡਾਂ, ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਕਪਤਾਨ, ਇੰਟਰ ਕੰਟੀਨੈਂਟਲ ਦਾ ਕਪਤਾਨ ਰਿਹਾ ਹੈ। ਉਹ 20 ਵਰ੍ਹੇ ਹਾਕੀ ਵਿਚ ਛਾਇਆ ਰਿਹਾ। ਉਸਨੂੰ ਸਰਬ ਕਲਾ ਸੰਪੂਰਨ ਹਾਕੀ ਖਿਡਾਰੀ ਕਿਹਾ ਜਾ ਸਕਦਾ ਹੈ। ਪਹਿਲੀ ਵਾਰ ਪੰਜਾਬ ਕਾਂਗਰਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣਤਾ ਪ੍ਰਾਪਤ ਕਰਨ ਵਾਲਾ ਆਗੂ ਪ੍ਰਧਾਨ ਮਿਲਿਆ ਹੈ। ਉਹ ਪਹਿਲਾਂ ਰੇਲਵੇ ਕੋਚ ਫੈਕਟਰੀ, ਪੰਜਾਬ ਅਲਕਲੀਜ਼ ਤੇ ਅਖ਼ੀਰ ਪੰਜਾਬ ਪੁਲਿਸ ਵਿਚ ਸਿੱਧਾ ਡੀ.ਐਸ.ਪੀ. ਭਰਤੀ ਹੋ ਗਿਆ ਸੀ। ਉਸਨੇ ਹਾਕੀ ਨਾਲ ਸੰਬੰਧਤ ਇੱਕ ਮਰਸਾਲਾ ਵੀ ਪ੍ਰਕਾਸ਼ਤ ਕੀਤਾ ਸੀ। ਉਹ ਖੇਡ ਰਿਪੋਰਟਰ ਵੀ ਰਿਹਾ ਹੈ। ਪ੍ਰਗਟ ਸਿੰਘ ਦਾ ਜਨਮ 5 ਮਾਰਚ 1965 ਨੂੰ ਜਲੰਧਰ ਦੇ ਮਿੱਠਾਪੁਰ ਪਿੰਡ ਵਿਚ ਮਾਤਾ ਨਸੀਬ ਕੌਰ ਦੀ ਕੁੱਖੋਂ ਪਿਤਾ ਗੁਰਦੇਵ ਸਿੰਘ ਦੇ ਘਰ ਹੋਇਆ। ਉਸਦਾ ਵਿਆਹ ਬਰਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਇੱਕ ਲੜਕਾ ਅਤੇ ਇੱਕ ਲੜਕੀ ਹੈ। ਉਮੀਦ ਹੈ ਉਹ ਕਾਂਗਰਸੀ ਵਰਕਰਾਂ ਦੀਆਂ ਆਸਾਂ 'ਤੇ ਖ਼ਰਾ ਉਤਰੇਗਾ। ਤੇਲ ਵੇਖੋ ਤੇਲ ਦੀ ਧਾਰ ਵੇਖੋ, ਊਠ ਕਿਸ ਕਰਵਟ ਬੈਠਦਾ ਹੈ।

# ਡੋਨਲਡ ਟਰੰਪ ਅਤੇ ਉਸਦੇ ਟੈਰਿਫ

ਡੋਨਾਲਡ ਟਰੰਪ ਨੂੰ ਹੁਣ ਅਮਰੀਕੀ ਸੰਸਦ ਦੇ ਦੋਨਾਂ ਸਦਨਾਂ ਦੀ ਮਨਜ਼ੂਰੀ ਮਿਲ ਚੁੱਕੀ ਹੈ। ਹੁਣ ਉਹ ਇਨ੍ਹਾਂ ਮੁਲਕਾਂ 'ਚ ਹੋਣ ਵਾਲੇ ਆਯਾਤਾਂ 'ਤੇ 100 ਪ੍ਰਤੀਸ਼ਤ ਮਹਿਸੂਲ ਲਾ ਸਕੇਗਾ, ਜੋ ਯੂਕਰੇਨ ਜੰਗ ਦੇ ਪ੍ਰਸੰਗ 'ਚ ਵਿਕਸਤ ਦੁਨੀਆ ਦੁਆਰਾ ਲਾਈਆਂ ਗਈਆਂ ਇਕਤਰਫ਼ਾ ਪਾਬੰਦੀਆਂ ਦੀ ਉਲੰਘਣਾ ਕਰਦਿਆਂ ਰੂਸ ਨਾਲ ਵਪਾਰ ਕਰਦੇ ਰਹੇ ਹਨ। ਭਾਰਤ ਅਤੇ ਚੀਨ ਹੀ, ਜੋ ਕਿ ਰੂਸੀ ਤੇਲ ਦੇ ਵੱਡੇ ਖ਼ਰੀਦਦਾਰਾਂ 'ਚ ਹਨ, ਟਰੰਪ ਦੇ ਇਨ੍ਹਾਂ ਟੈਰਿਫਾਂ ਦਾ ਮੁੱਖ ਨਿਸ਼ਾਨਾ ਬਣਨ ਵਾਲੇ ਹਨ।

ਇਨ੍ਹਾਂ ਦੋਨਾਂ ਮੁਲਕਾਂ ਵਿਚ ਵੀ, ਚੀਨ ਦੀ ਸਥਿਤੀ ਕਿਤੇ ਬਿਹਤਰ ਹੈ। ਅਮਰੀਕਾ ਦੇ ਸਾਹਮਣੇ, ਚੀਨ ਦੇ ਹੱਥਾਂ 'ਚ ਸੌਦੇਬਾਜ਼ੀ ਦੀ ਤਕੜੀ

ਪ੍ਰਭਾਤ ਪਟਨਾਇਕ

ਤਾਕਤ ਹੈ। ਇਸ ਦੀ ਵਜ੍ਹਾ ਇਹ ਹੈ ਕਿ ਦੁਨੀਆ ਭਰ ਵਿਚ ਦੁਰਲੱਭ ਧਾਤਾਂ ਦੀ ਸਪਲਾਈ ਦੇ ਜ਼ਿਆਦਾਤਰ ਹਿੱਸੇ 'ਤੇ ਚੀਨ ਦਾ ਹੀ ਕੰਟਰੋਲ ਹੈ ਅਤੇ ਉਹ ਦੁਰਲੱਭ ਧਾਤਾਂ ਉੱਨਤ ਇਲੈਕਟ੍ਰਾਨਿਕੀ ਤੋਂ ਲੈ ਕੇ ਸੁਰੱਖਿਆ ਪ੍ਰਣਾਲੀਆਂ ਤਕ, ਅਨੇਕ ਖੇਤਰਾਂ ਲਈ ਬਹੁਤ ਜ਼ਰੂਰੀ ਹਨ। ਇਸ ਲਈ, ਚੀਨ ਦੇ ਨਾਲ ਆਪਣੇ ਸਲੂਕ 'ਚ ਅਮਰੀਕਾ ਹਮੇਸ਼ਾ ਹੀ ਸਾਵਧਾਨੀ ਵਰਤਦਾ ਹੈ। ਉਹ ਇਸ ਦਾ ਖ਼ਾਸ ਖ਼ਿਆਲ ਰੱਖਦਾ ਹੈ ਕਿ ਗੱਲ ਐਨੀ ਨਾ ਵਿਗੜ ਜਾਵੇ ਕਿ ਦੁਰਲੱਭ ਧਾਤਾਂ ਦੀ ਉਸ ਦੀ ਸਪਲਾਈ ਹੀ ਖ਼ਤਰੇ 'ਚ ਪੈ ਜਾਵੇ। ਪਰ ਅਮਰੀਕਾ ਦੇ ਸਾਹਮਣੇ ਭਾਰਤ ਨੂੰ ਸੌਦੇਬਾਜ਼ੀ ਦੀ ਅਜਿਹੀ ਤਾਕਤ ਹਾਸਲ ਹੀ ਨਹੀਂ ਹੈ।

ਟਰੰਪ ਦੇ ਇਹ ਤਜਵੀਜਸ਼ੁਦਾ ਟੈਰਿਫ਼ ਇਹ ਦਰਸਾਉਂਦੇ ਹਨ ਕਿ ਉਨ੍ਹਾਂ ਕੌਮਾਂਤਰੀ ਸੰਸਥਾਵਾਂ ਅਤੇ ਸਰਮਾਏਦਾਰ ਅਰਥ-ਸ਼ਾਸਤਰੀਆਂ ਦੇ ਕਥਨ ਕਿਸ ਕਦਰ ਖੋਖਲੇ ਹਨ, ਜੋ ਮੁਕਤ ਵਪਾਰ ਦੇ ਉਪਦੇਸ਼ ਦਿੰਦੇ ਨਹੀਂ ਥੱਕਦੇ। ਸੱਚਾਈ ਇਹ ਹੈ ਕਿ ਇਸ ਤਰ੍ਹਾਂ ਇੱਕਤਰਫ਼ਾ ਪਾਬੰਦੀਆਂ ਅਜਿਹੇ ਕਿਸੇ ਵੀ ਮੁਲਕ 'ਤੇ ਥੋਪੀਆਂ ਜਾ ਸਕਦੀਆਂ ਹਨ, ਜੋ ਸਾਮਰਾਜਵਾਦ ਦੀ ਹਾਂ 'ਚ ਹਾਂ ਮਿਲਾਉਣ ਤੋਂ ਇਨਕਾਰ ਕਰਦਾ ਹੈ। ਅਤੇ ਇਸ ਤਰ੍ਹਾਂ ਦੀਆਂ ਇਕਤਰਫਾ ਪਾਬੰਦੀਆਂ ਦਾ ਨਿਸ਼ਾਨਾ ਬਣੇ ਕਿਸੇ ਵੀ ਮੁਲਕ ਨਾਲ ਵਪਾਰ ਕਰਨ ਵਾਲੇ ਕਿਸੇ ਵੀ ਦੂਜੇ ਮੁਲਕ 'ਤੇ ਉਸ ਪੱਧਰ 'ਤੇ ਸਜ਼ਾ ਦੇ ਤੌਰ 'ਤੇ ਟੈਰਿਫ ਲਾਏ ਜਾ ਸਕਦੇ ਹਨ, ਜਿਸ ਪੱਧਰ 'ਤੇ ਅਮਰੀਕਾ ਹੁਣ ਲਾਉਣਾ ਚਾਹੁੰਦਾ ਹੈ। ਇਨ੍ਹਾਂ ਹਾਲਾਤਾਂ 'ਚ ਸਾਰੇ ਮੁਲਕਾਂ ਨੂੰ ਇਸ ਤਰ੍ਹਾਂ ਦੀ ਦਾਦਾਗਿਰੀ ਨੂੰ ਸਾਫ਼ ਤੌਰ 'ਤੇ ਹਿਸਾਬ-ਕਿਤਾਬ 'ਚ ਲੈਂਦਿਆਂ ਆਪਣੇ ਵਪਾਰ ਸੰਬੰਧੀ ਬਦਲ ਤੈਅ ਕਰਨੇ ਚਾਹੀਦੇ ਹਨ। ਕਹਿਣ ਦਾ ਮਤਲਬ ਇਹ ਹੈ ਕਿ ਮੁਕਤ ਵਪਾਰ ਦੇ ਸਫ਼ਲ ਹੋਣ 'ਚ ਯਕੀਨ ਕਰਨਾ ਸਿਧਾਂਤਕ ਰੂਪ 'ਚ ਗ਼ਲਤ ਹੀ ਹੈ, ਇਸ ਤੋਂ ਇਲਾਵਾ ਅਮਲੀ ਸਿਆਸਤ ਦੀ ਦੁਨੀਆ 'ਚ ਇਹ ਮੁਕੰਮਲ ਤੌਰ 'ਤੇ ਬੇਤੁਕਾ ਵੀ ਹੈ।

ਪਰ, ਅਮਰੀਕਾ ਦੀਆਂ ਇਨ੍ਹਾਂ ਹਰਕਤਾਂ ਦੀ ਨਿਰੋਲ ਦੁਸ਼ਮਣੀ ਸਿਰਫ਼ ਇੱਕਤਰਫ਼ਾ ਟੈਰਿਫ ਜਾਂ ਪਾਬੰਦੀਆਂ ਥੋਪੇ ਜਾਣ ਜਾਂ ਇਨ੍ਹਾਂ ਪਾਬੰਦੀਆਂ ਨੂੰ ਅਸਦਾਰ ਬਣਾਉਣ ਲਈ ਮੁਲਕਾਂ 'ਤੇ ਸਜ਼ਾ ਵਜੋਂ ਟੈਰਿਫ ਲਾਏ ਜਾਣ ਤੱਕ ਹੀ ਸੀਮਤ ਨਹੀਂ ਹੈ। ਇਹ ਬਦਲੀਤੀ ਇਸ ਤਰ੍ਹਾਂ ਦੀਆਂ ਪਾਬੰਦੀਆਂ ਅਤੇ ਟੈਰਿਫਾਂ ਨੂੰ ਲਾਗੂ ਕੀਤੇ ਜਾਣ ਦੀ ਧੁਰ ਡੂੰਘਾਈ ਤੱਕ ਜਾਂਦੀ ਹੈ। ਅੱਜ ਵੀ ਜਦੋਂ ਕਿ ਅਮਰੀਕਾ ਭਾਰਤ ਵਰਗੇ ਮੁਲਕਾਂ ਨੂੰ ਰੂਸੀ ਅਤੇ ਈਰਾਨੀ ਤੇਲ ਖ਼ਰੀਦਣ ਲਈ ਸਜ਼ਾ ਦੇ ਰਿਹਾ ਹੈ, ਅਮਰੀਕਾ ਖ਼ੁਦ ਰੂਸ ਤੋਂ ਕੁਦਰਤੀ ਯੂਰੇਨੀਅਮ ਅਤੇ ਘੱਟ ਸਮਰੱਥ ਯੂਰੇਨੀਅਮ ਖ਼ਰੀਦਣਾ ਜਾਰੀ ਰੱਖ ਰਿਹਾ ਹੈ। ਅਸਲ ਵਿਚ ਲਿੰਡਸੇ ਓ ਗ੍ਰਾਹਮ ਕਾਨੂੰਨ ਦੇ ਜ਼ਰੀਏ ਰੂਸ ਤੋਂ ਤੇਲ ਖ਼ਰੀਦਣ ਲਈ ਭਾਰਤ ਵਰਗੇ



ਮੁਲਕਾਂ 'ਤੇ ਇਹ ਸਜ਼ਾ ਦੇ ਤੌਰ 'ਤੇ ਟੈਰਿਫ ਲਾਏ ਜਾਣ ਦੀ ਤਿਆਰੀ ਹੈ, ਖ਼ੁਦ ਉਸ ਕਾਨੂੰਨ 'ਚ ਇੱਕ ਅਪਵਾਦ ਦੀ ਮੱਦ ਜ਼ਰੀਏ ਰੂਸ ਤੋਂ ਅਮਰੀਕਾ ਦੇ ਯੂਰੇਨੀਅਮ ਖ਼ਰੀਦਣ ਦਾ ਰਾਹ ਖੋਲ੍ਹਿਆ ਗਿਆ ਹੈ। ਸੰਖੇਪ 'ਚ ਇਹ ਕਿ ਦੂਸਰੇ ਮੁਲਕਾਂ ਦੇ ਹਿਤਾਂ ਵੱਲੋਂ ਤਾਂ ਅੱਖਾਂ ਬੰਦ ਕੀਤੀਆਂ ਜਾ ਸਕਦੀਆਂ ਹਨ, ਪਰ ਅਮਰੀਕਾ ਦੇ ਹਿੱਤਾਂ ਦੀ ਹਰ ਸੂਰਤ 'ਚ ਰੱਖਿਆ ਕੀਤੀ ਜਾਵੇਗੀ।

ਪਰ, ਇਕ ਸਵਾਲ ਇਹ ਉਠਦਾ ਹੈ ਕਿ ਕੀ ਵਜ੍ਹਾ ਹੈ ਕਿ ਅਮਰੀਕਾ ਹੁਣ ਭਾਰਤ ਵਰਗੇ ਮੁਲਕਾਂ ਨਾਲ ਇਸ ਤਰ੍ਹਾਂ ਦਾ ਸਖ਼ਤ ਰੁਖ ਅਖ਼ਤਿਆਰ ਕਰ ਰਿਹਾ ਹੈ, ਜਦੋਂ ਕਿ ਹੁਣ ਤੋਂ ਕੁਝ ਮਹੀਨੇ ਪਹਿਲਾਂ ਜਦੋਂ ਈਰਾਨ ਨੇ ਹੋਰਮੁਜ਼ ਸਟ੍ਰੇਟ 'ਤੇ ਆਪਣੀ ਨਾਕਬੰਦੀ ਸ਼ੁਰੂ ਹੀ ਕੀਤੀ ਸੀ। ਅਮਰੀਕਾ ਹੀ ਅਸਲ ਵਿਚ ਭਾਰਤ ਨੂੰ ਰੂਸੀ ਤੇਲ ਖ਼ਰੀਦਣ ਲਈ ਹੱਲਾਸ਼ੇਰੀ ਦੇ ਰਿਹਾ ਸੀ, ਤਾਂਕਿ ਆਲਮੀ ਬਾਜ਼ਾਰ 'ਚ ਤੇਲ ਦੀਆਂ ਕੀਮਤਾਂ ਨੂੰ ਦਬਾਈ ਰੱਖਿਆ ਜਾ ਸਕੇ।

ਭਾਰਤ ਦੇ ਰੂਸ ਤੋਂ ਕੱਚਾ ਤੇਲ ਨਾ ਖ਼ਰੀਦਣ ਨਾਲ ਸਿਰਫ਼ ਭਾਰਤ 'ਚ ਹੀ ਨਹੀਂ ਸਗੋਂ ਦੁਨੀਆ ਭਰ ਵਿਚ ਹੀ ਕੱਚੇ ਤੇਲ ਦੀ ਕੀਮਤ ਵਧਣਾ ਤੈਅ ਹੈ। ਭਾਰਤ ਨੂੰ ਤੇਲ ਦਾ ਜੋ ਭਾਅ ਦੇਣਾ ਪੈਂਦਾ ਹੈ, ਉਸ 'ਤੇ ਵਿਚਾਰ ਕਰਦਿਆਂ ਸਾਨੂੰ ਅਨੇਕ ਕਾਰਕਾਂ ਨੂੰ ਗਿਣਤੀ 'ਚ ਰੱਖਣਾ ਹੋਵੇਗਾ। ਪਹਿਲਾ ਕਾਰਕ ਤਾਂ ਭੂਗੋਲਿਕ ਨੇੜਤਾ ਹੀ ਹੈ, ਜਿਸ ਦੇ ਚਲਦਿਆਂ ਭਾਰਤ ਲਈ ਰੂਸੀ ਤੇਲ ਢੋਆ-ਢੁਆਈ ਲਾਗਤ ਦੇ ਪਹਿਲੂ ਤੋਂ, ਮਿਸਾਲ ਦੇ ਤੌਰ 'ਤੇ, ਉਸ ਅਮਰੀਕੀ ਤੇਲ ਦੇ ਮੁਕਾਬਲੇ ਸਸਤਾ ਪੈਂਦਾ ਹੈ, ਜਿਸ ਨੂੰ ਪੱਛਮੀ ਪਾਬੰਦੀਆਂ ਦੇ ਚਲਦਿਆਂ ਭਾਰਤ ਨੂੰ ਬਦਲ ਦੇ ਤੌਰ 'ਤੇ ਅਪਨਾਉਣਾ ਹੋਵੇਗਾ। ਦੂਸਰਾ ਇੱਕ ਹੋਰ ਤੱਥ ਇਹ ਹੈ ਕਿ ਰੂਸੀ ਤੇਲ ਦਾ ਉਤਪਾਦਨ ਅਤੇ ਨਿਕਾਸੀ ਦਰ, ਅਮਰੀਕੀ ਤੇਲ ਦੇ ਮੁਕਾਬਲੇ ਘੱਟ ਪੈਂਦੀ ਹੈ। ਆਖ਼ਿਰ 'ਚ ਇੱਕ ਹੋਰ ਕਾਰਕ ਇਹ ਹੈ ਕਿ ਆਪਣੇ ਖ਼ਿਲਾਫ਼ ਪਾਬੰਦੀਆਂ ਲੱਗੀਆਂ ਹੋਣ ਦੇ ਨਾਤੇ ਰੂਸ ਭਾਰਤ ਵਰਗੇ ਮੁਲਕਾਂ ਨੂੰ ਤੇਲ ਦੀ ਖ਼ਰੀਦ ਲਈ ਦਰਾਂ 'ਚ ਰਿਆਇਤਾਂ ਦਿੰਦਾ ਆਇਆ ਹੈ। ਇਹ ਸਭ ਰੂਸੀ ਤੇਲ ਦੇ ਆਯਾਤ ਦੇ ਪੱਖ 'ਚ ਕੀਮਤ ਦਾ ਤਰਾਜੂ ਜ਼ਿਕਰਯੋਗ ਢੰਗ ਨਾਲ ਝੁਕਾਅ ਦਿੰਦਾ ਹੈ ਅਤੇ ਜੇ ਭਾਰਤ ਉਸ ਤੋਂ ਤੇਲ ਖ਼ਰੀਦਣਾ ਬੰਦ ਕਰਦਾ ਹੈ ਤਾਂ ਇਸਦਾ ਮਤਲਬ ਹੋਵੇਗਾ ਭਾਰਤ 'ਚ ਮਹਿੰਗਾਈ ਦੀ ਦਰ 'ਚ ਜ਼ਿਕਰਯੋਗ ਵਾਧਾ ਹੋਣਾ ਕਿਉਂਕਿ ਮੁਕਾਬਲਤਨ ਮਹਿੰਗੇ ਤੇਲ ਦਾ ਆਯਾਤ ਕਰਨ 'ਚ ਤਮਾਮ ਲਾਗਤਾਂ ਵੱਧ ਜਾਣਗੀਆਂ। ਮਹਿੰਗਾਈ 'ਚ ਵਾਧੇ ਦੀ ਮਾਰ ਜ਼ਿਆਦਾਤਰ ਗਰੀਬ ਪਰਿਵਾਰਾਂ ਨੂੰ ਹੀ ਪ੍ਰਭਾਵਿਤ ਕਰੇਗੀ। ਦੁਨੀਆ 'ਚ ਕਿਸੇ ਵੀ ਮੁਲਕ ਨੂੰ ਇਹ ਕਾਨੂੰਨੀ ਜਾਂ ਨੈਤਿਕ ਅਧਿਕਾਰ ਨਹੀਂ ਹੈ ਕਿ ਕਿਸੇ ਦੂਸਰੇ ਮੁਲਕ ਤੋਂ ਇਸ ਦੀ ਮੰਗ ਕਰੇ ਕਿ ਆਪਣੇ ਗਰੀਬ ਮੁਲਕ ਵਾਸੀਆਂ ਦੀ ਕੀਮਤ 'ਤੇ ਮਹਿੰਗਾਈ ਵਧਾਉਣ ਵਾਲੇ ਕਦਮ ਚੁੱਕੇ। ਬੇਸ਼ੱਕ ਅਮਰੀਕਾ ਨੂੰ ਇਸ ਨਾਲ ਫ਼ਰਕ ਪੈਂਦਾ ਹੋਵੇਗਾ ਕਿ ਉਹ ਜੋ ਮੰਗ ਕਰ ਰਿਹਾ ਹੈ, ਉਸ ਨਾਲ ਭਾਰਤ 'ਚ ਗਰੀਬਾਂ 'ਤੇ ਹੀ ਮਾਰ ਪਵੇਗੀ। ਪਰ ਭਾਰਤ ਦੀ ਸਰਕਾਰ ਦੀ ਤਾਂ ਇਹ ਜ਼ਿੰਮੇਦਾਰੀ ਬਣਦੀ ਹੈ ਕਿ ਗਰੀਬਾਂ 'ਤੇ ਇਸ ਢੰਗ ਦੀਆਂ ਮੁਸ਼ਕਿਲਾਂ ਨੂੰ ਰੋਕੇ।

ਫਿਰ ਵੀ ਆਲਮੀ ਅਰਥਵਿਵਸਥਾ ਲਈ, ਜਿਸ ਵਿਚ ਖ਼ੁਦ ਅਮਰੀਕਾ ਦੀ ਆਪਣੀ ਆਰਥਿਕਤਾ ਵੀ ਸ਼ਾਮਿਲ ਹੈ, ਜੋ ਸਿੱਟੇ ਨਿਕਲਣਗੇ ਉਨ੍ਹਾਂ ਪ੍ਰਤੀ ਤਾਂ ਅਮਰੀਕਾ ਨੂੰ ਵੀ ਕੋਈ ਫ਼ਰਕ ਨਹੀਂ ਪੈਣ ਵਾਲਾ। ਹੁਣ ਜਦੋਂ ਹੋਰਮੁਜ਼ ਸਟ੍ਰੇਟ ਇੱਕ ਵਾਰ ਫਿਰ ਬੰਦ ਹੋ ਗਿਆ ਹੈ ਅਤੇ ਪੱਛਮੀ ਏਸ਼ਿਆਈ ਤੇਲ ਦੇ ਬਦਲਵੇਂ ਰਸਤੇ ਦੇ ਬਹੁਤ ਹੀ ਮਹੱਤਵਪੂਰਣ ਰਾਹ ਬਾਬ ਅਲ ਮੰਦੇਬ 'ਤੇ ਹੂਤੀਆਂ ਦਾ ਨਿਯੰਤਰਣ ਹੈ, ਆਲਮੀ ਆਰਥਿਕਤਾ 'ਚ ਤੇਲ ਦੀ ਭਾਰੀ ਤੰਗੀ ਪੈਦਾ ਹੋ ਗਈ ਹੈ। ਇਹ ਤੰਗੀ ਇਸ ਲਈ ਹੋਰ ਵੀ ਵੱਧ ਗਈ ਹੈ ਕਿ ਸਾਊਦੀ ਅਰਬ ਨੇ ਪੂਰਬ-ਪੱਛਮ ਪਾਈਪ ਲਾਈਨ ਬੰਦ ਕਰ ਦਿੱਤੀ ਹੈ। ਇਸ ਪਾਈਪ ਲਾਈਨ ਨੂੰ ਡਰੋਨ ਹਮਲਿਆਂ ਦੇ ਬਾਅਦ ਬੰਦ ਕੀਤਾ ਗਿਆ ਹੈ, ਜਿਨ੍ਹਾਂ 'ਚ ਰਿਆਦ ਅਤੇ ਮਦੀਨਾ ਦੇ ਇਲਾਕਿਆਂ 'ਚੋਂ ਪੰਪਿੰਗ ਸਟੇਸ਼ਨਾਂ ਨੂੰ ਨੁਕਸਾਨ ਪੁੱਜਾ ਸੀ। ਇਨ੍ਹਾਂ ਸਾਰੇ ਕਾਰਨਾਂ ਨੂੰ ਮਿਲਾ ਕੇ ਆਲਮੀ ਤੇਲ

(ਬਾਕੀ ਅਗਲੇ ਸਫੇ 'ਤੇ)

# 'ਮਰਦਵਾਦ' ਤੋਂ ਅੱਗੇ: ਔਰਤਾਂ ਦੀ ਸੁਰੱਖਿਆ ਦਾ ਮਸਲਾ ਸਮਾਜਕ ਸੰਕਟ ਨਾ ਕਿ ਔਰਤਾਂ ਤੇ ਮਰਦਾਂ ਦੀ ਜੰਗ

**ਵਿਦਿਆ ਭੂਸ਼ਣ ਰਾਵਤ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

***ਸੱਤਾ ਦੀ ਸਿਆਸਤ ਵਿਚ ਹਰ ਕੋਈ ਮੁੱਦਿਆਂ ਨੂੰ ਵੱਖ-ਵੱਖ ਖਾਨਿਆਂ ਵਿਚ ਵੰਡਣਾ ਚਾਹੁੰਦਾ ਹੈ, ਤਾਂ ਜੋ ਕੁਝ ਲੋਕ ਆਗੂ ਬਣਨ ਦਾ ਮੌਕਾ ਹਾਸਲ ਕਰ ਸਕਣ। ਕੋਈ ਵੀ ਇਸ ਤੱਥ ਤੋਂ ਇਨਕਾਰ ਨਹੀਂ ਕਰਦਾ। ਪਰ ਅਹਿਮ ਗੱਲ ਇਹ ਹੈ ਕਿ ਔਰਤਾਂ ਦੀ ਸੁਰੱਖਿਆ ਸਿਰਫ਼ ਔਰਤਾਂ ਦਾ ਮੁੱਦਾ ਨਹੀਂ ਹੈ; ਇਹ ਹਰ ਕਿਸੇ ਦਾ ਮੁੱਦਾ ਹੈ। ਅਤੇ ਸਿਰਫ਼ ਔਰਤਾਂ ਦੀ ਸੁਰੱਖਿਆ ਉੱਤੇ ਹੀ ਕਿਉਂ ਰੁਕਿਆ ਜਾਵੇ? ਹਰ ਨਾਗਰਿਕ ਸੁਰੱਖਿਆ ਦਾ ਹੱਕਦਾਰ ਹੈ। ਮੈਂ ਵੀ ਦੇਰ ਰਾਤ ਸਫ਼ਰ ਕਰਦਿਆਂ ਅਸਹਿਜ ਮਹਿਸੂਸ ਕਰਦਾ ਹਾਂ ਅਤੇ ਸਾਰੀ ਉਮਰ ਇਸ ਤੋਂ ਬਚਦਾ ਰਿਹਾ ਹਾਂ। ਅਮਨ-ਕਾਨੂੰਨ ਦੇ ਮੁੱਦਿਆਂ ਨਾਲ ਨਿਰਪੱਖ ਢੰਗ ਨਾਲ ਅਤੇ ਲੋਕਾਂ ਨਾਲ ਤਾਲਮੇਲ ਕਰਕੇ ਨਜਿੱਠਣ ਦੀ ਲੋੜ ਹੈ।***

ਦਿੱਲੀ ਵਿਚ ਇਨ੍ਹੀਂ ਦਿਨੀਂ ਅਨੇਕਾਂ ਰੋਸ ਪ੍ਰਦਰਸ਼ਨ ਹੋ ਰਹੇ ਹਨ। ਭਾਵੇਂ ਇਹ ਪ੍ਰਦਰਸ਼ਨ ਲੋਕਤੰਤਰ ਦੀ ਸਿਹਤ ਲਈ ਬੇਹੱਦ ਜ਼ਰੂਰੀ ਹਨ, ਫਿਰ ਵੀ ਇਨ੍ਹਾਂ ਨੂੰ ਰੋਕਣ ਜਾਂ ਅਪਰਾਧ ਕਰਾਰ ਦੇਣ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਸੁਰੱਖਿਆ ਦਾ ਵਿਸ਼ਾਲ ਘੇਰਾ ਖੜ੍ਹਾ ਕਰਕੇ ਲੋਕਾਂ ਨੂੰ ਡਰਾਉਣਾ ਸੱਤਾਧਾਰੀ ਕੁਲੀਨ ਵਰਗ ਦੀ ਪੁਰਾਣੀ ਯੁੱਧਨੀਤੀ ਰਹੀ ਹੈ, ਪਰ ਨਾਗਰਿਕ ਉਨ੍ਹਾਂ ਨੂੰ ਚੁਣੌਤੀ ਦੇ ਕੇ ਆਪਣੀ ਹਾਜ਼ਰੀ ਦਰਜ ਕਰਵਾਉਂਦੇ ਰਹਿੰਦੇ ਹਨ। ਇਨ੍ਹਾਂ ਸਾਰੇ ਪ੍ਰਦਰਸ਼ਨਾਂ ਵਿਚੋਂ ਸਭ ਤੋਂ 'ਨਿਵੇਕਲਾ' ਦਿੱਲੀ ਯੂਨੀਵਰਸਿਟੀ ਦੀਆਂ ਕੁੜੀਆਂ ਦਾ 'ਮਰਦਵਾਦ' ਵਿਰੁੱਧ ਰੋਸ ਪ੍ਰਦਰਸ਼ਨ ਜਾਪਦਾ ਹੈ।

ਸੱਚ ਕਹਾਂ ਤਾਂ ਮੈਨੂੰ ਸ਼ੁਰੂ ਤੋਂ ਹੀ ਇਹ ਸ਼ਬਦ ਪਸੰਦ ਨਹੀਂ ਰਿਹਾ। ਮੈਨੂੰ ਲੱਗਦਾ ਹੈ ਕਿ ਇਸ ਦੀ ਉਤਪਤੀ ਜਗੀਰੂ, ਮਰਦਾਵੀਂ ਸੱਤਾ ਢਾਂਚੇ ਵਿਚੋਂ ਹੋਈ ਹੈ। 'ਮਰਦ' ਇੱਕ ਖ਼ਾਸ ਕਿਸਮ ਦੀ 'ਮਰਦਾਨਗੀ' ਦਾ ਜਸ਼ਨ ਹੈ। ਉੱਨੀ ਸੌ ਸੱਠਵਿਆਂ ਦੇ ਦਹਾਕੇ ਵਿਚ ਸਿਨੇਮਾ ਹਮੇਸ਼ਾ 'ਮਰਦ' ਨੂੰ ਦੇਵ ਆਨੰਦ ਵਰਗੇ ਰੂਪ ਵਿਚ ਪੇਸ਼ ਕਰਦਾ ਸੀ—ਅਦਾਵਾਂ ਨਾਲ ਭਰਪੂਰ, 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਿਆ' ਗਾਉਂਦਾ ਹੋਇਆ, ਸਿਗਰਟ ਪੀਂਦਾ, ਆਪਣੀ ਪ੍ਰੇਮਿਕਾ ਜਾਂ ਪਤਨੀ ਦੇ ਮੂੰਹ ਉੱਤੇ ਧੂੰਆਂ ਛੱਡਦਾ ਅਤੇ ਸਿਰ ਉੱਚਾ ਕਰਕੇ ਗੱਲਾਂ ਕਰਦਾ ਹੋਇਆ, ਜਦੋਂਕਿ ਔਰਤ ਸਿਰਫ਼ ਸੁਣਦੀ ਰਹਿੰਦੀ ਸੀ। ਬਾਅਦ ਵਿਚ ਮਨੋਜ ਕੁਮਾਰ ਦੀਆਂ ਫ਼ਿਲਮਾਂ ਵਰਗੀਆਂ ਪੇਸ਼ਕਾਰੀਆਂ ਵਿਚ 'ਬੁਰੀਆਂ' ਔਰਤਾਂ ਨੂੰ ਸਿਗਾਰ ਪੀਂਦਿਆਂ ਅਤੇ ਸ਼ਰਾਬ ਪੀਂਦਿਆਂ ਦਿਖਾਇਆ ਗਿਆ। ਇਹ ਉਹ ਸਾਲ ਵੀ ਸਨ ਜਦੋਂ ਸਿਗਰਟਾਂ ਦੇ ਇਸ਼ਤਿਹਾਰਾਂ ਵਿਚ 'ਮਰਦੋਂ ਵਾਲੀ ਬਾਤ' ਵਰਗੀ ਟੈਗਲਾਈਨ ਵਰਤੀ ਜਾਂਦੀ ਸੀ।

ਇਸ ਤੰਗਨਜ਼ਰ ਸ਼ਬਦ ਨੂੰ ਬੰਬਈ ਦੇ ਮੁੱਖਧਾਰਾਈ ਸਿਨੇਮਾ ਰਾਹੀਂ ਵਿਆਪਕ ਪ੍ਰਵਾਨਗੀ ਮਿਲੀ। 'ਮਰਦ' ਨਾਲ ਜੁੜੀ ਨਕਾਰਾਤਮਕਤਾ ਨੂੰ 'ਸਕਾਰਾਤਮਕਤਾ' ਵਿਚ ਬਦਲਣ ਲਈ ਫ਼ਿਲਮਸਾਜ਼ਾਂ ਨੇ ਮਰਦ ਅਤੇ ਮਰਦ ਕੀ ਜ਼ੁਬਾਨ ਵਰਗੀਆਂ ਫ਼ਿਲਮਾਂ ਬਣਾਈਆਂ ਅਤੇ ਇਸ ਸ਼ਬਦ ਨੂੰ ਔਰਤਾਂ ਦੀ 'ਰੱਖਿਆ ਕਰਨ' ਦਾ ਸਮਾਨਾਰਥੀ ਬਣਾ ਦਿੱਤਾ।

ਫ਼ਿਲਮਾਂ ਦੀ ਦੁਨੀਆ ਤੋਂ ਦੂਰ, ਅੰਦਰੂਨੀ ਇਲਾਕਿਆਂ ਦੀਆਂ ਔਰਤਾਂ 'ਮਰਦ' ਸ਼ਬਦ ਨੂੰ ਸਕਾਰਾਤਮਕ ਅਰਥਾਂ ਵਿਚ ਬਹੁਤ ਘੱਟ ਵਰਤਦੀਆਂ ਹਨ। ਹਿੰਦੀ ਦਾ ਸ਼ਬਦ 'ਪੁਰਸ਼' ਕਿਤੇ ਵੱਧ ਸੱਭਿਅਕ ਹੈ, ਕਿਉਂਕਿ ਇਸ ਨਾਲ ਉਹੀ ਜਗੀਰੂ ਬੋਝ ਨਹੀਂ ਜੁੜਿਆ ਹੋਇਆ, ਹਾਲਾਂਕਿ 'ਪੁਰਸ਼ਾਰਥ' ਪੂਰੀ ਤਰ੍ਹਾਂ ਜਗੀਰੂ ਸ਼ਬਦ ਹੈ ਅਤੇ ਇਸ ਵਿਚ ਵੀ 'ਸਕਾਰਾਤਮਕਤਾ' ਦਾ ਮਿਲਦਾ-ਜੁਲਦਾ ਭਾਵ ਮੌਜੂਦ ਹੈ। ਪਰ ਉੱਤਰ ਪ੍ਰਦੇਸ਼, ਕੌਮੀ ਰਾਜਧਾਨੀ ਖੇਤਰ, ਬਿਹਾਰ ਅਤੇ ਹੋਰ ਥਾਵਾਂ ਦੀਆਂ ਕੰਧਾਂ ਤੇ ਜਨਤਕ ਪਖਾਨਿਆਂ ਵਿਚ 'ਮਰਦ' ਇੱਕ ਆਮ ਲਿਖਿਆ ਹੋਇਆ ਸ਼ਬਦ ਹੁੰਦਾ ਸੀ। ਜਿਨਸੀ ਰੋਗਾਂ ਦੇ ਮਾਹਿਰਾਂ ਦੇ ਉਨ੍ਹਾਂ 'ਇਸ਼ਤਿਹਾਰਾਂ' ਵਿਚ ਇਸ ਦੀ ਭਰਮਾਰ ਹੁੰਦੀ ਸੀ, ਜਿਨ੍ਹਾਂ ਵਿਚ ਤੁਹਾਨੂੰ 'ਮਰਦ' ਬਣਾਉਣ ਲਈ 'ਸੌ ਫ਼ੀਸਦੀ ਗਾਰੰਟੀ' ਵਾਲੇ ਇਲਾਜ ਦੀ ਪੇਸ਼ਕਸ਼ ਕੀਤੀ ਜਾਂਦੀ ਸੀ। ਇੱਥੇ 'ਮਰਦ' ਅਤੇ 'ਮਰਦਾਨਗੀ' ਜਿਨਸੀ ਤਾਕਤ ਦੇ ਸਮਾਨਾਰਥੀ ਬਣ ਜਾਂਦੇ ਹਨ—ਜਿਵੇਂ ਤੁਸੀਂ ਆਪਣੇ ਸਾਥੀ ਨਾਲ ਕੁਸ਼ਤੀ ਦਾ ਮੁਕਾਬਲਾ ਕਰਨਾ ਹੋਵੇ ਅਤੇ ਬਿਸਤਰੇ ਵਿਚ ਉਸ ਨੂੰ 'ਹਰਾਉਣਾ' ਹੋਵੇ। ਇਹ 'ਦਬਦਬਾ' ਇਨ੍ਹਾਂ ਜਿਨਸੀ ਰੋਗਾਂ ਦੇ ਮਾਹਿਰਾਂ ਦੀਆਂ ਗੱਲਾਂ ਦਾ ਕੇਂਦਰੀ ਵਿਸ਼ਾ ਹੁੰਦਾ ਹੈ। ਇਹ ਸਾਡੇ ਸਮਾਜ ਦੇ ਸਮਾਜਿਕ ਤੌਰ-ਤਰੀਕਿਆਂ ਅਤੇ ਵਰਜਣਾਵਾਂ ਨੂੰ ਦਰਸਾਉਂਦਾ ਹੈ, ਜਿੱਥੇ 'ਮਰਦ' ਉਸ ਵਿਅਕਤੀ ਨੂੰ ਸਮਝਿਆ ਜਾਂਦਾ ਹੈ ਜਿਸ ਦਾ ਪੂਰਾ ਕੰਟਰੋਲ ਹੋਵੇ। ਦਰਅਸਲ, ਕਿਸੇ ਨੂੰ 'ਨਾਮਰਦ'—ਭਾਵ ਨਪੁੰਸਕ ਜਾਂ ਮਰਦ ਹੋਣ ਦੇ ਮਿਆਰ ਤੋਂ ਊਣਾ—ਕਹਿਣਾ ਉਸ ਨੂੰ ਖ਼ੁਦਕੁਸ਼ੀ ਵੱਲ ਵੀ ਧੱਕ ਸਕਦਾ ਹੈ। ਇਹ ਇਸ ਸ਼ਬਦ ਦੀ ਤਾਕਤ ਹੈ; ਭਾਰਤ ਵਿਚ ਕਿਸੇ ਮਰਦ ਦੀ ਜਿਨਸੀ ਸਮਰੱਥਾ ਨੂੰ ਚੁਣੌਤੀ ਦੇਣ ਨੂੰ ਘੋਰ ਬੇਇੱਜ਼ਤੀ ਸਮਝਿਆ ਜਾਂਦਾ ਹੈ।

ਮੈਨੂੰ ਲੱਗਦਾ ਸੀ ਕਿ ਨਵੀਂ ਪੀੜ੍ਹੀ ਇਨ੍ਹਾਂ ਸਾਰੀਆਂ ਗੱਲਾਂ ਤੋਂ ਅੱਗੇ ਲੰਘ ਜਾਵੇਗੀ। ਜਿਉਂ-ਜਿਉਂ ਔਰਤਾਂ ਆਪਣੇ ਪੈਰਾਂ ਉੱਤੇ ਖੜ੍ਹੀਆਂ ਹੋ ਰਹੀਆਂ ਹਨ, ਮੈਂ ਸੋਚਦਾ ਸੀ ਕਿ ਉਹ ਆਪਣੇ ਕੰਮਾਂ ਵੱਲ ਧਿਆਨ ਦੇਣਗੀਆਂ ਅਤੇ ਬਿਹਤਰ ਸਾਂਝਾਂ ਬਣਾਉਣਗੀਆਂ। ਸਭ ਨੂੰ ਇੱਕੋ ਰੱਸੇ ਬੰਨ੍ਹਣ ਵਾਲੇ ਸਾਧਾਰਨੀਕਰਨ ਸਿਰਫ਼ ਕੁਝ ਕੁਲੀਨ ਲੋਕਾਂ ਦੀ ਹੀ ਮਦਦ ਕਰਦੇ ਹਨ, ਜੋ ਖ਼ੁਦ ਇਨ੍ਹਾਂ ਸਮੱਸਿਆਵਾਂ ਨੂੰ ਨਹੀਂ ਝੱਲਦੇ, ਪਰ ਇਨ੍ਹਾਂ ਦਾ ਲਾਹਾ ਲੈ ਸਕਦੇ ਹਨ। ਮੈਨੂੰ ਲੱਗਦਾ ਸੀ ਕਿ 'ਮਰਦ' ਸ਼ਬਦ ਦੀ ਚਮਕ ਪਹਿਲਾਂ ਹੀ ਫਿੱਕੀ ਪੈ ਚੁੱਕੀ ਹੈ। ਇਸ ਲਈ ਮੈਨੂੰ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਨੌਜਵਾਨ ਕੁੜੀਆਂ—ਜੋ ਅਜੇ ਅੱਲ੍ਹੜ ਉਮਰ ਵਿਚ ਵੀ ਨਹੀਂ ਪਹੁੰਚੀਆਂ—ਆਪਣੇ ਨਾਅਰਿਆਂ ਵਿਚ 'ਮਰਦ' ਸ਼ਬਦ ਦੀ ਤੁਕਬੰਦੀ ਕਰ ਰਹੀਆਂ ਹਨ। ਮੈਂ ਸੋਚਦਾ ਹਾਂ ਕਿ ਕੀ ਇਨ੍ਹਾਂ ਕੁੜੀਆਂ ਨੇ ਇਨ੍ਹਾਂ ਪ੍ਰਦਰਸ਼ਨਾਂ ਤੋਂ ਪਹਿਲਾਂ ਕਦੇ ਇਹ ਸ਼ਬਦ ਵਰਤਿਆ ਵੀ ਸੀ, ਪਰ ਹੁਣ 'ਮਰਦ ਜਾਤ' ਸਾਰਿਆਂ ਲਈ ਨਵੀਂ ਸ਼ਬਦਾਵਲੀ ਬਣ ਗਈ ਹੈ। ਸਮੱਸਿਆ ਇਹ ਹੈ ਕਿ ਇਸ ਖ਼ਾਸ ਭਾਸ਼ਾਈ ਪ੍ਰਸੰਗ ਤੋਂ ਬਾਹਰ ਦੇ ਲੋਕ ਉਨ੍ਹਾਂ ਨਾਅਰਿਆਂ ਨਾਲ ਸਹਿਜ ਕਿਵੇਂ ਮਹਿਸੂਸ ਕਰ ਸਕਦੇ ਹਨ, ਜਿਨ੍ਹਾਂ ਦੀ ਸ਼ਬਦਾਵਲੀ ਉਨ੍ਹਾਂ ਦੀ ਰੋਜ਼ਮਰ੍ਹਾ ਦੀ ਬੋਲੀ ਦਾ ਹਿੱਸਾ ਹੀ ਨਹੀਂ ਹੈ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਔਰਤਾਂ ਦੀ ਸੁਰੱਖਿਆ ਸਾਡੇ ਸਾਰਿਆਂ ਦੀ ਫ਼ਿਕਰਮੰਦੀ ਦਾ ਵਿਸ਼ਾ ਹੈ। ਔਰਤਾਂ ਵਿਰੁੱਧ ਹਿੰਸਾ, ਬੱਚੀਆਂ ਦੀ ਅਣਦੇਖੀ ਨੂੰ ਸਮਾਜ ਵਿਚ ਆਮ ਗੱਲ ਮੰਨ ਲੈਣਾ ਅਤੇ ਪਿਛਾਂਹ-ਖਿੱਚੂ ਵਿਚਾਰਾਂ ਨੂੰ ਸਿਆਸੀ ਸਰਪ੍ਰਸਤੀ ਮਿਲਣਾ ਅੱਜ ਦਾ ਆਮ ਵਰਤਾਰਾ ਹੈ। ਫਿਰ ਵੀ ਮੈਂ ਹਮੇਸ਼ਾ ਇਹੀ ਸੁਝਾਅ ਦੇਵਾਂਗਾ




ਕਿ ਇਹ 'ਮਰਦਾਂ' ਵਿਰੁੱਧ ਜੰਗ ਨਹੀਂ ਹੈ। ਜੇ ਇਸ ਨੂੰ ਮਰਦਾਂ ਬਨਾਮ ਔਰਤਾਂ ਦੀ ਜੰਗ ਵਜੋਂ ਪੇਸ਼ ਕੀਤਾ ਗਿਆ, ਤਾਂ ਇਹ ਜੰਗ ਕਦੇ ਸਫ਼ਲ ਨਹੀਂ ਹੋਵੇਗੀ।

ਜਿਵੇਂ ਮੈਂ ਕਿਹਾ ਹੈ, ਸਾਡੇ ਦਰਮਿਆਨ ਬਹੁਤ ਵੱਡੀ ਵੰਨ-ਸੁਵੰਨਤਾ ਹੈ। ਇੱਕ ਦਲਿਤ ਔਰਤ ਕਹੇਗੀ ਕਿ ਉਸ ਨੂੰ ਹੋਰ ਵੀ ਮਾੜੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਵਾਲਮੀਕੀ ਜਾਂ ਡੂਮ ਔਰਤ ਕਹੇਗੀ ਕਿ ਉਹ ਸਭ ਤੋਂ ਵੱਧ ਪ੍ਰਭਾਵਿਤ ਹੈ। ਅੱਜ ਮੁਸਲਿਮ ਔਰਤਾਂ ਨੂੰ ਸੜਕਾਂ ਉੱਤੇ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ, ਜ਼ਿਆਦਤੀ ਕਰਨ ਵਾਲੇ ਸਿਰਫ਼ 'ਮਰਦ' ਹੀ ਨਹੀਂ ਹੁੰਦੇ—ਉਹ ਵੱਖ-ਵੱਖ ਪਿਛੋਕੜਾਂ ਵਿਚੋਂ ਆਉਂਦੇ ਹਨ ਅਤੇ ਜਾਤੀ, ਧਾਰਮਿਕ ਤੇ ਨਸਲੀ ਸਰਬਉੱਚਤਾ ਦੀ ਭਾਵਨਾ 'ਤੋਂ ਪ੍ਰੇਰਿਤ ਹੁੰਦੇ ਹਨ। ਕੀ ਔਰਤਾਂ ਆਪਣੇ ਵੰਸ਼ ਉੱਤੇ ਮਾਣ ਨਹੀਂ ਕਰਦੀਆਂ? ਕੀ ਔਰਤਾਂ ਨੂੰ ਆਪਣੇ ਮੁਸਲਿਮ, ਦਲਿਤ, ਹਿੰਦੂ, ਇਸਾਈ, ਬ੍ਰਾਹਮਣ, ਠਾਕੁਰ ਜਾਂ ਕਿਸੇ ਹੋਰ ਪਛਾਣ ਨਾਲ ਸੰਬੰਧਿਤ ਹੋਣ ਦਾ ਮਾਣ ਨਹੀਂ ਹੁੰਦਾ? ਜ਼ਰੂਰੀ ਹੈ ਕਿ ਅਸੀਂ ਅਸਲ ਮੁੱਦਿਆਂ ਨੂੰ ਨਿਸ਼ਾਨੇ 'ਤੇ ਰੱਖੀਏ, ਉਨ੍ਹਾਂ ਬਾਰੇ ਗੱਲ ਕਰੀਏ ਅਤੇ ਸੰਸਥਾਗਤ ਕਾਰਵਾਈ ਦੀ ਮੰਗ ਕਰੀਏ। ਸਾਡੇ ਕੋਲ ਸੰਵਿਧਾਨ ਹੈ ਅਤੇ ਇਸ ਨੂੰ ਇਮਾਨਦਾਰੀ ਤੇ ਨਿਰਪੱਖਤਾ ਨਾਲ ਲਾਗੂ ਕਰਨ ਨਾਲ ਨਤੀਜੇ ਮਿਲਣਗੇ। ਕੀ ਇਹ ਸੱਚ ਨਹੀਂ ਕਿ ਔਰਤਾਂ ਨੇ ਵੀ ਨਸਲੀ ਅਤੇ ਜਾਤੀ ਨਫ਼ਰਤ ਫੈਲਾਉਣ ਵਾਲਿਆਂ ਨਾਲ ਹੱਥ ਮਿਲਾਏ ਹਨ? ਕੀ ਇਸ ਲਈ ਸਾਨੂੰ ਸਾਰੀਆਂ ਔਰਤਾਂ ਨੂੰ ਦੋਸ਼ੀ ਠਹਿਰਾਉਣਾ ਚਾਹੀਦਾ ਹੈ? ਇਨ੍ਹੀਂ ਦਿਨੀਂ ਯੂਟਿਊਬ ਉੱਤੇ ਸੈਂਕੜੇ ਵੀਡੀਓ ਅਤੇ ਰੀਲਾਂ ਹਨ, ਜਿਨ੍ਹਾਂ ਵਿਚ ਔਰਤ ਪੇਸ਼ਕਾਰ ਵਿਆਹਾਂ ਅਤੇ ਸਾਡੀਆਂ ਸਮਾਜਕ ਵਿਵਸਥਾਵਾਂ ਦੀ ਨਾਕਾਮੀ ਲਈ ਔਰਤਾਂ ਨੂੰ ਦੋਸ਼ ਦਿੰਦੀਆਂ ਹਨ। ਇਹ ਔਰਤਾਂ ਸਿਰਫ਼ ਮਰਦਾਂ ਦੀਆਂ 'ਕਠਪੁਤਲੀਆਂ' ਨਹੀਂ ਹਨ; ਉਹ ਸਮਰੱਥ ਅਤੇ ਸੁਤੰਤਰ ਹਨ।

ਇਹ ਮਸਲਾ ਨਾਅਰੇਬਾਜ਼ੀ ਤੋਂ ਕਿਤੇ ਵੱਡਾ ਹੈ। ਅੱਜ ਲੱਖਾਂ ਔਰਤਾਂ ਜਿਤੀਆ ਦੇ ਮੌਕੇ 'ਤੇ ਆਪਣੇ ਵਰਤ ਖੋਲ੍ਹ ਰਹੀਆਂ ਹਨ। ਇਹ ਵਰਤ ਅਸਲ ਵਿਚ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਅਰਦਾਸ ਕਰਨ ਵਾਸਤੇ ਰੱਖਿਆ ਜਾਂਦਾ ਹੈ, ਪਰ ਮੁੱਖ ਤੌਰ ਉੱਤੇ ਮਾਵਾਂ ਵੱਲੋਂ ਪੁੱਤਰਾਂ ਦੀ ਲੰਮੀ ਉਮਰ, ਤੰਦਰੁਸਤੀ ਅਤੇ ਸ਼ੁਭ ਕਾਮਨਾਵਾਂ ਲਈ। ਇਹ ਵਰਤ ਬੇਹੱਦ ਔਖਾ ਹੈ, ਕਿਉਂਕਿ ਇਸ ਦੌਰਾਨ ਉਹ ਪਾਣੀ ਤੱਕ ਨਹੀਂ ਪੀਂਦੀਆਂ। ਕੁਝ ਦਿਨਾਂ ਬਾਅਦ ਪੂਰਾ ਦੇਸ਼ ਕਰਵਾ ਚੌਥ 'ਮਨਾਏਗਾ' ਅਤੇ ਖ਼ਬਰਾਂ ਵਿਚ ਰਹਿਣ ਵਾਲੀਆਂ ਕਈ ਹਸਤੀਆਂ ਇਨ੍ਹਾਂ ਤਿਉਹਾਰੀ ਰਸਮਾਂ ਦੇ ਸਿੱਧੇ ਪ੍ਰਸਾਰਣ ਵਿਚ ਸ਼ਾਮਲ ਹੋਣਗੀਆਂ। ਤੁਸੀਂ ਰੱਖੜੀ ਪਹਿਲਾਂ ਹੀ ਮਨਾ ਚੁੱਕੇ ਹੋ ਅਤੇ ਹੁਣ ਅਗਲੇ ਸਾਲ ਦੀ ਉਡੀਕ ਕਰੋਗੇ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਸਾਰੇ ਤਿਉਹਾਰਾਂ ਵਿਚ ਔਰਤਾਂ ਪ੍ਰਤੀ ਪੱਖਪਾਤ ਮੌਜੂਦ ਹੈ ਅਤੇ ਇਹ ਹਰ ਸਾਲ ਜਾਰੀ ਰਹਿਣਗੇ। ਕੀ ਤੁਸੀਂ ਇਨ੍ਹਾਂ ਵਿਰੁੱਧ ਆਵਾਜ਼ ਉਠਾਓਗੇ? ਜੇ ਹਾਂ, ਤਾਂ ਤੁਹਾਡੇ ਰਿਸ਼ਤੇਦਾਰ ਅਤੇ ਸਮਾਜ ਤੁਹਾਡਾ ਬਾਈਕਾਟ ਕਰਨਗੇ। ਤੁਸੀਂ ਕਿਸੇ ਖ਼ਲਾਅ ਵਿਚ ਪੈਦਾ ਨਹੀਂ ਹੋਏ; ਤੁਸੀਂ ਸਮਾਜ ਦਾ ਹਿੱਸਾ ਹੋ। 'ਵਿਅਕਤੀ' ਦੀ ਇਹ ਸਾਰੀ ਗੱਲ ਇੱਕ ਵੱਡਾ ਝੂਠ ਹੈ। ਦੁਨੀਆ ਦੇ ਸਭ ਤੋਂ ਤਾਕਤਵਰ ਲੋਕਾਂ ਨੂੰ ਵੀ, ਜੋ ਆਪਣੀ 'ਵਿਅਕਤੀਗਤ ਆਜ਼ਾਦੀ' ਮਾਣਦੇ ਹਨ, ਆਪਣੇ ਕੰਮਾਂ ਲਈ ਸਮਾਜਕ ਪ੍ਰਵਾਨਗੀ ਹਾਸਲ ਕਰਨੀ ਪੈਂਦੀ ਹੈ।

ਗੱਲ ਸਿੱਧੀ ਹੈ। ਔਰਤਾਂ ਦੀ ਸੁਰੱਖਿਆ ਅਤੇ ਸੁਤੰਤਰਤਾ ਸਾਡੇ ਸਾਰਿਆਂ ਨਾਲ ਜੁੜੇ ਮੁੱਦੇ ਹਨ ਅਤੇ ਇਨ੍ਹਾਂ ਨਾਲ ਕਾਨੂੰਨੀ ਤੇ ਸੱਭਿਆਚਾਰਕ,

## ਭਖਦਾ ਮਸਲਾ

ਦੋਵਾਂ ਪੱਧਰਾਂ ਉੱਤੇ ਨਜਿੱਠਣਾ ਲਾਜ਼ਮੀ ਹੈ। ਦੋਵਾਂ ਖੇਤਰਾਂ ਵਿਚ ਤੁਹਾਨੂੰ ਮਰਦਾਂ ਦੀ ਵੀ ਲੋੜ ਹੈ। ਸਾਲਾਂ ਤੋਂ ਅਸੀਂ ਪੁੱਛਦੇ ਆਏ ਹਾਂ ਕਿ ਔਰਤਾਂ ਦੇ ਮੁੱਦੇ ਸਿਰਫ਼ 'ਔਰਤਾਂ' ਦੇ ਹੀ ਮੁੱਦੇ ਕਿਵੇਂ ਹੋ ਸਕਦੇ ਹਨ? ਕੀ ਕਿਸੇ ਔਰਤ ਉੱਤੇ ਹਮਲਾ ਜਾਂ ਉਸ ਨਾਲ ਕੀਤੀ ਗਈ ਹਿੰਸਾ ਮਰਦਾਂ ਲਈ ਵੀ ਫ਼ਿਕਰਮੰਦੀ ਦਾ ਵਿਸ਼ਾ ਨਹੀਂ ਹੈ? ਜਦੋਂ ਸਾਡੇ ਬੱਚੇ ਬਾਹਰ ਹੁੰਦੇ ਹਨ, ਤਾਂ ਅਸੀਂ ਸਾਰੇ ਉਨ੍ਹਾਂ ਬਾਰੇ ਫ਼ਿਕਰਮੰਦ ਹੁੰਦੇ ਹਾਂ ਅਤੇ ਹਰ ਮਾਪਾ ਆਪਣੀ ਧੀ ਲਈ ਸੁਰੱਖਿਅਤ ਮਾਹੌਲ ਚਾਹੁੰਦਾ ਹੈ। ਖ਼ਾਸ ਤੌਰ ਉੱਤੇ ਪਿਤਾਵਾਂ ਦੀ ਨੀਂਦ ਉੱਡ ਜਾਂਦੀ ਹੈ, ਜਦੋਂ ਉਨ੍ਹਾਂ ਦੀ ਧੀ ਬਾਹਰ ਹੁੰਦੀ ਹੈ ਜਾਂ ਸਫ਼ਰ ਕਰ ਰਹੀ ਹੁੰਦੀ ਹੈ, ਕਿਉਂਕਿ ਉਨ੍ਹਾਂ ਨੂੰ ਉਸ ਦੀ ਸੁਰੱਖਿਆ ਦਾ ਫ਼ਿਕਰ ਹੁੰਦਾ ਹੈ।

ਸੱਤਾ ਦੀ ਸਿਆਸਤ ਵਿਚ ਹਰ ਕੋਈ ਮੁੱਦਿਆਂ ਨੂੰ ਵੱਖ-ਵੱਖ ਖਾਨਿਆਂ ਵਿਚ ਵੰਡਣਾ ਚਾਹੁੰਦਾ ਹੈ, ਤਾਂ ਜੋ ਕੁਝ ਲੋਕ ਆਗੂ ਬਣਨ ਦਾ ਮੌਕਾ ਹਾਸਲ ਕਰ ਸਕਣ। ਕੋਈ ਵੀ ਇਸ ਤੱਥ ਤੋਂ ਇਨਕਾਰ ਨਹੀਂ ਕਰਦਾ। ਪਰ ਅਹਿਮ ਗੱਲ ਇਹ ਹੈ ਕਿ ਔਰਤਾਂ ਦੀ ਸੁਰੱਖਿਆ ਸਿਰਫ਼ ਔਰਤਾਂ ਦਾ ਮੁੱਦਾ ਨਹੀਂ ਹੈ; ਇਹ ਹਰ ਕਿਸੇ ਦਾ ਮੁੱਦਾ ਹੈ। ਅਤੇ ਸਿਰਫ਼ ਔਰਤਾਂ ਦੀ ਸੁਰੱਖਿਆ ਉੱਤੇ ਹੀ ਕਿਉਂ ਰੁਕਿਆ ਜਾਵੇ? ਹਰ ਨਾਗਰਿਕ ਸੁਰੱਖਿਆ ਦਾ ਹੱਕਦਾਰ ਹੈ। ਮੈਂ ਵੀ ਦੇਰ ਰਾਤ ਸਫ਼ਰ ਕਰਦਿਆਂ ਅਸਹਿਜ ਮਹਿਸੂਸ ਕਰਦਾ ਹਾਂ ਅਤੇ ਸਾਰੀ ਉਮਰ ਇਸ ਤੋਂ ਬਚਦਾ ਰਿਹਾ ਹਾਂ। ਅਮਨ-ਕਾਨੂੰਨ ਦੇ ਮੁੱਦਿਆਂ ਨਾਲ ਨਿਰਪੱਖ ਢੰਗ ਨਾਲ ਅਤੇ ਲੋਕਾਂ ਨਾਲ ਤਾਲਮੇਲ ਕਰਕੇ ਨਜਿੱਠਣ ਦੀ ਲੋੜ ਹੈ।

ਦਿੱਲੀ ਸਰਕਾਰ ਔਰਤਾਂ ਲਈ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣ ਵਿਚ ਨਾਕਾਮ ਰਹੀ ਹੈ। ਭਾਜਪਾ ਨੇ ਪਹਿਲਾਂ ਨਿਰਭਯਾ ਮਾਮਲੇ ਦਾ ਸਿਆਸੀ ਲਾਹਾ ਲਿਆ ਸੀ ਅਤੇ ਉਸ ਵੇਲੇ ਵੀ ਅਸੀਂ ਇਹੋ ਜਿਹੀ ਨਾਅਰੇਬਾਜ਼ੀ ਦੇਖੀ ਸੀ, ਪਰ ਬਾਅਦ ਵਿਚ ਇਉਂ ਲੱਗਿਆ ਜਿਵੇਂ ਕੁਝ ਵੀ ਨਹੀਂ ਬਦਲੇਗਾ। ਹੁਣ ਹਾਲਾਤ ਹੋਰ ਵੀ ਜ਼ਿਆਦਾ ਮਾੜੇ ਹੋ ਗਏ ਹਨ। ਮੁੱਦਾ ਇਹ ਨਹੀਂ ਕਿ ਸੰਕਟ ਨੂੰ ਵਧੀਆ ਢੰਗ ਨਾਲ ਕੌਣ ਬਿਆਨ ਕਰ ਸਕਦਾ ਹੈ, ਸਗੋਂ ਇਹ ਹੈ ਕਿ ਇਸ ਦਾ ਅਸਲ ਵਿਚ ਹੱਲ ਕਿਵੇਂ ਕੀਤਾ ਜਾਵੇ। ਅਸੀਂ ਆਪਣੀਆਂ ਸੜਕਾਂ ਅਤੇ ਜਨਤਕ ਥਾਵਾਂ ਨੂੰ ਵੱਧ ਸੁਰੱਖਿਅਤ ਕਿਵੇਂ ਬਣਾ ਸਕਦੇ ਹਾਂ? ਇਸ ਦਾ ਜਵਾਬ ਸਰਕਾਰ ਵੱਲੋਂ ਆਉਣਾ ਚਾਹੀਦਾ ਹੈ। ਆਓ, ਇਸ ਨੂੰ ਇੱਕ ਮਨਘੜਤ ਬਹਿਸ ਵਿਚ ਬਦਲ ਕੇ ਅਸਲ ਮੁੱਦੇ ਤੋਂ ਧਿਆਨ ਨਾ ਭਟਕਾਈਏ। ਸੁਰੱਖਿਆ ਮੁਹੱਈਆ ਕਰਵਾਉਣਾ ਅਤੇ ਇਹ ਯਕੀਨੀ ਬਣਾਉਣਾ ਕਿ ਜਨਤਕ ਥਾਵਾਂ ਹਰ ਕਿਸੇ ਲਈ ਸੁਰੱਖਿਅਤ ਰਹਿਣ, ਸੱਤਾ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਨੂੰ ਮੌਜੂਦਾ ਸੰਕਟ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਇਹ ਬਹਾਨਾ ਬਣਾ ਕੇ ਪਨਾਹ ਨਹੀਂ ਲੈਣੀ ਚਾਹੀਦੀ ਕਿ ਇਹ ਮਹਿਜ਼ ਇੱਕ 'ਸੱਭਿਆਚਾਰਕ ਮੁੱਦਾ' ਹੈ।

---

***(ਪਿਛਲੇ ਸਫੇ ਦਾ ਬਾਕੀ)***

ਸਪਲਾਈ 'ਚ ਜੋ ਤੰਗੀ ਆਈ ਹੈ, ਉਸ ਦੇ ਚਲਦਿਆਂ 10 ਸਤੰਬਰ ਤੱਕ ਕੱਚੇ ਤੇਲ ਦਾ ਭਾਅ ਵੱਧ ਕੇ 105 ਡਾਲਰ 'ਤੇ ਪਹੁੰਚ ਚੁੱਕਾ ਸੀ ਅਤੇ ਉਸ ਤੋਂ ਬਾਅਦ ਇਸ ਦਾ ਭਾਅ ਇਸੇ ਦੇ ਆਲੇ ਦੁਆਲੇ ਰਿਹਾ ਹੈ।

ਹੁਣ ਜੇ ਭਾਰਤ ਅਤੇ ਚੀਨ ਵਰਗੇ ਮੁਲਕਾਂ ਨੂੰ ਰੂਸੀ ਕੱਚਾ ਤੇਲ ਖ਼ਰੀਦਣ ਤੋਂ ਮਹਿਰੂਮ ਕਰ ਦਿੱਤਾ ਜਾਂਦਾ ਹੈ ਤਾਂ ਆਲਮੀ ਬਾਜਾਰ 'ਚ ਕੱਚੇ ਤੇਲ ਦੇ ਭਾਅ ਹੋਰ ਵੱਧ ਜਾਣਗੇ। ਕੱਚੇ ਤੇਲ ਦੀਆਂ ਕੀਮਤਾਂ 'ਚ ਇਹ ਵਾਧਾ ਇਸ ਲਈ ਹੋਵੇਗਾ ਕਿ ਭਾਰਤ, ਚੀਨ ਅਤੇ ਇਸੇ ਤਰ੍ਹਾਂ ਪਾਬੰਦੀਆਂ ਦਾ ਨਿਸ਼ਾਨਾ ਬਣਨ ਵਾਲੇ ਹੋਰ ਮੁਲਕਾਂ ਦੀ ਤੇਲ ਦੀ ਮੰਗ ਨੂੰ ਵੀ, ਤੇਲ ਦੀ ਗ਼ੈਰ-ਰੂਸੀ ਸਪਲਾਈ 'ਚੋਂ ਹੀ ਨਾਲ-ਨਾਲ ਐਡਜਸਟ ਕਰਨਾ ਪਵੇਗਾ ਕਿਉਂਕਿ ਰੂਸੀ ਤੇਲ ਦੀਆਂ ਸਪਲਾਈਆਂ ਨੂੰ ਤਾਂ ਇਨ੍ਹਾਂ ਪਾਬੰਦੀਆਂ ਦੇ ਚਲਦਿਆਂ ਕੌਮਾਂਤਰੀ ਬਾਜ਼ਾਰ 'ਚ ਬਾਹਰ ਹੀ ਰੱਖਿਆ ਗਿਆ ਹੋਵੇਗਾ। ਇਸ ਲਈ ਰੂਸੀ ਤੇਲ ਦੇ ਕੌਮਾਂਤਰੀ ਬਾਜ਼ਾਰ 'ਚ ਮੌਜੂਦ ਰਹਿੰਦਿਆਂ ਵੀ ਤੇਲ ਦੀਆਂ ਕੀਮਤਾਂ 'ਚ ਜੋ ਭਾਰੀ ਵਾਧਾ ਹੋ ਰਿਹਾ ਹੈ, ਰੂਸੀ ਤੇਲ ਦੇ ਇਸ ਬਾਜ਼ਾਰ 'ਤੋਂ ਬਾਹਰ ਧੱਕ ਦੇਣ ਦੀ ਸੂਰਤ 'ਚ ਹੋਰ ਵੀ ਜਿਆਦਾ ਵੱਧ ਜਾਏਗਾ।

ਇਹ ਨਿਸ਼ਚਿਤ ਤੌਰ 'ਤੇ ਇਸ ਤਰ੍ਹਾਂ ਦੀ ਮਹਿੰਗਾਈ ਨੂੰ ਉਸ ਤਰ੍ਹਾਂ ਦੇ ਆਲਮੀ ਮੰਦਵਾੜੇ ਵੱਲ ਲੈ ਜਾਣਾ ਵਾਲਾ ਰਸਤਾ ਹੈ, ਜਿਸ ਤਰ੍ਹਾਂ ਦਾ ਮੰਦਵਾੜਾ ਪਹਿਲਾਂ ਤੇਲ ਦੀ ਕਿੱਲਤ ਦੇ ਚਲਦਿਆਂ 1973 'ਚ ਆਇਆ ਸੀ। ਬੇਸ਼ੱਕ ਤੇਲ ਦੀਆਂ ਆਲਮੀ ਸਪਲਾਈਆਂ 'ਚ ਰੂਸ ਦੇ ਖਿਲਾਫ਼ ਪਾਬੰਦੀਆਂ ਦੇ ਅਸਰ ਦੇ ਚਲਦਿਆਂ ਜੋ ਸਪਸ਼ਟ ਕਮੀ ਆਵੇਗੀ, ਉਸ ਦੀ ਅੰਸ਼ਕ ਤੌਰ 'ਤੇ ਜਾਂ ਮੁਕੰਮਲ ਤੌਰ 'ਤੇ ਵੀ, ਅਮਰੀਕਾ ਦੁਆਰਾ ਸਪਲਾਈਆਂ ਵਧਾਏ ਜਾਣ 'ਤੇ ਭਰਪਾਈ ਕਰ ਦਿੱਤੀ ਜਾਵੇਗੀ। ਪਰ ਜਿਵੇਂ ਕਿ ਅਸੀਂ ਪਹਿਲਾਂ ਹੀ ਦੇਖ ਆਏ ਹਾਂ ਕਿ ਤੇਲ ਦੀਆਂ ਕੀਮਤਾਂ 'ਚ ਵਾਧਾ ਇਸ ਨਾਲ ਰੁਕਣ ਵਾਲਾ ਨਹੀਂ ਹੈ। ਪਾਬੰਦੀਆਂ ਦੇ ਚਲਦਿਆਂ ਰੂਸੀ ਤੇਲ ਦੀ ਜਿੰਨੀ ਮਾਤਰਾ ਦੀ ਸਪਲਾਈ ਨਹੀਂ ਕਰਨ ਦਿੱਤੀ ਜਾਂਦੀ ਹੈ, ਜੇ ਤੇਲ ਦੀ ਉਸ ਪੂਰੀ ਮਾਤਰਾ ਦੀ ਭਰਪਾਈ ਸਪਲਾਈਆਂ ਰਾਹੀਂ ਕਰ ਦਿੱਤੀ ਜਾਂਦੀ ਹੈ ਤਦ ਵੀ ਅਮਰੀਕੀ ਤੇਲ ਦੀਆਂ ਵਧੀਆਂ ਕੀਮਤਾਂ, ਆਲਮੀ ਬਾਜ਼ਾਰ 'ਚ ਤੇਲ ਨੂੰ ਪਹਿਲਾਂ ਹੀ ਮਹਿੰਗਾ ਕਰ ਦੇਣਗੀਆਂ। ਤੇਲ ਦੀਆਂ ਕੀਮਤਾਂ ਦੇ ਵਧਣ ਦਾ ਮਤਲਬ ਹੋਵੇਗਾ ਸੰਸਾਰ 'ਚ ਗ਼ੈਰ-ਤੇਲ ਮਾਲਾਂ ਦੀ ਮੰਗ 'ਚ ਕਮੀ ਹੋਣਾ।

ਬੇਸ਼ੱਕ ਇਸੇ ਦੌਰਾਨ ਸਰਕਾਰਾਂ ਦੁਆਰਾ ਖ਼ਰਚਾ ਵਧਾਇਆ ਜਾ ਰਿਹਾ ਹੋਵੇ ਅਤੇ ਇਸ ਵਾਧੇ ਦੀ ਵਿੱਤ ਪੂਰਤੀ ਰਾਜਕਸ਼ੀ ਘਾਟਿਆਂ 'ਚ ਵਾਧੇ ਜ਼ਰੀਏ ਕੀਤਾ ਜਾਵੇਗੀ ਅਤੇ ਇਸ ਤਰ੍ਹਾਂ ਗੈਰ-ਤੇਲ ਮਾਲਾਂ ਦੀ ਨਿੱਜੀ ਮੰਗ 'ਚ ਕਮੀ ਦੀ ਭਰਪਾਈ ਕੀਤੀ ਜਾ ਰਹੀ ਹੋਵੇ, ਤਦ ਤਾਂ ਜਾਹਰ ਹੈ ਕਿ ਕਿਸੇ ਵੀ ਢੰਗ ਨਾਲ ਮੰਦੀ ਹੋਣ ਦਾ ਕੋਈ ਕਾਰਨ ਹੋਵੇਗਾ ਹੀ ਨਹੀਂ। ਪਰ, ਮਹਿੰਗਾਈ 'ਚ ਵਾਧੇ ਦੇ ਹਾਲਾਤ 'ਚ ਸਰਕਾਰੀ ਖ਼ਰਚਿਆਂ 'ਚ ਰਾਜਕੋਸ਼ੀ ਘਾਟੇ 'ਚ ਵਾਧੇ ਤੇ ਵਿੱਤ ਪੋਸ਼ਿਤ ਵਾਧੇ ਦੀ ਤਾਂ ਆਸ ਸ਼ਾਇਦ ਹੀ ਕੋਈ ਕਰ ਸਕਦਾ ਹੈ। ਅਸਲ 'ਚ ਮਹਿੰਗਾਈ ਦੀ ਦਰ 'ਚ ਵਾਧੇ ਦੀ ਹਾਲਤ ਲਈ ਮਿਆਰੀ ਨੁਸਖਾ ਤਾਂ ਠੀਕ ਇਸ ਤੋਂ ਉਲਟ ਹੀ ਹੈ ਕਿ ਸਰਕਾਰੀ ਨੀਤੀ ਦੇ ਮਾਮਲਿਆਂ 'ਚ 'ਖਰਚਿਆਂ 'ਚ ਕੰਜੂਸੀ' ਹੀ ਵਰਤੀ ਜਾਵੇ, ਇਸੇ ਲਈ ਰੂਸੀ ਤੇਲ ਦੇ ਖ਼ਿਲਾਫ਼ ਪਾਬੰਦੀਆਂ ਦੇ ਸਿੱਟੇ ਵਜੋਂ ਲਾਜ਼ਮੀ ਤੌਰ 'ਤੇ ਮੰਦੀ ਆਵੇਗੀ। ਇਹ ਐਨ ਉਸ ਤਰ੍ਹਾਂ ਹੀ ਹੋਵੇਗਾ ਜਿਵੇਂ ਕਿ 1973 'ਚ ਹੋਇਆ ਸੀ।

ਹੁਣ ਐਨਾ ਤਾਂ ਪੱਕਾ ਹੈ ਕਿ ਡੋਨਾਲਡ ਟਰੰਪ ਦੁਨੀਆ ਨੂੰ ਅਜਿਹੀ ਮਹਿੰਗਾਈ ਤੋਂ ਪੈਦਾ ਹੋਈ ਮੰਦੀ ਵੱਲ ਧੱਕਣ ਦਾ ਜ਼ੋਖਮ ਨਹੀ ਉਠਾਏਗਾ, ਜਿਸ ਦੀ ਸੱਟ ਖ਼ੁਦ ਅਮਰੀਕਾ 'ਤੇ ਵੀ ਪਵੇਗੀ। ਅਤੇ ਇਸ ਸਮੇਂ ਤਾਂ ਉਹ ਅਜਿਹਾ ਕਿਸੇ ਕੀਮਤ 'ਤੇ ਨਹੀਂ ਕਰੇਗਾ, ਜਦਕਿ ਅਮਰੀਕਾ 'ਚ ਚੋਣਾਂ ਸਿਰ 'ਤੇ ਆ ਗਈਆਂ ਹਨ। ਇਸ ਲਈ ਅਸੀਂ ਇੱਕ ਵਾਰ ਫਿਰ ਉਸ ਸਵਾਲ 'ਤੇ ਆ ਜਾਂਦੇ ਹਾਂ ਕਿ ਅਮਰੀਕਾ ਨੇ ਇਹ ਲਿੰਡਸ ਓ ਗ੍ਰਾਹਮ ਕਾਨੂੰਨ ਇਸ ਮੁਕਾਮ 'ਤੇ ਕਿਉਂ ਬਣਾਇਆ ਹੈ?

ਇਸ ਸਵਾਲ ਦਾ ਤਾਂ ਇਹ ਹੀ ਜਵਾਬ ਸੰਭਵ ਲੱਗਦਾ ਹੈ ਕਿ ਇਹ ਤਾਂ ਬਸ ਇੱਕ ਅਧਿਕਾਰਤ ਕਰਨ ਵਾਲਾ ਕਾਨੂੰਨ ਹੈ, ਜੋ ਟਰੰਪ ਨੂੰ ਇਸ ਦੀ ਖੁੱਲ੍ਹੀ ਛੁੱਟੀ ਦਿੰਦਾ ਹੈ ਅਤੇ ਅਮਰੀਕੀ ਸੰਸਦ ਦੇ ਚੜ੍ਹਾਈ ਵਾਲੇ ਪੱਖ ਦੀ ਹਮਾਇਤ ਨਾਲ ਇਸ ਦੀ ਖੁੱਲ੍ਹ ਦਿੰਦਾ ਹੈ ਕਿ ਉਹ ਦੂਸਰੇ ਮੁਲਕਾਂ ਦੀਆਂ ਜਿਵੇਂ ਚਾਹੇ ਬਾਹਾਂ ਮਰੋੜ ਕੇ, ਉਨ੍ਹਾਂ ਨੂੰ ਅਮਰੀਕੀ ਫਰਮਾਨਾਂ ਸਾਹਮਣੇ ਸਿਰ ਝੁਕਾਉਣ ਲਈ ਮਜਬੂਰ ਕਰ ਸਕਦਾ ਹੈ।

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇੱਕ 'ਨਾਬਰਾਬਰੀ' ਵਾਲੇ ਭਾਰਤ ਅਮਰੀਕੀ ਸਮਝੌਤੇ ਨੂੰ ਅੰਤਿਮ ਰੂਪ ਦੇ ਹੀ ਦਿੱਤਾ ਗਿਆ ਸੀ, ਪਰ ਓਦੋਂ ਹੀ ਅਮਰੀਕੀ ਅਦਾਲਤ ਨੇ ਟੈਰਿਫ ਦੇ ਮਾਮਲੇ 'ਚ ਟਰੰਪ ਦੇ ਅਧਿਕਾਰ ਨੂੰ ਹੀ ਨਾ-ਬਰਾਬਰ ਕਰਨ ਵਾਲਾ ਫ਼ੈਸਲਾ ਸੁਣਾ ਦਿੱਤਾ। ਇਸ ਤੋਂ ਬਾਅਦ ਨਵੇਂ ਸਿਰੇ ਤੋਂ ਵਪਾਰ ਸਮਝੌਤੇ ਨੂੰ ਅਜੇ ਤੱਕ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। ਅਜਿਹੇ 'ਚ ਲਿੰਡਸ ਓ ਗ੍ਰਾਹਮ ਕਾਨੂੰਨ ਦੀ ਵਰਤੋਂ ਭਾਰਤ ਨੂੰ ਇਸ ਲਈ ਮਜਬੂਰ ਕਰਨ ਲਈ ਕੀਤੀ ਜਾਵੇਗੀ ਕਿ ਪਹਿਲਾਂ ਵਾਲੇ 'ਨਾ ਬਰਾਬਰੀ' ਵਾਲੇ ਸਮਝੌਤੇ ਦੇ ਹੀ ਇੱਕ ਨਵੇਂ ਰੂਪ 'ਤੇ ਦਸਖ਼ਤ ਕਰ ਦੇਵੇ। ਅਤੇ ਅਜਿਹਾ ਹੀ ਦੂਸਰੇ ਮੁਲਕਾਂ ਨਾਲ ਕੀਤਾ ਜਾਵੇਗਾ, ਜਿਨ੍ਹਾਂ ਨੂੰ ਅਮਰੀਕਾ ਇਸੇ ਤਰ੍ਹਾਂ ਦੇ ਜਾਂ ਦੂਸਰੇ ਮਾਮਲਿਆਂ 'ਚ ਆਪਣੀ ਗੱਲ ਮੰਨਵਾਉਣ ਲਈ ਮਜਬੂਰ ਕਰਨਾ ਚਾਹੇਗਾ। ਦੂਜੇ ਸ਼ਬਦਾਂ 'ਚ ਲਿਡਸ ਓ ਗ੍ਰਾਹਮ ਕਾਨੂੰਨ ਟਰੰਪ ਨੂੰ ਇਸ ਲਈ ਤਾਕਤਵਰ ਬਣਾਉਣ ਦਾ ਸਰੋਤ ਹੈ ਕਿ ਉਹ ਦੂਜੇ ਮੁਲਕਾਂ ਨੂੰ ਅਮਰੀਕੀ ਫਰਮਾਨਾਂ ਨੂੰ ਪਰਵਾਨ ਕਰਨ ਲਈ ਮਜਬੂਰ ਕਰ ਸਕੇ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਭਾਰਤ ਸਰਕਾਰ, ਇਸ ਤਰ੍ਹਾਂ ਦੀ ਦਾਦਾਗਿਰੀ ਦਾ ਮੁਕਾਬਲਾ ਕਰੇ। ਉਸ ਨੂੰ ਉਸ ਤਰ੍ਹਾਂ ਦੀ ਕਾਇਰਤਾ ਦਾ ਪ੍ਰਦਰਸ਼ਨ ਨਹੀਂ ਕਰਨਾ ਚਾਹੀਦਾ, ਜਿਸ ਤਰ੍ਹਾਂ ਦੀ ਕਾਇਰਤਾ ਅਮਰੀਕਾ ਨਾਲ ਸੰਬੰਧਤ ਮਾਮਲਿਆਂ 'ਚ ਦਿਖਾਉਣ ਦੀ ਐੱਨ.ਡੀ.ਏ. ਦੀ ਇਸ ਸਰਕਾਰ ਦੀ ਆਦਤ ਹੈ। ਸਰਕਾਰ ਨੂੰ ਇਸ ਦੀ ਦਹਿਸ਼ਤ ਹੇਠ ਆ ਕੇ ਮੁਲਕ ਦੇ ਹਿੱਤਾਂ ਦੀ ਬਲੀ ਨਹੀਂ ਦੇਣੀ ਚਾਹੀਦੀ ਕਿ ਜੇ ਉਹ ਈਨ ਨਹੀਂ ਮੰਨਦਾ ਤਾਂ ਅਮਰੀਕੀ ਮੰਡੀ 'ਚ ਭਾਰਤੀ ਮਾਲਾਂ 'ਤੇ 100 ਪ੍ਰਤੀਸਤ ਟੈਰਿਫ ਲਾ ਦਿੱਤਾ ਜਾਵੇਗਾ। ਉਸਨੂੰ ਅਮਰੀਕਾ ਦੀ ਗਿੱਦੜ ਧਮਕੀ ਤੋਂ ਡਰਨਾ ਨਹੀਂ ਚਾਹੀਦਾ।

***-ਪੇਸ਼ਕਸ਼ ਬੂਟਾ ਸਿੰਘ ਮਹਿਮੂਦਪੁਰ***

# ੴ ਨੂੰ ਕਿਵੇਂ ਸਮਝੀਏ

***ਮੂਲ ਮੰਤਰ ਨੂੰ ਅਕਸਰ ਰੱਬ ਦੇ ਗੁਣਾਂ ਦੀ ਸੂਚੀ ਵਜੋਂ ਸਮਝਾਇਆ ਜਾਂਦਾ ਹੈ। 'ਰੱਬ ਇੱਕ ਹੈ' ਇਹ ਦਿਸ਼ਾ ਪਹਿਲਾਂ ਹੀ ਦੇ ਦਿੰਦਾ ਹੈ। 'ਰੱਬ' ਕਰਤਾ ਬਣ ਜਾਂਦਾ ਹੈ ਅਤੇ 'ਸਤਿ ਨਾਮੁ ਕਰਤਾ ਪੁਰਖੁ' ਆਦਿ ਉਸ ਦੇ ਵਿਧੇਯ ਜਾਂ ਗੁਣ ਦਿਸਣ ਲੱਗਦੇ ਹਨ। ਇਹ ਪੜ੍ਹਤ ਮੁੱਢਲੀ ਸਮਝ ਲਈ ਲਾਭਦਾਇਕ ਹੋ ਸਕਦੀ ਹੈ, ਪਰ ਮੂਲ ਮੰਤਰ ਦੀ ਗਤੀ ਨੂੰ ਸਥਿਰ ਸੂਚੀ ਵਿਚ ਬਦਲ ਦਿੰਦੀ ਹੈ। ਜੇ ੴ ਇੱਕ ਸੰਘਣੀ ਹੋਂਦਮੂਲਕ ਘਟਨਾ ਹੈ, ਤਾਂ ਅਗਲੇ ਸ਼ਬਦ ਉਸ ਘਟਨਾ ਦਾ ਵਿਸਤਾਰ ਹਨ। 'ਸਤਿ' ਪੁੱਛਦਾ ਹੈ ਕਿ ਇਹ ਹੋਂਦ ਕਿਸ ਅਰਥ ਵਿਚ ਸੱਚੀ, ਕਾਇਮ ਅਤੇ ਭਰੋਸੇਯੋਗ ਹੈ। 'ਨਾਮੁ' ਉਸ ਦੀ ਪਛਾਣਯੋਗ ਅਤੇ ਅਰਥਵਾਨ ਹਾਜ਼ਰੀ ਖੋਲ੍ਹਦਾ ਹੈ। 'ਕਰਤਾ' ਪ੍ਰਗਟਤਾ ਦੀ ਕਿਰਿਆਸ਼ੀਲਤਾ ਨੂੰ ਸਾਹਮਣੇ ਲਿਆਉਂਦਾ ਹੈ। 'ਪੁਰਖੁ' ਪਰਾਤੀਤਤਾ ਨੂੰ ਸਿਰਜਣਾ ਤੋਂ ਬਾਹਰ ਬੈਠੀ ਵੱਖਰੀ ਸੱਤਾ ਬਣਨ ਤੋਂ ਰੋਕਦਾ ਹੈ।***

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਕਿਸੇ ਵਾਕ, ਕਿਸੇ ਕਥਾ ਜਾਂ ਕਿਸੇ ਰੱਬੀ ਨਾਮ ਨਾਲ ਨਹੀਂ, ਸਗੋਂ ੴ ਨਾਲ ਹੁੰਦਾ ਹੈ। ਦੇਖਣ ਨੂੰ ਇਹ ਬਹੁਤ ਛੋਟਾ ਚਿੰਨ੍ਹ ਹੈ, ਪਰ ਇਸ ਦੇ ਅੰਦਰ ਅੰਕ, ਧੁਨੀ, ਲਿਖਤ, ਉਚਾਰਨ ਅਤੇ ਜੀਵਨ-ਦ੍ਰਿਸ਼ਟੀ ਇਕੱਠੇ ਕੰਮ ਕਰਦੇ ਹਨ। ਇਸੇ ਲਈ ਇਸ ਨੂੰ ਸਿਰਫ਼ 'ਰੱਬ ਇੱਕ ਹੈ' ਕਹਿ ਦੇਣਾ ਸੁਵਿਧਾਜਨਕ ਤਾਂ ਹੈ, ਪੂਰਾ ਨਹੀਂ। ਇਹ ਵਾਕ ਰੱਬਾਂ ਦੀ ਗਿਣਤੀ ਦਾ ਜਵਾਬ ਦਿੰਦਾ ਹੈ। ਪਰ ੴ ਇਸ ਤੋਂ ਵੱਡਾ ਪ੍ਰਸ਼ਨ ਖੋਲ੍ਹਦਾ ਹੈ ਕਿ ਹੋਂਦ, ਸਿਰਜਣਾ, ਜੀਵ ਅਤੇ ਉਨ੍ਹਾਂ ਦੇ ਆਪਸੀ ਸੰਬੰਧ ਨੂੰ ਅਸੀਂ ਕਿਵੇਂ ਸਮਝੀਏ।

ਇਸ ਲੇਖ ਦਾ ਮੁੱਖ ਉਦੇਸ਼ ਸ਼ੁਰੂ ਵਿਚ ਹੀ ਸਪਸ਼ਟ ਕੀਤਾ ਜਾ ਸਕਦਾ ਹੈ। ੴ ਦਾ 'ਇਕ' ਕੇਵਲ ਇਹ ਨਹੀਂ ਕਹਿੰਦਾ ਕਿ ਰੱਬ ਇੱਕ ਹੈ। ਇਹ ਕਹਿੰਦਾ ਹੈ ਕਿ ਹੋਂਦ ਦਾ ਕੋਈ ਦੂਜਾ, ਸੁਤੰਤਰ ਅਤੇ ਮੁਕਾਬਲੇ ਦਾ ਮੂਲ ਰੂਪ ਹੈ ਹੀ ਨਹੀਂ। ਅਨੇਕ ਜੀਵ, ਰੂਪ, ਨਾਮ ਅਤੇ ਘਟਨਾਵਾਂ ਸੱਚਮੁੱਚ ਮੌਜੂਦ ਹਨ, ਪਰ ਕੋਈ ਵੀ ਆਪਣੇ-ਆਪ ਵਿਚ ਪੂਰਨ, ਸਵੈ-ਆਧਾਰੀ ਅਤੇ ਸਮੁੱਚੇ ਸੰਬੰਧ ਤੋਂ ਬਾਹਰ ਨਹੀਂ। ਇਸ ਅਵਸਥਾ ਨੂੰ ਅਸੀਂ ਅਦੁੱਤੀ ਸੰਬੰਧਕਤਾ ਕਹਿ ਸਕਦੇ ਹਾਂ।

### ਛੋਟਾ ਚਿੰਨ੍ਹ ਵੱਡਾ ਪ੍ਰਸ਼ਨ:

ੴ ਨੂੰ ਵੇਖਦਿਆਂ ਸਭ ਤੋਂ ਪਹਿਲਾਂ ਗੁਰਮੁਖੀ ਅੰਕ ੧ ਦਿਸਦਾ ਹੈ। ਉਸ ਨਾਲ ਓਅੰਕਾਰ ਦਾ ਲਿਖਤੀ ਰੂਪ ਜੁੜਿਆ ਹੋਇਆ ਹੈ। ਅਸੀਂ ਇਸ ਨੂੰ 'ਇਕ ਓਅੰਕਾਰ' ਉਚਾਰਦੇ ਹਾਂ। ਇਸ ਤਰ੍ਹਾਂ ਇੱਕੋ ਸਮੇਂ ਤਿੰਨ ਘਟਨਾਵਾਂ ਵਾਪਰਦੀਆਂ ਹਨ। ਅੱਖ ਇੱਕ ਲਿਖਤੀ ਚਿੰਨ੍ਹ ਵੇਖਦੀ ਹੈ। ਜੀਭ ਉਸ ਨੂੰ ਉਚਾਰਦੀ ਹੈ। ਕੰਨ ਉਸ ਉਚਾਰਨ ਨੂੰ ਸੁਣਦੇ ਹਨ। ਅਰਥ ਸਿਰਫ਼ ਸ਼ਬਦਕੋਸ਼ ਵਿਚੋਂ ਨਹੀਂ ਆਉਂਦਾ; ਉਹ ਵੇਖਣ, ਬੋਲਣ, ਸੁਣਨ ਅਤੇ ਸਮਝਣ ਦੀ

ਅਮਰਜੀਤ ਗਰੇਵਾਲ

ਸਾਂਝੀ ਕਿਰਿਆ ਵਿਚ ਬਣਦਾ ਹੈ।

ਇਸ ਚਿੰਨ੍ਹ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਲਕੁਲ ਆਰੰਭ ਵਿਚ ਹੋਣਾ ਵੀ ਮਹੱਤਵਪੂਰਨ ਹੈ। ਇਹ ਕਿਸੇ ਪਹਿਲਾਂ ਤੋਂ ਚੱਲ ਰਹੇ ਵਾਕ ਦਾ ਹਿੱਸਾ ਨਹੀਂ। ਇਹ ਪਾਠ ਵਿਚ ਦਾਖ਼ਲ ਹੋਣ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਇਸ ਤੋਂ ਬਾਅਦ 'ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਆਉਂਦਾ ਹੈ। ਇਸ ਲਈ ੴ ਨੂੰ ਅਲੱਗ ਕਰਕੇ ਸਮਝਣਾ ਵੀ ਅਧੂਰਾ ਹੈ ਅਤੇ ਅਗਲੇ ਸ਼ਬਦਾਂ ਨੂੰ ਇਸ ਤੋਂ ਕੱਟ ਕੇ ਰੱਬ ਦੇ ਗੁਣਾਂ ਦੀ ਸੂਚੀ ਬਣਾ ਦੇਣਾ ਵੀ ਅਧੂਰਾ ਹੈ।

ਭਾਈ ਗੁਰਦਾਸ ਦੀ ਪੰਕਤੀ 'ਏਕਾ ਏਕੰਕਾਰੁ ਲਿਖਿ ਦੇਖਾਲਿਆ' ਇਸ ਚਿੰਨ੍ਹ ਦੀ ਲਿਖਤੀ ਅਤੇ ਦ੍ਰਿਸ਼ ਮਹੱਤਤਾ ਵੱਲ ਧਿਆਨ ਦਿਵਾਉਂਦੀ ਹੈ। 'ਲਿਖਿ ਦੇਖਾਲਿਆ' ਵਿਚ ਲਿਖਣਾ ਅਤੇ ਦਿਖਾਉਣਾ ਇੱਕੋ ਕਿਰਿਆ ਦੇ ਦੋ ਪੱਖ ਹਨ। ਇਸ ਤੋਂ ਚਿੰਨ੍ਹ ਦਾ ਪੂਰਾ ਇਤਿਹਾਸ ਸਾਬਤ ਨਹੀਂ ਹੁੰਦਾ, ਪਰ ਇਹ ਜ਼ਰੂਰ ਸਪਸ਼ਟ ਹੁੰਦਾ ਹੈ ਕਿ ੴ ਨੂੰ ਕੇਵਲ ਬੋਲੀ ਗਈ ਧੁਨੀ ਮੰਨਣਾ ਠੀਕ ਨਹੀਂ। ਇਸ ਦਾ ਲਿਖਿਆ ਅਤੇ ਦਿਸਦਾ ਰੂਪ ਵੀ ਅਰਥ ਦਾ ਹਿੱਸਾ ਹੈ।

### 'ਗੌਡ ਇਜ਼ ਵਨ' ਕਿੱਥੇ ਘੱਟ ਪੈਂਦਾ ਹੈ:

'ਗੌਡ ਇਜ਼ ਵਨ' ਇੱਕ ਪੂਰਾ ਅੰਗਰੇਜ਼ੀ ਵਾਕ ਹੈ। ਇਸ ਵਿਚ 'ਗੌਡ' ਨਾਂਵ ਅਤੇ ਕਰਤਾ-ਪਦ ਹੈ। 'ਇਜ਼' ਕਰਤਾ ਅਤੇ ਵਿਧੇਯ ਨੂੰ ਜੋੜਨ ਵਾਲੀ ਕਿਰਿਆ ਹੈ। 'ਵਨ' ਉਸ ਕਰਤਾ ਦਾ ਗਿਣਾਤਮਕ ਗੁਣ ਹੈ। ਇਸ ਵਾਕ ਦੀ ਬਣਤਰ ਪਹਿਲਾਂ 'ਗੌਡ' ਨੂੰ ਇੱਕ ਵੱਖਰੀ ਦੈਵੀ ਸੱਤਾ ਵਜੋਂ ਸਥਾਪਿਤ ਕਰਦੀ ਹੈ ਅਤੇ ਫਿਰ ਦੱਸਦੀ ਹੈ ਕਿ ਅਜਿਹੀ ਸੱਤਾ ਇੱਕ ਹੈ, ਅਨੇਕ ਨਹੀਂ।

ੴ ਦੀ ਬਣਤਰ ਇਸ ਤੋਂ ਵੱਖਰੀ ਹੈ। ਇਸ ਵਿਚ 'ਗੌਡ' ਵਰਗਾ ਕੋਈ ਸਪਸ਼ਟ ਨਾਂਵ ਨਹੀਂ। 'ਇਜ਼' ਵਰਗੀ ਜੋੜਕ ਕਿਰਿਆ ਨਹੀਂ। 'ਵਨ' ਵਰਗਾ ਕਿਸੇ ਨਾਂਵ ਨਾਲ ਲੱਗਿਆ ਵਿਸ਼ੇਸ਼ਣ ਵੀ ਨਹੀਂ। ਇਸ ਦੀ ਸ਼ੁਰੂਆਤ ਲਿਖੇ ਹੋਏ ਅੰਕ ੧ ਨਾਲ ਹੁੰਦੀ ਹੈ। ਇਹ ਅੰਕ ਓਅੰਕਾਰ ਤੋਂ ਪਹਿਲਾਂ ਖੜ੍ਹਾ ਹੋ ਕੇ ਉਸ ਦੀ ਪੜ੍ਹਤ ਨੂੰ ਅਨੁਸ਼ਾਸਿਤ ਕਰਦਾ ਹੈ। ਇਸ ਲਈ ਅੰਗਰੇਜ਼ੀ ਵਾਕ ਕੇਵਲ ਸ਼ਬਦ ਨਹੀਂ ਬਦਲਦਾ; ਉਹ ਚਿੰਨ੍ਹ ਦੀ ਅੰਦਰਲੀ ਬਣਤਰ ਵੀ ਬਦਲ ਦਿੰਦਾ ਹੈ।

'ਗੌਡ ਇਜ਼ ਵਨ' ਵਿਚ ਪਹਿਲਾਂ ਇੱਕ ਸੁਤੰਤਰ ਰੱਬੀ ਕਰਤਾ ਬਣਦਾ ਹੈ ਅਤੇ ਏਕਤਾ ਬਾਅਦ ਵਿਚ ਉਸ ਦਾ ਗੁਣ ਬਣਦੀ ਹੈ। ੴ ਵਿਚ 'ਇਕ' ਕਿਸੇ ਪਹਿਲਾਂ ਬਣੀ ਸੱਤਾ ਦਾ ਗੁਣ ਨਹੀਂ। ਇਹ ਪੂਰੀ ਪੜ੍ਹਤ ਦੀ ਸ਼ਰਤ ਹੈ। ਇਹ ਪੁੱਛਣ ਲਈ ਮਜਬੂਰ ਕਰਦਾ ਹੈ ਕਿ ਕੀ ਦੈਵੀ ਹੋਂਦ ਨੂੰ ਸਿਰਜਣਾ ਤੋਂ ਵੱਖ, ਆਪਣੇ ਆਪ ਵਿਚ ਬੰਦ ਇਕਾਈ ਸਮਝਣਾ ਹੀ ਸਹੀ ਆਰੰਭ ਹੈ।

'ਦੇਅਰ ਇਜ਼ ਵਨ ਗੌਡ' ਹੋਰ ਵੀ ਕਈ ਕੁਝ ਵਾਧੂ ਜੋੜ ਦਿੰਦਾ ਹੈ। 'ਦੇਅਰ ਇਜ਼' ਹੋਂਦ ਦਾ ਐਲਾਨ ਕਰਦਾ ਹੈ, ਜਿਵੇਂ ਮੁੱਖ ਪ੍ਰਸ਼ਨ ਇਹ ਹੋਵੇ ਕਿ ਰੱਬ ਮੌਜੂਦ ਹੈ ਜਾਂ ਨਹੀਂ। ਪਰ ੴ ਨਾਸਤਿਕਤਾ ਨਾਲ ਬਹਿਸ ਕਰਕੇ ਰੱਬ ਦੀ ਹੋਂਦ ਦਾ ਤਾਰਕਿਕ ਪ੍ਰਮਾਣ ਪੇਸ਼ ਨਹੀਂ ਕਰਦਾ। ਇਹ ਪਾਠਕ ਨੂੰ ਇੱਕ ਅਜਿਹੀ ਹੋਂਦ-ਦ੍ਰਿਸ਼ਟੀ ਵਿਚ ਰੱਖਦਾ ਹੈ ਜਿਸ ਵਿਚ ਮੂਲ ਆਧਾਰ ਦਾ ਦੋਹਰਾਅ ਅਤੇ ਜੀਵਾਂ ਦਾ ਪੂਰਨ ਵੱਖਰਾਪਣ ਪਹਿਲਾਂ ਹੀ ਪ੍ਰਸ਼ਨ ਹੇਠ ਆ ਜਾਂਦਾ ਹੈ। ਇਸ ਲਈ 'ਰੱਬ ਇੱਕ ਹੈ' ਨੂੰ ਬਿਲਕੁਲ ਬੇਕਾਰ ਕਹਿਣ ਦੀ ਲੋੜ ਨਹੀਂ। ਬੱਚਿਆਂ ਜਾਂ ਅਣਜਾਣ ਪਾਠਕਾਂ ਲਈ ਇਹ ਸਿੱਖੀ ਦੀ ਇੱਕ ਮੁੱਢਲੀ ਗੱਲ ਦੱਸ ਸਕਦਾ ਹੈ ਕਿ ਸਿੱਖੀ ਅਨੇਕ ਦੇਵਤਿਆਂ ਦੀ ਧਾਰਨਾ ਨੂੰ ਨਹੀਂ ਮੰਨਦੀ। ਤੁਲਨਾਤਮਕ ਧਰਮ-ਅਧਿਐਨ ਵਿਚ ਵੀ ਇਹ ਇੱਕ ਸੀਮਿਤ ਪੁਲ ਬਣ ਸਕਦਾ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਸ ਛੋਟੀ ਵਿਆਖਿਆ ਨੂੰ ੴ ਦਾ ਪੂਰਾ ਅਤੇ ਅੰਤਿਮ ਅਨੁਵਾਦ ਮੰਨ ਲਿਆ ਜਾਂਦਾ ਹੈ।

### ਅਨੁਵਾਦ ਸਿਰਫ਼ ਸ਼ਬਦ ਨਹੀਂ ਬਦਲਦਾ:

ਹਰ ਭਾਸ਼ਾ ਸੰਸਾਰ ਨੂੰ ਵੰਡਣ ਅਤੇ ਜੋੜਨ ਦਾ ਆਪਣਾ ਢੰਗ ਰੱਖਦੀ ਹੈ। ਅਨੁਵਾਦ ਕਰਦਿਆਂ ਅਸੀਂ ਕੇਵਲ ਇੱਕ ਸ਼ਬਦ ਦੀ ਥਾਂ ਦੂਜਾ ਸ਼ਬਦ ਨਹੀਂ ਰੱਖਦੇ; ਅਸੀਂ ਮੂਲ ਗੱਲ ਨੂੰ ਲਕਸ਼-ਭਾਸ਼ਾ ਦੀ ਵਿਆਕਰਨ ਅਤੇ ਵਿਚਾਰ-ਪਰੰਪਰਾ ਵਿਚ ਵੀ ਲੈ ਜਾਂਦੇ ਹਾਂ। ਇਸ ਲਈ ਅਨੁਵਾਦ ਕਈ ਵਾਰ ਅਰਥ ਨੂੰ ਸਪਸ਼ਟ ਕਰਦਾ ਹੈ ਅਤੇ ਕਈ ਵਾਰ ਉਸ ਦਾ ਰੂਪ ਬਦਲ ਦਿੰਦਾ ਹੈ।

ਆਧੁਨਿਕ ਅੰਗਰੇਜ਼ੀ ਵਿਚ 'ਗੌਡ', 'ਰਿਲੀਜਨ', 'ਰੈਵਲੇਸ਼ਨ' ਅਤੇ 'ਸਕ੍ਰਿਪਚਰ' ਵਰਗੀਆਂ ਸ਼੍ਰੇਣੀਆਂ ਲੰਮੇ ਈਸਾਈ ਅਤੇ ਯੂਰਪੀ ਇਤਿਹਾਸ ਨਾਲ ਬਣੀਆਂ ਹਨ। ਇਹ ਸ਼ਬਦ ਆਪਣੇ ਆਪ ਵਿਚ ਝੂਠੇ ਨਹੀਂ। ਈਸਾਈ ਧਰਮ-ਦਰਸ਼ਨ ਵੀ ਇੱਕੋ ਜਿਹਾ ਨਹੀਂ; ਤ੍ਰਿਏਕਤਾ, ਅਵਤਾਰ, ਨਿਸ਼ੇਧਾਤਮਕ ਧਰਮ-ਚਿੰਤਨ ਅਤੇ ਰੱਬੀ ਸਹਿਭਾਗਤਾ ਦੀਆਂ ਜਟਿਲ ਪਰੰਪਰਾਵਾਂ ਉਸ ਦੇ ਅੰਦਰ ਮੌਜੂਦ ਹਨ। ਫਿਰ ਵੀ ਬਸਤੀਵਾਦੀ ਅਤੇ ਆਧੁਨਿਕ ਅੰਗਰੇਜ਼ੀ ਵਿਚ ਧਰਮਾਂ ਨੂੰ ਸਮਝਾਉਣ ਲਈ ਵਰਤੀ ਗਈ ਆਮ ਵਿਆਕਰਨ ਅਕਸਰ ਰੱਬ ਨੂੰ ਇੱਕ ਵੱਖਰੇ ਸਰਵੋਚ ਕਰਤਾ ਵਜੋਂ ਸਥਾਪਿਤ ਕਰਦੀ ਰਹੀ ਹੈ।

ਜਦੋਂ ੴ ਨੂੰ ਇਸੇ ਵਿਆਕਰਨ ਵਿਚ ਸਹਿਜਤਾ ਨਾਲ ਸਮਾ ਦਿੱਤਾ ਜਾਂਦਾ ਹੈ, ਸਿੱਖੀ ਅੰਗਰੇਜ਼ੀ ਪਾਠਕ ਲਈ ਪੜ੍ਹਨਯੋਗ ਤਾਂ ਬਣ ਜਾਂਦੀ ਹੈ, ਪਰ ਆਪਣੀਆਂ ਸ਼ਰਤਾਂ ਉੱਤੇ ਨਹੀਂ। ਮੂਲ ਪਰੰਪਰਾ ਦੀਆਂ ਧਾਰਨਾਵਾਂ ਵਿਸ਼ਾ-ਵਸਤੂ ਬਣ ਜਾਂਦੀਆਂ ਹਨ, ਜਦਕਿ ਲਕਸ਼-ਭਾਸ਼ਾ ਦੀ ਵਿਆਕਰਨ ਅਦ੍ਰਿਸ਼ ਢਾਂਚੇ ਵਜੋਂ ਕੰਮ ਕਰਦੀ ਹੈ। ਇਸ ਪ੍ਰਕਿਰਿਆ ਨੂੰ ਮੋਨੋਥੀਇਸਟਿਕ ਘਰੇਲੂਕਰਨ ਕਿਹਾ ਜਾ ਸਕਦਾ ਹੈ। ਅਰਥਾਤ, ਇੱਕ ਅਜਨਬੀ ਚਿੰਨ੍ਹ ਨੂੰ 'ਇੱਕ ਰੱਬ' ਦੀ ਜਾਣੀ-ਪਛਾਣੀ ਧਾਰਮਿਕ ਚੌਖਟ ਵਿਚ ਇਸ ਤਰ੍ਹਾਂ ਘਰੇਲੂ ਬਣਾ ਦੇਣਾ ਕਿ ਉਸ ਦੀ ਆਪਣੀ ਵਿਲੱਖਣ ਬਣਤਰ ਹੀ ਪਿੱਛੇ ਰਹਿ ਜਾਵੇ।

ਇਹ ਕਿਸੇ ਅਨੁਵਾਦਕ ਦੀ ਮੰਦੀ ਨੀਅਤ ਦਾ ਦੋਸ਼ ਨਹੀਂ। ਇਹ ਇੱਕ ਸੰਰਚਨਾਤਮਕ ਸਮੱਸਿਆ ਹੈ। ਅਨੁਵਾਦਕ ਬਹੁਤ ਸ਼ਰਧਾ ਨਾਲ ਵੀ ਉਹੀ ਕਰ ਸਕਦਾ ਹੈ, ਕਿਉਂਕਿ ਉਸ ਕੋਲ ਉਪਲਬਧ ਸ਼ਬਦ ਅਤੇ ਵਾਕ-ਰੂਪ ਪਹਿਲਾਂ ਹੀ ਇੱਕ ਖਾਸ ਇਤਿਹਾਸ ਲਿਆਉਂਦੇ ਹਨ। ਇਸ ਲਈ ਲੋੜ ਦੋਸ਼ ਲਾਉਣ ਦੀ ਨਹੀਂ, ਅਨੁਵਾਦ ਦੀਆਂ ਹੱਦਾਂ ਪਛਾਣਨ ਦੀ ਹੈ।

### ੧ ਅੰਕ ਕੀ ਕਰਦਾ ਹੈ:

ਗੁਰਮੁਖੀ ਅੰਕ ੧ ਅਤੇ ਸ਼ਬਦ 'ਇਕ' ਇੱਕੋ ਗਿਣਤੀ ਵੱਲ ਇਸ਼ਾਰਾ ਕਰ ਸਕਦੇ ਹਨ, ਪਰ ਦੋਹਾਂ ਦੀ ਕਿਰਿਆ ਇਕੋ ਜਿਹੀ ਨਹੀਂ। 'ਇਕ' ਵਾਕ ਵਿਚ ਆਉਂਦਾ ਹੈ। ਇਹ ਉਚਾਰਿਆ ਜਾਂਦਾ ਹੈ ਅਤੇ ਕਿਸੇ ਨਾਂਵ ਨਾਲ ਜੁੜ ਸਕਦਾ ਹੈ, ਜਿਵੇਂ ਇੱਕ ਮਨੁੱਖ, ਇੱਕ ਦਰਿਆ ਜਾਂ ਇੱਕ ਪੁਸਤਕ। ੧ ਪਹਿਲੀ ਨਜ਼ਰ ਵਿਚ ਇੱਕ ਦ੍ਰਿਸ਼ ਚਿੰਨ੍ਹ ਹੈ। ਅੱਖ ਉਸ ਨੂੰ ਇੱਕ ਰੇਖਾ ਅਤੇ ਇੱਕ ਅੰਕੀ ਨਿਸ਼ਾਨ ਵਜੋਂ ਪਛਾਣਦੀ ਹੈ। ਪੜ੍ਹਨ ਵੇਲੇ ਹੀ ਉਹ 'ਇਕ' ਬਣ ਕੇ ਧੁਨੀ ਵਿਚ ਦਾਖ਼ਲ ਹੁੰਦਾ ਹੈ।

ਇਸ ਦਾ ਅਰਥ ਇਹ ਨਹੀਂ ਕਿ ਅੰਕ ਭਾਸ਼ਾ ਤੋਂ ਬਾਹਰ ਹੁੰਦਾ ਹੈ। ਹਰ ਅੰਕ ਕਿਸੇ ਲਿਖਤ-ਪ੍ਰਣਾਲੀ ਦਾ ਹਿੱਸਾ ਹੈ ਅਤੇ ਹਰ ਸਮਾਜ ਉਸ ਨੂੰ ਕਿਸੇ ਨਾਮ ਨਾਲ ਪੜ੍ਹਦਾ ਹੈ। ਫਿਰ ਵੀ ਅੰਕ ਅਤੇ ਅੰਕ-ਸ਼ਬਦ ਵਿਚਕਾਰ ਫਰਕ ਹੈ। ੴ ਇਸੇ ਫਰਕ ਨੂੰ ਜੀਵੰਤ ਰੱਖਦਾ ਹੈ। ਅੱਖ ੧ ਵੇਖਦੀ ਹੈ; ਜੀਭ 'ਇਕ' ਉਚਾਰਦੀ ਹੈ; ਦੋਹਾਂ ਦੀ ਮਿਲਣੀ ਓਅੰਕਾਰ ਨਾਲ ਹੁੰਦੀ ਹੈ।

ਕੀ ੧ ਆਪਣੇ ਆਪ ਅਦਵੈਤ ਜਾਂ ਅਦੁੱਤੀਤਾ ਸਾਬਤ ਕਰ ਦਿੰਦਾ ਹੈ? ਨਹੀਂ। ਗਣਿਤ ਵਿਚ ੧ ਇੱਕ ਲੜੀ ਦਾ ਹਿੱਸਾ ਹੈ। ਉਸ ਤੋਂ ਪਹਿਲਾਂ ੦ ਅਤੇ ਬਾਅਦ ੨ ਆ ਸਕਦੇ ਹਨ। ਇਸ ਲਈ '੧' ਨੂੰ ਆਪਣੇ ਆਪ ਵਿਚ ਪੂਰਾ ਹੋਂਦਮੂਲਕ ਸਿਧਾਂਤ ਮੰਨਣਾ ਗ਼ਲਤ ਹੋਵੇਗਾ। ਉਸ ਦਾ ਅਰਥ ਉਸ ਦੀ ਥਾਂ, ਓਅੰਕਾਰ ਨਾਲ ਉਸ ਦੇ ਜੋੜ ਅਤੇ ਮੂਲ ਮੰਤਰ ਦੇ ਅਗਲੇ ਸ਼ਬਦਾਂ ਨਾਲ ਖੁੱਲ੍ਹਦਾ ਹੈ।

ਇਸ ਖਾਸ ਪ੍ਰਸੰਗ ਵਿਚ ੧ ਸਿਰਫ਼ 'ਕਿੰਨੇ ਰੱਬ' ਦਾ ਜਵਾਬ ਨਹੀਂ ਦਿੰਦਾ। ਇਹ ਪੜ੍ਹਤ ਦਾ ਨਿਯਮ ਬਣਦਾ ਹੈ। ਇਹ ਕਹਿੰਦਾ ਹੈ ਕਿ ਓਅੰਕਾਰ ਨੂੰ ਕਿਸੇ ਦੂਜੇ, ਸੁਤੰਤਰ ਜਾਂ ਮੁਕਾਬਲੇ ਵਿਚ ਨਾ ਸਮਝੋ। ਇਹ ਕਿਸੇ ਵਰਗ ਦੇ ਇੱਕੋ-ਇਕ ਸਦੱਸ ਦੀ ਵਿਲੱਖਣਤਾ ਨਾਲੋਂ ਵੱਡੀ ਗੱਲ ਹੈ। ਇਹ ਉਸ ਮੂਲ ਸੰਬੰਧ ਦੀ ਅਦੁੱਤੀਤਾ ਹੈ, ਜਿਸ ਵਿਚ ਸਾਰੇ ਜੀਵ, ਨਾਮ ਅਤੇ ਰੂਪ ਸੰਭਵ ਹੁੰਦੇ ਹਨ।

### ਓਮ ਅਤੇ ਓਅੰਕਾਰ ਦੀ ਪੁਰਾਣੀ ਵਿਰਾਸਤ

ੴ ਦੀ ਵਿਲੱਖਣਤਾ ਸਮਝਣ ਲਈ ਇਹ ਮੰਨਣਾ ਲਾਜ਼ਮੀ ਹੈ ਕਿ ਓਮ ਅਤੇ ਓਅੰਕਾਰ ਗੁਰੂ ਨਾਨਕ ਨਾਲ ਸ਼ੁਰੂ ਨਹੀਂ ਹੁੰਦੇ। ਉਪਨਿਸ਼ਦਿਕ ਅਤੇ ਹੋਰ ਭਾਰਤੀ ਪਰੰਪਰਾਵਾਂ ਵਿਚ ਓਮ ਨੂੰ ਉਚਾਰਨ, ਅੱਖਰ, ਧਿਆਨ, ਚੇਤਨਾ ਅਤੇ ਬ੍ਰਹਮ ਆਦਿ ਕਈ ਢੰਗਾਂ ਨਾਲ ਜੋੜਿਆ ਗਿਆ ਹੈ। ਛਾਂਦੋਗ੍ਯ, ਕਠ ਅਤੇ ਮਾਂਡੂਕ੍ਯ ਉਪਨਿਸ਼ਦ ਇਸ ਨੂੰ ਇੱਕੋ ਅਰਥ ਵਿਚ ਨਹੀਂ ਪੜ੍ਹਦੇ। ਇਸ ਲਈ ਓਮ ਨੂੰ ਸਿਰਫ਼ 'ਤ੍ਰਿਮੂਰਤੀ ਦੀ ਧੁਨੀ' ਕਹਿ ਦੇਣਾ ਉਸ ਦੇ ਵਿਸ਼ਾਲ ਇਤਿਹਾਸ ਨੂੰ ਘਟਾ ਦਿੰਦਾ ਹੈ।

ਸੰਸਕ੍ਰਿਤ ਸ਼ਬਦਕੋਸ਼ਾਂ ਵਿਚ 'ਓਅੰਕਾਰ' ਪਹਿਲਾਂ ਤੋਂ ਪ੍ਰਚਲਿਤ ਪਦ ਹੈ। ਆਮ ਤੌਰ ਉੱਤੇ ਇਸ ਦਾ ਅਰਥ ਪਵਿੱਤਰ ਧੁਨੀ-ਖੰਡ ਓਮ ਜਾਂ ਉਸ ਦਾ ਉਚਾਰਨ ਕੀਤਾ ਜਾਂਦਾ ਹੈ। ਇਸ ਤੱਥ ਦਾ ਮਹੱਤਵ ਇਹ ਹੈ ਕਿ ਗੁਰੂ ਨਾਨਕ ਨੇ ਨਾ 'ਓਮ' ਦੀ ਧੁਨੀ ਬਣਾਈ ਅਤੇ ਨਾ 'ਓਅੰਕਾਰ' ਸ਼ਬਦ ਪਹਿਲੀ ਵਾਰ ਘੜਿਆ। ਨਾਨਕੀ ਇੰਟਰਵੈਂਸ਼ਨ ਕਿਸੇ ਸ਼ਬਦ ਦੀ ਸਿਰਜਣਾ ਨਹੀਂ, ਵਿਰਾਸਤ ਵਿਚ ਮਿਲੇ ਸ਼ਬਦ ਦਾ ਰੂਪਾਂਤਰਣ ਹੈ।

ਪਰੰਪਰਾ ਵਿਚੋਂ ਕੋਈ ਚਿੰਨ੍ਹ ਲੈਣਾ ਉਸ ਦੇ ਸਾਰੇ ਪੁਰਾਣੇ ਅਰਥਾਂ ਨੂੰ ਜਿਉਂ ਦਾ ਤਿਉਂ ਮੰਨ ਲੈਣਾ ਨਹੀਂ ਹੁੰਦਾ। ਨਵੇਂ ਸ਼ਬਦ-ਸੰਬੰਧ, ਨਵਾਂ ਪਾਠਕ ਪ੍ਰਸੰਗ ਅਤੇ ਨਵੀਂ ਜੀਵਨ-ਦ੍ਰਿਸ਼ਟੀ ਉਸ ਦੇ ਅਰਥ ਨੂੰ ਬਦਲ ਸਕਦੇ ਹਨ। ੴ ਵਿਚ ਓਅੰਕਾਰ ਤੋਂ ਪਹਿਲਾਂ ੧ ਦੀ ਸਥਾਪਨਾ ਅਤੇ ਉਸ ਤੋਂ ਬਾਅਦ ਮੂਲ ਮੰਤਰ ਦਾ ਆਉਣਾ ਇਸੇ ਰੂਪਾਂਤਰਣ ਦਾ ਕੇਂਦਰ ਹੈ। ਓਅੰਕਾਰ ਹੁਣ ਨਾਮ, ਸ਼ਬਦ, ਹੁਕਮ, ਸੁਰਤਿ, ਕਰਤਾ ਅਤੇ ਨਿਰਵੈਰਤਾ ਦੇ ਨਾਨਕੀ ਖੇਤਰ ਵਿਚ ਦਾਖ਼ਲ ਹੁੰਦਾ ਹੈ।

ਇਸ ਸੰਬੰਧ ਨੂੰ ਇਸ ਤਰ੍ਹਾਂ ਕਹਿਣਾ ਸਭ ਤੋਂ ਸੁਰੱਖਿਅਤ ਹੈ। ਇੱਥੇ ਵੰਸ਼ਾਵਲੀ ਨਿਰੰਤਰਤਾ ਵੀ ਹੈ ਅਤੇ ਅਰਥਗਤ ਪੁਨਰ-ਸਿਰਜਣਾ ਵੀ। ੴ ਨਾ ਓਮ ਨਾਲ ਪੂਰੀ ਤਰ੍ਹਾਂ ਇਕੋ ਹੈ, ਨਾ ਉਸ ਨਾਲ ਕੋਈ ਸੰਬੰਧ ਨਾ ਰੱਖਣ ਵਾਲੀ ਬਿਲਕੁਲ ਨਵੀਂ ਵਸਤੂ। ਇਹ ਮਿਲੀ ਹੋਈ ਵਿਰਾਸਤ ਦਾ ਨਾਨਕੀ ਰੂਪਾਂਤਰਣ ਹੈ।

### ਕਾਰ ਦਾ ਅਰਥ ਸਿਰਜਣਹਾਰ ਕਿਉਂ ਨਹੀਂ

'ਓਅੰਕਾਰ' ਦੇ 'ਕਾਰ' ਨੂੰ ਆਧੁਨਿਕ ਪੰਜਾਬੀ ਦੇ 'ਕਰਨਾ', 'ਕਾਰਜ', 'ਕਰਤਾ' ਜਾਂ 'ਕਰਤਾਰ' ਨਾਲ ਜੋੜ ਕੇ ਤੁਰੰਤ 'ਸਿਰਜਣਹਾਰ' ਦਾ ਅਰਥ ਕੱਢ ਲੈਣਾ ਬਹੁਤ ਆਕਰਸ਼ਕ ਹੈ। ਗੁਰਬਾਣੀ ਵਿਚ ਓਅੰਕਾਰ ਦਾ ਸਿਰਜਣਾ ਨਾਲ ਡੂੰਘਾ ਸੰਬੰਧ ਵੀ ਹੈ। ਫਿਰ ਵੀ ਭਾਸ਼ਾ-ਇਤਿਹਾਸਕ ਸਾਵਧਾਨੀ ਲੋੜੀਂਦੀ ਹੈ।

ਸੰਸਕ੍ਰਿਤ ਵਿਚ 'ਕਾਰ' ਕਿਸੇ ਅੱਖਰ ਜਾਂ ਧੁਨੀ ਦੇ ਨਾਮ ਦਾ ਹਿੱਸਾ ਹੋ ਸਕਦਾ ਹੈ। 'ਅ-ਕਾਰ' ਅੱਖਰ ਅ ਨੂੰ ਅਤੇ 'ਓਅੰਕਾਰ' ਓਮ ਦੀ ਧੁਨੀ ਜਾਂ ਉਸ ਦੇ ਉਚਾਰਨ ਨੂੰ ਦਰਸਾ ਸਕਦਾ ਹੈ। ਇਸ ਲਈ 'ਕਾਰ' ਦਾ ਮੁੱਢਲਾ ਸ਼ਬਦਕੋਸ਼ੀ ਅਰਥ ਸਿੱਧਾ 'ਸਿਰਜਣਹਾਰ' ਨਹੀਂ। ਜੇ ਅਸੀਂ ਪਹਿਲਾਂ ਹੀ 'ਕਾਰ' ਵਿਚ 'ਕਰਤਾ' ਦਾ ਅਰਥ ਪਾ ਦੇਈਏ ਅਤੇ ਫਿਰ ਮੂਲ ਮੰਤਰ ਦੇ 'ਕਰਤਾ ਪੁਰਖੁ' ਨੂੰ ਉਸੇ ਅਰਥ ਦਾ ਵਿਸਤਾਰ ਕਹੀਏ, ਤਾਂ ਤਰਕ ਚੱਕਰ ਵਿਚ ਘੁੰਮਣ ਲੱਗਦਾ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ 'ਕਾਰ' ਅਤੇ ਸਿਰਜਣਾ ਵਿਚਕਾਰ ਕੋਈ ਅਰਥਗਤ ਸੰਬੰਧ ਨਹੀਂ। 'ਕਰਨਾ' ਅਤੇ 'ਬਣਾਉਣਾ' ਦੀ ਅਨੁਗੂੰਜ ਪੰਜਾਬੀ ਪਾਠਕ ਦੇ ਅਨੁਭਵ ਵਿਚ ਮੌਜੂਦ ਹੈ। ਦਖਣੀ ਓਅੰਕਾਰ ਦੀ ਸਿਰਜਣਾਤਮਕ ਸ਼ਬਦਾਵਲੀ ਇਸ ਅਨੁਗੂੰਜ ਨੂੰ ਹੋਰ ਮਜ਼ਬੂਤ ਕਰਦੀ ਹੈ। ਪਰ ਇਸ ਨੂੰ ਦੁਜੈਲੀ ਅਰਥਗਤ ਅਨੁਗੂੰਜ ਕਹਿਣਾ ਚਾਹੀਦਾ ਹੈ, ਮੁੱਢਲਾ ਸ਼ਬਦ-ਉਤਪੱਤੀਗਤ ਪ੍ਰਮਾਣ ਨਹੀਂ। ਕਲਪਨਾ ਅਤੇ ਦਰਸ਼ਨ ਲਈ ਅਨੁਗੂੰਜ ਉਪਜਾਊ ਹੋ ਸਕਦੀ ਹੈ; ਵਿਦਵਤਾ ਦਾ ਫ਼ਰਜ਼ ਹੈ ਕਿ ਉਹ ਅਨੁਗੂੰਜ ਅਤੇ ਸ਼ਬਦ-ਇਤਿਹਾਸ ਵਿਚਕਾਰ ਫਰਕ ਦੱਸੇ।

### ਕੀ ੴ ਮੋਨੋਥੀਇਜ਼ਮ ਹੈ:

ਮੋਨੋਥੀਇਜ਼ਮ ਦਾ ਆਮ ਅਰਥ ਹੈ ਕਿ ਰੱਬ ਇੱਕ ਹੈ, ਅਨੇਕ ਨਹੀਂ। ਇਹ ਧਾਰਨਾ ਅਨੇਕ ਦੇਵਤਿਆਂ ਦੀ ਥਾਂ ਇੱਕ ਸਰਵੋੱਚ ਰੱਬ ਨੂੰ ਮੰਨਦੀ ਹੈ। ਇਸ ਵਿਚ ਸਿਰਜਣਾ ਅਨੇਕ ਹੋ ਸਕਦੀ ਹੈ, ਪਰ ਉਸ ਦਾ ਰਚਨਹਾਰ ਇੱਕ ਦੈਵੀ ਸੱਤਾ ਹੁੰਦਾ ਹੈ। ਇਹ ਪਰਿਭਾਸ਼ਾ ਆਪਣੇ ਖੇਤਰ ਵਿਚ ਵਾਜਬ ਹੈ। ਸਮੱਸਿਆ ਇਹ ਹੈ ਕਿ ੴ ਨੂੰ ਇਸੇ ਪਰਿਭਾਸ਼ਾ ਵਿਚ ਪੂਰੀ ਤਰ੍ਹਾਂ ਸਮਾ ਦਿੱਤਾ ਜਾਵੇ।

ਮੋਨੋਥੀਇਜ਼ਮ ਅਤੇ ਬਹੁਦੇਵਵਾਦ ਦੋਵੇਂ ਰੱਬ ਜਾਂ ਦੇਵਤੇ ਨੂੰ ਗਿਣਤੀ ਦੀ ਇਕਾਈ ਬਣਾ ਸਕਦੇ ਹਨ। ਇੱਕ ਦਾ ਜਵਾਬ 'ਇੱਕ' ਹੈ, ਦੂਜੇ ਦਾ 'ਅਨੇਕ'। ੴ ਦਾ ੧ ਕੇਵਲ ਦੇਵਤਿਆਂ ਦੀ ਸੂਚੀ ਨੂੰ ਇੱਕ ਤੱਕ ਘਟਾਉਣ ਦਾ ਕੰਮ ਨਹੀਂ ਕਰਦਾ। ਇਹ ਉਸ ਮੂਲ ਆਧਾਰ ਨੂੰ ਦੂਜਾ ਹੋਣ ਤੋਂ ਰੋਕਦਾ ਹੈ ਜਿਸ ਦੇ ਅੰਦਰ ਗਿਣਤੀ ਕਰਨ ਵਾਲਾ, ਗਿਣੀ ਜਾਣ ਵਾਲੀ ਵਸਤੂ ਅਤੇ ਗਿਣਤੀ ਦੀ ਸਮਰੱਥਾ ਵੀ ਸੰਭਵ ਹੁੰਦੀ ਹੈ।

ਇਸ ਲਈ ਮੋਨੋਥੀਇਜ਼ਮ ਦੀ ਇਸ ਆਲੋਚਨਾ ਨੂੰ ਬਹੁਦੇਵਵਾਦ ਦਾ ਸਮਰਥਨ ਨਹੀਂ ਸਮਝਣਾ ਚਾਹੀਦਾ। ਦਲੀਲ ਦੈਵੀ ਏਕਤਾ ਦੇ ਵਿਰੁੱਧ ਨਹੀਂ। ਇਹ ਏਕਤਾ ਨੂੰ ਸਿਰਫ਼ ਗਿਣਤੀ ਦੀ ਸਮੱਸਿਆ ਬਣਾਉਣ ਦੇ ਵਿਰੁੱਧ ਹੈ।

**ਕੀ ੴ ਮੋਨਿਜ਼ਮ ਹੈ:** ਜੇ 'ਰੱਬ ਇੱਕ ਹੈ' ਅਧੂਰਾ ਹੈ, ਤਾਂ ਕੀ ਅਸੀਂ ਕਹਿ ਦੇਈਏ ਕਿ 'ਸਭ ਕੁਝ ਇੱਕ ਹੈ'। ਇਹ ਵੀ ਕਾਫ਼ੀ ਨਹੀਂ। ਦਰਸ਼ਨ ਵਿਚ ਮੋਨਿਜ਼ਮ ਦੇ ਕਈ ਰੂਪ ਹਨ। ਪਦਾਰਥਕ ਮੋਨਿਜ਼ਮ ਕਹਿ ਸਕਦਾ ਹੈ ਕਿ ਸਾਰੀ ਹਕੀਕਤ ਦੇ ਹੇਠਾਂ ਕੇਵਲ ਇੱਕ ਮੂਲ ਪਦਾਰਥ ਹੈ। ਕੁਝ ਰੂਪ ਅਨੇਕਤਾ ਨੂੰ ਉਸ ਇੱਕ ਪਦਾਰਥ ਦੀ ਅਵਾਸਤਵਿਕ ਦਿੱਖ ਵੀ ਮੰਨ ਸਕਦੇ ਹਨ।

ਗੁਰਬਾਣੀ ਵਿਚ ਵਿਭਿੰਨਤਾ ਕੇਵਲ ਭਰਮ ਨਹੀਂ। 'ਨਿਰਵੈਰੁ' ਦਾ ਅਰਥ ਤਦੋਂ ਹੀ ਬਣਦਾ ਹੈ ਜਦੋਂ ਹੋਰ ਜੀਵ ਅਸਲ ਹੋਣ। 'ਕਰਤਾ ਪੁਰਖੁ' ਦਾ ਅਰਥ ਤਦੋਂ ਹੀ ਬਣਦਾ ਹੈ ਜਦੋਂ ਸਿਰਜਣਾ ਅਤੇ ਪ੍ਰਗਟਾਵਾ ਅਰਥਵਾਨ ਹੋਣ। 'ਨਾਮੁ' ਤਦੋਂ ਹੀ ਖੁੱਲ੍ਹਦਾ ਹੈ ਜਦੋਂ ਪਛਾਣਯੋਗ ਨਾਮ, ਰੂਪ ਅਤੇ ਸੰਬੰਧ ਮੌਜੂਦ ਹੋਣ। ਜੇ ਅਨੇਕਤਾ ਨੂੰ ਪੂਰੀ ਤਰ੍ਹਾਂ ਭਰਮ ਕਹਿ ਦਿੱਤਾ ਜਾਵੇ, ਤਾਂ ਨੈਤਿਕ ਸੰਬੰਧ ਦੀ ਧਰਤੀ ਵੀ ਕਮਜ਼ੋਰ ਹੋ ਜਾਂਦੀ ਹੈ।

ਇਸ ਲਈ ੴ ਨਾ ਗਿਣਾਤਮਕ ਮੋਨੋਥੀਇਜ਼ਮ ਵਿਚ ਮੁਕਦਾ ਹੈ ਅਤੇ ਨਾ ਵਿਭਿੰਨਤਾ ਨੂੰ ਲੀਨ ਕਰ ਦੇਣ ਵਾਲੇ ਮੋਨਿਜ਼ਮ ਵਿਚ। ਇਸ ਨੂੰ ਸਮਝਣ ਲਈ ਅਦੁੱਤੀ ਸੰਬੰਧਕਤਾ ਦੀ ਧਾਰਨਾ ਵੱਧ ਉਚਿਤ ਹੈ।

**ਅਦੁੱਤੀ ਸੰਬੰਧਕਤਾ:** 'ਅਦੁੱਤੀ' ਦਾ ਅਰਥ ਇਹ ਨਹੀਂ ਕਿ ਕੋਈ ਇਕੱਲੀ ਸੱਤਾ ਸਾਰੇ ਜਗਤ ਤੋਂ ਵੱਖ ਬੈਠੀ ਹੈ। ਇਸ ਦਾ ਅਰਥ ਹੈ ਕਿ ਹੋਂਦ ਦਾ ਕੋਈ ਸੁਤੰਤਰ ਦੂਜਾ ਮੂਲ ਨਹੀਂ। 'ਸੰਬੰਧਕਤਾ' ਦਾ ਅਰਥ ਹੈ ਕਿ ਜੀਵ ਪਹਿਲਾਂ ਆਪਣੇ-ਆਪ ਵਿਚ ਪੂਰੀਆਂ ਅਤੇ ਬੰਦ ਇਕਾਈਆਂ ਬਣ ਕੇ ਬਾਅਦ ਵਿਚ ਸੰਬੰਧ ਨਹੀਂ ਬਣਾਉਂਦੇ। ਉਹ ਆਪਣੇ ਸੰਬੰਧਾਂ ਵਿਚ ਹੀ ਪਛਾਣਯੋਗ, ਅਰਥਵਾਨ ਅਤੇ ਜੀਵੰਤ ਹੁੰਦੇ ਹਨ।

ਇੱਕ ਬੱਚਾ ਮਾਂ, ਭਾਸ਼ਾ, ਹਵਾ, ਭੋਜਨ, ਸਮੇਂ ਅਤੇ ਸਮਾਜ ਤੋਂ ਬਾਹਰ ਪਹਿਲਾਂ ਕੋਈ ਪੂਰੀ ਇਕਾਈ ਨਹੀਂ ਹੁੰਦਾ। ਉਸ ਦੀ ਵੱਖਰੀ ਹਸਤੀ ਅਸਲ ਹੈ, ਪਰ ਉਹ ਸੰਬੰਧਾਂ ਤੋਂ ਰਹਿਤ ਨਹੀਂ। ਇਸੇ ਤਰ੍ਹਾਂ ਦਰਿਆ, ਰੁੱਖ, ਮਨੁੱਖ, ਪਸ਼ੂ ਅਤੇ ਧਰਤੀ ਵੱਖਰੇ ਹਨ; ਉਨ੍ਹਾਂ ਦਾ ਵੱਖਰਾਪਣ ਝੂਠਾ ਨਹੀਂ। ਪਰ ਕੋਈ ਵੀ ਆਪਣੇ-ਆਪ ਵਿਚ ਪੂਰਾ ਮੂਲ ਨਹੀਂ।

ਅਦੁੱਤੀ ਸੰਬੰਧਕਤਾ ਦੋ ਗ਼ਲਤੀਆਂ ਤੋਂ ਬਚਾਉਂਦੀ ਹੈ। ਪਹਿਲੀ ਗ਼ਲਤੀ ਹੈ ਰੱਬ ਨੂੰ ਉੱਪਰਲੀ ਇਕੱਲੀ ਸੱਤਾ ਅਤੇ ਸਿਰਜਣਾ ਨੂੰ ਹੇਠਲਾ ਪਰਾਇਆ ਜਗਤ ਸਮਝਣਾ। ਦੂਜੀ ਗ਼ਲਤੀ ਹੈ ਸਾਰੇ ਵੱਖਰੇ ਜੀਵਾਂ ਨੂੰ ਇੱਕ ਪਦਾਰਥ ਦੀ ਅਸਲੀਅਤ-ਰਹਿਤ ਦਿੱਖ ਕਹਿ ਦੇਣਾ। ਅਦੁੱਤੀ ਸੰਬੰਧਕਤਾ ਕਹਿੰਦੀ ਹੈ ਕਿ ਅਨੇਕਤਾ ਅਸਲ ਹੈ, ਪਰ ਅਨੇਕ ਵਿਚੋਂ ਕੋਈ ਵੀ ਪੂਰਨ ਤੌਰ ਉੱਤੇ ਸਵੈ-ਆਧਾਰੀ ਨਹੀਂ। ਇਹ ਧਾਰਨਾ ਪਰੰਪਰਾ ਵਿਚੋਂ ਮਿਲਿਆ ਕੋਈ ਤਿਆਰ ਤਕਨੀਕੀ ਪਦ ਨਹੀਂ। ਇਹ ੴ, ਮੂਲ ਮੰਤਰ ਅਤੇ ਗੁਰਬਾਣੀ ਦੀ ਸੰਬੰਧਕ ਵਿਆਕਰਨ ਨੂੰ ਸਮਝਾਉਣ ਲਈ ਪੇਸ਼ ਕੀਤਾ ਗਿਆ ਦਾਰਸ਼ਨਿਕ ਸੂਤਰੀਕਰਨ ਹੈ। ਇਸ ਨੂੰ ਇਤਿਹਾਸਕ ਹਵਾਲਾ ਬਣਾਉਣ ਦੀ ਥਾਂ ਇੱਕ ਵਿਆਖਿਆਤਮਕ ਸਾਧਨ ਵਜੋਂ ਵਰਤਣਾ ਚਾਹੀਦਾ ਹੈ।

### ਲਿਖਤ ਧੁਨੀ ਅਤੇ ਦੇਹ:

ਧੁਨੀ ਕੋਈ ਅਮੂਰਤ ਵਿਚਾਰ ਨਹੀਂ। ਉਹ ਸਾਹ, ਕੰਠ, ਜੀਭ, ਮੂੰਹ, ਕੰਨ ਅਤੇ ਧਿਆਨ ਦੀ ਘਟਨਾ ਹੈ। 'ਓਅੰਕਾਰ' ਉਚਾਰਦਿਆਂ ਦੇਹ ਕੇਵਲ ਅਰਥ ਨੂੰ ਢੋਣ ਵਾਲੀ ਗੱਡੀ ਨਹੀਂ ਰਹਿੰਦੀ; ਉਹ ਅਰਥ-ਰਚਨਾ ਵਿਚ ਭਾਗ ਲੈਂਦੀ ਹੈ। ਸਾਹ ਬਿਨਾਂ ਉਚਾਰਨ ਨਹੀਂ। ਕੰਨ ਬਿਨਾਂ ਸੁਣਨਾ ਨਹੀਂ। ਸੁਰਤਿ ਬਿਨਾਂ ਸੁਣਿਆ ਹੋਇਆ ਅੰਦਰਲੀ ਚੇਤਨਾ ਦਾ ਹਿੱਸਾ ਨਹੀਂ ਬਣਦਾ।

ਗੁਰਬਾਣੀ ਦੀ ਪੰਕਤੀ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਸ਼ਬਦ, ਧੁਨੀ ਅਤੇ ਸੁਰਤਿ ਨੂੰ ਇੱਕ ਅਨੁਭਵਕ ਸੰਬੰਧ ਵਿਚ ਰੱਖਦੀ ਹੈ। ਇਸ ਦਾ ਇਹ ਅਰਥ ਨਹੀਂ ਕਿ ਕੇਵਲ ਮੂੰਹ ਨਾਲ ਕੋਈ ਧੁਨੀ ਦੁਹਰਾ ਦੇਣ ਨਾਲ ਆਤਮਿਕ ਅਨੁਭੂਤੀ ਆਪਣੇ ਆਪ ਹੋ ਜਾਵੇਗੀ। ਰਸਮੀ ਦੁਹਰਾਓ ਅਨੁਭੂਤੀ ਦੀ ਜ਼ਮਾਨਤ ਨਹੀਂ। ਧੁਨੀ ਤਦੋਂ ਰੂਪਾਂਤਰਕ ਬਣਦੀ ਹੈ ਜਦੋਂ ਉਹ ਸੁਰਤਿ, ਸਮਝ ਅਤੇ ਜੀਵਨ ਦੀ ਦਿਸ਼ਾ ਨਾਲ ਜੁੜਦੀ ਹੈ।

ਇੱਥੇ ਓਮ ਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਦੇਹ-ਰਹਿਤ ਕਹਿਣਾ ਵੀ ਗ਼ਲਤ ਹੋਵੇਗਾ। ਉਹ ਵੀ ਉਚਾਰਨ, ਧਿਆਨ, ਰਸਮ ਅਤੇ ਦੇਹ ਨਾਲ ਜੁੜੀਆਂ ਹਨ। ਨਾਨਕੀ ਵਿਲੱਖਣਤਾ ਦੇਹੀ ਉਚਾਰਨ ਦੀ ਖੋਜ ਵਿਚ ਨਹੀਂ। ਇਹ ੧, ਓਅੰਕਾਰ, ਗੁਰਮੁਖੀ ਲਿਖਤ ਅਤੇ ਗੁਰਬਾਣੀ-ਪ੍ਰਸੰਗ ਦੀ ਖਾਸ ਸੰਯੋਜਨਾ ਵਿਚ ਹੈ।

ਲਿਖਤ ਧੁਨੀ ਦੀ ਨਕਲ ਵੀ ਨਹੀਂ। ਧੁਨੀ ਸਮੇਂ ਵਿਚ ਉੱਠਦੀ ਅਤੇ ਲੰਘ ਜਾਂਦੀ ਹੈ। ਲਿਖਤ ਉਸ ਨੂੰ ਸਥਾਨ ਵਿਚ ਟਿਕਾਉਂਦੀ ਅਤੇ ਦੁਬਾਰਾ ਉਚਾਰਨ ਦੀ ਸੰਭਾਵਨਾ ਬਚਾਉਂਦੀ ਹੈ। ਪਰ ੴ ਦੀ ਲਿਖਤ ਸਿਰਫ਼ ਉਚਾਰਨ ਯਾਦ ਕਰਾਉਣ ਵਾਲੀ ਨਿਸ਼ਾਨੀ ਨਹੀਂ। ੧ ਦੀ ਦ੍ਰਿਸ਼ਮਾਨਤਾ ਇੱਕ ਐਸਾ ਕੰਮ ਕਰਦੀ ਹੈ ਜੋ ਬੋਲੀ ਹੋਈ 'ਇਕ' ਪੂਰੀ ਤਰ੍ਹਾਂ ਨਹੀਂ ਕਰ ਸਕਦੀ। ਇਸੇ ਲਈ ੴ ਨੂੰ ਸਿਰਫ਼ 'ਇਕ ਓਅੰਕਾਰ' ਲਿਖ ਦੇਣ ਨਾਲ ਉਚਾਰਨ ਤਾਂ ਸਪਸ਼ਟ ਹੁੰਦਾ ਹੈ, ਪਰ ਮੂਲ ਚਿੰਨ੍ਹ ਦੀ ਦ੍ਰਿਸ਼ ਸੰਘਣਤਾ ਖੁੱਲ੍ਹ ਕੇ ਖਿੰਡ ਜਾਂਦੀ ਹੈ।

### ਪਰ-ਸੰਕੇਤਕ ਸੰਚਾਲਕ:

ੴ ਨੂੰ ਪਰ-ਸੰਕੇਤਕ ਸੰਚਾਲਕ ਕਹਿਣ ਦਾ ਅਰਥ ਇਹ ਨਹੀਂ ਕਿ ਇਹ ਚਿੰਨ੍ਹਾਂ ਤੋਂ ਪਰੇ ਜਾਂ ਚਿੰਨ੍ਹ-ਰਹਿਤ ਹੈ। ਅਰਥ ਇਹ ਹੈ ਕਿ ਇਹ ਇੱਕੋ ਸੰਕੇਤ-ਪ੍ਰਣਾਲੀ ਵਿਚ ਬੰਦ ਨਹੀਂ ਹੁੰਦਾ। ਇਸ ਵਿਚ ਘੱਟੋ-ਘੱਟ ਪੰਜ ਪੱਖ ਇਕੱਠੇ ਕੰਮ ਕਰਦੇ ਹਨ।

ਪਹਿਲਾ ਪੱਖ ਗਿਣਾਤਮਕ ਹੈ। ੧ ਇੱਕ ਅੰਕ ਹੈ। ਦੂਜਾ ਧੁਨੀਗਤ ਹੈ। ਓਅੰਕਾਰ ਪਵਿੱਤਰ ਧੁਨੀ ਅਤੇ ਉਚਾਰਨ ਦੀ ਲੰਮੀ ਵਿਰਾਸਤ ਲਿਆਉਂਦਾ ਹੈ। ਤੀਜਾ ਭਾਸ਼ਾਈ ਹੈ। ਅਸੀਂ ਚਿੰਨ੍ਹ ਨੂੰ 'ਇਕ ਓਅੰਕਾਰ' ਵਜੋਂ ਪੜ੍ਹਦੇ ਅਤੇ ਸ਼ਬਦਾਂ ਵਿਚ ਸਮਝਾਉਂਦੇ ਹਾਂ। ਚੌਥਾ ਲਿਖਤੀ-ਦ੍ਰਿਸ਼ ਹੈ। ੴ ਇੱਕ ਵਿਲੱਖਣ ਰੂਪ ਵਜੋਂ ਅੱਖ ਸਾਹਮਣੇ ਮੌਜੂਦ ਹੈ। ਪੰਜਵਾਂ ਦੇਹੀ ਹੈ। ਵੇਖਣਾ, ਲਿਖਣਾ, ਉਚਾਰਨਾ, ਸੁਣਨਾ ਅਤੇ ਯਾਦ ਕਰਨਾ ਸਰੀਰ ਨਾਲ ਵਾਪਰਨ ਵਾਲੀਆਂ ਕਿਰਿਆਵਾਂ ਹਨ।

ਇਹ ਪੰਜ ਪੱਖ ਇੱਕ ਦੂਜੇ ਦੀ ਸਧਾਰਨ ਨਕਲ ਨਹੀਂ। ਅੱਖ ਜੋ ਵੇਖਦੀ ਹੈ, ਕੰਨ ਉਹੀ ਚੀਜ਼ ਕਿਸੇ ਦੂਜੇ ਰਸਤੇ ਨਾਲ ਨਹੀਂ ਲੈਂਦਾ। ੧ ਦੀ ਦ੍ਰਿਸ਼ ਇਕਹਿਰਤਾ ਅਤੇ 'ਇਕ' ਦੀ ਸੁਣੀ ਜਾਣ

(ਬਾਕੀ ਅਗਲੇ ਸਫੇ 'ਤੇ)

# ਠੁਮਰੀ, ਦਾਦਰਾ ਅਤੇ ਗ਼ਜ਼ਲ ਦੀ ਤ੍ਰਿਬੈਣੀ: ਬੇਗ਼ਮ ਅਖ਼ਤਰ

**ਜਨਮ ਦਿਨ 'ਤੇ ਵਿਸ਼ੇਸ਼**



ਪ੍ਰੋ. ਨਵ ਸੰਗੀਤ ਸਿੰਘ

ਬੇਗ਼ਮ ਅਖ਼ਤਰ ਭਾਰਤੀ ਸੰਗੀਤ ਵਿਚ ਇੱਕ ਯਾਦਗਾਰੀ ਨਾਂ ਹੈ। ਉਹਦਾ ਅਸਲ ਨਾਂ ਅਖ਼ਤਰੀ ਬਾਈ ਫ਼ੈਜ਼ਾਬਾਦੀ ਸੀ। 7 ਅਕਤੂਬਰ 1914 ਨੂੰ ਫ਼ੈਜ਼ਾਬਾਦ (ਉੱਤਰਪ੍ਰਦੇਸ਼) ਵਿਚ ਜਨਮੀ ਬੇਗ਼ਮ ਸੰਗੀਤ ਜਗਤ ਵਿਚ 'ਮੱਲਿਕਾ-ਏ-ਗ਼ਜ਼ਲ' ਦੇ ਨਾਂ ਨਾਲ ਛਾ ਗਈ। ਉਹਦੀਆਂ ਠੁਮਰੀ ਅਤੇ ਦਾਦਰਾ ਦੀਆਂ ਪੇਸ਼ਕਾਰੀਆਂ ਵੀ ਉਨੀਆਂ ਹੀ ਅਦੁੱਤੀ ਅਤੇ ਲੋਕਪ੍ਰਿਯ ਹਨ। ਉਹਦੀ ਗਾਇਕੀ ਵਿਚ ਪੂਰਬ ਅੰਗ ਦੀ ਠੁਮਰੀ ਦੀ ਮਿਠਾਸ, ਡੂੰਘੀ ਭਾਵਨਾ ਅਤੇ ਦਰਦ ਦਾ ਅਹਿਸਾਸ ਝਲਕਦਾ ਸੀ।

ਬੇਗ਼ਮ ਦੀਆਂ ਪੇਸ਼ਕਾਰੀਆਂ ਅੱਜ ਵੀ ਕਲਾਸਿਕ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ 'ਹਮਰੀ ਅਟਰੀਆ ਪੇ ਆਓ ਸਾਂਵਰੀਆ', 'ਨਥਨੀਆ ਕਾਹੇ ਮਾਰੇ ਬੋਲ', 'ਅਬ ਕੇ ਸਾਵਨ ਘਰ ਆਜਾ', 'ਬਲਾਵਾ ਤੁਮ ਕਿਆ ਜਾਨੋ ਪ੍ਰੀਤ, ਜਬ ਸੇ ਸ਼ਿਆਮ ਸਿਧਾਰੇ' ਆਦਿ ਪ੍ਰਮੁੱਖ ਹਨ।

ਬੇਗ਼ਮ ਨੂੰ ਬਚਪਨ ਤੋਂ ਹੀ ਸੰਗੀਤ ਵਿਚ ਰੁਚੀ ਸੀ। ਉਹ ਪਿਠਵਰਤੀ ਗਾਇਕਾ ਬਣਨਾ ਚਾਹੁੰਦੀ ਸੀ। ਪਰ ਉਸਦੇ ਪਰਿਵਾਰ ਵਾਲੇ ਇਸਦੇ ਵਿਰੁੱਧ ਸਨ। ਬੇਗ਼ਮ ਦੇ ਚਾਚੇ ਨੇ ਉਹਦੇ ਸੰਗੀਤ ਪ੍ਰਤੀ ਲਗਾਓ ਨੂੰ ਪਹਿਚਾਣ ਲਿਆ ਅਤੇ ਉਹਨੂੰ ਇਸ ਰਸਤੇ 'ਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਬੇਗ਼ਮ ਨੇ ਫ਼ੈਜ਼ਾਬਾਦ ਵਿਚ ਸਾਰੰਗੀ ਉਸਤਾਦ ਇਮਾਨ ਖਾਂ ਅਤੇ ਅਤਾ ਮੁਹੰਮਦ ਖਾਂ ਤੋਂ ਸੰਗੀਤ ਦੀ ਮੁੱਢਲੀ ਵਿਦਿਆ ਹਾਸਲ ਕੀਤੀ। ਇਨ੍ਹਾਂ ਤੋਂ ਬਿਨਾਂ ਉਹਨੇ ਮੁਹੰਮਦ ਖਾਨ ਅਤੇ ਅਬਦੁਲ ਵਹੀਦ ਖਾਂ 'ਤੋਂ ਭਾਰਤੀ ਸੰਗੀਤ ਸਿੱਖਿਆ।

'30 ਦੇ ਦਹਾਕੇ ਵਿਚ ਬੇਗ਼ਮ ਪਾਰਸੀ ਥੀਏਟਰ ਨਾਲ ਜੁੜ ਗਈ ਤੇ 15 ਸਾਲ ਦੀ ਉਮਰ ਵਿਚ ਮੰਚ ਤੇ ਪਹਿਲੀ ਪੇਸ਼ਕਾਰੀ ਦਿੱਤੀ। ਨਾਟਕ ਵਿਚ ਕੰਮ ਕਰਨ ਕਰਕੇ ਉਹਦਾ ਰਿਆਜ਼ ਛੁੱਟ ਗਿਆ ਤੇ ਉਸਤਾਦ ਅਤਾ ਖਾਨ ਕਾਫ਼ੀ ਨਰਾਜ਼ ਹੋਏ। ਉਨ੍ਹਾਂ ਨੇ ਬੇਗ਼ਮ ਨੂੰ ਨਾਟਕ ਛੱਡਣ ਲਈ ਵੀ ਕਿਹਾ। ਪਰ ਬੇਗ਼ਮ ਦੇ ਕਹਿਣ 'ਤੇ ਜਦ ਉਹ ਉਹਦਾ ਨਾਟਕ 'ਤੁਰਕੀ ਹੂਰ' ਵੇਖਣ ਗਏ ਤੇ ਉੱਥੇ ਬੇਗ਼ਮ ਦਾ ਗਾਣਾ 'ਚਲ ਰੀ ਮੋਰੀ ਨੱਈਆ' ਸੁਣਿਆ ਤਾਂ ਉਸਤਾਦ ਦੀਆਂ ਅੱਖਾਂ ਨਮ ਹੋ ਗਈਆਂ। ਨਾਟਕ ਦੀ ਸਮਾਪਤੀ ਪਿੱਛੋਂ ਉਸਤਾਦ ਨੇ ਬੇਗ਼ਮ ਨੂੰ ਕਿਹਾ- 'ਤੂੰ ਸੱਚੀ ਅਦਾਕਾਰਾ ਹੈਂ, ਜਦੋਂ ਤੱਕ ਚਾਹੇਂ ਨਾਟਕ ਵਿਚ ਕੰਮ ਕਰ ਸਕਦੀ ਹੈਂ।'



ਨਾਟਕਾਂ ਵਿਚ ਮਿਲੀ ਸ਼ੋਹਰਤ ਪਿੱਛੋਂ ਬੇਗ਼ਮ ਨੂੰ ਕਲਕੱਤੇ ਦੀ ਈਸਟ ਇੰਡੀਆ ਕੰਪਨੀ ਵਿਚ ਅਭਿਨੈ ਦਾ ਮੌਕਾ ਮਿਲਿਆ। ਬਤੌਰ ਅਭਿਨੇਤਰੀ ਉਹਨੇ 'ਏਕ ਦਿਨ ਕਾ ਬਾਦਸ਼ਾਹ' ਤੋਂ ਆਪਣੇ ਸਿਨੇਮਾ-ਸਫ਼ਰ ਦੀ ਸ਼ੁਰੂਆਤ ਕੀਤੀ ਪਰ ਫ਼ਿਲਮ ਦੀ ਅਸਫ਼ਲਤਾ ਕਾਰਨ ਅਭਿਨੇਤਰੀ ਵਜੋਂ ਉਹਦੀ ਖਾਸ ਪਛਾਣ ਨਾ ਬਣ ਸਕੀ। 1933 ਵਿਚ ਈਸਟ ਇੰਡੀਆ ਦੇ ਬੈਨਰ ਹੇਠ ਬਣੀ ਫ਼ਿਲਮ 'ਨਲ ਦਮਿਅੰਤੀ' ਦੀ ਸਫ਼ਲਤਾ ਪਿੱਛੋਂ ਬੇਗ਼ਮ ਬਤੌਰ ਅਭਿਨੇਤਰੀ ਆਪਣੀ ਕੁਝ ਪਛਾਣ ਬਣਾਉਣ ਵਿਚ ਸਫ਼ਲ ਹੋ ਗਈ। ਇਸੇ ਦੌਰਾਨ ਉਹਨੇ 'ਅਮੀਨਾ'(1934), 'ਮੁਮਤਾਜ਼ ਬੇਗ਼ਮ' (1934), 'ਰੂਪ ਕੁਮਾਰੀ' (1934), 'ਜਵਾਨੀ ਕਾ ਨਸ਼ਾ'(1935), 'ਨਸੀਬ ਕਾ ਚੱਕਰ'(1936) ਵਰਗੀਆਂ ਫ਼ਿਲਮਾਂ ਵਿਚ ਅਭਿਨੈ ਕੀਤਾ।

ਕੁਝ ਸਮੇਂ ਪਿੱਛੋਂ ਉਹ ਲਖਨਊ ਚਲੀ ਗਈ, ਜਿੱਥੇ ਉਹਦੀ ਮੁਲਾਕਾਤ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਮਹਿਬੂਬ ਖਾਨ ਨਾਲ ਹੋਈ। ਮਹਿਬੂਬ ਨੇ ਉਹਨੂੰ ਬੰਬਈ ਆਉਣ ਦਾ ਸੱਦਾ ਦਿੱਤਾ। 1942 ਵਿਚ ਮਹਿਬੂਬ ਖਾਨ ਦੀ ਫ਼ਿਲਮ 'ਰੋਟੀ' ਵਿਚ ਬੇਗ਼ਮ ਨੇ ਅਭਿਨੈ ਦੇ ਨਾਲ ਨਾਲ 6 ਗਾਣੇ ਵੀ ਗਾਏ। ਪਰ ਫ਼ਿਲਮ ਨਿਰਮਾਣ ਦੌਰਾਨ ਸੰਗੀਤਕਾਰ ਅਨਿਲ ਬਿਸਵਾਸ ਤੇ ਮਹਿਬੂਬ ਦੀ ਅਣਬਣ ਹੋ ਗਈ। ਜਿਸ ਕਰਕੇ ਤਿੰਨ ਗਾਣੇ ਫ਼ਿਲਮ ਚੋਂ ਹਟਾ ਦਿੱਤੇ। ਪਿੱਛੋਂ ਇਨ੍ਹਾਂ ਗਾਣਿਆਂ ਦੀ ਗ੍ਰਾਮੋਫ਼ੋਨ ਡਿਸਕ ਜਾਰੀ ਕੀਤੀ ਗਈ। ਕੁਝ ਦਿਨਾਂ ਪਿੱਛੋਂ ਬੇਗ਼ਮ ਬੰਬਈ ਦੀ ਚਕਾਚੌਂਧ ਤੋਂ ਉਕਤਾ ਕੇ ਲਖਨਊ ਵਾਪਸ ਆ ਗਈ।

1945 ਵਿਚ ਜਦੋਂ ਉਹਦੀ ਪ੍ਰਸਿੱਧੀ ਸਿਖਰਾਂ 'ਤੇ ਸੀ ਤਾਂ ਉਹਨੇ ਇਸ਼ਤਿਆਕ ਅਹਿਮਦ ਅੱਬਾਸੀ, ਜੋ ਪੇਸ਼ੇ ਤੋਂ ਵਕੀਲ ਸਨ, ਨਾਲ ਨਿਕਾਹ ਕਰ ਲਿਆ ਅਤੇ ਅਖ਼ਤਰੀ ਬਾਈ ਤੋਂ ਬੇਗ਼ਮ ਅਖ਼ਤਰ ਬਣ ਗਈ। ਉਹਨੇ ਗਾਇਕੀ ਛੱਡ ਦਿੱਤੀ ਅਤੇ ਪਰਦੇ ਵਿਚ ਰਹਿਣ ਲੱਗੀ। ਬਹੁਤ ਸਾਰੇ ਲੋਕਾਂ ਨੇ ਉਹਦੇ ਇਨ੍ਹਾਂ ਕੰਮਾਂ ਲਈ ਨੁਕਤਾਚੀਨੀ ਵੀ ਕੀਤੀ। ਪੰਜ ਸਾਲ ਤੱਕ ਉਹਨੇ ਬਾਹਰੀ ਦੁਨੀਆਂ ਨਾਲੋਂ ਨਾਤਾ ਤੋੜੀ ਰੱਖਿਆ। ਉਹ ਬੀਮਾਰ ਰਹਿਣ ਲੱਗੀ ਤਾਂ ਡਾਕਟਰਾਂ ਨੇ ਸਲਾਹ ਦਿੱਤੀ ਕਿ ਉਹ ਗਾਇਕੀ ਸ਼ੁਰੂ ਕਰ ਦੇਵੇ। 1949 ਵਿਚ ਪਤੀ ਦੇ ਕਹਿਣ 'ਤੇ ਉਹ ਫਿਰ ਤੋਂ ਗਾਇਕੀ ਵੱਲ ਪਰਤੀ ਤੇ ਆਲ ਇੰਡੀਆ ਰੇਡੀਓ ਲਖਨਊ ਨਾਲ ਜੁੜ ਗਈ ਤੇ ਮਰਦੇ ਦਮ ਤੱਕ ਜੁੜੀ ਰਹੀ।

ਮਹਾਨ ਸੰਗੀਤਕਾਰ ਮਦਨ ਮੋਹਨ ਦੇ ਕਹਿਣ 'ਤੇ ਬੇਗ਼ਮ ਨੇ 1953 ਵਿਚ ਪ੍ਰਦਰਸ਼ਿਤ 'ਦਾਨਾਪਾਨੀ' ਦੇ ਗੀਤ 'ਐ ਇਸ਼ਕ ਮੁਝੇ ਔਰ ਕੁਛ ਯਾਦ ਨਹੀਂ' ਤੇ 1954 ਵਿਚ ਫ਼ਿਲਮ 'ਅਹਿਸਾਨ' ਦੇ ਗੀਤ 'ਹਮੇਂ ਦਿਲ ਮੇਂ ਬਸਾ ਭੀ ਲੋ' ਗਾ ਕੇ ਸਰੋਤਿਆਂ ਤੋਂ ਭਰਪੂਰ ਦਾਦ ਹਾਸਲ ਕੀਤੀ। '50 ਦੇ ਦਹਾਕੇ ਵਿਚ ਉਹਨੇ ਫ਼ਿਲਮਾਂ ਵਿਚ ਕੰਮ ਕਰਨਾ ਘਟਾ ਦਿੱਤਾ। 1958 ਵਿਚ ਸਤਿਆਜੀਤ ਰੇਅ ਦੀ ਫ਼ਿਲਮ 'ਜਲਸਾ ਘਰ' ਉਹਦੇ ਕੈਰੀਅਰ ਦੀ ਆਖਰੀ ਫ਼ਿਲਮ ਸੀ। ਇਸ ਫ਼ਿਲਮ ਵਿਚ ਉਹਨੇ ਗਾਇਕਾ ਦੀ ਭੂਮਿਕਾ ਨਿਭਾ ਕੇ ਖੁਦ ਨੂੰ ਜੀਵੰਤ ਕਰ ਦਿੱਤਾ।

ਉਹਦੀਆਂ ਕੁਝ ਹੋਰ ਫ਼ਿਲਮਾਂ ਵਿਚ 'ਅਨਾਰ ਬਾਲਾ' (1940), 'ਦਾਨਾਪਾਨੀ' (1953), 'ਅਹਿਸਾਨ' (1954), 'ਜਲਸਾ ਘਰ' (1958) ਆਦਿ ਪ੍ਰਮੁੱਖ ਹਨ। ਫ਼ਿਲਮ ਅਤੇ ਸੰਗੀਤ ਨੂੰ ਦਿੱਤੇ ਯੋਗਦਾਨ ਬਦਲੇ ਉਹਨੂੰ 1968 ਵਿਚ ਪਦਮਸ਼੍ਰੀ, 1972 ਵਿਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਅਤੇ 1975 ਵਿਚ (ਮੌਤ ਤੋਂ ਪਿੱਛੋਂ) ਪਦਮ ਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ।

ਇਹ ਮਹਾਨ ਗਾਇਕਾ 30 ਅਕਤੂਬਰ 1974 ਨੂੰ ਹਾਰਟ ਅਟੈਕ ਕਾਰਨ ਇਸ ਦੁਨੀਆਂ ਨੂੰ ਸਦੀਵੀ ਅਲਵਿਦਾ ਕਹਿ ਗਈ। ਉਹਨੂੰ ਲਖਨਊ ਦੇ ਪਸੰਦ ਬਾਗ ਵਿਚ ਸਪੁਰਦੇ-ਖ਼ਾਕ ਕੀਤਾ ਗਿਆ। ਮੌਤ ਤੋਂ ਅੱਠ ਦਿਨ ਪਹਿਲਾਂ ਉਹਨੇ ਪ੍ਰਸਿੱਧ ਸ਼ਾਇਰ ਕੈਫ਼ੀ ਆਜ਼ਮੀ ਦੀ ਇਹ ਗ਼ਜ਼ਲ ਰਿਕਾਰਡ ਕਰਵਾਈ:

ਸੁਨਾ ਕਰੋ ਮੇਰੀ ਜਾਂ ਉਨਸੇ ਉਨਕੇ ਅਫ਼ਸਾਨੇ।
ਸਬ ਅਜਨਬੀ ਹੈਂ ਯਹਾਂ ਕੌਨ ਕਿਸਕੋ ਪਹਚਾਨੇ।

ਉਹਦੀਆਂ ਯਾਦਗਾਰੀ ਗ਼ਜ਼ਲਾਂ ਵਿਚ 'ਵੋ ਜੋ ਹਮਮੇਂ ਤੁਮਮੇਂ ਕਰਾਰ ਥਾ, ਤੁਮੇਂ ਯਾਦ ਹੋ ਕਿ ਨ ਯਾਦ ਹੋ...' ਬਹੁਤ ਪ੍ਰਸਿੱਧ ਹੈ। ਲੇਖਕ ਤੇ ਸੰਗੀਤਕਾਰ ਯਤੀਂਦ੍ਰ ਮਿਸ਼੍ਰ ਦੀ ਕਿਤਾਬ 'ਅਖ਼ਤਰੀ: ਸੋਜ਼ ਔਰ ਦਰਦ ਕਾ ਅਫ਼ਸਾਨਾ' ਵਿਚੋਂ ਬੇਗ਼ਮ ਅਖ਼ਤਰ ਦੇ ਜੀਵਨ ਬਾਰੇ ਵਿਸਤ੍ਰਿਤ ਜਾਣਕਾਰੀ ਮੁਹੱਈਆ ਹੁੰਦੀ ਹੈ।

---

(ਪਿਛਲੇ ਸਫੇ ਦਾ ਬਾਕੀ)

ਵਾਲੀ ਮਿਆਦ ਵੱਖਰੀਆਂ ਸਮਰੱਥਾਵਾਂ ਰੱਖਦੀਆਂ ਹਨ। ੴ ਇਨ੍ਹਾਂ ਫ਼ਰਕਾਂ ਨੂੰ ਮਿਟਾਉਂਦਾ ਨਹੀਂ; ਇੱਕੋ ਅਰਥ-ਘਟਨਾ ਵਿਚ ਜੋੜਦਾ ਹੈ।

ਇਸੇ ਥਾਂ ਨੁਮਾਇੰਦਗੀ ਅਤੇ ਘਟਨਾ ਦਾ ਭੇਦ ਮਹੱਤਵਪੂਰਨ ਬਣਦਾ ਹੈ। ਕੋਈ ਆਮ ਚਿੰਨ੍ਹ ਏਕਤਾ ਵੱਲ ਇਸ਼ਾਰਾ ਕਰ ਸਕਦਾ ਹੈ। ੴ ਵੱਖਰੇ ਸੰਕੇਤਕ ਪੱਖਾਂ ਨੂੰ ਇੱਕ ਬਣਤਰ ਵਿਚ ਜੋੜ ਕੇ ਏਕਤਾ ਨੂੰ ਆਪਣੇ ਰੂਪ ਵਿਚ ਵੀ ਘਟਿਤ ਕਰਦਾ ਹੈ। ਇਹ ਦਾਅਵਾ ਸੀਮਿਤ ਹੈ। ਚਿੰਨ੍ਹ ਆਪਣੇ-ਆਪ ਪੂਰੀ ਆਤਮਿਕ ਅਨੁਭੂਤੀ ਨਹੀਂ ਦੇ ਦਿੰਦਾ। ਉਸ ਦੀ ਬਣਤਰ ਏਕਤਾ ਨਾਲ ਇੱਕ ਮੁਲਾਕਾਤ ਸੰਭਵ ਕਰਦੀ ਹੈ; ਉਸ ਮੁਲਾਕਾਤ ਨੂੰ ਜੀਵਨ ਵਿਚ ਬਦਲਣਾ ਗੁਰਬਾਣੀ, ਸੁਰਤਿ ਅਤੇ ਅਭਿਆਸ ਨਾਲ ਜੁੜਿਆ ਹੈ।

**ਦਖਣੀ ਓਅੰਕਾਰ ਦਾ ਸਿਰਜਣਾਤਮਕ ਦਿਸਹੱਦਾ:**

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ਦੀਆਂ ਆਰੰਭਕ ਪੰਕਤੀਆਂ ਹਨ

ਓਅੰਕਾਰਿ ਬ੍ਰਹਮਾ ਉਤਪਤਿ
ਓਅੰਕਾਰੁ ਕੀਆ ਜਿਨਿ ਚਿਤਿ
ਓਅੰਕਾਰਿ ਸੈਲ ਜੁਗ ਭਏ
ਓਅੰਕਾਰਿ ਬੇਦ ਨਿਰਮਏ
ਓਅੰਕਾਰਿ ਸਬਦਿ ਉਧਰੇ
ਓਅੰਕਾਰਿ ਗੁਰਮੁਖਿ ਤਰੇ

ਇਨ੍ਹਾਂ ਪੰਕਤੀਆਂ ਵਿਚ ਓਅੰਕਾਰ ਕੋਈ ਵੱਖਰੀ ਅਤੇ ਸਥਿਰ ਪਵਿੱਤਰ ਧੁਨੀ ਨਹੀਂ ਰਹਿੰਦਾ। 'ਉਤਪਤਿ', 'ਭਏ', 'ਨਿਰਮਏ', 'ਉਧਰੇ' ਅਤੇ 'ਤਰੇ' ਉਸ ਨੂੰ ਸਿਰਜਣਾ, ਸਮਾਂ, ਗਿਆਨ, ਮੁਕਤੀ ਅਤੇ ਗੁਰਮੁਖ ਜੀਵਨ ਨਾਲ ਜੋੜਦੇ ਹਨ। ਇਸ ਪਾਠ ਤੋਂ 'ਕਾਰ' ਦਾ ਸ਼ਬਦ-ਉਤਪੱਤੀਗਤ ਅਰਥ 'ਸਿਰਜਣਾ' ਸਾਬਤ ਨਹੀਂ ਹੁੰਦਾ। ਪਰ ਇਹ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਨੇ ਵਿਰਾਸਤੀ ਓਅੰਕਾਰ ਨੂੰ ਨਵੇਂ ਸਿਰਜਣਾਤਮਕ ਅਤੇ ਮੁਕਤੀਦਾਇਕ ਖੇਤਰ ਵਿਚ ਰੱਖਿਆ ਹੈ।

ਜਪੁ ਦੀ ਪੰਕਤੀ 'ਕੀਤਾ ਪਸਾਉ ਏਕੋ ਕਵਾਉ' ਉਚਾਰਨ, ਹੁਕਮ ਅਤੇ ਪਸਾਰ ਵਿਚਕਾਰ ਸੰਬੰਧ ਖੋਲ੍ਹਦੀ ਹੈ। 'ਕਵਾਉ' ਨੂੰ ਆਧੁਨਿਕ ਵਿਗਿਆਨ ਦਾ 'ਬਿਗ ਬੈਂਗ' ਕਹਿਣ ਦੀ ਲੋੜ ਨਹੀਂ। ਗੁਰਬਾਣੀ ਨੂੰ ਸੱਚ ਸਾਬਤ ਕਰਨ ਲਈ ਆਧੁਨਿਕ ਭੌਤਿਕ ਵਿਗਿਆਨ ਦੀ ਪਿਛੋਕੜੀ ਮੋਹਰ ਨਹੀਂ ਚਾਹੀਦੀ। ਪੰਕਤੀ ਦੀ ਆਪਣੀ ਗੱਲ ਇਹ ਹੈ ਕਿ ਸਿਰਜਣਾ ਬੇਅਰਥ ਪਦਾਰਥ ਦਾ ਢੇਰ ਨਹੀਂ; ਉਹ ਹੁਕਮ ਅਤੇ ਅਰਥ ਨਾਲ ਜੁੜੀ ਪ੍ਰਗਟਤਾ ਹੈ।

'ਜੇਤਾ ਕੀਤਾ ਤੇਤਾ ਨਾਉ' ਇਸੇ ਸੰਬੰਧ ਨੂੰ ਹੋਰ ਡੂੰਘਾ ਕਰਦੀ ਹੈ। ਇੱਥੇ 'ਨਾਮ' ਕੇਵਲ ਮਨੁੱਖ ਵੱਲੋਂ ਲਾਇਆ ਨਾਂ ਨਹੀਂ। ਨਾਮ ਉਹ ਖੇਤਰ ਹੈ ਜਿਸ ਵਿਚ ਹੋਂਦ ਪਛਾਣਯੋਗ, ਸੰਬੰਧਕ ਅਤੇ ਅਰਥਵਾਨ ਹੁੰਦੀ ਹੈ। ਇਸ ਲਈ ਓਅੰਕਾਰ ਤੋਂ ਨਾਮ ਵੱਲ ਗਤੀ ਮਨਮਾਨੀ ਨਹੀਂ। ਧੁਨੀ, ਪ੍ਰਗਟਤਾ, ਪਛਾਣ ਅਤੇ ਸੰਬੰਧ ਇੱਕੋ ਹੋਂਦਮੂਲਕ ਵਿਆਕਰਨ ਵਿਚ ਆਉਂਦੇ ਹਨ।

'ਹੋਂਦ ਕੰਪਨ ਹੈ' ਕਹਿਣਾ ਕਾਵਿਕ ਤੌਰ ਉੱਤੇ ਸੁੰਦਰ ਹੋ ਸਕਦਾ ਹੈ, ਪਰ ਇਸ ਨੂੰ ਵਿਗਿਆਨਕ ਜਾਂ ਪੂਰਾ ਦਾਰਸ਼ਨਿਕ ਦਾਅਵਾ ਨਹੀਂ ਬਣਾਉਣਾ ਚਾਹੀਦਾ। ਗੁਰਬਾਣੀ ਇਹ ਨਹੀਂ ਕਹਿੰਦੀ ਕਿ ਭੌਤਿਕ ਕੰਪਨ ਹੀ ਅੰਤਿਮ ਹੋਂਦ ਹੈ। ਵੱਧ ਸਟੀਕ ਗੱਲ ਇਹ ਹੈ ਕਿ ਓਅੰਕਾਰ ਹੋਂਦ ਨੂੰ ਪ੍ਰਗਟਾਊ ਅਤੇ ਸੰਬੰਧਕ ਘਟਨਾ ਵਜੋਂ ਸੋਚਣ ਦੀ ਆਗਿਆ ਦਿੰਦਾ ਹੈ। ਧੁਨੀ ਇਸ ਘਟਨਾ ਦਾ ਮਹੱਤਵਪੂਰਨ ਰੂਪ ਅਤੇ ਅਭਿਆਸ ਹੈ, ਪੂਰੀ ਹੋਂਦ ਨੂੰ ਭੌਤਿਕ ਕੰਪਨ ਤੱਕ ਘਟਾਉਣ ਦਾ ਸਿਧਾਂਤ ਨਹੀਂ।

**ਹਉਮੈ ਅਤੇ ਨਿਰਵੈਰਤਾ:** ਜੇ ਹਰ ਜੀਵ ਨੂੰ ਪਹਿਲਾਂ ਦੂਜਿਆਂ ਤੋਂ ਵੱਖ, ਆਪਣੇ ਆਪ ਵਿਚ ਬੰਦ ਇਕਾਈ ਸਮਝਿਆ ਜਾਵੇ, ਤਾਂ ਰੱਬ ਨੂੰ ਵੀ ਸਭ ਤੋਂ ਵੱਡੀ ਵੱਖਰੀ ਇਕਾਈ ਵਜੋਂ ਸੋਚਣਾ ਆਸਾਨ ਹੋ ਜਾਂਦਾ ਹੈ। ੴ ਇਸੇ ਵੱਖਰਾਪਣ ਦੀ ਮੂਲਤਾ ਨੂੰ ਪ੍ਰਸ਼ਨ ਹੇਠ ਲਿਆਉਂਦਾ ਹੈ। ਇਸ ਦ੍ਰਿਸ਼ਟੀ ਤੋਂ ਹਉਮੈ ਕੇਵਲ ਘਮੰਡ ਨਹੀਂ। ਹਉਮੈ ਆਪਣੇ ਆਪ ਨੂੰ ਸੰਬੰਧ ਤੋਂ ਬਾਹਰ ਸਵੈ-ਆਧਾਰੀ ਮੰਨਣ ਦੀ ਭੁੱਲ ਹੈ।

ਹਉਮੈ ਵੀ ਆਪਣੇ ਆਪ ਨੂੰ 'ਇੱਕ' ਕਹਿੰਦੀ ਹੈ, ਪਰ ਉਸ ਦਾ 'ਇੱਕ' ਆਪਣੀ ਹੱਦ ਨੂੰ ਅੰਤਿਮ ਸੱਚ ਬਣਾ ਦਿੰਦਾ ਹੈ। ੴ ਦਾ ੧ ਹੱਦਾਂ ਨੂੰ ਮਿਟਾਉਂਦਾ ਨਹੀਂ; ਉਨ੍ਹਾਂ ਨੂੰ ਵੱਡੇ ਸੰਬੰਧਕ ਖੇਤਰ ਦੇ ਅੰਦਰ ਰੱਖਦਾ ਹੈ। ਵਿਅਕਤੀ ਦੀ ਵੱਖਰੀ ਪਛਾਣ ਰਹਿੰਦੀ ਹੈ, ਪਰ ਉਹ ਸੰਬੰਧ-ਰਹਿਤ ਪੂਰਨਤਾ ਨਹੀਂ ਬਣਦੀ।

ਇੱਥੋਂ 'ਨਿਰਵੈਰੁ' ਦੀ ਨੈਤਿਕ ਸ਼ਕਤੀ ਖੁੱਲ੍ਹਦੀ ਹੈ। ਜੇ ਦੂਜਾ ਜੀਵ ਪੂਰੀ ਤਰ੍ਹਾਂ ਪਰਾਇਆ ਨਹੀਂ, ਤਾਂ ਵੈਰ ਹੋਂਦ ਦਾ ਅੰਤਿਮ ਸੱਚ ਨਹੀਂ ਰਹਿੰਦਾ। ਵੈਰ ਸੰਬੰਧ ਨੂੰ ਭੁੱਲਣ ਤੋਂ ਪੈਦਾ ਹੋਇਆ ਵਿਗਾੜ ਬਣ ਜਾਂਦਾ ਹੈ। 'ਨਿਰਵੈਰੁ' ਮੂਲ ਮੰਤਰ ਵਿਚ ੴ ਤੋਂ ਬਾਅਦ ਆਉਂਦਾ ਹੈ, ਪਰ ਉਸ ਦੀ ਸੰਭਾਵਨਾ ਅਦੁੱਤੀ ਸੰਬੰਧਕਤਾ ਵਿਚ ਪਹਿਲਾਂ ਹੀ ਮੌਜੂਦ ਹੈ। ਇਹ ਕੋਈ ਯੰਤਰਕ ਸ਼ਬਦ-ਉਤਪੱਤੀ ਨਹੀਂ; ਇੱਕ ਸੰਕਲਪਕ ਅਤੇ ਨੈਤਿਕ ਨਤੀਜਾ ਹੈ।

ਇਸ ਲਈ ੴ ਦਾ ਵਿਹਾਰਕ ਪਰਖ-ਬਿੰਦੂ ਕੇਵਲ ਇਹ ਵਿਸ਼ਵਾਸ ਨਹੀਂ ਕਿ ਰੱਬ ਇੱਕ ਹੈ। ਪਰਖ ਇਹ ਹੈ ਕਿ ਅਸੀਂ ਸੰਬੰਧ ਵਿਚ ਕਿਵੇਂ ਜੀਉਂਦੇ ਹਾਂ। ਜਾਤ, ਲਿੰਗ, ਧਰਮ, ਨਸਲ, ਜੀਵ-ਜਾਤੀ ਜਾਂ ਰਾਸ਼ਟਰ ਦੀਆਂ ਹੱਦਾਂ ਨੂੰ ਅੰਤਿਮ ਅਤੇ ਪੂਰਨ ਬਣਾ ਦੇਣਾ ੴ ਦੀ ਸੰਬੰਧਕ ਵਿਆਕਰਨ ਨਾਲ ਟਕਰਾਉਂਦਾ ਹੈ। ਇਹ ਸਮਕਾਲੀ ਨੈਤਿਕ ਨਤੀਜਾ ਹੈ, ਪਰ ਇਸ ਨੂੰ ਗੁਰਬਾਣੀ ਦੇ ਸ਼ਬਦਾਂ ਵਿਚ ਪਿੱਛੋਂ ਪਾ ਦੇਣ ਦੀ ਥਾਂ ੴ ਅਤੇ 'ਨਿਰਵੈਰੁ' ਦੇ ਅੰਦਰੂਨੀ ਸੰਬੰਧ ਤੋਂ ਸਮਝਣਾ ਚਾਹੀਦਾ ਹੈ।

**ਅਕਾਲ ਮੂਰਤਿ ਅਤੇ ਰੂਪ ਦਾ ਪ੍ਰਸ਼ਨ:**

ੴ ਆਪ ਇੱਕ ਦਿਸਦਾ ਰੂਪ ਹੈ। ਮੂਲ ਮੰਤਰ ਅੱਗੇ 'ਅਕਾਲ ਮੂਰਤਿ' ਕਹਿੰਦਾ ਹੈ। ਇੱਥੇ ਇੱਕ ਗਹਿਰਾ ਪ੍ਰਸ਼ਨ ਉੱਠਦਾ ਹੈ। ਜੇ ਅੰਤਿਮ ਹੋਂਦ ਨਿਰਾਕਾਰ ਹੈ, ਤਾਂ ਉਸ ਦਾ ਕੋਈ ਚਿੰਨ੍ਹ ਜਾਂ ਮੂਰਤ ਕਿਵੇਂ ਹੋ ਸਕਦੀ ਹੈ।

ਇਸ ਦਾ ਜਵਾਬ ਪ੍ਰਗਟਤਾ ਅਤੇ ਪੂਰਨ ਸਮੇਟ ਵਿਚਕਾਰ ਫਰਕ ਵਿਚ ਹੈ। ਅਰੂਪ ਰੂਪ ਵਿਚ ਪ੍ਰਗਟ ਹੋ ਸਕਦਾ ਹੈ, ਪਰ ਕੋਈ ਰੂਪ ਉਸ ਨੂੰ ਪੂਰੀ ਤਰ੍ਹਾਂ ਕੈਦ ਨਹੀਂ ਕਰ ਸਕਦਾ। ੴ ਅੰਤਿਮ ਹੋਂਦ ਦਾ ਚਿੱਤਰ ਨਹੀਂ। ਇਹ ਉਸ ਦੀ ਅਰਥਵਾਨ ਹਾਜ਼ਰੀ ਵੱਲ ਖੁੱਲ੍ਹਦਾ ਇੱਕ ਦਰਵਾਜ਼ਾ ਹੈ। ਇਸ ਤਰ੍ਹਾਂ ਰੂਪ ਮੂਰਤੀਪੂਜਕ ਬੰਦਿਸ਼ ਨਹੀਂ ਬਣਦਾ ਅਤੇ ਨਿਰਾਕਾਰਤਾ ਖ਼ਾਲੀ ਗ਼ੈਰਹਾਜ਼ਰੀ ਨਹੀਂ ਬਣਦੀ।

ਇਸੇ ਕਾਰਨ ੴ ਨੂੰ ਕੇਵਲ ਪਛਾਣ-ਚਿੰਨ੍ਹ, ਗਹਿਣਾ, ਝੰਡਾ ਜਾਂ ਸਮੂਹਕ ਬਿੱਲਾ ਬਣਾ ਦੇਣਾ ਵੀ ਖ਼ਤਰਾ ਰੱਖਦਾ ਹੈ। ਧਾਰਮਿਕ ਚਿੰਨ੍ਹ ਸਮੂਹਿਕ ਯਾਦ ਅਤੇ ਆਪਣੇਪਣ ਦੇ ਵਾਹਕ ਹੁੰਦੇ ਹਨ; ਉਨ੍ਹਾਂ ਦੀ ਜਨਤਕ ਵਰਤੋਂ ਗ਼ਲਤ ਨਹੀਂ। ਪਰ ਜੇ ੴ ਦੇ ਨਾਮ ਉੱਤੇ ਸਮੂਹ ਦੀ ਹੱਦ ਇਸ ਤਰ੍ਹਾਂ ਸਖ਼ਤ ਹੋ ਜਾਵੇ ਕਿ ਦੂਜਾ ਮਨੁੱਖ ਪੂਰਨ ਪਰਾਇਆ ਬਣ ਜਾਵੇ, ਤਾਂ ਚਿੰਨ੍ਹ ਆਪਣੇ ਹੀ ਅਦੁੱਤੀ ਸੰਦੇਸ਼ ਦੇ ਵਿਰੁੱਧ ਵਰਤਿਆ ਜਾਣ ਲੱਗਦਾ ਹੈ।

**ਮੂਲ ਮੰਤਰ ੴ ਦਾ ਵਿਸਤਾਰ:**

ਮੂਲ ਮੰਤਰ ਨੂੰ ਅਕਸਰ ਰੱਬ ਦੇ ਗੁਣਾਂ ਦੀ ਸੂਚੀ ਵਜੋਂ ਸਮਝਾਇਆ ਜਾਂਦਾ ਹੈ। 'ਰੱਬ ਇੱਕ ਹੈ' ਇਹ ਦਿਸ਼ਾ ਪਹਿਲਾਂ ਹੀ ਦੇ ਦਿੰਦਾ ਹੈ। 'ਰੱਬ' ਕਰਤਾ ਬਣ ਜਾਂਦਾ ਹੈ ਅਤੇ 'ਸਤਿ ਨਾਮੁ ਕਰਤਾ ਪੁਰਖੁ' ਆਦਿ ਉਸ ਦੇ ਵਿਧੇਯ ਜਾਂ ਗੁਣ ਦਿਸਣ ਲੱਗਦੇ ਹਨ। ਇਹ ਪੜ੍ਹਤ ਮੁੱਢਲੀ ਸਮਝ ਲਈ ਲਾਭਦਾਇਕ ਹੋ ਸਕਦੀ ਹੈ, ਪਰ ਮੂਲ ਮੰਤਰ ਦੀ ਗਤੀ ਨੂੰ ਸਥਿਰ ਸੂਚੀ ਵਿਚ ਬਦਲ ਦਿੰਦੀ ਹੈ।

ਜੇ ੴ ਇੱਕ ਸੰਘਣੀ ਹੋਂਦਮੂਲਕ ਘਟਨਾ ਹੈ, ਤਾਂ ਅਗਲੇ ਸ਼ਬਦ ਉਸ ਘਟਨਾ ਦਾ ਵਿਸਤਾਰ ਹਨ। 'ਸਤਿ' ਪੁੱਛਦਾ ਹੈ ਕਿ ਇਹ ਹੋਂਦ ਕਿਸ ਅਰਥ ਵਿਚ ਸੱਚੀ, ਕਾਇਮ ਅਤੇ ਭਰੋਸੇਯੋਗ ਹੈ। 'ਨਾਮੁ' ਉਸ ਦੀ ਪਛਾਣਯੋਗ ਅਤੇ ਅਰਥਵਾਨ ਹਾਜ਼ਰੀ ਖੋਲ੍ਹਦਾ ਹੈ। 'ਕਰਤਾ' ਪ੍ਰਗਟਤਾ ਦੀ ਕਿਰਿਆਸ਼ੀਲਤਾ ਨੂੰ ਸਾਹਮਣੇ ਲਿਆਉਂਦਾ ਹੈ। 'ਪੁਰਖੁ' ਪਰਾਤੀਤਤਾ ਨੂੰ ਸਿਰਜਣਾ ਤੋਂ ਬਾਹਰ ਬੈਠੀ ਵੱਖਰੀ ਸੱਤਾ ਬਣਨ ਤੋਂ ਰੋਕਦਾ ਹੈ।

'ਨਿਰਭਉ' ਅਤੇ 'ਨਿਰਵੈਰੁ' ਇਸ ਹੋਂਦ-ਦ੍ਰਿਸ਼ਟੀ ਦੇ ਭਾਵਾਤਮਕ ਅਤੇ ਨੈਤਿਕ ਨਤੀਜੇ ਖੋਲ੍ਹਦੇ ਹਨ। 'ਅਕਾਲ ਮੂਰਤਿ' ਸਮੇਂ ਅਤੇ ਰੂਪ ਦਾ ਪ੍ਰਸ਼ਨ ਸਾਹਮਣੇ ਲਿਆਉਂਦਾ ਹੈ। 'ਅਜੂਨੀ ਸੈਭੰ' ਜਨਮ, ਨਿਰਭਰਤਾ ਅਤੇ ਸਵੈ-ਕਾਇਮ ਹੋਂਦ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। 'ਗੁਰ ਪ੍ਰਸਾਦਿ' ਦੱਸਦਾ ਹੈ ਕਿ ਇਹ ਸਮਝ ਕੇਵਲ ਤਾਰਕਿਕ ਨਤੀਜਾ ਨਹੀਂ; ਇਹ ਗੁਰੂ, ਬਖ਼ਸ਼ਿਸ਼, ਸੰਬੰਧ ਅਤੇ ਜੀਵਨ-ਰੂਪਾਂਤਰਣ ਨਾਲ ਜੁੜੀ ਅਨੁਭੂਤੀ ਹੈ।

ਇਹ ਲੜੀ ਕੋਈ ਕਰੜਾ ਤਾਰਕਿਕ ਪ੍ਰਮਾਣ ਨਹੀਂ। ਗੁਰਬਾਣੀ ਕਾਵਿਕ ਅਤੇ ਸੰਕਲਪਕ ਭਾਸ਼ਾ ਵਿਚ ਕੰਮ ਕਰਦੀ ਹੈ। ਫਿਰ ਵੀ ਇਸ ਵਿਚ ਸਪਸ਼ਟ ਗਤੀ ਹੈ। ਸੰਘਣੇ ਚਿੰਨ੍ਹ ਤੋਂ ਸੱਚ, ਨਾਮ, ਕਿਰਿਆਸ਼ੀਲਤਾ, ਨਿਰਭਉਤਾ, ਨਿਰਵੈਰਤਾ, ਕਾਲਿਕਤਾ ਅਤੇ ਅਨੁਭੂਤੀ ਵੱਲ ਵਿਸਤਾਰ ਹੁੰਦਾ ਹੈ। ਇਸ ਲਈ ਮੂਲ ਮੰਤਰ ੴ ਦੀ ਸ਼ਬਦਕੋਸ਼ੀ ਪਰਿਭਾਸ਼ਾ ਨਹੀਂ; ਉਸ ਦੀ ਹੋਂਦਮੂਲਕ, ਨੈਤਿਕ ਅਤੇ ਅਨੁਭਵਕ ਖੁੱਲ੍ਹ ਹੈ।

ਅਨੁਵਾਦ ਲਈ ਵਧੇਰੇ ਇਮਾਨਦਾਰ ਰਾਹ:

ੴ ਦਾ ਕੋਈ ਇੱਕ ਅੰਗਰੇਜ਼ੀ ਵਾਕ ਪੂਰਾ ਬਦਲ ਨਹੀਂ ਬਣ ਸਕਦਾ, ਕਿਉਂਕਿ ਅੰਗਰੇਜ਼ੀ ਵਾਕ ਉਸ ਦੀ ਅੰਕੀ ਦ੍ਰਿਸ਼ਮਾਨਤਾ, ਓਅੰਕਾਰ ਦੀ ਧੁਨੀਗਤ ਵਿਰਾਸਤ, ਲਿਖਤੀ ਸੰਘਣਤਾ ਅਤੇ ਦੇਹੀ ਉਚਾਰਨ ਨੂੰ ਇਕੱਠਾ ਨਹੀਂ ਲੈ ਸਕਦਾ। ਇਸ ਲਈ ਅਨੁਵਾਦ ਦਾ ਉਦੇਸ਼ ਹਰ ਅਜਨਬੀਪਨ ਮਿਟਾਉਣਾ ਨਹੀਂ ਹੋਣਾ ਚਾਹੀਦਾ। ਕਈ ਵਾਰ ਅਜਨਬੀ ਪਦ ਨੂੰ ਬਚਾਉਣਾ ਹੀ ਵੱਧ ਸੱਚਾ ਅਨੁਵਾਦ ਹੁੰਦਾ ਹੈ।

**ਓਅੰਕਾਰ ਵਜੋਂ ਧੁਨਿਤ ਅਤੇ ਲਿਖਿਤ ਅਦੁੱਤੀ ਸੰਬੰਧਕ ਹੋਂਦ:**

ਇਹ ਵੀ ਅੰਤਿਮ ਜਾਂ ਪ੍ਰਮਾਣਿਤ ਅਨੁਵਾਦ ਨਹੀਂ। 'ਹੋਂਦ' ਅਤੇ 'ਸੰਬੰਧਕ' ਵਿਆਖਿਆਤਮਕ ਸ਼ਬਦ ਹਨ; ਉਹ ਚਿੰਨ੍ਹ ਵਿਚ ਸ਼ਾਬਦਿਕ ਰੂਪ ਵਿਚ ਨਹੀਂ ਲਿਖੇ। ਇਸ ਵਿਆਖਿਆ ਦੀ ਇਮਾਨਦਾਰੀ ਇਸ ਵਿਚ ਹੈ ਕਿ ਇਹ ਆਪਣਾ ਦਰਜਾ ਦੱਸਦੀ ਹੈ ਅਤੇ ਪਾਠਕ ਨੂੰ ਮੁੜ ੴ ਵੱਲ ਭੇਜਦੀ ਹੈ।

**ਅਗਲੀ ਖੋਜ ਦੇ ਖੇਤਰ:** ੴ ਬਾਰੇ ਚਰਚਾ ਅਜੇ ਮੁਕਦੀ ਨਹੀਂ। ਕਰਤਾਰਪੁਰ ਬੀੜ, ਆਦਿ ਗ੍ਰੰਥ ਦੀਆਂ ਮੁੱਢਲੀਆਂ ਹੱਥ-ਲਿਖਤਾਂ, ਪੁਰਾਣੇ ਹੁਕਮਨਾਮਿਆਂ ਅਤੇ ਭਾਈ ਗੁਰਦਾਸ ਦੀਆਂ ਪ੍ਰਾਚੀਨ ਨਕਲਾਂ ਵਿਚ ਚਿੰਨ੍ਹ ਦੇ ਰੂਪਾਂ ਦੀ ਤੁਲਨਾ ਲੋੜੀਂਦੀ ਹੈ। ਇਸ ਨਾਲ ਪਤਾ ਲੱਗ ਸਕੇਗਾ ਕਿ ਅੰਕ ਅਤੇ ਓਅੰਕਾਰ ਦਾ ਲਿਖਤੀ ਜੋੜ ਕਦੋਂ ਅਤੇ ਕਿਵੇਂ ਅੱਜ ਦੇ ਰੂਪ ਵਿਚ ਸਥਿਰ ਹੋਇਆ।

'ਓਅੰਕਾਰ', 'ਓਂਕਾਰ' ਅਤੇ 'ਏਕੰਕਾਰ' ਦੇ ਇਤਿਹਾਸਕ ਉਚਾਰਨਾਂ ਬਾਰੇ ਧੁਨੀ-ਵਿਗਿਆਨਕ ਅਧਿਐਨ ਵੀ ਲੋੜੀਂਦਾ ਹੈ। ਪਾਠ ਦੌਰਾਨ ਸਵਰ ਦੀ ਲੰਬਾਈ, ਨਾਸਕੀਕਰਨ, ਸਾਹ ਦੀ ਲੈਅ ਅਤੇ ਸੰਗੀਤਕ ਉਚਾਰਨ ਦਾ ਅਧਿਐਨ ਦੇਹੀ ਅਰਥ-ਰਚਨਾ ਨੂੰ ਹੋਰ ਠੋਸ ਰੂਪ ਦੇ ਸਕਦਾ ਹੈ।

ਓਮ, ਇਸਲਾਮੀ 'ਕੁਨ', ਈਸਾਈ 'ਲੋਗੋਸ' ਅਤੇ ਹੋਰ ਧੁਨੀ-ਬ੍ਰਹਿਮੰਡ ਧਾਰਨਾਵਾਂ ਨਾਲ ਤੁਲਨਾ ਵੀ ਉਪਜਾਊ ਹੋ ਸਕਦੀ ਹੈ। ਪਰ ਤੁਲਨਾ ਸਿਰਫ਼ ਸਮਾਨ ਸ਼ਬਦਾਂ ਦੀ ਸੂਚੀ ਨਹੀਂ ਹੋਣੀ ਚਾਹੀਦੀ। ਹਰ ਪਰੰਪਰਾ ਦੀ ਆਪਣੀ ਅੰਦਰੂਨੀ ਵਿਆਕਰਨ ਸਮਝਣ ਤੋਂ ਬਾਅਦ ਹੀ ਸੰਬੰਧ ਬਣਾਉਣਾ ਚਾਹੀਦਾ ਹੈ।

ਅੱਜ ੴ ਗੁਰਦੁਆਰੇ, ਪੁਸਤਕਾਂ, ਝੰਡਿਆਂ, ਗਹਿਣਿਆਂ, ਟੈਟੂਆਂ, ਸਮਾਜਿਕ ਮੀਡੀਆ ਅਤੇ ਡਿਜ਼ੀਟਲ ਇਮੋਜੀਆਂ ਵਿਚ ਘੁੰਮਦਾ ਹੈ। ਕਿਤੇ ਇਹ ਸੰਬੰਧ ਖੋਲ੍ਹਦਾ ਹੈ ਅਤੇ ਕਿਤੇ ਸਮੂਹਕ ਪਛਾਣ ਦੀ ਬੰਦ ਹੱਦ ਬਣ ਜਾਂਦਾ ਹੈ। ਇਸ ਆਧੁਨਿਕ ਵਰਤੋਂ ਦਾ ਦ੍ਰਿਸ਼ ਮਾਨਵ-ਵਿਗਿਆਨ ਅਤੇ ਮੀਡੀਆ ਅਧਿਐਨ ਵੱਖਰੇ ਤੌਰ ਉੱਤੇ ਹੋਣਾ ਚਾਹੀਦਾ ਹੈ।

'ਗੌਡ ਇਜ਼ ਵਨ' ਰੂਪਾਂਤਰਣ ਦਾ ਪੂਰਾ ਇਤਿਹਾਸ ਵੀ ਅਜੇ ਲਿਖਿਆ ਜਾਣਾ ਹੈ। ਮੁੱਢਲੇ ਮਿਸ਼ਨਰੀ ਅਨੁਵਾਦ, ਬਸਤੀਵਾਦੀ ਵਿਆਕਰਨਾਂ, ਸਿੰਘ ਸਭਾ ਵਿਆਖਿਆਵਾਂ, ਵੀਹਵੀਂ ਸਦੀ ਦੇ ਅੰਗਰੇਜ਼ੀ ਸੰਸਕਰਣ ਅਤੇ ਅੱਜ ਦੀਆਂ ਸੰਸਥਾਗਤ ਵੈੱਬਸਾਈਟਾਂ ਦੀ ਤੁਲਨਾ ਦੱਸ ਸਕਦੀ ਹੈ ਕਿ ਇਹ ਵਾਕ ਕਦੋਂ ਅਤੇ ਕਿਹੜੇ ਉਦੇਸ਼ਾਂ ਨਾਲ ਪ੍ਰਧਾਨ ਹੋਇਆ।

**ਅੰਤਿਮ ਗੱਲ**

ੴ ਦਾ ੧ ਗਿਣਤੀ ਨਾਲ ਸ਼ੁਰੂ ਹੋ ਕੇ ਗਿਣਤੀ ਤੋਂ ਵੱਡਾ ਕੰਮ ਕਰਦਾ ਹੈ। ਇਹ ਓਅੰਕਾਰ ਦੀ ਪੜ੍ਹਤ ਨੂੰ ਕਿਸੇ ਦੂਜੇ ਸੁਤੰਤਰ ਮੂਲ ਤੋਂ ਰੋਕਦਾ ਹੈ। ਓਅੰਕਾਰ ਪੁਰਾਣੀ ਪਵਿੱਤਰ ਧੁਨੀ ਦੀ ਵਿਰਾਸਤ ਲਿਆਉਂਦਾ ਹੈ, ਪਰ ਗੁਰਬਾਣੀ ਉਸ ਨੂੰ ਨਾਮ, ਸ਼ਬਦ, ਹੁਕਮ, ਸਿਰਜਣਾ, ਸੁਰਤਿ ਅਤੇ ਨਿਰਵੈਰਤਾ ਦੇ ਨਵੇਂ ਖੇਤਰ ਵਿਚ ਰੱਖਦੀ ਹੈ। ਲਿਖਤ ਧੁਨੀ ਨੂੰ ਸਥਾਨ ਵਿਚ ਟਿਕਾਉਂਦੀ ਹੈ ਅਤੇ ਉਚਾਰਨ ਉਸ ਲਿਖਤ ਨੂੰ ਸਾਹ, ਆਵਾਜ਼, ਸੁਣਨ ਅਤੇ ਸੁਰਤਿ ਵਿਚ ਮੁੜ ਜੀਵੰਤ ਕਰਦਾ ਹੈ।

ਇਸ ਲਈ ੴ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਹ ਅੰਕ, ਧੁਨੀ, ਲਿਖਤ ਅਤੇ ਦੇਹ ਨੂੰ ਜੋੜਨ ਵਾਲਾ ਪਰ-ਸੰਕੇਤਕ ਸੰਚਾਲਕ ਹੈ। ਇਹ ਏਕਤਾ ਬਾਰੇ ਕੇਵਲ ਕਥਨ ਨਹੀਂ ਕਰਦਾ; ਵੱਖਰੇ ਸੰਕੇਤਕ ਪੱਖਾਂ ਨੂੰ ਇੱਕ ਰੂਪ ਵਿਚ ਜੋੜ ਕੇ ਏਕਤਾ ਨੂੰ ਛੋਟੇ ਪੱਧਰ ਉੱਤੇ ਘਟਿਤ ਵੀ ਕਰਦਾ ਹੈ। ਇਸ ਦੀ ਏਕਤਾ ਇਕਸਾਰਤਾ ਨਹੀਂ। ਇਹ ਵਿਭਿੰਨਤਾ ਨੂੰ ਮਿਟਾਉਂਦੀ ਨਹੀਂ; ਵਿਭਿੰਨਤਾ ਨੂੰ ਸਵੈ-ਨਿਰਭਰ ਵੱਖਰਾਪਣ ਬਣਨ ਤੋਂ ਰੋਕਦੀ ਹੈ।

ਇੱਥੋਂ ੴ ਦਾ ਨੈਤਿਕ ਅਰਥ ਸਾਹਮਣੇ ਆਉਂਦਾ ਹੈ। ਜੇ ਕੋਈ ਜੀਵ ਪੂਰਨ ਤੌਰ ਉੱਤੇ ਪਰਾਇਆ ਨਹੀਂ, ਤਾਂ ਨਿਰਵੈਰਤਾ ਬਾਹਰੋਂ ਲਾਇਆ ਹੁਕਮ ਨਹੀਂ ਰਹਿੰਦੀ। ਉਹ ਅਦੁੱਤੀ ਸੰਬੰਧਕਤਾ ਨੂੰ ਜੀਉਣ ਦਾ ਢੰਗ ਬਣਦੀ ਹੈ। ਮੂਲ ਮੰਤਰ ਦੇ ਅਗਲੇ ਸ਼ਬਦ ਵੀ ਕਿਸੇ ਪਹਿਲਾਂ ਬਣੇ ਰੱਬ-ਕਰਤਾ ਦੇ ਸਥਿਰ ਗੁਣ ਨਹੀਂ ਰਹਿੰਦੇ; ਉਹ ੴ ਵਿਚ ਸੰਘਣੇ ਹੋਏ ਸੰਬੰਧ ਦਾ ਹੋਂਦਮੂਲਕ, ਨੈਤਿਕ, ਕਾਲਿਕ ਅਤੇ ਅਨੁਭਵਕ ਵਿਸਤਾਰ ਬਣ ਜਾਂਦੇ ਹਨ। ੴ ਅਖ਼ੀਰਕਾਰ 'ਇੱਕ ਕਿੰਨਾ ਹੈ' ਦਾ ਜਵਾਬ ਨਹੀਂ। ਇਹ 'ਕੁਝ ਵੀ ਆਪਣੇ ਆਪ ਵਿਚ ਇਕੱਲਾ ਕਿਵੇਂ ਨਹੀਂ' ਦਾ ਅਨੁਭਵ ਖੋਲ੍ਹਦਾ ਹੈ।

ਕਹਾਣੀ

# ਖੂੰਜੇ ਵਾਲਾ ਕਮਰਾ

'ਕਰਤਾਰ ਸਿਆਂ... ਸੁੱਤਾ ਪਿਐਂ?'

'ਨਹੀਂ... ਦੱਸ।'

'ਅੱਜ ਕੁਝ ਮਿੱਠਾ ਖਾਣ ਨੂੰ ਜੀਅ ਕਰਦਾ।'

ਕਰਤਾਰ ਸਿੰਘ ਨੇ ਪਾਸਾ ਲੈ ਕੇ ਬਚਨ ਕੌਰ ਵੱਲ ਵੇਖਿਆ। ਸਿਰਹਾਣੇ ਪਈਆਂ ਐਨਕਾਂ ਲਾਈਆਂ ਤੇ ਉਸ ਦੇ ਚਿਹਰੇ ਵੱਲ ਤੱਕਣ ਲੱਗ ਪਿਆ।

'ਕੱਲ੍ਹ ਨੂੰ ਜਗਜੀਵਨ ਨੂੰ ਆਖਾਂਗੇ, ਜਲੇਬੀਆਂ ਲੈ ਆਊ।'

'ਕੱਲ੍ਹ ਵੀ ਤਾਂ ਤੂੰ ਇਹੋ ਆਖਿਆ ਸੀ।'

ਬਾਪੂ ਨੇ ਐਨਕਾਂ ਲਾਹ ਕੇ ਮੁੜ ਸਿਰਹਾਣੇ ਰੱਖ ਦਿੱਤੀਆਂ।



ਖੂੰਜੇ ਵਾਲੇ ਕਮਰੇ ਵਿਚ ਕੁਝ ਚਿਰ ਚੁੱਪ ਰਹੀ। ਫਿਰ ਬਚਨ ਕੌਰ ਨੇ ਹੌਲੀ ਜਿਹੀ ਹੱਸਣ ਦੀ ਕੋਸ਼ਿਸ਼ ਕੀਤੀ।

'ਯਾਦ ਐ... ਵਿਆਹ ਤੋਂ ਪਿੱਛੋਂ ਪਹਿਲੀ ਲੋਹੜੀ 'ਤੇ ਤੂੰ ਜਲੇਬੀਆਂ

**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

ਆਪਣੇ ਕੁੜਤੇ ਹੇਠ ਲੁਕੋ ਕੇ ਲਿਆਇਆ ਸੀ?'

'ਬੀਬੀ ਤੋਂ ਡਰਦਾ ਸੀ ਮੈਂ।'

'ਤੇ ਹੁਣ?'

ਕਰਤਾਰ ਸਿੰਘ ਨੇ ਜਵਾਬ ਨਾ ਦਿੱਤਾ। ਬਾਹਰੋਂ ਟੈਲੀਵਿਜ਼ਨ 'ਤੇ ਕਿਸੇ ਦੇ ਹੱਸਣ ਦੀ ਆਵਾਜ਼ ਆਈ। ਇਹ ਦੋਵੇਂ ਹਮੇਸ਼ਾ ਤੋਂ ਇੰਨੇ ਹੌਲੇ ਨਹੀਂ ਸਨ। ਕਦੇ ਕਰਤਾਰ ਸਿੰਘ ਦਾ ਪੈਰ ਪੈਂਦਾ ਤਾਂ ਵਿਹੜੇ ਨੂੰ ਪਤਾ ਲੱਗ ਜਾਂਦਾ ਸੀ ਕਿ ਉਹ ਘਰ ਆ ਗਿਆ। ਮੋਢੇ 'ਤੇ ਕਹੀ, ਸਿਰ 'ਤੇ ਪਰਨੇ ਦਾ ਲੜ ਤੇ ਚਿਹਰੇ ਉੱਤੇ ਧੁੱਪ ਨਾਲ ਪੱਕਿਆ ਰੰਗ। ਬਚਨ ਕੌਰ ਤੰਦੂਰ ਅੱਗੇ ਬੈਠੀ ਰੋਟੀ ਲਾਉਂਦੀ ਤੇ ਕੋਲ ਖੇਡਦੇ ਨਿੱਕੇ ਜਗਜੀਵਨ ਨੂੰ ਅੱਗ ਤੋਂ ਪਿੱਛੇ ਕਰਦੀ ਰਹਿੰਦੀ। ਚੜ੍ਹਦੀ ਉਮਰੇ ਦੋਵੇਂ ਅੱਗ ਦੀ ਲਾਟ ਵਰਗੇ ਸਨ। ਪਰ ਉਸ ਲਾਟ ਨੇ ਆਪਣੇ ਲਈ ਘੱਟ, ਘਰ ਲਈ ਵੱਧ ਬਲਣਾ ਸਿੱਖਿਆ ਸੀ।

ਜਗਜੀਵਨ ਦੀ ਪੜ੍ਹਾਈ ਲਈ ਇਕ ਕਿੱਲਾ ਗਹਿਣੇ ਪਿਆ। ਧੀ ਦੇ ਵਿਆਹ ਵੇਲੇ ਬਚਨ ਕੌਰ ਦੀਆਂ ਵੰਗਾਂ ਲਹਿ ਗਈਆਂ। ਪੱਕਾ ਮਕਾਨ ਪਾਉਂਦਿਆਂ ਕਰਤਾਰ ਸਿੰਘ ਕਈ ਮਹੀਨੇ ਮਿਸਤਰੀਆਂ ਨਾਲ ਆਪ ਇੱਟਾਂ ਚੁੱਕਦਾ ਰਿਹਾ। ਇਕ ਵਾਰ ਪੌੜੀ ਤੋਂ ਤਿਲਕ ਕੇ ਉਸ ਦੇ ਗੋਡੇ 'ਤੇ ਸੱਟ ਲੱਗੀ। ਡਾਕਟਰ ਨੇ ਆਰਾਮ ਕਰਨ ਲਈ ਆਖਿਆ, ਪਰ ਅਗਲੀ ਸਵੇਰ ਉਹ ਫਿਰ ਰੇਤ ਵਾਲੀ ਟਰਾਲੀ ਕੋਲ ਖੜ੍ਹਾ ਸੀ।

'ਦੋ ਦਿਨ ਬਹਿ ਵੀ ਜਾ,' ਬਚਨ ਕੌਰ ਨੇ ਝਿੜਕਿਆ ਸੀ।

'ਛੱਤ ਪੈ ਜਾਵੇ... ਫਿਰ ਬਹਿ ਲਵਾਂਗੇ।'

ਛੱਤ ਪੈ ਗਈ। ਫਿਰ ਹੋਰ ਕੰਮ ਆ ਗਏ। ਦੋਵਾਂ ਨੂੰ ਬੈਠਣ ਦੀ ਵਿਹਲ ਉਦੋਂ ਮਿਲੀ, ਜਦੋਂ ਉੱਠਣਾ ਔਖਾ ਹੋ ਗਿਆ।

ਸਮੇਂ ਤੇ ਹਾਲਾਤ ਨਾਲ ਲੜਦਿਆਂ ਉਨ੍ਹਾਂ ਦੀ ਲਾਟ ਵਰਗੀ ਜਵਾਨੀ ਕਦੋਂ ਰਾਖ ਹੁੰਦੀ ਗਈ, ਇਹਦਾ ਹਿਸਾਬ ਦੋਵਾਂ ਨੇ ਕਦੇ ਕਿਸੇ ਨੂੰ ਨਹੀਂ ਦਿੱਤਾ।

*

ਪਹਿਲਾਂ ਉਨ੍ਹਾਂ ਦੇ ਮੰਜੇ ਵਿਹੜੇ ਨਾਲ ਲੱਗਦੀ ਖੁੱਲ੍ਹੀ ਬੈਠਕ ਵਿਚ ਹੁੰਦੇ ਸਨ। ਬਾਹਰਲਾ ਬੂਹਾ ਦਿਸਦਾ ਸੀ, ਰਸੋਈ ਵਿਚ ਹੁੰਦਾ ਕੰਮ ਵੀ। ਕੋਈ ਆਉਂਦਾ ਤਾਂ ਬਚਨ ਕੌਰ ਆਖਦੀ— 'ਪੁੱਤ, ਚਾਹ ਪੀ ਕੇ ਜਾਈਂ।'

ਪੋਤਾ ਏਕਮ ਸਕੂਲੋਂ ਆ ਕੇ ਬਸਤਾ ਬਾਪੂ ਦੇ ਮੰਜੇ 'ਤੇ ਸੁੱਟਦਾ ਤੇ ਆਪ ਬੇਬੇ ਦੀ ਬੁੱਕਲ ਵਿੱਚ ਸਿਰ ਰੱਖ ਲੈਂਦਾ।

ਫਿਰ ਘਰ ਨਵਾਂ ਸਜਿਆ।

ਬੈਠਕ ਵਿਚ ਵੱਡਾ ਸੋਫ਼ਾ ਆ ਗਿਆ। ਕੰਧ 'ਤੇ ਵੱਡੀ ਸਕਰੀਨ ਲੱਗ ਗਈ। ਪਰਦਿਆਂ ਦੇ ਰੰਗ ਨਾਲ ਮੇਲ ਖਾਂਦੇ ਗੱਦੇ ਆਏ। ਮੰਜਿਆਂ ਦਾ ਰੰਗ ਕਿਸੇ ਚੀਜ਼ ਨਾਲ ਨਹੀਂ ਮਿਲਦਾ ਸੀ।

'ਬਾਪੂ ਜੀ, ਥੋੜ੍ਹੇ ਦਿਨ ਪਿੱਛੇ ਵਾਲੇ ਕਮਰੇ ਵਿਚ ਪੈ ਜਾਓ। ਇੱਥੇ ਕੰਮ ਮੁੱਕ ਲੈਣ ਦਿਓ,' ਜਗਜੀਵਨ ਨੇ ਆਖਿਆ।

ਬਚਨ ਕੌਰ ਆਪਣਾ ਦਵਾਈਆਂ ਵਾਲਾ ਡੱਬਾ ਚੁੱਕ ਕੇ ਤੁਰ ਪਈ। ਕਰਤਾਰ ਸਿੰਘ ਨੇ ਖੂੰਡੀ ਚੁੱਕ ਲਈ। ਕੰਮ ਦਸਾਂ ਦਿਨਾਂ ਵਿਚ ਮੁੱਕ ਗਿਆ। ਮੰਜੇ ਮੁੜ ਨਾ ਆਏ।

ਪਿੱਛੇ ਵਾਲੇ ਕਮਰੇ ਦੀ ਖਿੜਕੀ ਵਿਚੋਂ ਗੁਆਂਢੀਆਂ ਦੀ ਕੰਧ ਦਿਸਦੀ ਸੀ। ਧੁੱਪ ਥੋੜ੍ਹੀ ਦੇਰ ਆਉਂਦੀ, ਘਰ ਦੀਆਂ ਆਵਾਜ਼ਾਂ ਦੂਰੋਂ ਆਉਂਦੀਆਂ ਤੇ ਘਰ ਦੇ ਜੀਅ ਲੋੜ ਵੇਲੇ ਆਉਂਦੇ।

ਸਵੇਰੇ ਚਾਹ ਤੇ ਦਵਾਈ।

ਦੁਪਹਿਰੇ ਰੋਟੀ।

ਸ਼ਾਮ ਨੂੰ ਫਿਰ ਰੋਟੀ ਤੇ ਦਵਾਈ।

ਨੂੰਹ ਰੇਸ਼ਮੋ ਸਵੇਰ ਤੋਂ ਨੌਕਰੀ, ਬੱਚੇ ਤੇ ਘਰ ਦੇ ਕੰਮਾਂ ਵਿਚਾਲੇ ਦੌੜਦੀ ਰਹਿੰਦੀ। ਜਗਜੀਵਨ ਦੀ ਦੁਕਾਨ ਸੀ; ਉਹ ਥੱਕ ਕੇ ਮੁੜਦਾ। ਹਰ ਕਿਸੇ ਕੋਲ ਥਕਾਵਟ ਸੀ, ਕੋਈ ਨਾ ਕੋਈ ਜ਼ਰੂਰੀ ਕੰਮ ਸੀ। ਬੁੱਢਿਆਂ ਕੋਲ ਸਿਰਫ਼ ਸਮਾਂ ਸੀ। ਤੇ ਉਨ੍ਹਾਂ ਦਾ ਸਮਾਂ ਕਿਸੇ ਦੇ ਕੰਮ ਦਾ ਨਹੀਂ ਸੀ।

'ਰੇਸ਼ਮੋ ਪੁੱਤ...'

'ਜੀ ਬੀਬੀ ਜੀ?'

'ਇੱਕ ਗੱਲ ਸੁਣੀਂ...'

'ਬੱਸ ਦੋ ਮਿੰਟ, ਆਈ।'

ਬਚਨ ਕੌਰ ਨੂੰ ਪਤਾ ਸੀ ਕਿ ਘਰ ਦੇ ਇਹ ਦੋ ਮਿੰਟ ਘੜੀ ਵਾਲੇ ਦੋ ਮਿੰਟ ਨਹੀਂ ਹੁੰਦੇ। ਕਦੇ ਦੁਪਹਿਰ ਲੰਘ ਜਾਂਦੀ, ਕਦੇ ਸ਼ਾਮ।

ਜਦੋਂ ਰੇਸ਼ਮੋ ਆਉਂਦੀ ਤਾਂ ਪੁੱਛਦੀ—'ਹਾਂ ਜੀ, ਕੀ ਚਾਹੀਦਾ?'

ਬੇਬੇ ਕਈ ਵਾਰ ਭੁੱਲ ਜਾਂਦੀ ਕਿ ਉਸ ਨੇ ਕੀ ਮੰਗਣਾ ਸੀ। ਕਈ ਵਾਰ ਯਾਦ ਹੁੰਦਾ, ਪਰ ਨੂੰਹ ਦੇ ਹੱਥ ਵਿਚ ਫ਼ੋਨ ਤੇ ਅੱਖਾਂ ਵਿਚ ਕਾਹਲ ਵੇਖ ਕੇ ਆਖ ਦਿੰਦੀ— 'ਕੁਝ ਨਹੀਂ ਪੁੱਤ... ਤੂੰ ਆਪਣਾ ਕੰਮ ਕਰ।'

ਕਈ ਵਾਰ ਉਸ ਨੂੰ ਕੁਝ ਚਾਹੀਦਾ ਵੀ ਨਹੀਂ ਸੀ।

ਉਸ ਦਿਨ ਗਲੀ ਵਿਚ ਕਿਸੇ ਕੁੜੀ ਦਾ ਹਾਸਾ ਸੁਣ ਕੇ ਉਸ ਨੂੰ ਆਪਣੀ ਧੀ ਯਾਦ ਆਈ ਸੀ। ਉਹ ਦੱਸਣਾ ਚਾਹੁੰਦੀ ਸੀ ਕਿ ਛੋਟੀ ਹੁੰਦੀ ਉਹ ਵੀ ਇਸੇ ਤਰ੍ਹਾਂ ਹੱਸਦੀ ਸੀ—ਸਾਹ ਮੁੱਕ ਜਾਂਦਾ ਸੀ, ਹਾਸਾ ਨਹੀਂ ਸੀ ਮੁੱਕਦਾ। ਪਰ ਇਹ ਗੱਲ ਸੁਣਨ ਲਈ ਤਾਂ ਕਿਸੇ ਨੂੰ ਬੈਠਣਾ ਪੈਣਾ ਸੀ।

ਇੱਕ ਦੁਪਹਿਰ ਬਚਨ ਕੌਰ ਨੇ ਖਾਣੇ ਦਾ ਢੱਕਣ ਚੁੱਕਿਆ। ਦਾਲ ਦੀ ਕੌਲੀ ਪਈ ਸੀ, ਰੋਟੀ ਨਹੀਂ ਸੀ। ਰੇਸ਼ਮੋ ਰਸੋਈ ਵਿਚ ਰੋਟੀ ਲੈਣ ਮੁੜੀ ਸੀ। ਉੱਥੇ ਦਫ਼ਤਰੋਂ ਫ਼ੋਨ ਆ ਗਿਆ, ਫਿਰ ਦਰਵਾਜ਼ੇ ਦੀ ਘੰਟੀ ਵੱਜ ਗਈ ਤੇ ਰੋਟੀ ਉੱਥੇ ਹੀ ਪਈ ਰਹਿ ਗਈ। ਬਚਨ ਕੌਰ ਨੇ ਦੋ ਵਾਰ ਆਵਾਜ਼ ਮਾਰੀ। ਤੀਜੀ ਵਾਰ ਕਰਤਾਰ ਸਿੰਘ ਨੇ ਵੀ ਬੁਲਾਇਆ।

ਅੱਗੇ ਟੈਲੀਵਿਜ਼ਨ ਚੱਲ ਰਿਹਾ ਸੀ।

'ਛੱਡ, ਮੈਂ ਲੈ ਆਉਂਦਾ,' ਉਹ ਮੰਜੇ ਤੋਂ ਉੱਠਣ ਲੱਗਾ। ਗੋਡੇ ਨੇ ਸਾਥ ਨਾ ਦਿੱਤਾ। ਮੁੜ ਬੈਠ ਗਿਆ। ਬਚਨ ਕੌਰ ਨੇ ਸਿਰਹਾਣੇ ਹੇਠੋਂ ਬਿਸਕੁਟਾਂ ਦਾ ਪੈਕਟ ਕੱਢਿਆ। ਦੋ ਬਚੇ ਸਨ। ਇੱਕ ਉਸ ਨੇ ਕਰਤਾਰ ਸਿੰਘ ਨੂੰ ਫੜਾਇਆ, ਦੂਜਾ ਆਪ ਖਾਣ ਲੱਗ ਪਈ।

'ਚਾਹ ਨਾਲ ਖਾਣ ਲਈ ਰੱਖੇ ਸੀ,' ਬਾਪੂ ਬੋਲਿਆ।

'ਕੋਈ ਨਾ... ਚਾਹ ਇਕੱਲੀ ਵੀ ਪੀ ਲਵਾਂਗੇ।'

ਉਹ ਦੋਵੇਂ ਹੌਲੀ-ਹੌਲੀ ਬਿਸਕੁਟ ਚੱਬਦੇ ਰਹੇ।

ਕਦੇ ਇਸੇ ਘਰ ਵਿਚ ਖੇਤੋਂ ਮੁੜੇ ਕਾਮਿਆਂ ਦੀਆਂ ਰੋਟੀਆਂ ਵੀ ਬਿਨਾਂ ਗਿਣਿਆਂ ਪੱਕਦੀਆਂ ਸਨ।

ਰਾਤ ਨੂੰ ਕਈ ਵਾਰ ਕਰਤਾਰ ਸਿੰਘ ਤ੍ਰਭਕ ਕੇ ਉੱਠ ਬੈਠਦਾ।

'ਬਚਨੋ, ਬੋਰੀਆਂ ਅੰਦਰ ਕਰ ਲਈਆਂ? ਮੀਂਹ ਆਉਂਦਾ ਲੱਗਦਾ।'

'ਕਿਹੜੀਆਂ ਬੋਰੀਆਂ? ਸੌਂ ਜਾ... ਹੁਣ ਸਾਡਾ ਕਿਹੜਾ ਦਾਣਾ ਬਾਹਰ ਪਿਐ।'

ਉਹ ਕੁਝ ਚਿਰ ਹਨੇਰੇ ਵਿਚ ਤੱਕਦਾ ਰਹਿੰਦਾ। ਫਿਰ ਖਿੜਕੀ, ਦਵਾਈਆਂ ਵਾਲੀ ਮੇਜ਼ ਤੇ ਦਰਵਾਜ਼ੇ ਪਿੱਛੇ ਟੰਗੇ ਕੱਪੜੇ ਪਛਾਣ ਲੈਂਦਾ।

'ਹਾਂ... ਮੈਂ ਸਮਝਿਆ...'

ਗੱਲ ਅਧੂਰੀ ਛੱਡ ਕੇ ਲੇਟ ਜਾਂਦਾ।

ਬਚਨ ਕੌਰ ਵੀ ਕਦੇ ਸੁੱਤੀ ਪਈ ਬਾਂਹ ਅੱਗੇ ਕਰਦੀ, ਜਿਵੇਂ ਨਿੱਕੇ ਜਗਜੀਵਨ ਨੂੰ ਮੰਜੇ ਤੋਂ ਡਿੱਗਣ ਤੋਂ ਬਚਾ ਰਹੀ ਹੋਵੇ। ਉਨ੍ਹਾਂ ਦੇ ਸਰੀਰ ਖੂੰਜੇ ਵਾਲੇ ਕਮਰੇ ਵਿਚ ਪਏ ਸਨ। ਮਨ ਅਜੇ ਵੀ ਉਸ ਘਰ ਵਿਚ ਫਿਰਦੇ ਸਨ, ਜਿੱਥੇ ਹਰ ਕਿਸੇ ਨੂੰ ਉਨ੍ਹਾਂ ਦੀ ਲੋੜ ਪੈਂਦੀ ਸੀ।

ਉਸ ਐਤਵਾਰ ਏਕਮ ਨੂੰ ਸਕੂਲੋਂ ਕੰਮ ਮਿਲਿਆ—ਆਪਣੇ ਘਰ ਦਾ ਨਕਸ਼ਾ ਬਣਾਉਣਾ ਸੀ ਤੇ ਲਿਖਣਾ ਸੀ ਕਿ ਕੌਣ ਕਿੱਥੇ ਸਭ ਤੋਂ ਵੱਧ ਸਮਾਂ ਬਿਤਾਉਂਦਾ ਹੈ। ਉਹ ਰੰਗਾਂ ਵਾਲੀ ਡੱਬੀ ਲੈ ਕੇ ਦਾਦੇ ਦੇ ਮੰਜੇ 'ਤੇ ਆ ਬੈਠਾ।

'ਬਾਪੂ ਜੀ, ਇਹ ਡਰਾਇੰਗ ਰੂਮ... ਇਹ ਮੰਮੀ-ਪਾਪਾ ਦਾ ਕਮਰਾ... ਇਹ ਮੇਰਾ...'

ਕਰਤਾਰ ਸਿੰਘ ਖੁਸ਼ ਹੋ ਕੇ ਵੇਖਣ ਲੱਗ ਪਿਆ।

'ਤੇ ਤੁਹਾਡਾ ਕਮਰਾ ਇੱਥੇ, ਪਿੱਛੇ।'

ਏਕਮ ਨੇ ਕਾਗਜ਼ ਦੇ ਕੋਨੇ ਵਿਚ ਛੋਟਾ ਜਿਹਾ ਡੱਬਾ ਬਣਾ ਦਿੱਤਾ।

'ਪਹਿਲਾਂ ਵੀ ਤੁਸੀਂ ਇੱਥੇ ਰਹਿੰਦੇ ਸੀ?'

'ਨਹੀਂ ਪੁੱਤ, ਪਹਿਲਾਂ ਅੱਗੇ।'

'ਫਿਰ ਪਿੱਛੇ ਕਿਉਂ ਆ ਗਏ?'

ਬਾਪੂ ਨੇ ਆਪਣੀ ਖੂੰਡੀ ਦੇ ਸਿਰੇ ਨਾਲ ਫ਼ਰਸ਼ 'ਤੇ ਪਿਆ ਕਾਗਜ਼ ਦਾ ਟੁਕੜਾ ਪਾਸੇ ਕੀਤਾ।

'ਅੱਗੇ ਨਵਾਂ ਸਾਮਾਨ ਆ ਗਿਆ ਸੀ।'

ਏਕਮ ਕੁਝ ਦੇਰ ਸੋਚਦਾ ਰਿਹਾ।

'ਤੁਸੀਂ ਵੀ ਤਾਂ ਪੁਰਾਣੇ ਹੋ... ਇਸ ਕਰਕੇ?'

ਬਚਨ ਕੌਰ ਦੀ ਉਂਗਲ, ਜਿਹੜੀ ਪੋਤੇ ਦੇ ਵਾਲਾਂ ਵਿਚ ਫਿਰ ਰਹੀ ਸੀ, ਉੱਥੇ ਹੀ ਰੁਕ ਗਈ।

'ਨਹੀਂ ਪੁੱਤ...' ਉਸ ਨੇ ਆਖਿਆ, ਪਰ ਅੱਗੇ ਕੋਈ ਗੱਲ ਨਾ ਸੁੱਝੀ।

ਉਸ ਸ਼ਾਮ ਏਕਮ ਆਪਣਾ ਨਕਸ਼ਾ ਖਾਣੇ ਵਾਲੀ ਮੇਜ਼ 'ਤੇ ਲੈ ਆਇਆ।

'ਪਾਪਾ, ਮੇਰੇ ਕਮਰੇ ਨਾਲ ਇਕ ਕਮਰਾ ਹੋਰ ਬਣਾ ਦੇਈਏ?'

'ਕਿਉਂ?'

'ਜਦੋਂ ਤੁਸੀਂ ਤੇ ਮੰਮੀ ਬੁੱਢੇ ਹੋਵੋਗੇ, ਉੱਥੇ ਰਹਿ ਲਿਓ। ਪਿੱਛੇ ਵਾਲੇ ਵਿਚ ਆਵਾਜ਼ ਨਹੀਂ ਸੁਣਦੀ। ਅੱਜ ਬੀਬੀ ਪਾਣੀ ਮੰਗ ਰਹੀ ਸੀ, ਮੈਂ ਕੋਲ ਗਿਆ ਤਾਂ ਪਤਾ ਲੱਗਾ।'

ਜਗਜੀਵਨ ਦੇ ਹੱਥ ਵਿਚ ਰੋਟੀ ਦੀ ਬੁਰਕੀ ਰੁਕ ਗਈ।

ਰੇਸ਼ਮੋ ਨੇ ਨਕਸ਼ੇ ਵੱਲ ਵੇਖਿਆ। ਬੱਚੇ ਨੇ ਖੂੰਜੇ ਵਾਲੇ ਛੋਟੇ ਡੱਬੇ ਵਿਚ ਦੋ ਮੰਜੇ ਬਣਾਏ ਹੋਏ ਸਨ। ਬਾਕੀ ਸਾਰੇ ਘਰ ਵਿਚ ਉਸ ਨੇ ਰੰਗ ਭਰੇ ਸਨ।

ਉਹ ਡੱਬਾ ਅਜੇ ਚਿੱਟਾ ਸੀ।

'ਇਹਨੂੰ ਰੰਗ ਕਿਉਂ ਨਹੀਂ ਕੀਤਾ?' ਉਸ ਨੇ ਪੁੱਛਿਆ।

'ਰਹਿ ਗਿਆ... ਕੱਲ੍ਹ ਕਰ ਦਿਆਂਗਾ।'

ਜਗਜੀਵਨ ਕੁਝ ਚਿਰ ਉਸ ਬੇਰੰਗ ਖੂੰਜੇ ਵੱਲ ਵੇਖਦਾ ਰਿਹਾ। ਉਸ ਰਾਤ ਉਹ ਬੇਬੇ-ਬਾਪੂ ਕੋਲ ਜਾ ਬੈਠਾ। ਬਚਨ ਕੌਰ ਨੇ ਆਪਣੀ ਚਾਦਰ ਦੀਆਂ ਸਿਲਵਟਾਂ ਹੱਥ ਨਾਲ ਸਿੱਧੀਆਂ ਕੀਤੀਆਂ, ਜਿਵੇਂ ਪੁੱਤ ਲਈ ਬੈਠਣ ਦੀ ਥਾਂ ਹੋਰ ਸਾਫ਼ ਕਰ ਰਹੀ ਹੋਵੇ।

'ਦੁਕਾਨ 'ਤੇ ਕੰਮ ਠੀਕ ਐ ਪੁੱਤ?'

'ਹਾਂ ਬੀਬੀ।'

'ਤੇਰੀ ਖੰਘ ਹਟੀ?'

ਜਗਜੀਵਨ ਨੇ ਮਾਂ ਵੱਲ ਵੇਖਿਆ। ਤਿੰਨ ਰਾਤਾਂ ਪਹਿਲਾਂ ਉਸ ਨੂੰ ਖੰਘ ਆਈ ਸੀ। ਪਿੱਛੇ ਵਾਲੇ ਕਮਰੇ ਤੱਕ ਉਹ ਖੰਘ ਪਹੁੰਚ ਗਈ ਸੀ। ਉੱਥੋਂ ਆਉਂਦੀ ਪਾਣੀ ਦੀ ਆਵਾਜ਼ ਅੱਗੇ ਨਹੀਂ ਪਹੁੰਚੀ ਸੀ। ਉਸ ਨੇ ਸਿਰ ਝੁਕਾ ਲਿਆ।



'ਬਾਪੂ... ਤੁਸੀਂ ਦੱਸਿਆ ਕਿਉਂ ਨਹੀਂ ਕਿ ਇੱਥੇ ਔਖੇ ਓ?'

ਕਰਤਾਰ ਸਿੰਘ ਨੇ ਪਹਿਲਾਂ ਬਚਨ ਕੌਰ ਵੱਲ ਵੇਖਿਆ, ਫਿਰ ਪੁੱਤ ਵੱਲ।

'ਪੁੱਤ, ਰੋਟੀ ਵਿਚ ਲੂਣ ਘੱਟ ਹੋਵੇ ਤਾਂ ਦੱਸ ਦੇਈਏ। ਹੁਣ ਇਹ ਕਿਵੇਂ ਆਖੀਏ ਕਿ ਸਾਡੇ ਕੋਲ ਵੀ ਬੈਠ ਜਾਇਆ ਕਰੋ?'

ਜਗਜੀਵਨ ਮੰਜੇ ਦੀ ਢਿੱਲੀ ਦੌਣ ਨੂੰ ਉਂਗਲ ਨਾਲ ਛੇੜਦਾ ਰਿਹਾ।

'ਤੁਹਾਡੇ ਮੰਜੇ ਅੱਗੇ ਕਰ ਦੇਣੇ ਆਂ,' ਉਸ ਨੇ ਕੁਝ ਦੇਰ ਬਾਅਦ ਆਖਿਆ।

ਬਚਨ ਕੌਰ ਨੇ ਝੱਟ ਪੁੱਤ ਵੱਲ ਵੇਖਿਆ।

'ਅੱਗੇ ਬੂਹਾ ਦਿਸਦਾ ਰਹਿੰਦਾ। ਕੋਈ ਆਉਂਦਾ-ਜਾਂਦਾ ਮੱਥੇ ਲੱਗ ਜਾਂਦਾ।'

'ਹਾਂ ਬੀਬੀ, ਐਤਵਾਰ ਨੂੰ ਕਰਦੇ ਆਂ। ਥੋੜ੍ਹਾ ਸਾਮਾਨ ਪਾਸੇ ਕਰਨਾ ਪੈਣਾ।'

ਉਸ ਰਾਤ ਬਚਨ ਕੌਰ ਨੇ ਆਪਣੇ ਦੋਵੇਂ ਸੂਟ ਤਹਿ ਕਰਕੇ ਸਿਰਹਾਣੇ ਰੱਖ ਲਏ। ਦਵਾਈਆਂ ਵਾਲੇ ਡੱਬੇ ਵਿੱਚੋਂ ਖਾਲੀ ਪੱਤੇ ਕੱਢ ਦਿੱਤੇ।

'ਇਹ ਕੀ ਕਰਨ ਲੱਗ ਪਈ?' ਕਰਤਾਰ ਸਿੰਘ ਨੇ ਪੁੱਛਿਆ।

'ਕੁਝ ਨਹੀਂ... ਅੱਗੇ ਜਾਣ ਵੇਲੇ ਚੀਜ਼ਾਂ ਲੱਭਣੀਆਂ ਨਾ ਪੈਣ।'

ਐਤਵਾਰ ਨੂੰ ਜਗਜੀਵਨ ਦਾ ਕੋਈ ਜ਼ਰੂਰੀ ਕੰਮ ਨਿਕਲ ਆਇਆ। ਅਗਲੇ ਐਤਵਾਰ ਘਰ ਮਹਿਮਾਨ ਆ ਗਏ। ਫਿਰ ਰੇਸ਼ਮੋ ਨੇ ਆਖਿਆ ਕਿ ਪਹਿਲਾਂ ਬੈਠਕ ਵਾਲੀ ਅਲਮਾਰੀ ਦਾ ਕੋਈ ਬੰਦੋਬਸਤ ਕਰ ਲੈਣ। ਉਹ ਕਿੱਥੇ ਰੱਖਣਗੇ?

ਗੱਲ ਠੀਕ ਸੀ। ਥਾਂ ਬਣਾਉਣੀ ਪੈਣੀ ਸੀ।

ਬਚਨ ਕੌਰ ਨੇ ਪਹਿਲੇ ਐਤਵਾਰ ਸਵੇਰੇ ਹੀ ਕੱਪੜੇ ਬਦਲ ਲਏ ਸਨ। ਦੂਜੇ ਐਤਵਾਰ ਦੁਪਹਿਰ ਤੱਕ ਉਡੀਕਦੀ ਰਹੀ। ਤੀਜੇ ਐਤਵਾਰ ਉਸ ਨੇ ਪੁੱਛਿਆ ਨਹੀਂ। ਪਰ ਦਵਾਈਆਂ ਵਾਲਾ ਡੱਬਾ ਹੁਣ ਉਹ ਹਰ ਰਾਤ ਬੰਦ ਕਰਕੇ ਰੱਖਦੀ ਸੀ।

ਸਰਦੀ ਵਧਣ ਲੱਗ ਪਈ।

ਇੱਕ ਰਾਤ ਬਚਨ ਕੌਰ ਨੇ ਆਖਿਆ—'ਕਰਤਾਰ ਸਿਆਂ, ਮੇਰਾ ਹੱਥ ਫੜੀਂ।'

ਉਸ ਨੇ ਦੋਵਾਂ ਮੰਜਿਆਂ ਵਿਚਾਲੇ ਬਾਂਹ ਵਧਾਈ।

'ਠੰਢ ਲੱਗਦੀ?'

'ਨਹੀਂ... ਬੱਸ ਫੜੀ ਰੱਖ।'

ਕੁਝ ਚਿਰ ਪਿੱਛੋਂ ਉਹ ਬੋਲੀ—

'ਜਗਜੀਵਨ ਨੂੰ ਆਵਾਜ਼ ਮਾਰੀਂ।'

'ਕੀ ਹੋਇਆ?'

'ਕੁਝ ਨਹੀਂ... ਵੇਖਣ ਨੂੰ ਜੀਅ ਕਰਦਾ।'

ਕਰਤਾਰ ਸਿੰਘ ਨੇ ਪੁੱਤ ਨੂੰ ਬੁਲਾਇਆ। ਇੱਕ ਵਾਰ, ਫਿਰ ਦੂਜੀ ਵਾਰ।

ਅੱਗੋਂ ਕੋਈ ਜਵਾਬ ਨਾ ਆਇਆ।

ਉਹ ਖੂੰਡੀ ਟੇਕਦਾ ਦਰਵਾਜ਼ੇ ਤੱਕ ਗਿਆ। ਰੇਸ਼ਮੋ ਰਸੋਈ ਦਾ ਕੰਮ ਮੁਕਾ ਰਹੀ ਸੀ।

'ਪੁੱਤ, ਜਗਜੀਵਨ ਜਾਗਦਾ?'

'ਹੁਣੇ ਸੁੱਤੇ ਨੇ ਬਾਪੂ ਜੀ। ਅੱਜ ਬਹੁਤ ਥੱਕੇ ਹੋਏ ਸੀ। ਕੋਈ ਕੰਮ ਸੀ?'

'ਨਹੀਂ... ਬਚਨੋ ਯਾਦ ਕਰਦੀ ਸੀ।'

'ਸਵੇਰੇ ਬੈਠ ਜਾਣਗੇ ਕੋਲ। ਤੁਹਾਨੂੰ ਕੁਝ ਚਾਹੀਦਾ ਹੋਵੇ ਤਾਂ ਮੈਨੂੰ ਦੱਸੋ।'

ਕਰਤਾਰ ਸਿੰਘ ਮੁੜ ਆਇਆ।

'ਸੁੱਤਾ ਪਿਐ,' ਉਸ ਨੇ ਬਚਨ ਕੌਰ ਦਾ ਹੱਥ ਮੁੜ ਫੜਦਿਆਂ ਆਖਿਆ।

'ਚੱਲ, ਸੌਣ ਦੇ... ਸਵੇਰੇ ਕੰਮ 'ਤੇ ਵੀ ਜਾਣਾ।'

ਇਹ ਉਸ ਰਾਤ ਦੀ ਉਨ੍ਹਾਂ ਦੀ ਆਖਰੀ ਗੱਲ ਸੀ।

ਸਵੇਰੇ ਜਦੋਂ ਰੇਸ਼ਮੋ ਚਾਹ ਲੈ ਕੇ ਆਈ, ਕਰਤਾਰ ਸਿੰਘ ਬਚਨ ਕੌਰ ਦਾ ਹੱਥ ਫੜੀ ਬੈਠਾ ਸੀ। ਉਸ ਦਾ ਆਪਣਾ ਹੱਥ ਕੰਬ ਰਿਹਾ ਸੀ। ਬਚਨ ਕੌਰ ਦਾ ਹੱਥ ਅਡੋਲ ਸੀ।

ਉਸ ਦਿਨ ਬੇਬੇ ਨੂੰ ਘਰ ਦੇ ਵਿਚਕਾਰ ਲਿਆਂਦਾ ਗਿਆ। ਬੈਠਕ ਦਾ ਸੋਫ਼ਾ ਪਾਸੇ ਹੋ ਗਿਆ। ਮੇਜ਼ ਵੀ ਹਟ ਗਿਆ। ਕਿਸੇ ਨੇ ਅਲਮਾਰੀ ਬਾਰੇ ਨਹੀਂ ਪੁੱਛਿਆ। ਚਿੱਟੀ ਚਾਦਰ ਵਿਛਾਉਣ ਲਈ ਬਹੁਤ ਥਾਂ ਨਿਕਲ ਆਈ ਸੀ।

ਜਗਜੀਵਨ ਮਾਂ ਦੇ ਸਿਰਹਾਣੇ ਬੈਠਾ ਰੋਂਦਾ ਰਿਹਾ—'ਬੀਬੀ, ਇੱਕ ਵਾਰ ਬੋਲ ਤਾਂ ਸਹੀ...'

ਕਰਤਾਰ ਸਿੰਘ ਦੀ ਨਜ਼ਰ ਉਸ ਥਾਂ 'ਤੇ ਟਿਕੀ ਹੋਈ ਸੀ, ਜਿੱਥੇ ਉਹ ਬਚਨ ਕੌਰ ਦਾ ਮੰਜਾ ਡਾਹੁਣ ਬਾਰੇ ਸੋਚਦਾ ਹੁੰਦਾ ਸੀ। ਇੱਥੋਂ ਬਾਹਰਲਾ ਬੂਹਾ ਸਾਫ਼ ਦਿਸਦਾ ਸੀ। ਬਚਨ ਕੌਰ ਦੀਆਂ ਅੱਖਾਂ ਬੰਦ ਸਨ।

*

ਬੇਬੇ ਤੋਂ ਬਾਅਦ ਪਿੱਛੇ ਵਾਲੇ ਕਮਰੇ ਵਿਚ ਦੋ ਮੰਜੇ ਰਹੇ, ਪਰ ਸਾਹ ਇੱਕ ਹੀ ਲੈਂਦਾ ਸੀ। ਕਰਤਾਰ ਸਿੰਘ ਪਹਿਲੇ ਕੁਝ ਦਿਨ ਰੋਟੀ ਦੇ ਦੋ ਹਿੱਸੇ ਕਰ ਲੈਂਦਾ। ਫਿਰ ਯਾਦ ਆਉਂਦਾ ਤਾਂ ਇੱਕ ਹਿੱਸਾ ਮੁੜ ਦੂਜੇ ਉੱਤੇ ਰੱਖ ਦਿੰਦਾ।

ਇੱਕ ਵਾਰ ਰੇਸ਼ਮੋ ਨੇ ਬੇਬੇ ਦਾ ਮੰਜਾ ਚੁਕਵਾਉਣਾ ਚਾਹਿਆ।

'ਰਹਿਣ ਦੇ ਪੁੱਤ,' ਉਸ ਨੇ ਆਖਿਆ। 'ਮੇਰੀਆਂ ਚੀਜ਼ਾਂ ਰੱਖਣ ਦੇ ਕੰਮ ਆ ਜਾਂਦਾ।'

ਉਸ ਮੰਜੇ ਉੱਤੇ ਉਸ ਨੇ ਕਦੇ ਕੋਈ ਚੀਜ਼ ਨਾ ਰੱਖੀ। ਜਗਜੀਵਨ ਨੇ ਬਾਪੂ ਨੂੰ ਅੱਗੇ ਬੈਠਣ ਲਈ ਕਿਹਾ ਵੀ। ਇੱਕ ਦਿਨ ਬਾਂਹ ਫੜ ਕੇ ਲੈ ਆਇਆ। ਪਰ ਉੱਥੇ ਉਸ ਲਈ ਕੁਰਸੀ ਸੀ; ਮੰਜੇ ਲਈ ਥਾਂ ਬਣਾਉਣੀ ਅਜੇ ਬਾਕੀ ਸੀ।

ਥੋੜ੍ਹੀ ਦੇਰ ਬੈਠ ਕੇ ਕਰਤਾਰ ਸਿੰਘ ਬੋਲਿਆ—

'ਲੱਕ ਥੱਕ ਗਿਆ ਪੁੱਤ, ਮੈਂ ਜਾ ਕੇ ਪੈ ਜਾਵਾਂ।'

ਉਹ ਮੁੜ ਉਸੇ ਕਮਰੇ ਵਿਚ ਚਲਾ ਗਿਆ। ਹੌਲੀ-ਹੌਲੀ ਘਰ ਦਾ ਕੰਮ ਪਹਿਲਾਂ ਵਾਂਗ ਚੱਲਣ ਲੱਗ ਪਿਆ।

ਸਵੇਰੇ ਚਾਹ ਤੇ ਦਵਾਈ।

ਦੁਪਹਿਰੇ ਰੋਟੀ।

ਸ਼ਾਮ ਨੂੰ ਫਿਰ ਰੋਟੀ ਤੇ ਦਵਾਈ।

ਹੁਣ ਆਵਾਜ਼ ਵੀ ਘੱਟ ਆਉਂਦੀ ਸੀ।

ਏਕਮ ਰੋਜ਼ ਕੁਝ ਦੇਰ ਬਾਪੂ ਕੋਲ ਬੈਠਦਾ। ਕਦੇ ਸਕੂਲ ਦੀ ਗੱਲ ਕਰਦਾ, ਕਦੇ ਆਪਣੀ ਕਾਪੀ ਖੋਲ੍ਹ ਲੈਂਦਾ।

ਇੱਕ ਦਿਨ ਉਸ ਨੇ ਪੁੱਛਿਆ—'ਬਾਪੂ ਜੀ, ਬੀਬੀ ਦਾ ਮੰਜਾ ਖਾਲੀ ਵੇਖ ਕੇ ਤੁਹਾਨੂੰ ਡਰ ਨਹੀਂ ਲੱਗਦਾ?'

ਕਰਤਾਰ ਸਿੰਘ ਨੇ ਮੰਜੇ ਵੱਲ ਵੇਖਿਆ।

'ਜਦੋਂ ਤੂੰ ਆ ਬਹਿੰਦਾ ਏਂ, ਨਹੀਂ ਲੱਗਦਾ।'

ਉਸ ਦਿਨ ਏਕਮ ਆਪਣਾ ਸਕੂਲ ਦਾ ਕੰਮ ਉੱਥੇ ਹੀ ਬੈਠ ਕੇ ਕਰਦਾ ਰਿਹਾ।

ਕੁਝ ਮਹੀਨਿਆਂ ਬਾਅਦ ਕਰਤਾਰ ਸਿੰਘ ਵੀ ਚਲਾ ਗਿਆ। ਉਸ ਦੇ ਜਾਣ ਵਾਲੇ ਦਿਨ ਵੀ ਸੋਫ਼ਾ ਪਾਸੇ ਹੋਇਆ। ਮੇਜ਼ ਹਟਿਆ। ਲੋਕ ਆਏ। ਘਰ ਭਰ ਗਿਆ। ਬਾਹਰ ਤੁਰਨ ਦੀ ਤਿਆਰੀ ਹੋਈ ਤਾਂ ਏਕਮ ਬਾਪੂ ਦੇ ਮੰਜੇ ਕੋਲ ਖੜ੍ਹਾ ਸੀ। ਉਸ ਨੇ ਇੱਕ ਪਾਵਾ ਘੁੱਟ ਕੇ ਫੜਿਆ ਹੋਇਆ ਸੀ।

'ਆ ਜਾ ਪੁੱਤ,' ਕਿਸੇ ਨੇ ਹੌਲੀ ਜਿਹੀ ਉਸ ਦਾ ਹੱਥ ਖੋਲ੍ਹਿਆ।

ਉਹ ਨਾਲ ਤੁਰ ਪਿਆ।

ਖੂੰਜੇ ਵਾਲੇ ਕਮਰੇ ਤੋਂ ਸ਼ਮਸ਼ਾਨ ਤੱਕ ਦੇ ਰਾਹ ਵਿਚ ਬਾਪੂ ਕੁਝ ਚਿਰ ਉਸ ਬੈਠਕ ਵਿਚ ਰੁਕਿਆ ਸੀ, ਜਿੱਥੇ ਰਹਿਣ ਦਾ ਵਾਅਦਾ ਉਸ ਨੂੰ ਕਈ ਮਹੀਨੇ ਪਹਿਲਾਂ ਮਿਲਿਆ ਸੀ। ਭੋਗ ਤੋਂ ਕੁਝ ਦਿਨ ਬਾਅਦ ਜਗਜੀਵਨ ਬੇਬੇ-ਬਾਪੂ ਦੀ ਤਸਵੀਰ ਲੈ ਆਇਆ। ਦੋਵਾਂ ਦੀਆਂ ਵੱਖਰੀਆਂ ਤਸਵੀਰਾਂ ਜੋੜ ਕੇ ਇੱਕ ਵੱਡਾ ਫਰੇਮ ਬਣਵਾਇਆ ਸੀ।

'ਇੱਥੇ ਲਾ ਦਿੰਦੇ ਆਂ,' ਉਸ ਨੇ ਬੈਠਕ ਦੀ ਸਾਹਮਣੀ ਕੰਧ ਵੱਲ ਇਸ਼ਾਰਾ ਕੀਤਾ। 'ਆਉਂਦੇ-ਜਾਂਦੇ ਦਰਸ਼ਨ ਹੁੰਦੇ ਰਹਿਣਗੇ।'

ਰੇਸ਼ਮੋ ਕੱਪੜਾ ਲਿਆ ਕੇ ਫਰੇਮ ਪੂੰਝਣ ਲੱਗ ਪਈ। ਏਕਮ ਮੇਜ਼ 'ਤੇ ਬੈਠਾ ਆਪਣੀ ਪੁਰਾਣੀ ਡਰਾਇੰਗ ਕਾਪੀ ਵੇਖ ਰਿਹਾ ਸੀ। ਘਰ ਦੇ ਨਕਸ਼ੇ ਵਾਲਾ ਸਫ਼ਾ ਖੋਲ੍ਹ ਕੇ ਉਸ ਨੇ ਖੂੰਜੇ ਵਾਲੇ ਕਮਰੇ ਵਿਚ ਬਣਾਏ ਦੋਵੇਂ ਮੰਜੇ ਰਬੜ ਨਾਲ ਮਿਟਾ ਦਿੱਤੇ।

'ਇਹ ਕਿਉਂ ਮਿਟਾ ਦਿੱਤੇ?' ਜਗਜੀਵਨ ਨੇ ਪੁੱਛਿਆ।

'ਹੁਣ ਉੱਥੇ ਕੋਈ ਨਹੀਂ ਰਹਿੰਦਾ।'

ਫਿਰ ਉਸ ਨੇ ਪੈਨਸਿਲ ਚੁੱਕੀ।

'ਪਾਪਾ, ਹੁਣ ਬੀਬੀ-ਬਾਪੂ ਨੂੰ ਅੱਗੇ ਵਾਲੇ ਕਮਰੇ ਵਿਚ ਬਣਾ ਦਿਆਂ?'

ਜਗਜੀਵਨ ਦੇ ਹੱਥ ਵਿਚ ਹਥੌੜਾ ਸੀ। ਉਸ ਨੇ ਪੁੱਤ ਵੱਲ ਵੇਖਿਆ, ਪਰ ਬੋਲਿਆ ਨਹੀਂ।

ਏਕਮ ਨੇ ਫਰੇਮ ਵੱਲ ਇਸ਼ਾਰਾ ਕੀਤਾ— 'ਤੁਸੀਂ ਹੁਣ ਇੱਥੇ ਹੀ ਤਾਂ ਰੱਖਣਾ ਉਨ੍ਹਾਂ ਨੂੰ।'

ਜਗਜੀਵਨ ਹੌਲੀ ਜਿਹੀ ਕੁਰਸੀ 'ਤੇ ਬੈਠ ਗਿਆ। ਖੁੱਲ੍ਹੇ ਦਰਵਾਜ਼ੇ ਵਿੱਚੋਂ ਪਿੱਛੇ ਵਾਲਾ ਕਮਰਾ ਦਿਸ ਰਿਹਾ ਸੀ। ਕੰਧਾਂ ਉੱਤੇ ਮੰਜਿਆਂ ਦੀ ਰਗੜ ਦੇ ਨਿਸ਼ਾਨ ਅਜੇ ਵੀ ਸਨ। ਏਕਮ ਨੇ ਰਬੜ ਦੇ ਭੋਰੇ ਹੱਥ ਨਾਲ ਝਾੜ ਦਿੱਤੇ।

ਨਕਸ਼ੇ ਵਿੱਚੋਂ ਮੰਜੇ ਮਿਟ ਗਏ ਸਨ। ਕਾਗਜ਼ ਉੱਤੇ ਪੈਨਸਿਲ ਦੇ ਦਬਾਅ ਨਾਲ ਬਣੇ ਦੋ ਖਾਂਚੇ ਅਜੇ ਵੀ ਬਾਕੀ ਸਨ।

# ਡੱਚਾਂ ਦਾ ਨੇਕ ਚੰਦ

'ਬਾਈ ਬਲਦੇਵ ਓਹ ਗੋਰਾ ਬੰਦਾ ਪਤਾ ਨਈਂ ਕੀ ਬਲ਼ਾ ਐ, ਧਰਮ-ਨਾ ਅਚੰਭਾ ਈ ਐ, ਸਾਡੇ ਸ਼ਹਿਰ ਦਾ ਤਾਂ ਅਜੂਬਾ ਈ ਸਮਝ, ਤੂੰ ਹੈਰਾਨ ਹੋਜੇਂਗਾ ਵੇਖ ਕੇ।' ਸਵੇਰੇ ਨਾਸ਼ਤਾ ਕਰਦਿਆਂ ਬਾਈ ਬਾਠ ਨੇ ਕਿਸੇ ਡੱਚ ਗੋਰੇ ਬਾਬੇ ਦੀ ਕਹਾਣੀ ਦਾ ਮੁੱਢ ਜਿਹਾ ਬੰਨ੍ਹ ਕੇ ਮੇਰੀ ਜਗਿਆਸਾ ਨੂੰ ਖੰਭ ਲਾ ਦਿੱਤੇ ਕਿ ਛੇਤੀ ਤੋਂ ਛੇਤੀ ਜਾ ਵੇਖਾਂ ਉਸ 'ਅਜੂਬੇ' ਨੂੰ, ਪਰ ਅਜੇ ਸੰਭਵ ਨਹੀਂ ਸੀ ਕਿਉਂਕਿ ਸਾਨੂੰ ਦੁਪਹਿਰ ਦਾ ਵਕਤ ਮਿਲ਼ਿਆ ਸੀ। ਅੱਚਵੀ ਜਿਹੀ ਵਿਚ ਅਸੀਂ ਘਰੇ ਬੈਠਣ ਦੀ ਥਾਂ ਕਾਰ ਲੈ ਕੇ ਨਿੱਕਲ ਪਏ ਕਿ ਏਨਸ਼ੇਡ ਦੇ ਦੁਆਲ਼ੇ ਹੇਲ਼ੀਆਂ ਦਿੰਦਿਆਂ ਵਕਤ-ਕਟੀ ਵੀ ਹੋ ਜਾਵੇਗੀ ਅਤੇ ਸ਼ਹਿਰ ਦੀਆਂ ਹੋਰ ਅਹਿਮ ਥਾਵਾਂ ਦੀ ਵੀ ਪੰਛੀ-ਝਾਤ ਪਾ ਲਵਾਂਗੇ। ਅਸੀਂ ਯੂਨੀਵਰਸਿਟੀ ਆਫ਼ ਟਵੰਟੇ ਦੇ ਬਹੁਤ ਹੀ ਖ਼ੂਬਸੂਰਤ ਕੈਂਪਸ ਨੂੰ ਵੇਖਦਿਆਂ ਉਸ ਦੀ ਮਾਡਰਨ ਇਮਾਰਤ ਕਲ਼ਾ ਅਤੇ ਕੁਦਰਤੀ

**ਬਲਦੇਵ ਸਿੰਘ ਧਾਲੀਵਾਲ**
**ਫੋਨ: 98728-35835**

ਸੁਹੱਪਣ ਤੋਂ ਵਾਰੇ-ਵਾਰੇ ਜਾਂਦੇ ਰਹੇ। ਲੂਣ ਦੀ ਇੱਕ ਵੱਡੀ ਇੰਡਸਟਰੀ ਨੂੰ ਨਿਹਾਰਦੇ ਕੋਲ਼ੋਂ ਲੰਘੇ ਤਾਂ ਦੇਸ਼ ਦੀ ਸਨਅਤੀ ਤਰੱਕੀ ਦੇ ਜਾਨਦਾਰ ਨਮੂਨੇ ਦੀ ਮਹਿਮਾ ਦਾ ਗੁਣਗਾਣ ਕਰਦੇ ਰਹੇ, ਯਾਨੀ ਬਾਈ ਬਾਠ ਦਾ ਇਹ ਕਹਿਣਾ ਸੋਲਾਂ ਆਨੇ ਸੱਚ ਸੀ ਕਿ ਇਹ ਡੱਚ ਕੌਮ ਜੋ ਵੀ ਕਰਦੀ ਸੀ, ਕੋਈ ਕਸਰ ਨਹੀਂ ਛੱਡਦੀ ਸੀ, ਸਿਰਾ ਹੀ ਕਰਾ ਕੇ ਦਮ ਲੈਂਦੀ ਸੀ। ਅਸੀਂ ਨਾਲ-ਨਾਲ ਆਪਣਾ ਤਬਸਰਾ ਕਰਦੇ ਜਾਂਦੇ ਸਾਂ।

'ਬਾਈ ਬਲਦੇਵ ਏਹ ਡੱਚ ਤਾਂ ਖ਼ੈਰ ਹੈ ਈ ਪੀਰ, ਪਰ ਕਿਸੇ ਦੀ ਨੂੰਹ-ਧੀ ਨਾਲੋਂ ਘੱਟ ਆਪਣੇ ਬੰਦੇ ਵੀ ਨਈਂ, ਬੱਸ ਮੌਕਾ ਮਿਲ-ਜੇ ਕਿਤੇ ਠੀਕ ਜਿਹਾ...' ਕਹਿੰਦਿਆਂ ਬਾਈ ਬਾਠ ਨੇ ਐਵੇਂ ਮੁਕਾਬਲਾ ਜਿਹਾ ਸ਼ੁਰੂ ਕਰ ਲਿਆ, 'ਔਹ ਜੋ ਬੋਰਡ ਦਿਸਦਾ ਐ ਨਾ ਅਪੋਲੋ ਟਾਇਰਜ਼ ਵਾਲਾ, ਇਹ ਆਪਣੇ ਇੱਕ ਭਾਈਬੰਦ ਦੇ ਕ੍ਰਿਸ਼ਮੇ ਦੀ ਅਨੋਖੀ ਕਹਾਣੀ ਸਾਂਭੀ ਬੈਠੈ ਆਪਣੇ ਸ਼ਬਦਾਂ ਪਿੱਛੇ...' ਬਾਈ ਬਾਠ ਨੇ ਇੱਕ ਸਟੋਰ ਦੇ ਮੱਥੇ ਉੱਤੇ ਲੱਗੇ ਇੱਕ ਸ਼ਾਨਾਂ-ਮੱਤੇ ਬੋਰਡ ਵੱਲ ਉਂਗ਼ਲ ਕਰਕੇ ਮੇਰਾ ਧਿਆਨ ਦਿਵਾਇਆ ਅਤੇ ਨਾਲ ਹੀ ਉਸ 'ਕ੍ਰਿਸ਼ਮੇ ਦੀ ਕਹਾਣੀ' ਸਾਂਝੀ ਕਰਨ ਲੱਗਿਆ। ਇਸ ਫੈਕਟਰੀ ਸਟੋਰ ਦਾ ਚੇਅਰਮੈਨ ਸ. ਓਂਕਾਰ



ਸਿੰਘ ਕੰਵਰ ਸੀ ਜਿਸਨੇ ਅਪੋਲੋ ਕੰਪਨੀ ਦਾ ਵਿਸਥਾਰ ਪੂਰੇ ਸੰਸਾਰ ਵਿਚ ਕਰ ਵਿਖਾਇਆ ਸੀ। ਉਸ ਦਾ ਬਾਪ ਸ. ਰੌਣਕ ਸਿੰਘ ਸੰਤਾਲ਼ੀ ਦੀ ਵੰਡ ਵੇਲੇ ਸਿਆਲਕੋਟ 'ਤੋਂ ਉੱਜੜ-ਪੁੱਜੜ ਕੇ ਭਾਰਤ ਆਇਆ ਸੀ। ਉਸ ਨੇ ਬਿਲਕੁਲ ਗਰਾਊਂਡ ਜ਼ੀਰੋ ਯਾਨੀ ਥੱਲਿਉਂ ਕੰਮ ਸ਼ੁਰੂ ਕਰ ਕੇ ਅਪੋਲੋ ਟਾਇਰਾਂ ਦੀ ਕੰਪਨੀ ਖੜ੍ਹੀ ਕਰ ਦਿੱਤੀ। ਹੌਲ਼ੀ ਹੌਲ਼ੀ ਕੰਮ ਵਧਦਾ ਗਿਆ ਅਤੇ ਦੁਨੀਆਂ ਭਰ ਵਿਚ ਅਪੋਲੋ-ਅਪੋਲੋ ਹੋਣ ਲੱਗ ਪਈ। ਫਿਰ ਵਪਾਰ ਦੀ ਰਿਲੇਅ-ਰੇਸ ਦਾ ਬੈਟਨ 1979 ਵਿਚ ਸ. ਓਂਕਾਰ ਸਿੰਘ ਦੇ ਹੱਥ ਆ ਗਿਆ ਅਤੇ ਉਸ ਨੇ ਤਾਂ ਫਿਰ ਸਹੀ ਮਾਅਨਿਆਂ ਵਿਚ ਇੱਕ 'ਅੰਪਾਇਰ' ਹੀ ਖੜ੍ਹਾ ਕਰ ਦਿੱਤਾ।

'ਬਾਈ ਬਲਦੇਵ ਸਾਡੇ ਪੰਜਾਬੀ ਕੁਲੰਬਸਾਂ ਨੇ ਵੀ ਵੇਖ ਕਿੱਥੇ ਕਿੱਥੇ ਧਰਤੀਆਂ ਲੱਭ ਕੇ ਝੰਡੇ ਗੱਡੇ ਐ, ਹੈ ਨਾ ਕਰਾਮਾਤਾਂ!!, ਮੈਂ ਸੋਚਿਆ 'ਗੋਰੇ ਅਜੂਬੇ' ਤੋਂ ਪਹਿਲਾਂ ਭਾਈ ਨੂੰ ਸਾਡੇ 'ਭੂਰੇ ਅਜੂਬੇ' ਵੀ ਵਿਖਾ ਦਿਆਂ...ਹਾ ਹਾ ਹਾ।' ਹੱਸਦਿਆਂ ਬਾਈ ਬਾਠ ਨੇ ਜਿਵੇਂ ਵਿਚੇ ਹੀ ਆਪਣੀ 'ਦੀ ਲਾਈਟ ਆਫ਼ ਇੰਡੀਆ' ਨਾਂ ਦੇ ਰੈਸਟੋਰੈਂਟ ਵਾਲੀ 'ਸੁਕਸੈਸ ਸਟੋਰੀ' ਵੀ ਭੂਰੇ ਅਜੂਬੇ ਦੇ ਨਾਲ ਸ਼ਾਮਿਲ ਕਰ ਲਈ ਸੀ।

ਭਾਵੇਂ ਸਾਡੀ ਇਹ ਤਫ਼ਰੀਹ ਵਕਤ-ਕਟੀ ਲਈ ਹੀ ਸੀ ਪਰ ਇਉਂ ਤੁਰਦਿਆਂ-ਫਿਰਦਿਆਂ ਮੈਂ ਕਈ ਨਵੇਂ ਅਨੁਭਵ ਹਾਸਿਲ ਕਰ ਲਏ। ਸੈਲਾਨੀ ਬੰਦੇ ਲਈ ਤਾਂ ਅਜਿਹੇ ਅਨੁਭਵ ਹੀ ਮਾਣਕ-ਮੋਤੀ ਹੁੰਦੇ ਹਨ ਜਿਨ੍ਹਾਂ ਦੀ ਮਾਲਾ ਬਣਾ ਕੇ ਉਸ ਨੇ ਆਪਣੀ ਘੁਮੱਕੜੀ ਦੀ ਸਾਧਨਾ ਪੂਰੀ ਕਰਨੀ ਹੁੰਦੀ ਹੈ। ਇੰਨੇ ਚਿਰ ਵਿਚ 'ਗੋਰੇ ਅਜੂਬੇ' ਨੂੰ ਵੇਖਣ ਦਾ ਵਕਤ ਵੀ ਹੋ ਗਿਆ ਅਤੇ ਅਸੀਂ ਵੀ ਐਨ ਪੂਰੇ ਵਕਤ ਉੱਤੇ ਉਸ ਮਿਥੀ ਥਾਂ ਪਹੁੰਚ ਗਏ। ਕਾਰ ਰੁਕੀ ਤਾਂ ਸਾਹਮਣੇ ਇੱਕ ਅਜੀਬ ਜਿਹਾ ਗੇਟ ਦਿਸਿਆ, ਜੋ ਕਿਸੇ ਇਮਾਰਤ ਦਾ ਗੇਟ ਨਹੀਂ ਸੀ, ਸਿਰਫ਼ ਗੇਟ ਹੀ ਸੀ, ਬਲਕਿ ਗੇਟ 'ਤੋਂ ਪਾਰ ਤਾਂ ਇਮਾਰਤ ਦੀ ਥਾਂ ਘਣੇ ਰੁੱਖਾਂ ਵਾਲਾ ਜੰਗ਼ਲ ਜਿਹਾ ਨਜ਼ਰ ਆਉਂਦਾ ਸੀ। ਇਹ ਗੇਟ-ਨੁਮਾ ਡਿਊਢੀ ਇੱਕ ਲੱਕੜ ਦਾ ਡਿਜ਼ਾਇਨਦਾਰ ਤਿਕੋਨਾ ਢਾਂਚਾ ਸੀ, ਜਿਸਨੂੰ ਪੱਥਰਾਂ ਦੇ ਅਣਘੜ ਜਿਹੇ ਕੌਲ਼ਿਆਂ ਦੇ ਸਹਾਰੇ ਟਿਕਾਇਆ ਹੋਇਆ ਸੀ। ਇਉਂ ਜਾਪਦਾ ਸੀ ਜਿਵੇਂ ਕਿਸੇ ਭਾਰਤੀ ਪ੍ਰਾਚੀਨ ਮੰਦਰ ਦਾ ਖਸਤਾ ਹੋ ਚੁੱਕਾ 'ਪ੍ਰਵੇਸ਼ ਦੁਆਰ' ਖੁੰਘ ਕੇ ਲੈ ਆਂਦਾ ਹੋਵੇ।






ਇੱਕ ਮਸਤ-ਮਲੰਗ ਜਿਹੇ ਜਾਪਦੇ ਗੋਰੇ ਬਾਬੇ ਨੇ ਡਿਊਢੀ 'ਚ ਆ ਕੇ ਸਾਨੂੰ 'ਵੈੱਲਕਮ' ਕਿਹਾ ਅਤੇ ਬੇਤਕੱਲੁਫ਼ ਜਿਹੀ ਅਗਵਾਈ ਕਰਦਿਆਂ ਸਾਨੂੰ ਆਪਣੀ 'ਕੁਟੀਆ' ਵੱਲ ਲੈ ਗਿਆ। ਅਸਲ ਵਿਚ ਇਹ ਗੋਰਾ ਬਾਬਾ, ਬਾਈ ਬਾਠ ਦਾ ਬੜਾ ਪੁਰਾਣਾ 'ਫਰਿੰਡ' ਸੀ। ਇਸ ਕਰਕੇ 'ਫਾਰਮੈਲਟੀਆਂ' ਦੀ ਕੋਈ ਲੋੜ ਨਹੀਂ ਸੀ ਜਾਪਦੀ। ਉਂਜ ਵੀ ਉਹ (ਬਾਠ) ਇੱਥੇ ਅਕਸਰ ਆਉਂਦਾ ਰਹਿੰਦਾ ਸੀ। ਬਹੁਤ ਸਮਾਂ ਪਹਿਲਾਂ ਇਹ ਗੋਰਾ ਬਾਬਾ, ਜੋਗਿੰਦਰ ਬਾਠ ਹੋਰਾਂ ਦੇ ਰੈਸਟੋਰੈਂਟ 'ਦਾ ਲਾਈਟ ਆਫ਼ ਇੰਡੀਆ' ਵਿਚ ਸਬੱਬੀਂ ਖਾਣਾ ਖਾਣ ਗਿਆ ਸੀ ਅਤੇ ਫਿਰ ਆਪਣੇ ਭਾਰਤਮੁਖੀ ਸਾਧੂ ਸੁਭਾਅ ਕਰਕੇ ਰੈਸਟੋਰੈਂਟ ਅਤੇ ਬਾਈ ਬਾਠ ਨਾਲ ਪੱਕਾ ਹੀ ਜੁੜ ਗਿਆ ਸੀ, ਕਿਉਂਕਿ ਪੂਰਬੀ ਸਭਿਅਤਾ ਨਾਲ ਉਹ ਪਹਿਲਾਂ ਹੀ ਕਿਤੇ ਧੁਰ ਅੰਦਰੋਂ ਜੁੜ ਚੁੱਕਿਆ ਸੀ।

ਆਪਣੇ ਗੂੜ੍ਹੇ ਦੋਸਤਾਨੇ ਕਰਕੇ ਹੀ ਗੋਰਾ ਬਾਬਾ ਹੁਣ ਬਾਈ ਬਾਠ ਨਾਲ ਨਿਰਸੰਕੋਚ ਦਿਲ ਦੀਆਂ ਗੱਲਾਂ ਕਰ ਰਿਹਾ ਸੀ ਕਿ ਅੱਜ ਉਹ ਮਿਲਨ ਦੀ ਹਾਲਤ ਵਿਚ ਨਹੀਂ ਸੀ, ਸਿਰਫ਼ ਦੋਸਤੀ ਨਿਭਾਉਂਦਿਆਂ ਨਾਂਹ ਨਹੀਂ ਕਰ ਸਕਿਆ। ਰਾਤ ਇਥੇ ਦੋਸਤਾਂ ਦੀ ਪਾਰਟੀ ਦੇਰ ਤੱਕ ਚਲਦੀ ਰਹੀ ਸੀ। ਮਸਤੀ ਕਰਦਿਆਂ ਖਾਣ-ਪੀਣ 'ਚ ਕੁਝ 'ਵਾਧ-ਘਾਟ' ਹੋ ਗਈ। ਦੁਪਹਿਰ ਤੱਕ ਵੀ ਅਜੇ 'ਹੈਂਗਓਵਰ' ਸੀ। ਦਾਰੂ ਦਾ ਭੰਨਿਆ ਸਰੀਰ ਅਜੇ ਹੋਰ ਨਿੱਸਲ ਹੋਣਾ ਚਾਹੁੰਦਾ ਸੀ ਪਰ 'ਮਿੱਤਰਾਂ ਦੀ ਮਿਜ਼ਮਾਨੀ ਖਾਤਰ...' ਔਖਾ-ਸੌਖਾ ਮਹਿਮਾਨਾਂ ਨਾਲ ਨਿਭ ਰਿਹਾ ਸੀ।

ਗੋਰੇ ਬਾਬੇ ਦੀ ਕੁਟੀਆ ਉਸ ਲਈ ਸਭ ਕੁਝ ਹੀ ਸੀ, ਭਾਵੇਂ ਡਰਾਇੰਗ-ਰੂਮ ਕਹੋ, ਭਾਵੇਂ ਲਿਵਿੰਗ-ਰੂਮ ਅਤੇ ਭਾਵੇਂ ਬੈੱਡ-ਰੂਮ। ਇਸ ਵਿਚ ਕੁਝ ਕੁ 'ਆਧੁਨਿਕ' ਅਤੇ ਬਾਕੀ ਪੁਰਾਤਨ ਚੀਜ਼ਾਂ-ਵਸਤਾਂ ਦਾ ਅਜੀਬ ਜਮਘਟਾ ਸੀ। ਸੌਣ ਲਈ ਰੱਖੇ ਤਖ਼ਤਪੋਸ਼ ਉੱਤੇ ਭਾਰਤੀ ਛਾਪੇਦਾਰ ਚਾਦਰ ਦਾ ਵਿਛਾਉਣਾ ਵਿਛਾਇਆ ਹੋਇਆ ਸੀ। ਆਏ-ਗਏ ਦੇ ਬੈਠਣ ਲਈ ਰੱਖੇ ਬੈਂਚ-ਨੁਮਾ ਥੜ੍ਹੇ ਉੱਤੇ ਭਾਰਤੀ ਸਾਧੂਆਂ ਵਾਲ਼ੀ ਮਿਰਗ-ਸ਼ਾਲਾ ਵਿਛਾਈ ਸੀ। ਸਾਹਮਣੀ ਦੀਵਾਰ ਕੋਲ਼ ਐੱਲ.ਈ.ਡੀ ਸਕਰੀਨ ਵਾਲ਼ਾ ਵੱਡਾ ਟੀ.ਵੀ. ਪਿਆ ਸੀ ਅਤੇ ਨਾਲ ਨੈੱਟ ਦਾ ਮੌਡਮ ਵੀ ਸੀ। ਇੱਕ ਲੋਹੇ ਦਾ ਟਰੰਕ ਅਤੇ ਕੁਝ ਹੋਰ ਬਕਸੇ ਵੀ ਸਨ ਜਿਹੜੇ ਕੰਪਨੀਆਂ ਆਪਣਾ ਸਮਾਨ ਪੈਕ ਕਰਨ ਲਈ ਵਰਤਦੀਆਂ ਹਨ, ਪਰ ਹੁਣ ਕੰਡਮ ਹੋ ਕੇ ਉਹ ਬਾਬੇ ਦੇ ਅੜਿੱਕੇ ਚੜ੍ਹ ਗਏ ਜਾਪਦੇ ਸਨ। ਇੱਕ ਦੀਵਾਰ ਉੱਤੇ ਕੁਝ ਇਸ਼ਤਿਹਾਰਾਂ ਵਰਗੇ ਕੈਲੰਡਰ ਚਿਪਕਾਏ ਹੋਏ ਸਨ। ਕੁਝ ਕੈਮਰੇ ਨਾਲ ਖਿੱਚੀਆਂ ਤਸਵੀਰਾਂ ਦੇ ਪ੍ਰਿੰਟ-ਰੂਪ ਵੀ ਦੀਵਾਰ ਉੱਤੇ ਲੱਗੇ ਹੋਏ ਸਨ, ਕੁਝ ਤਸਵੀਰਾਂ ਬਾਬੇ ਦੇ ਮਾਤਾ-ਪਿਤਾ ਅਤੇ ਸਕੇ-ਸਬੰਧੀਆਂ ਦੀਆਂ ਸਨ, ਕੁਝ ਵਿਚ ਮਿੱਤਰ-ਬੇਲੀਆਂ ਨਾਲ ਰਲ਼ ਕੇ ਗੋਰਾ ਬਾਬਾ ਕੋਈ ਲੱਕੜ ਦਾ ਢਾਂਚਾ ਜਿਹਾ ਤਿਆਰ ਕਰ ਰਿਹਾ ਦਿਸਦਾ ਸੀ। ਬਾਕੀ ਕੰਧਾਂ ਉੱਤੇ ਕਿਤੇ ਰੁਦਰਾਕਸ਼ ਦੀ ਮਾਲ਼ਾ ਟੰਗੀ ਹੋਈ ਸੀ, ਕਿਤੇ ਕਾਓ-ਬੁਆਏ ਹੈਟ, ਕਿਤੇ ਕੋਈ ਪਲੇਕ, ਕਿਤੇ ਖੂੰਡੀ ਆਦਿ। ਕੁਟੀਆ ਵਿਚੋਂ ਬਾਹਰ ਵੇਖਣ ਲਈ ਇੱਕ ਦੀਵਾਰ ਵਿਚ ਸ਼ੀਸ਼ੇ ਦੇ ਬੇਅਕਾਰ ਜਿਹੇ ਟੁਕੜਿਆਂ ਨੂੰ ਲੱਕੜ ਦੇ ਫਰੇਮਾਂ 'ਚ ਜੜ ਕੇ ਇਉਂ ਫਿੱਟ ਕੀਤਾ ਹੋਇਆ ਸੀ ਕਿ ਕਲਾਤਮਕ ਰੋਸ਼ਨਦਾਨ ਵਰਗੀ ਖਿੜਕੀ ਬਣ ਗਈ ਸੀ। ਫਿਰ ਵੀ ਸਮੁੱਚੇ ਤੌਰ 'ਤੇ ਵੇਖਿਆਂ ਜਾਪਦਾ ਸੀ ਕਿ ਚੀਜ਼ਾਂ-ਵਸਤਾਂ ਦੀਆਂ ਬੇਤਰਤੀਬੀਆਂ ਵਿਚ ਵੀ ਕੋਈ ਖਾਸ ਤਰਤੀਬ ਸੀ, ਰੂਪ-ਵਿਹੂਣੀਆਂ ਵਸਤਾਂ ਦਾ ਵੀ ਕੋਈ ਰੂਪ ਸੀ, ਅਰਥਹੀਣ ਜਾਪਦੇ ਜਮਘਟੇ ਦੇ ਵੀ ਕੋਈ ਅਰਥ ਸਨ, ਅਜੀਬ ਜਿਹੀ ਸੰਰਚਨਾ-ਵਿਹੂਣੀ ਸੰਰਚਨਾ ਦਾ ਅਹਿਸਾਸ ਹੁੰਦਾ ਸੀ। ਇਸ ਕਰਕੇ ਬਾਬੇ ਦੇ ਹੁਨਰ ਦੀ ਤੰਦ ਸਭਨਾਂ ਵਸਤਾਂ ਦੇ ਮਣਕਿਆਂ ਵਿਚੋਂ ਇਉਂ ਲੰਘਦੀ ਸੀ ਕਿ ਕੁਟੀਆ ਕੋਈ ਮਾਲਾ ਬਣ ਗਈ ਪ੍ਰਤੀਤ ਹੁੰਦੀ ਸੀ। ਕਲਾ ਬਾਰੇ ਤਾਂ ਇਹ ਕਿਹਾ ਹੀ ਜਾਂਦਾ ਹੈ ਕਿ ਇਸ ਦਾ ਕੋਈ ਨਿਸਚਤ ਰੂਪ ਨਹੀਂ ਹੁੰਦਾ। ਇਹ ਤਾਂ ਆਰਟਿਸਟ ਦੇ ਭਾਵਾਂ, ਵਿਚਾਰਾਂ, ਅਨੁਭਵਾਂ, ਅਹਿਸਾਸਾਂ, ਸੰਵੇਦਨਾਵਾਂ ਨੂੰ ਆਪਮੁਹਾਰੇ ਪ੍ਰਗਟਾਉਣ ਦਾ ਜ਼ਰੀਆ ਹੁੰਦੀ ਹੈ। ਇਸ ਲਈ ਆਪਣੇ ਵੰਨ-ਸੁਵੰਨੇ, ਰੰਗ-ਬਰੰਗੇ ਜਜ਼ਬਿਆਂ ਨੂੰ ਕੋਈ ਜੋ ਮਰਜ਼ੀ ਰੰਗ, ਰੂਪ, ਸ਼ਕਲ ਦੇ ਲਵੇ। ਗੋਰੇ-ਬਾਬੇ ਦੀ ਇਹ ਅਨਾਮ ਜਿਹੀ ਕਲਾ ਵੀ ਉਸ ਦੀਆਂ ਸੁਚੇਤ-ਅਚੇਤ ਸੱਧਰਾਂ, ਰੀਝਾਂ ਨੂੰ ਜ਼ੁਬਾਨ ਦੇਣ ਵਾਲੀ ਸੀ, ਫਿਰ ਨਿਰੋਲ ਤਰਕ ਨਾਲ ਇਸ ਨੂੰ ਕਿਸੇ ਨਿਸਚਤ ਢਾਂਚੇ, ਪੈਟਰਨ ਜਾਂ ਸੂਤਰ ਵਿਚ ਬੰਨ੍ਹਣਾ ਅਤੇ ਲੇਖਾ-ਜੋਖਾ ਕਰਨਾ ਕਿਵੇਂ ਸੰਭਵ ਹੋ ਸਕਦਾ ਸੀ?

ਬੱਸ ਇੰਨਾ ਕੁ ਜ਼ਰੂਰ ਕਿਹਾ ਜਾ ਸਕਦਾ ਸੀ ਕਿ ਡੱਚ ਬਾਬੇ ਦਾ ਭਾਰਤੀ ਸਭਿਅਤਾ ਨਾਲ ਕੋਈ ਵਿਸ਼ੇਸ਼ ਮੋਹ-ਤੇਹ ਦਾ ਜੁਗਾਂ ਪੁਰਾਣਾ ਰਿਸ਼ਤਾ ਸੀ। ਲੋਕਧਾਰਾ ਦੀ ਭਾਸ਼ਾ ਵਿਚ ਕਹੀਏ ਤਾਂ ਪਿਛਲੇ ਜਨਮ ਦਾ ਕੋਈ ਭਾਰਤੀ ਰਿਸ਼ੀ-ਮੁਨੀ ਭਗਤ ਇਸ ਜਨਮ ਵਿਚ ਗੋਰੇ ਬਾਬੇ ਦੇ ਜਾਮੇ ਵਿਚ ਯੂਰਪ ਦੀ ਧਰਤੀ ਉੱਤੇ ਪੈਦਾ ਹੋ ਗਿਆ ਜਾਪਦਾ ਸੀ। ਜੋਗਿੰਦਰ ਬਾਠ ਨਾਲ ਦੋਸਤੀ ਤੋਂ ਬਾਅਦ ਉਹ ਉਸ ਨਾਲ ਪੰਜਾਬ, ਭਾਰਤ ਦਾ ਗੇੜਾ ਵੀ ਅਕਸਰ ਮਾਰ ਆਉਂਦਾ ਸੀ। ਭਾਰਤ ਲਈ ਉਸ ਦੀ ਸਿੱਕ ਨਿਰਾਲੀ ਸੀ।

'ਬਾਈ ਬਲਦੇਵ, ਇਸ ਡੱਚ ਬਾਬੇ ਦਾ ਮੇਰੇ ਪਿੰਡ ਜਾ ਕੇ ਬੜਾ ਜੀ ਲਗਦੈ, 'ਕੱਲਾ ਈ ਔਟਲਿਆਂ ਵਾਂਗੂੰ ਆਲ਼ੇ-ਦੁਆਲ਼ੇ ਪਿੰਡਾਂ-ਸ਼ਹਿਰਾਂ 'ਚ ਵੀ ਘੁੰਮ-ਫਿਰ ਆਉਂਦੈ, ਬੇਬੇ ਨਾਲ ਤਾਂ ਏਹਦੀ ਪੂਰੀ ਬਣਦੀ ਸੀ। ਕਮਾਲ ਦੀ ਗੱਲ ਵੇਖੋ ਕਿ ਨਾ ਬੇਬੇ ਨੂੰ ਪੰਜਾਬੀ ਤੋਂ ਇਲਾਵਾ ਹੋਰ ਕੱਖ ਨਾ ਆਵੇ, ਡੱਚ ਬੋਲੀ ਤਾਂ ਖ਼ੈਰ ਆਉਣੀ ਹੀ ਕੀ ਸੀ, ਪਰ ਪਤੰਦਰ ਏਹ ਵਿਰਲੇ ਟਾਂਵੇਂ ਸ਼ਬਦ ਪੰਜਾਬੀ ਦੇ ਜ਼ਰੂਰ ਸਿੱਖ ਗਿਐ ਬੇਬੇ ਤੋਂ। ਜਦੋਂ ਏਹਨੂੰ ਝੱਲ-ਵਲੱਲੀਆਂ ਕਰਦੇ ਨੂੰ ਬੇਬੇ ਆਖਦੀ, ਵੇ ਨਾ ਭੌਂਕ ਐਵੇਂ ਕਮੂਤਾ ਚੁੱਪ ਕਰ ਜਾ, ਨਾ ਤੈਨੂੰ ਚੜ੍ਹੀ ਦੀ ਨਾ ਲੱਥੀਦੀ... ਤਾਂ ਇਹ ਅੱਗੋਂ ਹੱਸਦਾ ਇਉਂ ਡਰਾਮਾ ਕਰਦਾ ਜਿਵੇਂ ਸਾਰੀ ਗੱਲ ਸਮਝ ਗਿਆ ਹੋਵੇ। ਫੇਰ ਬੇਬੇ ਨੂੰ ਏਹਦੀ ਭੋਲੀ ਸੂਰਤ ਉੱਤੇ ਤਰਸ ਆ ਜਾਂਦਾ ਤਾਂ ਬੱਚਿਆਂ ਵਾਂਗ ਵਰਾਉਂਦੀ ਆਖਦੀ, ਵੇ ਏਹ ਗੋਰਾ ਨੀਂ, ਏਹ ਤਾਂ ਸਾਡਾ ਭੋਲੂ ਨਰਾਇਣ ਐ। ਗੋਰਾ ਬਾਬਾ ਐਂ ਈ ਭੋਲੂ ਨਰਾਇਣ ਬਣ ਕੇ ਹਰ ਗੇੜੇ ਬੇਬੇ ਤੋਂ ਛੰਨੇ, ਬਾਟੀਆਂ, ਕੌਲੇ, ਥਾਲੀਆਂ ਤੇ ਹੋਰ ਨਿੱਕ-ਸੁੱਕ ਮਾਂਜ ਲਿਆਉਂਦਾ...ਹਾ ਹਾ ਹਾ...' ਜੋਗਿੰਦਰ ਬਾਠ ਦੀਆਂ ਗੱਲਾਂ ਨੇ ਡੱਚ ਬਾਬੇ ਦੇ ਅਨੋਖੇ ਭਾਰਤ-ਪਿਆਰ ਦੀ ਹੋਰ ਪੁਸ਼ਟੀ ਕਰ ਦਿੱਤੀ।

ਕੁਟੀਆ 'ਚੋਂ ਨਿਕਲ ਅਸੀਂ ਗੋਰੇ ਬਾਬੇ ਦੇ ਪਿੱਛੇ-ਪਿੱਛੇ ਉਸ ਦਾ ਪੂਰਾ ਗਾਰਡਨ ਵੇਖਣ ਚੱਲ ਪਏ। ਬਾਈ ਬਾਠ ਨੇ ਤੁਰਦੇ ਜਾਂਦਿਆਂ ਦੱਸਿਆ ਕਿ ਡੱਚ ਬਾਬੇ ਨੇ ਇਸ ਜੰਗਲ ਦੇ ਟੋਟੇ ਨੂੰ ਇੱਕ ਅਨੋਖੇ ਗਾਰਡਨ ਵਿਚ ਕਿਵੇਂ ਬਦਲਿਆ ਸੀ। ਪਿਤਾ-ਪੁਰਖੀ ਜਾਇਦਾਤ ਵਿਚੋਂ ਮਿਲ਼ੇ ਆਪਣੇ ਹਿੱਸੇ ਨੂੰ ਉਸ ਨੇ ਕਮਾਈ ਦਾ ਸਾਧਨ ਬਣਾਉਣ ਦੀ ਥਾਂ ਆਪਣੇ ਖ਼ਿਆਲਾਂ ਦੇ ਸੰਸਾਰ ਅਨੁਸਾਰ ਕਲਾਤਮਕ ਰੰਗ ਦੇ ਕੇ 'ਵਿਕਸਤ' ਕਰ ਲਿਆ ਸੀ। ਚੰਡੀਗੜ੍ਹ ਦੇ ਨੇਕ ਚੰਦ ਵਾਂਗੂੰ ਇਨ੍ਹਾਂ ਕੰਡਮ ਹੋਈਆਂ ਚੀਜ਼ਾਂ-ਵਸਤਾਂ ਅਤੇ ਭਾਰਤ ਤੋਂ ਲਿਆਂਦੀ ਪਰੰਪਰਕ ਸਮੱਗਰੀ ਨਾਲ ਖ਼ੁਦ ਹੀ ਕੋਈ ਵੱਖਰੀ ਜਿਹੀ ਸ਼ੈਅ ਤਿਆਰ ਕਰ ਲਈ ਸੀ।

ਵਿੰਗ-ਵਲਾਵੇਂ ਖਾਂਦੀ ਡੰਡੀ ਦੇ ਨਾਲ ਨਾਲ ਡੱਚ ਬਾਬੇ ਨੇ ਕਈ ਕੁਝ ਬਣਾ ਛੱਡਿਆ ਸੀ। ਕਿਤੇ ਲੱਕੜ ਦੇ ਖੁੱਲ੍ਹੇ ਮੂੰਹਾਂ ਵਾਲੇ ਖੋਖਿਆਂ ਵਰਗੇ ਢਾਂਚੇ ਜਿਹੇ ਬਣਾਏ ਹੋਏ ਸਨ ਅਤੇ ਕਿਸੇ-ਕਿਸੇ ਢਾਂਚੇ ਨੂੰ ਨਾਂ ਵੀ ਦਿੱਤਾ ਹੋਇਆ ਸੀ, ਜਿਵੇਂ ਸਲੂਨ, ਪਰ ਉਸ ਵਿਚ ਕੋਈ ਸਲੂਨ ਦਾ ਸਮਾਨ ਨਹੀਂ ਸੀ ਰੱਖਿਆ ਹੋਇਆ। ਅਗਲੇ ਢਾਂਚੇ ਦੇ ਬਾਹਰ ਪਾਣੀ ਦਾ ਇੱਕ ਚੁਬੱਚਾ



ਰੱਖਿਆ ਹੋਇਆ ਸੀ ਜਿਸਦੇ ਕੋਲ਼ ਟਾਂਗੇ ਦੇ ਪਹੀਏ ਅਤੇ ਘੋੜੇ ਦਾ ਤੰਗ-ਪਟੀਆ ਵੀ ਪਿਆ ਸੀ। ਨਾਲ ਹੀ ਕੁਝ ਪੁਰਾਣੇ ਦੇਗ਼ਚੇ-ਬਾਲਟੀਆਂ ਪਈਆਂ ਸਨ, ਵਾਈਨ ਬਣਾਉਣ ਵਾਲ਼ੇ ਪੁਰਾਣੇ ਡਰੰਮ ਰੱਖ ਛੱਡੇ ਸਨ। ਅਗਲੇ ਖੋਖੇ ਉੱਤੇ ਗੋਕੇ ਦੇ ਸਿਰ ਦਾ ਕੰਕਾਲ ਟੰਗਿਆ ਹੋਇਆ ਸੀ। ਇਉਂ ਹੀ ਕਿਤੇ ਬੁੱਧ ਦੀ ਮੂਰਤੀ ਨਾਲ ਬੋਧੀ ਮੱਠ ਵਰਗਾ ਪ੍ਰਭਾਵ ਸਿਰਜਿਆ ਗਿਆ ਸੀ ਅਤੇ ਕਿਤੇ ਈਸਾ ਦੀ ਸਲੀਬ ਜਾਂ ਪੁਰਾਤਨ ਚਰਚ ਵਾਲ਼ਾ ਦ੍ਰਿਸ਼ ਨਜ਼ਰ ਆਉਂਦਾ ਸੀ। ਇਸ ਡੰਡੀ ਉੱਤੇ ਤੁਰਦਿਆਂ ਤੁਰਦਿਆਂ ਤੁਸੀਂ ਵੱਖ ਵੱਖ ਸਭਿਆਤਾਵਾਂ ਦੇ ਕਿੰਨ੍ਹੇ ਹੀ ਚਿੰਨ੍ਹਾਂ-ਪ੍ਰਤੀਕਾਂ ਨੂੰ ਵੇਖਦੇ ਮਾਨਵ-ਸੰਸਕ੍ਰਿਤੀ ਦੇ ਕਿੰਨੇ ਹੀ ਪਾਸਾਰਾਂ ਨੂੰ ਮਹਿਸੂਸ ਕਰ ਲੈਂਦੇ ਹੋ।

ਇਸ ਅਨੋਖੇ ਗਾਰਡਨ ਦੀ ਇੱਕ ਸਿਰੇ ਵਾਲੀ ਨੁੱਕਰ ਵਿਚ ਮਨ੍ਹੇ ਵਾਂਗ ਇੱਕ ਉੱਚਾ ਕਰ ਕੇ ਬਣਾਇਆ ਹੋਇਆ ਕੈਬਨ-ਨੁਮਾ ਖੋਖਾ ਸੀ ਜਿਸ ਨੂੰ 'ਸਪੈਰੋ ਹਾਊਸ' ਦਾ ਨਾਂ ਦਿੱਤਾ ਗਿਆ ਸੀ। ਘਰ ਤਾਂ ਭਾਵੇਂ ਇਹ ਚਿੜੀ ਦਾ ਸੀ ਪਰ ਇਸ ਦੇ ਅੰਦਰ ਸੌਣ ਲਈ ਸੱਚਮੁੱਚ ਫਰਸ਼ ਉੱਤੇ ਬਿਸਤਰਾ ਵੀ ਲੱਗਿਆ ਹੋਇਆ ਸੀ। ਇਸ ਨੂੰ ਵੇਖਦਿਆਂ ਬਾਈ ਬਾਠ ਚੋਰ ਤੱਕਣੀ ਮੇਰੇ ਵੱਲ ਸਿਟਦਿਆਂ ਮੰਦ-ਮੰਦ ਮੁਸਕਰਾ ਰਿਹਾ ਸੀ। ਉਸ ਦੇ ਇਸ਼ਾਰੇ ਮੈਨੂੰ ਪੁੱਛ ਰਹੇ ਸਨ ਕਿ ਇਸ 'ਘਰ' ਨੂੰ ਵੇਖ ਕੇ ਤੈਨੂੰ ਕੁਝ ਯਾਦ ਆਇਆ ਕਿ ਨਹੀਂ? ਮੈਂ ਰਤਾ ਕੁ ਜ਼ਿਹਨ ਉੱਤੇ ਜ਼ੋਰ ਪਾਇਆ ਤਾਂ ਮੈਨੂੰ ਸੁਕੀਰਤ ਦੀ ਉਹ ਸਫ਼ਰਨਾਮਾ ਲਿਖਤ 'ਚਿੜੀ ਦਾ ਘਰ' ਯਾਦ ਆ ਗਈ ਜਿਸ ਵਿਚ ਉਸ ਨੇ ਇਸ ਥਾਂ ਬਾਰੇ ਇੱਕ ਅਦਭੁੱਤ ਅਨੁਭਵ ਸਾਂਝਾ ਕੀਤਾ ਸੀ। ਉਸ ਨੇ ਇੱਕ ਰਾਤ ਇਸ ਚਿੜੀ ਦੇ ਘਰ ਵਿਚ ਗੁਜ਼ਾਰੀ ਸੀ ਅਤੇ ਡਰ ਤੇ ਹੁਲਾਸ ਦੇ ਰਲ਼ਵੇਂ ਭਾਵਾਂ ਨਾਲ ਗਾਰਡਨ ਦੇ ਜਾਦੂਮਈ ਪ੍ਰਭਾਵਾਂ ਨੂੰ ਮਹਿਸੂਸ ਕੀਤਾ ਸੀ।

ਗਾਰਡਨ ਦੇ ਅੰਤਲੇ ਸਿਰੇ ਵੱਲੋਂ ਹੋ ਕੇ ਵਾਪਸ ਪਰਤਦਿਆਂ ਇਹ ਸੁਆਲ ਲਗਾਤਾਰ ਮੇਰੇ ਮਨ ਦੇ ਗੁੰਬਦ ਵਿਚ ਗੂੰਜ ਰਿਹਾ ਸੀ ਕਿ ਇਹ ਅਨੋਖਾ ਗਾਰਡਨ ਕੀ ਸੀ? ਨਾ ਇਹ ਪੁਰਾਤਨ ਯੂਰਪੀ ਸ਼ੈਲੀ ਦਾ ਕੋਈ ਘਰ ਸੀ, ਨਾ ਉਨ੍ਹਾਂ ਅਰਥਾਂ ਵਿਚ ਅਜਾਇਬਘਰ ਅਤੇ ਨਾ ਹੀ ਕੋਈ ਆਧੁਨਿਕ ਸੈਰਗਾਹ ਜਾਂ ਪਾਰਕ। ਰਵਾਇਤੀ ਅਰਥਾਂ ਵਿਚ ਇਹ ਸ਼ਾਇਦ ਅਜਿਹਾ ਕੁਝ ਵੀ ਨਾ ਹੋਵੇ ਪਰ ਡੱਚ ਬਾਬੇ ਦੇ ਸੁਪਨ-ਸੰਸਾਰ (ਫੈਂਟਸੀ) ਦਾ ਮੂਰਤ ਰੂਪ ਜ਼ਰੂਰ ਸੀ। ਉਸ ਲਈ ਤਾਂ ਇਹ ਆਪਣੀ ਤਰ੍ਹਾਂ ਦਾ ਘਰ ਹੀ ਸੀ ਜਿਥੇ ਰਹਿ ਕੇ ਉਸ ਨੂੰ ਸਕੂਨ ਮਿਲਦਾ ਸੀ, ਉਹ ਦੋਸਤਾਂ ਨਾਲ ਪਾਰਟੀਆਂ ਕਰ ਸਕਦਾ ਸੀ, ਆਪਣੇ ਸੁਹਜ-ਸੁਆਦਾਂ ਅਨੁਸਾਰ ਇਸ ਦਾ ਰੂਪ-ਰੰਗ ਬਦਲ ਸਕਦਾ ਸੀ। ਮੇਰੇ ਵਰਗੇ ਲੇਖਕ ਸੈਲਾਨੀ ਲਈ ਵੀ ਇਹ ਅਨੋਖਾ ਗਾਰਡਨ ਮਨੁੱਖੀ ਮਨ ਦੀਆਂ ਡੂੰਘੀਆਂ ਪਰਤਾਂ ਬਾਰੇ ਕਈ ਰਹੱਸਾਂ ਤੋਂ ਪਰਦਾ ਚੁੱਕਣ ਵਾਲਾ ਸਿੱਧ ਹੋਇਆ ਸੀ। ਬੰਦੇ ਦੇ ਅਵਚੇਤਨ, ਖਾਸ ਤੌਰ 'ਤੇ ਆਰਟਿਸਟ ਬੰਦੇ ਦੇ ਮਨ-ਮਸਤਕ ਨੂੰ ਕੋਈ ਵੀ ਦੋ-ਜਮ੍ਹਾਂ-ਦੋ ਦੇ ਹਿਸਾਬ ਵਾਂਗ ਨਹੀਂ ਸਮਝ ਸਕਦਾ, ਇਸ ਦੀਆਂ ਅਲੱਖ ਸੰਭਾਵਨਾਵਾਂ ਹੋ ਸਕਦੀਆਂ ਹਨ। ਕਿਸੇ ਨੂੰ ਕੀ ਚੰਗਾ, ਖ਼ੂਬਸੂਰਤ, ਉਪਯੋਗੀ ਲੱਗ ਸਕਦਾ ਹੈ, ਇਸ ਸੋਚ ਦਾ ਕੋਈ ਪਾਰਾਵਾਰ ਨਹੀਂ। ਡੱਚ ਬਾਬੇ ਨੇ ਮਨੁੱਖੀ ਮਨ ਦੀ ਬੁਝਾਰਤ ਨੂੰ ਸਮਝਣ ਵਾਸਤੇ ਕੋਈ ਇੱਕ ਜਵਾਬ ਦੇਣ ਦੀ ਥਾਂ ਲੱਖਾਂ ਸੁਆਲ ਹੋਰ ਦੇ ਕੇ ਸਾਨੂੰ ਨਵੀਂ ਜਗਿਆਸਾ ਨਾਲ ਭਰ ਦਿੱਤਾ ਸੀ। ਇਹ ਡੱਚ ਬਾਬੇ ਦਾ ਬੇਗ਼ਮਪੁਰਾ ਸੀ ਜਾਂ ਵਣ-ਆਸ਼ਰਮ, ਕੁਝ ਵੀ ਕਹੋ, ਬਹੁਤ ਵਿਰਲੇ ਹੁੰਦੇ ਹਨ ਜੋ ਆਪਣੇ 'ਘਰ' ਨੂੰ ਹੀ ਇਉਂ ਰੂਹ ਦਾ ਹਾਣੀ ਬਣਾ ਲੈਂਦੇ ਹਨ।

ਡੱਚ ਬਾਬੇ ਨਾਲ ਦੋਸਤੀ ਦੀ ਦਾਸਤਾਨ ਨੂੰ ਸਮਝਦਿਆਂ ਮੈਨੂੰ ਬਾਈ ਜੋਗਿੰਦਰ ਬਾਠ ਦੇ ਸੁਭਾਅ ਦੀ ਉਹ ਮਸਤ-ਮਲੰਗੀ ਵਾਲੀ ਪਰਤ ਵੀ ਵਧੇਰੇ ਸਪੱਸ਼ਟ ਹੋਣ ਲੱਗ ਪਈ। ਉਹ ਵੀ ਸਾਰੇ ਸੰਸਾਰੀ ਕਾਰ-ਵਿਹਾਰ ਨਿਭਾਉਂਦਿਆਂ ਵੀ ਉਨ੍ਹਾਂ ਵਿਚ ਆਮ ਦੁਨੀਆਂਦਾਰਾਂ ਵਾਂਗ ਖਚਿਤ ਨਹੀਂ ਹੁੰਦਾ, ਸਗੋਂ ਕੁਝ-ਕੁਝ ਅਟੰਕ ਜਿਹਾ ਰਹਿੰਦਾ ਹੈ। ਡੱਚ ਬਾਬੇ ਵਾਂਗ ਹੀ ਬਾਈ ਬਾਠ ਦੇ ਅੰਦਰ ਵੀ ਜ਼ਿੰਦਗੀ ਨੂੰ ਆਪਣੀ ਰੂਹ ਦੀ ਹਾਣੀ ਬਣਾ ਲੈਣ ਦਾ ਕੋਈ ਅਲਹਿਦਾ ਜਿਹਾ ਹੁਨਰ ਹੈ। ਡੱਚ ਬਾਬੇ ਦੇ ਸੁਪਨ-ਘਰ ਨੂੰ ਵੇਖਦਿਆਂ ਕੋਈ ਵੀ ਬੰਦਾ ਆਪਣੇ ਸੁਪਨਿਆਂ ਦੇ ਘਰ ਬਾਰੇ ਸੋਚਣ ਲਗਦਾ ਹੈ।

# ਪੰਜਾਬੀ ਦੇ ਹਰੀਸ਼ੰਕਰ ਪਰਸਾਈ (ਕੇ ਐਲ ਗਰਗ) ਨੂੰ ਅੰਤਿਮ ਵਿਦਾਇਗੀ

ਪੰਜਾਬੀ ਦਾ ਸਰਬਾਂਗੀ ਸਾਹਿਤਕਾਰ ਅਤੇ ਹਾਸਿਆਂ ਦਾ ਵਣਜਾਰਾ ਕੇ ਐਲ ਗਰਗ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਗਲੇ ਸਫਰ 'ਤੇ ਚਲਾ ਗਿਆ। ਕੇ ਐਲ ਗਰਗ ਇੱਕੋ ਸਮੇਂ ਨਾਵਲਕਾਰ, ਕਹਾਣੀਕਾਰ, ਅਨੁਵਾਦਕ, ਸੰਪਾਦਕ ਤੇ ਵਿਅੰਗਕਾਰ ਸੀ। ਉਸਨੇ ਵਿਅੰਗ ਸਾਹਿਤ ਨੂੰ ਪੰਜਾਬੀ ਸਾਹਿਤ ਵਿਚ ਪੱਕੇ ਤੌਰ 'ਤੇ ਸਥਾਪਿਤ ਕੀਤਾ। ਪਹਿਲਾਂ ਵਿਅੰਗ ਕੇਵਲ ਕਹਾਣੀਆਂ ਨਾਵਲਾਂ ਜਾਂ ਹੋਰ ਵਿਧਾਵਾਂ ਵਿਚ ਗੌਣ ਰੂਪ ਵਿਚ ਆਉਂਦਾ ਸੀ, ਪਰ ਗਰਗ ਨੇ



ਗੁਰਮੀਤ ਕੜਿਆਲਵੀ
ਫੋਨ: 98726-40994

ਵਿਅੰਗ ਨੂੰ ਪੰਜਾਬੀ ਵਿਚ ਇੱਕ ਵਿਧਾ ਵਜੋਂ ਸਥਾਪਿਤ ਕਰ ਦਿੱਤਾ।

ਗਰਗ ਮੋਗੇ ਦਾ ਹੀ ਨਹੀਂ ਪੰਜਾਬੀ ਸਾਹਿਤ ਮਾਣ ਸੀ। 100 ਤੋਂ ਵੱਧ ਪੁਸਤਕਾਂ ਦਾ ਰਚੇਤਾ ਗਰਗ ਜਿਸ ਵੀ ਮਹਿਫਲ ਵਿਚ ਹੁੰਦਾ, ਹਾਸੇ ਦੀਆਂ ਫੁੱਲਝੜੀਆਂ ਖਿੜਦੀਆਂ ਰਹਿੰਦੀਆਂ। ਉਹ ਗੰਭੀਰ ਤੋਂ ਗੰਭੀਰ ਗੱਲ ਵੀ ਹਾਸੇ ਨਾਲ ਆਖ ਦਿੰਦਾ, ਜਿਸ ਦਾ ਚਿਰ-ਸਥਾਈ ਪ੍ਰਭਾਵ ਸਰੋਤਿਆਂ ਦੇ ਜ਼ਿਹਨ ਵਿਚ ਸੁਰੱਖਿਅਤ ਹੋ ਜਾਂਦਾ। ਉਹ ਮੋਗੇ ਦੀਆਂ ਹੀ ਨਹੀਂ ਪੰਜਾਬ ਦੀਆਂ ਸਾਹਿਤਕ ਮਹਿਫਲਾਂ ਤੇ ਸੰਸਥਾਵਾਂ ਦੀ ਜਿੰਦ-ਜਾਨ ਸੀ।

ਗਰਗ ਨੇ ਆਪਣੀ ਸਾਹਿਤਕ ਯਾਤਰਾ ਕਹਾਣੀ ਲੇਖਣ ਨਾਲ ਕੀਤੀ। ਵਾਟ 69, ਅੱਗ ਦੇ ਦਾਇਰੇ, ਤਲਬ ਦਾ ਰਿਸ਼ਤਾ, ਮੋਹ ਭੰਗ, ਲੁਕੇ ਹੋਏ ਬੰਦੇ, ਹੌਲੀ ਹੌਲੀ, ਵਰਗੀਆਂ ਕਹਾਣੀਆਂ ਕਥਾ ਪੁਸਤਕਾਂ ਵਿਚਲੀਆਂ ਅਨੇਕਾਂ ਕਹਾਣੀਆਂ ਚਿਰ ਸਥਾਈ ਹਨ। ਅੰਮ੍ਰਿਤਾ ਪ੍ਰੀਤਮ ਦੇ ਮੈਗਜ਼ੀਨ 'ਨਾਗਮਣੀ' ਦਾ ਉਹ ਹਰਮਨ ਪਿਆਰਾ ਲੇਖਕ ਸੀ। ਨਾਗਮਣੀ ਵਿਚ ਛਪੀ ਉਸ ਦੀ ਕਹਾਣੀ 'ਸ਼ਹੀਦ' ਪੰਜਾਬੀ ਦੀ ਕਲਾਸਿਕ ਕਹਾਣੀ ਮੰਨੀ ਜਾਂਦੀ ਹੈ। ਇਸ ਲਈ ਉਸਨੂੰ 'ਨਾਗਮਣੀ' ਪੁਰਸਕਾਰ ਪ੍ਰਦਾਨ ਕੀਤਾ ਗਿਆ। ਕਹਾਣੀ 'ਬਦਲਦਾ ਦ੍ਰਿਸ਼ਟੀਕੋਣ' ਉਪਰ 'ਰੱਬ ਝੂਠ ਨਾ ਬੁਲਾਵੇ' ਅਤੇ 'ਲੇਖਾ ਮਾਵਾਂ ਧੀਆ ਦਾ' ਉਪਰ ਟੈਲੀ ਫਿਲਮਾਂ ਬਣੀਆਂ। ਜਲੰਧਰ ਦੂਰਦਰਸ਼ਨ 'ਤੇ ਦਿਖਾਈਆਂ ਗਈਆਂ ਤਾਂ ਗਰਗ ਦਾ ਨਾਂ ਘਰ-ਘਰ ਪਹੁੰਚ ਗਿਆ।

ਕਹਾਣੀਆਂ ਦੇ ਨਾਲ-ਨਾਲ ਨਾਵਲਕਾਰੀ ਵਿਚ ਵੀ ਆਪਣਾ ਹੁਨਰ ਵਿਖਾਇਆ। ਦਰਅਸਲ, ਤਲਾਸ਼, ਹੁੰਮਸ, ਆਖਰੀ ਪੱਤਾ, ਚੰਨ ਦਾ ਉਚਟਿਆ ਚਿਹਰਾ, ਹਿੱਲਦੇ ਦੰਦ ਤੇ ਮਰਸੀ ਕਿਲਿੰਗ ਵਰਗੇ ਨਾਵਲ ਪਾਠਕਾਂ ਨੇ ਵੱਡੇ ਦਿਲ ਨਾਲ ਪ੍ਰਵਾਨ ਕੀਤੇ। ਉਹ ਕਹਾਣੀਕਾਰ ਦੇ ਨਾਲ ਨਾਲ ਨਾਵਲਕਾਰ ਵਜੋਂ ਤਾਂ ਸਥਾਪਿਤ ਹੋਇਆ ਹੀ, ਵਿਅੰਗ ਦੇ ਖੇਤਰ ਵਿਚ ਆਇਆ ਤਾਂ ਇੱਥੇ ਵੀ ਝੰਡੇ ਗੱਡ ਦਿੱਤੇ। ਵਿਅੰਗ ਦੀਆਂ ਤਾਂ ਉਸਦੀਆਂ 30 ਤੋਂ ਉੱਪਰ ਪੁਸਤਕਾਂ ਹਨ। ਦੇਖ ਕਬੀਰਾ ਹੱਸਿਆ, ਕਿੱਸਾ ਕੰਡਮ ਕੁਰਸੀ ਦਾ, ਥਾਣੇ ਵਿਚ ਸ਼ਰੀਫ ਆਦਮੀ, ਜਮੂਰੇ ਦਾ ਹਲਫੀਆ ਬਿਆਨ, ਤਾਊ ਰੰਗੀ ਰਾਮ, ਖੂੰਡੇ ਵਾਲਾ ਬਾਬਾ, ਸ਼ੈਤਾਨ ਦੀ ਡੇਅਰੀ ਉਸਦੀਆਂ ਚਰਚਿਤ ਵਿਅੰਗ ਪੁਸਤਕਾਂ ਹਨ। ਉਸ ਦੀ ਬਹੁਤ ਸਾਰੇ ਕਾਲਮ ਸਾਲਾਂ ਦੇ ਸਾਲ ਅਖਬਾਰਾਂ ਵਿਚ ਛਪਦੇ ਰਹੇ। ਉਸਨੇ ਤਾਊ ਰੰਗੀ ਰਾਮ ਨਾਂ ਦਾ ਪਾਤਰ ਅਜਿਹਾ ਸਿਰਜਿਆ, ਜਿਸ ਦੀ ਉਡੀਕ ਹਰ ਹਫਤੇ ਲੋਕਾਂ ਨੂੰ ਰਹਿੰਦੀ। ਗਰਗਬਾਣੀ ਵੀ ਲੰਮਾ ਸਮਾਂ ਚੱਲਦਾ ਰਿਹਾ। ਪਾਠਕ ਵਿਅੰਗ ਪੜ੍ਹਨ ਤੋਂ ਪਹਿਲਾਂ ਹੀ ਉਸਦੀ ਛਪੀ ਫੋਟੋ ਵੇਖ ਕੇ ਹੱਸਣ ਲੱਗ ਪੈਂਦੇ। ਵਿਅੰਗ ਉਸਦਾ ਜਨੂੰਨ ਬਣ ਚੁੱਕਾ ਸੀ। ਉਸ ਨੇ ਪ੍ਰਿੰਸੀਪਲ ਕਨ੍ਹੱਈਆ ਲਾਲ ਕਪੂਰ, ਸ਼ੇਰ ਜੰਗ ਜਾਂਗਲੀ, ਪਿਆਰਾ ਸਿੰਘ ਦਾਤਾ, ਗੁਰਨਾਮ ਸਿੰਘ ਤੀਰ, ਦਲੀਪ ਸਿੰਘ ਭੁੱਪਾਲ ਅਤੇ ਨਵੇਂ-ਪੁਰਾਣੇ ਅਨੇਕਾਂ ਵਿਅੰਗ ਲੇਖਕਾਂ ਦੀਆਂ ਅਨੇਕਾਂ ਪੁਸਤਕਾਂ ਸੰਪਾਦਿਤ ਕੀਤੀਆਂ। ਨਵੇਂ ਵਿਅੰਗ ਲੇਖਕਾਂ ਨੂੰ ਉਤਸਾਹਿਤ ਕਰਨ ਲਈ ਅੰਤਰਰਾਸ਼ਟਰੀ ਵਿਅੰਗ ਸਾਹਿਤ ਅਕਾਦਮੀ ਸਥਾਪਿਤ ਕੀਤੀ। ਦੋ ਦਹਾਕੇ ਲਗਾਤਾਰ ਵਿਅੰਗ ਸਾਹਿਤ ਦੇ ਸਮਾਗਮ ਕੀਤੇ। ਇਸ ਵਿਚ ਹਰ ਸਾਲ ਪਿਆਰਾ ਸਿੰਘ ਦਾਤਾ ਜੀ ਦੇ ਨਾਮ ਉਪਰ ਸਨਮਾਨ ਦਿੱਤਾ ਜਾਂਦਾ। ਪਿਆਰਾ ਸਿੰਘ ਦਾਤਾ ਦਾ ਪਰਿਵਾਰ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਇਨ੍ਹਾਂ ਵਿਚ ਸ਼ਾਮਲ ਹੁੰਦਾ।

ਕੇ ਐਲ ਗਰਗ ਨੇ ਸਫਰਨਾਮਾ ਸਾਹਿਤ ਵੀ ਲਿਖਿਆ ਤਾਂ ਉਸ ਵਿਚ ਵੀ ਧੰਨ ਧੰਨ ਕਰਾ ਦਿੱਤੀ। 'ਵਾਟਾਂ ਦੇਸੋਂ ਬਾਹਰ ਦੀਆਂ' ਅਮਰੀਕਾ ਇੰਗਲੈਂਡ ਤੇ ਕੈਨੇਡਾ ਦੀ ਯਾਤਰਾ ਬਾਰੇ ਉਸਦਾ ਚਰਚਿਤ ਸਫਰਨਾਮਾ ਹੈ। ਗਰਗ ਅਮਰੀਕਾ ਗਿਆ ਤਾਂ ਪੁਸਤਕ 'ਦੂਜਾ ਪਾਸਾ' ਵਿਚ ਅਮਰੀਕਨ ਲੋਕਾਂ ਦੇ ਰੇਖਾ ਚਿੱਤਰ ਲਿਖ ਦਿੱਤੇ।

ਗਰਗ ਸਾਹਿਬ ਨੇ ਅਨੁਵਾਦ ਦੇ ਖੇਤਰ ਵਿਚ ਤਾਂ ਬੇਮਿਸਾਲ ਕੰਮ ਕੀਤਾ। ਸੰਸਾਰ ਦੇ ਕਲਾਸਿਕ ਨਾਵਲਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਸਰ ਜੇਮਸ ਫਰੇਜ਼ਰ ਦੇ 'ਦਾ ਗੋਲਡਨ ਬਗ' ਦਾ 'ਸੁਨਹਿਰੀ ਟਾਹਣੀ' ਲੂ ਸ਼ਨ ਦੇ 'ਟਰੂ ਸਟੋਰੀ ਆਫ ਦੀ ਆਹ ਕਿਊ' ਦਾ 'ਆਹ ਕਿਊ ਦੀ ਸੱਚੀ ਕਹਾਣੀ' ਮਾਰਕ ਟਵਿਨ ਦੇ 'ਦੀ ਵਾਰ ਪਰੇਅਰ' ਦਾ 'ਯੁੱਧ ਜਾਪ' ਰਿਚਰਡ ਰਾਈਟ ਦੇ 'ਬਲੈਕ ਬੁਆਏ' ਦਾ 'ਕਾਲਾ ਮੁੰਡਾ' ਸਿਰਲੇਖ ਹੇਠ ਅਨੁਵਾਦ ਕੀਤਾ। ਨੋਬਲ ਪੁਰਸਕਾਰ ਜੇਤੂ ਐਲੀ ਵੀਜ਼ਲ ਦੇ ਤਾਂ ਬਹੁਤ ਸਾਰੇ ਨਾਵਲ ਉਨ੍ਹਾਂ ਨੇ ਪੰਜਾਬੀ ਵਿਚ ਲੈ ਕੇ ਆਂਦੇ। ਇਸੇ ਤਰ੍ਹਾਂ ਸੰਸਾਰ ਪ੍ਰਸਿਧ ਨਾਵਲਕਾਰਾਂ ਨਿੱਕ ਗਰੀਵਜ਼, ਚਿਨਵਾਂ ਅਚੇਵੇ, ਸਵੇਤਲਾਨਾ ਅਲੈਕਸੀਵਿਚ, ਜਾਹਨ ਸਟੇਨਬੈਕ ਅਤੇ ਓਰੀਆਨਾ ਫਲੈਸੀ ਆਦਿ ਦੇ



ਸੰਸਾਰ ਪ੍ਰਸਿਧ ਨਾਵਲਾਂ ਦਾ ਸ਼ਾਨਦਾਰ ਅਨੁਵਾਦ ਕਾਰਜ ਕੀਤਾ।

ਅਲੈਕਸਾਂਦਰ ਕੁਪਰਨ ਦੇ ਵੇਸ਼ਵਾਵਾਂ ਦੀ ਜ਼ਿੰਦਗੀ ਉਪਰ ਅਧਾਰਿਤ 400 ਸਫੇ ਦੇ ਸੰਸਾਰ ਪ੍ਰਸਿੱਧ ਰੂਸੀ ਨਾਵਲ 'ਜਾਮਾ ਦਾ ਪਿੱਟ' ਦਾ 'ਯਾਮਾ ਦਾ ਚੱਕਲਾ' ਸਿਰਲੇਖ ਹੇਠ ਕੀਤਾ ਅਨੁਵਾਦ ਉਸਦੇ ਅਨੁਵਾਦ ਕਾਰਜਾਂ ਵਿਚ ਆਹਲਾ ਸਥਾਨ ਰੱਖਦਾ ਹੈ। ਭਾਰਤੀ ਸਾਹਿਤ ਅਕੈਡਮੀ ਨਵੀਂ ਦਿੱਲੀ ਨੇ ਉਸਦੇ ਅਨੁਵਾਦ ਕਾਰਜ ਨੂੰ ਸਨਮਾਨ ਦਿੱਤਾ। ਗੋਪਾਲ ਪ੍ਰਸਾਦ ਵਿਆਸ ਦੇ ਚੋਣਵੇਂ ਹਾਸ ਵਿਅੰਗ ਨੂੰ 2018 ਦਾ ਅਨੁਵਾਦ ਦੇ ਖੇਤਰ ਦਾ ਸਾਹਿਤ ਅਕੈਡਮੀ ਪੁਰਸਕਾਰ ਦਿੱਤਾ ਗਿਆ।

ਕੇ ਐਲ ਗਰਗ ਜਨੂੰਨੀ ਤੇ ਸਮਰਪਿਤ ਲੇਖਕ ਸੀ। ਸਾਹਿਤ ਪ੍ਰਤੀ ਉਸਦਾ ਜਨੂੰਨ ਦੇਖਣ ਵਾਲਾ ਹੁੰਦਾ। ਦੁਨੀਆਂ ਦੀ ਕੋਈ ਵੀ ਕਲਾਸਿਕ ਰਚਨਾ ਪੜ੍ਹ ਕੇ ਉਸ ਦੇ ਮਨ ਵਿਚ ਇਹ ਵਿਚਾਰ ਚੱਕਰ ਕੱਢਣ ਲੱਗਦਾ ਕਿ ਇਹ ਰਚਨਾ ਪੰਜਾਬੀ ਪਾਠਕਾਂ ਤੱਕ ਪੁੱਜਣੀ ਚਾਹੀਦੀ ਹੈ। ਅਮਰੀਕਾ ਰਹਿੰਦਿਆਂ ਉਸਨੇ ਐਲੀ ਵੀਜ਼ਲ ਦਾ ਬਹੁ-ਚਰਚਿਤ ਨਾਵਲ 'ਨਾਈਟ' ਪੜ੍ਹਿਆ। ਇਹ ਨਾਵਲ ਐਲੀ ਵੀਜ਼ਲ ਅਤੇ ਉਸਦੇ ਪਿਤਾ ਵੱਲੋਂ ਦੂਜੇ ਵਿਸ਼ਵ ਯੁੱਧ ਦੌਰਾਨ ਔਸ਼ਵਿਚ ਅਤੇ ਬੁਚੇਨਵਲਡ ਦੇ ਨਾਜ਼ੀ ਤਸੀਹਾ ਕੈਂਪਾਂ ਵਿਚ ਝੱਲੇ ਗਏ ਤਸੀਹਿਆਂ ਉਪਰ ਆਧਾਰਿਤ ਜੀਵਨੀ ਮੂਲਕ ਨਾਵਲ ਹੈ। ਇਹ ਨਾਵਲ 1956 ਚ ਛਪਿਆ ਸੀ। 1960 ਵਿਚ ਇੰਗਲਿਸ਼ ਵਿਚ ਇਸਦਾ ਅਨੁਵਾਦ ਹੋਇਆ ਤਾਂ ਦੁਨੀਆਂ ਭਰ ਵਿਚ ਇਸ ਦੀ ਪ੍ਰਸਿੱਧੀ ਫੈਲ ਗਈ। ਐਲੀ ਵੀਜ਼ਲ ਨੇ ਹੋਰ ਵੀ ਬਹੁਤ ਸਾਰੇ ਕਲਾਸਿਕ ਨਾਵਲ ਲਿਖੇ। 1986 ਦਾ ਨੋਬਲ ਸ਼ਾਂਤੀ ਪੁਰਸਕਾਰ ਐਲੀ ਵੀਜ਼ਲ ਦੇ ਕੰਮਾਂ ਨੂੰ ਦਿੱਤਾ ਗਿਆ। ਗਰਗ ਨੇ ਠਾਣ ਲਿਆ ਕਿ ਐਲੀ ਵੀਜ਼ਲ ਦੇ ਕੰਮ ਨੂੰ ਪੰਜਾਬੀ ਪਾਠਕਾਂ ਤੱਕ ਲੈ ਕੇ ਜਾਣਾ ਹੈ। ਉਸ ਨੇ ਪੁਸਤਕ ਦੇ ਪ੍ਰਕਾਸ਼ਕ ਤੱਕ ਪਹੁੰਚ ਕੀਤੀ। ਪ੍ਰਕਾਸ਼ਕ ਤੋਂ ਕਿਵੇਂ ਨਾ ਕਿਵੇਂ ਲੇਖਕ ਦਾ ਪਤਾ ਲਿਆ। ਗਰਗ ਫ਼ੋਨ ਕਰਕੇ ਐਲੀ ਨੂੰ ਮਿਲਿਆ। ਪੁਸਤਕ ਦੇ ਅਨੁਵਾਦ ਲਈ ਪ੍ਰਕਾਸ਼ਕ ਨੇ ਵੱਡੀ ਰਾਸ਼ੀ ਦੀ ਮੰਗ ਕੀਤੀ। ਗਰਗ ਨੇ ਐਲੀ ਵੀਜ਼ਲ ਨੂੰ ਅਸਲੀ ਗੱਲ ਦੱਸੀ, 'ਮੇਰੀ ਭਾਸ਼ਾ ਦਾ ਦਾਇਰਾ ਬਹੁਤਾ ਵੱਡਾ ਨਹੀਂ। ਮੇਰੀ ਭਾਸ਼ਾ ਵਿਚ ਪੁਸਤਕਾਂ ਵੱਡੀ ਗਿਣਤੀ ਵਿਚ ਨਹੀਂ ਛਪਦੀਆਂ। ਲੇਖਕ ਨੂੰ ਰੌਇਲਟੀ ਦੇਣ ਦੀ ਉੱਥੇ ਅਜੇ ਪਰੰਪਰਾ ਨਹੀਂ। ਪਰ ਇਹ ਨਾਵਲ ਮੇਰੇ ਮੇਰੀ ਭਾਸ਼ਾ ਦੇ ਪਾਠਕਾਂ ਤੱਕ ਜਾਣਾ ਚਾਹੀਦਾ ਹੈ। ਐਲੀ ਵੀਜ਼ਲ ਨੇ ਤਕਨੀਕੀ ਤੌਰ 'ਤੇ ਮਸਲੇ ਨੂੰ ਹੱਲ ਕੀਤਾ ਤੇ ਸਿਰਫ਼ ਇੱਕ ਡਾਲਰ ਲੈ ਕੇ ਪੁਸਤਕ ਦੇ ਪੰਜਾਬੀ ਅਨੁਵਾਦ ਲਈ ਹੱਕ ਗਰਗ ਨੂੰ ਲਿਖ ਦਿੱਤੇ। ਆਪਣਾ ਨਵਾਂ ਨਾਵਲ ਵੀ ਆਪਣੇ ਆਟੋ ਗਰਾਫਾਂ ਸਮੇਤ ਗਰਗ ਨੂੰ ਭੇਟ ਕੀਤਾ।

ਪੰਜਾਬੀ ਦਾ ਇਹ ਸਰਬਾਂਗੀ ਲੇਖਕ ਜ਼ਿਲਾ ਸੰਗਰੂਰ ਦੇ ਸ਼ਹਿਰ ਧੂਰੀ ਦਾ ਜੰਮਪਲ ਸੀ। ਉਸ ਦਾ ਬਾਪ ਬਚਨ ਲਾਲ ਧੂਰੀ ਕਸਬੇ ਵਿਚ ਬਰਫ਼ ਦੀਆਂ ਸਿਲਾਂ ਵੇਚਦਾ ਹੁੰਦਾ। ਗਰਗ ਵੀ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਆਪਣੇ ਬਾਪ ਦਾ ਹੱਥ ਵੰਡਾਉਂਦਾ। ਰੇਹੜੀ ਲਿਜਾ ਕੇ ਦੁਕਾਨਾਂ 'ਤੇ ਬਰਫ਼ ਦੀਆਂ ਸਿਲਾਂ ਵੇਚਦਾ। ਗਰਗ ਮਿਹਨਤ ਮਜ਼ਦੂਰੀ ਕਰਦਾ ਨਾਲ ਨਾਲ ਪੜ੍ਹਦਾ ਰਿਹਾ। ਐਫ ਏ ਕਰ ਕੇ ਬਿਜਲੀ ਬੋਰਡ ਵਿਚ ਕਲਰਕ ਲੱਗ ਗਿਆ। ਚਾਰ ਸਾਲ ਕਲਰਕੀ ਕੀਤੀ। ਪ੍ਰਭਾਕਰ ਪਾਸ ਕਰ ਲਈ। ਅੱਗੇ ਪੜ੍ਹਨ ਵਾਸਤੇ ਤਲਵੰਡੀ ਭਾਈ ਦੀ ਬਦਲੀ ਕਰਵਾ ਲਈ। ਪ੍ਰਾਈਵੇਟ ਬੀ.ਏ. ਕੀਤੀ। ਲਸੋਈ ਸਕੂਲ ਵਿਚ ਮਾਸਟਰ ਦੀ ਨੌਕਰੀ ਵੀ ਮਿਲ ਗਈ, ਪਰ ਬੀ ਐਡ ਨਾ ਹੋਣ ਕਰ ਕੇ ਸਾਲ ਬਾਅਦ ਸਕੂਲ ਵਾਲਿਆਂ ਕੱਢ ਦਿੱਤਾ। ਫਿਰ ਮੋਗਿਓਂ ਬੀ.ਐਡ. ਕਰ ਲਈ। ਫਿਰੋਜ਼ਪੁਰ ਦੇ ਡੀ ਸੀ ਮਾਡਲ ਸਕੂਲ ਵਿਚ ਅਧਿਆਪਕ ਜਾ ਲੱਗਾ। ਉਹ ਹੱਸ ਕੇ ਆਖਦਾ, 'ਜੇ ਮੈਂ ਉੱਥੇ ਹੀ ਖੜਾ ਰਹਿੰਦਾ ਤਾਂ ਕੀ ਕਰ ਲੈਂਦਾ। ਧੂਰੀ ਕੋਈ ਕਰਿਆਨੇ ਦੀ ਦੁਕਾਨ ਕਰਦਾ ਹੁੰਦਾ ਬਾਣੀਆਂ ਵਾਂਗੂ। ਬਿਜਲੀ ਬੋਰਡ 'ਚ ਕਲਰਕ ਹੁੰਦਾ ਜਾਂ ਵੱਧ ਤੋਂ ਵੱਧ ਯੂ ਡੀ ਸੀ ਰਿਟਾਇਰ ਹੋ ਜਾਂਦਾ।' ਗਰਗ ਮਿਹਨਤ ਕਰਦਾ ਰਿਹਾ। ਉਹ ਧੂਰੀ ਤੋਂ ਤਲਵੰਡੀ ਫਿਰੋਜ਼ਪੁਰ ਰਾਹੀਂ ਮੋਗੇ ਆ ਗਿਆ। ਫਿਰੋਜ਼ਪੁਰ ਪ੍ਰਿੰਸੀਪਲ ਦੇ ਵਿਹਾਰ ਖਿਲਾਫ ਸੰਘਰਸ਼ ਵਿੱਢ ਲਿਆ। ਖੱਬੇ ਪੱਖੀ ਵਿਚਾਰਧਾਰਾ ਵਾਲੇ ਸੱਤਪਾਲ ਡਾਂਗ, ਅਵਤਾਰ ਸਿੰਘ ਮਲਹੋਤਰੇ ਵਰਗੇ ਵੱਡੇ ਕਾਮਰੇਡ ਉਸ ਕੋਲ ਆਉਣ ਲੱਗੇ। ਗਰਗ ਧਰਨਿਆਂ ਮੁਜ਼ਾਹਰਿਆਂ ਵਿਚ ਸ਼ਾਮਿਲ ਹੋਣ ਲੱਗਾ। ਪ੍ਰਿੰਸੀਪਲ ਤੇ ਮੈਨੇਜਮੈਂਟ ਦੀਆਂ ਅੱਖਾਂ ਵਿਚ ਰੜਕਣ ਲੱਗਾ। ਗਰਗ ਉਥੋਂ ਨਿਕਲ ਕੇ ਮੋਗੇ ਆ ਗਿਆ। ਹਿੰਦੀ ਦੀ ਐਮ.ਏ. ਕਰ ਲਈ। ਹਰਿਆਣੇ ਦੇ ਕਿਸੇ ਕਾਲਜ ਵਿਚ ਲੈਕਚਰਾਰੀ ਮਿਲਦੀ ਸੀ ਪਰ ਉਸ ਦਾ ਮੋਗਾ ਛੱਡ ਕੇ ਜਾਣ ਨੂੰ ਦਿਲ ਨਾ ਕੀਤਾ। ਉਸ ਲਈ ਮੋਗਾ 'ਚਾਹ' ਜੋਗਾ ਨਹੀਂ 'ਮੁਹੱਬਤਾਂ' ਜੋਗਾ ਸੀ। ਲੰਮੇ ਸਮੇ ਤੱਕ ਮੋਗੇ ਦੇ ਏਡਡ ਪ੍ਰਾਈਵੇਟ ਸਕੂਲ ਵਿਚ ਅਧਿਆਪਨ ਕੀਤਾ।

ਏਡਿਡ ਸਕੂਲ ਵਿਚ ਅਧਿਆਪਕ ਬਣਿਆ ਗਰਗ ਮੋਗੇ ਦਾ ਅਜਿਹਾ ਬਣਿਆ ਕਿ ਉਹ ਪੱਕਾ ਹੀ ਮੋਗੇ ਦਾ ਹੋ ਕੇ ਰਹਿ ਗਿਆ। ਗਰਗ ਦੇ ਮੋਗੇ ਆਉਣ ਨਾਲ ਮੋਗਾ ਵਿਅੰਗ ਸਾਹਿਤ ਦੀ ਰਾਜਧਾਨੀ ਬਣ ਗਿਆ। ਗਰਗ ਜ਼ਿੰਦਾਦਿਲ ਆਦਮੀ ਸੀ। ਬੇਹਦ ਸੰਵੇਦਨਸ਼ੀਲ ਤੇ ਗਹਿਰ ਗੰਭੀਰ ਇਨਸਾਨ। ਘੁੱਟਿਆ-ਵੱਟਿਆ ਰਹਿਣਾ ਉਸ ਦੀ ਫ਼ਿਤਰਤ ਨਹੀਂ ਸੀ। ਉਹ ਆਪਣੀ ਲੇਖਣੀ ਵਾਂਗ ਭਾਸ਼ਣ ਵਿਚ ਵੀ ਡੂੰਘੀਆਂ ਰਮਜ਼ਾਂ ਪੇਸ਼ ਕਰਦਾ। ਡੂੰਘੀਆਂ ਨਸ਼ਤਰਾਂ ਲਾਉਂਦਾ। ਆਪਣੇ ਭਾਸ਼ਣ ਵਿਚ ਹਲਕੀਆਂ-ਫੁਲਕੀਆਂ ਗੱਲਾਂ ਰਾਹੀਂ ਵੱਡੀ ਗੱਲ ਕਹਿਣ ਦਾ ਹੁਨਰ ਜਾਣਦਾ ਸੀ। ਉਹ ਦੁਨੀਆਂ ਭਰ ਦੇ ਉੱਤਮ ਸਾਹਿਤ ਦੀਆਂ ਉਦਾਹਰਨਾਂ ਦਿੰਦਾ। ਗਰਗ ਦੀ ਬਹਿਣੀ-ਉੱਠਣੀ, ਵੇਖਣੀ-ਚਾਖਣੀ ਤੇ ਗੱਲਬਾਤ ਵਿਚ ਵੀ ਵਿਅੰਗ ਦੀ ਭਰਪੂਰ ਚਾਸ਼ਨੀ ਹੁੰਦੀ। ਉਹ ਕਿਸੇ ਵੀ ਮਹਿਫ਼ਲ ਵਿਚ ਹੁੰਦਾ, ਮਾਹੌਲ ਨੂੰ ਪੰਡਤਾਊ ਵਿਦਵਾਨਾਂ ਵਾਂਗ ਬੋਝਲ ਨਾ ਹੋਣ ਦਿੰਦਾ।

ਗਰਗ ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਦਾ ਰਹਿੰਦਾ। ਉਸ ਦੀ ਨਜ਼ਰ ਵਿਚ ਹੋਰ ਕਈ ਲੇਖਕਾਂ ਵਾਂਗ ਟੀਰ ਨਹੀਂ ਸੀ, ਨਾ ਜਾਤ ਦਾ ਨਾ ਧਰਮ ਦਾ ਤੇ ਨਾ ਹੀ ਆਪਣੀ ਕਲਾਸ ਦਾ। ਇਸੇ ਕਰਕੇ ਉਹ ਸਾਰੀ ਉਮਰ ਲੇਖਕਾਂ ਦੀ ਕਿਸੇ ਧੜੇਬੰਦੀ ਨਾਲ ਨਹੀਂ ਜੁੜਿਆ। ਉਸ ਨੇ ਵਿਅੰਗ ਸਾਹਿਤ ਅਕੈਡਮੀ ਬਣਾਈ ਅਤੇ ਲਗਾਤਾਰ 22 ਸਾਲ ਪੰਜਾਬ ਭਰ ਦੇ ਵਿਅੰਗ ਸਾਹਿਤਕਾਰਾਂ ਨੂੰ ਇੱਕ ਪਲੇਟਫਾਰਮ 'ਤੇ ਖੜ੍ਹੇ ਕਰੀ ਰੱਖਿਆ।

ਮੋਗਾ ਸ਼ਹਿਰ ਨੇੜਲੇ ਪਿੰਡ ਦੌਧਰ ਦੇ ਦੋਹਤਰੇ ਤੇ ਪੰਜਾਬੀ ਮਾਂ ਬੋਲੀ ਦੇ ਸਪੂਤ ਸਾਡੇ ਵੱਡੇ ਲੇਖਕ ਕੇ ਐਲ ਗਰਗ ਦੇ ਚਲੇ ਜਾਣ 'ਤੇ ਸਾਹਿਤ ਜਗਤ ਦਾ ਉਦਾਸ ਹੋਣਾ ਸੁਭਾਵਿਕ ਹੈ ਪਰ ਸੰਤੁਸ਼ਟੀ ਇਸ ਗੱਲ ਦੀ ਹੈ ਕਿ ਉਹ ਭਰਵੀਂ ਜ਼ਿੰਦਗੀ ਜਿਉਂ ਕੇ ਗਿਆ ਹੈ।

# ਰਿਸ਼ਤਿਆਂ ਦੀ ਅਲਾਇਨਮੈਂਟ

ਕਾਰਾਂ, ਮੋਟਰ-ਗੱਡੀਆਂ ਚਲਦੀਆਂ, ਉਚੇ-ਨੀਵੇਂ, ਟੋਏ ਟਿੱਬੇ, ਉੱਖਲੀਆਂ 'ਚ ਖਹਿੰਦੀਆਂ ਟਾਇਰਾਂ ਦੀ ਵ੍ਹੀਲ ਅਲਾਇਨਮੈਂਟ ਵਿਗਾੜ ਲੈਂਦੀਆਂ ਹਨ। ਜੇ ਇਵੇਂ ਚਲਾਈ ਜਾਈਏ ਤਾਂ ਸਟੀਅਰਿੰਗ ਵ੍ਹੀਲ ਵੀ ਡਰਾਈਵਰ ਨੂੰ ਤਾੜਨਾ ਕਰਨ ਲੱਗੇਗਾ ਕਿ ਕੁੱਝ ਨੁਕਸ ਹੈ, ਇਸ ਨੂੰ ਦਰੁਸਤ ਕਰਾਓ। ਜੇ ਨਾ ਧਿਆਨ ਦੇਈਏ ਤਾਂ ਟਾਇਰਾਂ ਦੀ ਘਸਾਈ ਬੇ-ਤਰਤੀਬੀ ਹੋਣ ਲੱਗੂ, ਜਿਵੇਂ ਅੱਧਾ ਟਾਇਰ ਇੱਕ ਪਾਸਿਓਂ ਜ਼ਿਆਦਾ ਘਸ ਜਾਊ ਤੇ ਦੂਜਾ ਅੱਧ ਘੱਟ ਘਸੂ; ਤੇ ਇੰਜ ਟਾਇਰਾਂ ਦੀ ਉਮਰ ਘੱਟ ਜਾਊ ਤੇ ਛੇਤੀ ਨਵੇਂ ਟਾਇਰ ਪੁਆਉਣ ਦੀ ਲੋੜ ਪਊ।



ਮਨੁੱਖੀ ਰਿਸ਼ਤੇ ਵੀ ਇਵੇਂ ਹੀ ਹਨ। ਸਮੇਂ

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਅਨਕੂਲ ਇਨ੍ਹਾਂ ਦਾ ਤਵਾਜ਼ਨ ਵੀ ਵਿਗੜਦਾ ਹੈ, ਭਾਵ ਇਨ੍ਹਾਂ ਦੀ ਅਲਾਇਨਮੈਂਟ ਵੀ ਉਲਟ-ਪੁਲਟ ਹੋ ਜਾਂਦੀ ਹੈ। ਇਨ੍ਹਾਂ ਦੀ ਅਲਾਇਨਮੈਂਟ ਹੁੰਦੀ ਰਹਿਣੀ ਵੀ ਉਤਨੀ ਹੀ ਜ਼ਰੂਰੀ ਹੈ ਜਿੰਨੀ ਕਾਰਾਂ-ਮੋਟਰਾਂ ਦੀ। ਮਾੜੀ-ਮਾੜੀ ਗੱਲ 'ਤੇ ਸ਼ੱਕ, ਵਹਿਮ ਰਿਸ਼ਤਿਆਂ ਨੂੰ ਸ਼ੱਕੀ ਬਣਾਉਂਦਾ, ਆਪਸੀ ਤਣਾਓ ਪੈਦਾ ਕਰਦਾ, ਖਿੱਚੋ-ਤਾਣ ਵਧਾਉਂਦਾ, ਮਨ ਦੇ ਤਵਾਜ਼ਨ ਨੂੰ ਖਰਾਬ ਕਰਦਾ, ਮਨ ਦੀ ਬੇਚੈਨੀ ਵਧਾਉਂਦਾ, ਰੋਜ਼ਾਨਾ ਜੀਵਨ ਖੁਰਦੁਰਾ ਕਰਦਾ ਤੇ ਮਨ ਦੇ ਤਣਾਓ ਨੂੰ ਵਧਾਉਂਦਾ ਹੈ।

ਜ਼ਿੰਦਗੀ ਇੱਕ ਰੇਲ ਗਡੀ ਹੈ, ਜਿਸ ਦੀ ਉਮਰ ਦੀ ਲੀਹ ਬੜੀ ਬਿਖੜੀ ਹੈ। ਬੜੇ ਵਿੰਗੇ-ਟੇਢੇ, ਉਤਰਾਅ-ਚੜਾਅ, ਮੀਂਹ ਝੱਖੜ, ਗਰਮੀ ਸਰਦੀ, ਔਖਿਆਈਆਂ ਸੌਖਿਆਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੇਂ ਦੇ ਅਨੁਕੂਲ ਜੇ ਇਨ੍ਹਾਂ ਦਾ ਸਾਹਮਣਾ ਕਰਨ ਦੀ ਵਿਉਂਤ ਨਾ ਬਣੇ ਤਾਂ ਬਹੁਤ ਵੱਡੀ ਮੁਸੀਬਤ ਬਣਦੀ ਨਜ਼ਰ ਆਊ। ਮਨ ਘਬਰਾਊ ਕਿ ਹੁਣ ਕੀ ਕਰਿਆ ਜਾਏ। ਪਰ ਜੇ ਢੇਰੀ ਨਾ ਢਾਈਏ ਤੇ ਇਸ ਔਖਿਆਈ 'ਚੋਂ ਨਿਕਲਣ ਦੀ ਜੱਦੋ-ਜਹਿਦ ਨਾ ਛੱਡੀਏ ਤਾਂ ਕੋਈ ਨਾ ਕੋਈ ਕਿਸੇ ਪਾਸਿਓਂ ਉਪਰਾਲਾ ਬਣ ਜਾਊ। ਹਨੇਰੇ ਦੀ ਸੁਰੰਗ ਵਿਚ ਚਾਨਣਾ ਦਿਸ ਪਊ।

ਸਭ ਰਿਸ਼ਤਿਆਂ ਦੀ ਆਪੋ ਆਪਣੀ ਮਹੱਤਤਾ ਅਤੇ ਸਥਾਨ ਹੈ। ਭੈਣ ਭਰਾ, ਮਾਂ ਪਿਓ, ਪੁੱਤ ਧੀਆਂ, ਅਤੇ ਹੋਰ ਸਾਕ ਸਬੰਧੀਆਂ ਦੇ ਰਿਸ਼ਤਿਆਂ ਦੀ ਵਿਲੱਖਣ ਥਾਂ ਹੈ। ਹਰ ਰਿਸ਼ਤੇ ਪ੍ਰਤੀ ਪਹੁੰਚ ਵੀ ਵਿਲੱਖਣ ਤੇ ਖਾਸ ਹੈ। ਰੋਜ਼ਾਨਾ ਜੀਵਨ 'ਚ ਵਿਚਰਦਿਆਂ, ਬਦਲਦੇ ਹਾਲਾਤ ਤੇ ਨਿੱਤ ਨਵੀਆਂ ਆਉਂਦੀਆਂ ਚੁਣੌਤੀਆਂ ਕਈ ਵਾਰੀ ਇਨ੍ਹਾਂ ਰਿਸ਼ਤਿਆਂ ਦੇ ਸੰਤੁਲਨ (ਅਲਾਇਨਮੈਂਟ) 'ਚ ਵਿਘਨ ਪਾ ਦਿੰਦੀਆਂ। ਵਿੱਤ ਤੋਂ ਵਧਦੀਆਂ ਖ਼ਾਹਿਸ਼ਾਂ ਤੇ ਲੋੜਾਂ ਵੀ ਇਸ ਦੇ ਵਿਗਾੜ 'ਚ ਵਾਧਾ ਕਰ ਦਿੰਦੀਆਂ।

ਜਦੋਂ ਸੱਤਰਵਿਆਂ 'ਚ ਮੈਂ ਪੰਜਾਬ ਤੋਂ ਕੈਨੇਡਾ ਆਇਆ ਤਾਂ ਉਦੋਂ ਮੋਬਾਈਲ ਫੋਨ ਨਹੀਂ ਸਨ ਹੁੰਦੇ। ਲੈਂਡ ਲਾਈਨ ਫੋਨ ਪੰਜਾਬ 'ਚ ਵਿਰਲੇ-ਟਾਵੇਂ ਹੀ ਸਨ। ਜਦੋਂ ਕੈਨੇਡਾ ਪੁੱਜ ਘਰ-ਘਰ ਸੇਪੀ ਵਾਲੇ ਫੋਨ ਦੇਖੇ ਤਾਂ ਅਚੰਭਾ ਵੀ ਹੋਇਆ ਅਤੇ ਸੁਵਿਧਾ ਵੀ ਲੱਗੀ ਕਿ ਮਹੀਨੇ ਦੇ ਬੱਝਵੇਂ ਪੈਸੇ ਸਨ, ਖਾਸ ਇਲਾਕੇ ਦੇ ਦਾਇਰੇ 'ਚ ਜਿੰਨਾ ਚਿਰ ਮਰਜ਼ੀ ਗੱਲਾਂ ਕਰੀ ਜਾਓ, ਕੋਈ ਬਿੱਲ ਵਧਣ ਦਾ ਫਿਕਰ ਨਹੀਂ ਸੀ ਹੁੰਦਾ। ਫੋਨਾਂ ਰਾਹੀਂ ਨਵੇਂ ਬਣਦੇ ਸੰਪਰਕ ਤੇ ਉਨ੍ਹਾਂ ਨੂੰ ਬਰਕਰਾਰ ਰੱਖਣ



ਲਈ ਇਹ ਸੇਪੀ ਵਾਲੇ ਫੋਨਾਂ ਦੀ ਸੁਵਿਧਾ ਬੜੀ ਸਹਾਈ ਹੋਈ।

ਪੰਜਾਬ, ਪਿੰਡਾਂ 'ਚ ਜ਼ਿਮੀਂਦਾਰਾਂ ਨੂੰ ਖੇਤੀ ਦਾ ਕੰਮ ਚਲਦਾ ਰੱਖਣ ਲਈ, ਛੋਟੇ-ਮੋਟੇ ਲੋੜੀਂਦੇ ਸੰਦਾਂ ਦੇ ਬਣਾਉਣ ਤੇ ਉਨ੍ਹਾਂ ਦੀ ਮੁਰੰਮਤ ਲਈ ਲੱਕੜੀ ਦੇ ਕੰਮ ਵਾਸਤੇ ਤਰਖਾਣ ਤੇ ਲੋਹੇ ਦੇ ਕੰਮ ਵਾਸਤੇ ਲੁਹਾਰ ਦੀ ਲੋੜ ਹੁੰਦੀ ਸੀ। ਛੇ ਮਹੀਨੇ ਉਨ੍ਹਾਂ ਤੋਂ ਕੰਮ ਕਰਾਉਂਦੇ ਰਹਿਣ ਦੇ ਇਵਜ਼ 'ਚ ਉਨ੍ਹਾਂ ਨੂੰ ਹਾੜੀ ਦੀ ਇੱਕ ਭਰੀ ਕਣਕ ਦੀ ਤੇ ਇਕ ਮਣ ਕਣਕ ਦਾਣੇ; ਸਾਉਣੀ 'ਚ ਇੱਕ ਬੰਦ ਮੱਕੀ ਦੇ ਟਾਂਡਿਆਂ ਦਾ ਤੇ ਮਣ ਮੱਕੀ ਦੇ ਦਾਣੇ ਦੇਈਦੇ ਸੀ। ਇਸ ਨੂੰ ਸੇਪੀ ਕਹਿੰਦੇ ਸਨ। ਕਦੇ ਨਗਦ ਪੈਸੇ ਕਿਸਾਨ ਨਹੀਂ ਸੀ ਦਿੰਦੇ, ਉਸ ਦੀ ਵੱਡੀ ਵਜ੍ਹਾ ਇਹ ਸੀ ਕਿ ਨਕਦ ਪੈਸੇ ਹੁੰਦੇ ਹੀ ਨਹੀਂ ਸਨ। ਸਿਰਫ ਅਨਾਜ ਅਤੇ ਚੀਜ਼ਾਂ ਵਸਤਾਂ ਦਾ ਅਦਾਨ-ਪਰਦਾਨ ਕਰਕੇ ਹੀ ਕੰਮ ਕਰੇ ਤੇ ਕਰਾਏ ਜਾਂਦੇ ਸਨ। ਇਸੇ ਤਰ੍ਹਾਂ ਕੰਮੀਂ ਵੀ ਰੋਟੀ 'ਤੇ ਹੀ ਦਿਹਾੜੀ ਕੰਮ ਕਰ ਜਾਇਆ ਕਰਦੇ ਸਨ। ਇਹ ਵਿਧੀ, ਕੰਮ ਕਰਨ ਤੇ ਕਰਾਉਣ ਦੀ ਪੁਸ਼ਤ-ਦਰ-ਪੁਸ਼ਤ ਚਲਦੀ ਆਈ ਜਿੰਨਾ ਚਿਰ ਮਸ਼ੀਨੀ ਅਤੇ ਤਕਨਾਲੋਜੀ ਦੇ ਯੁੱਗ ਦਾ ਪਸਾਰ ਨਹੀਂ ਹੋਇਆ। ਇਹ ਰਿਸ਼ਤੇ ਨਿਰਵਿਘਨ, ਸਮਾਨੰਤਰ ਬਰਾਬਰ ਚਲਦੇ ਰਹੇ। ਹੁਣ ਲਗਾਤਾਰ ਹੋ ਰਹੇ ਤਕਨਾਲੋਜੀ ਦੇ ਪਸਾਰ ਨੇ ਮਨੁੱਖੀ ਰਿਸ਼ਤਿਆਂ ਦੀਆਂ ਪੀਢੀਆਂ ਗੰਢਾਂ ਢਿੱਲੀਆਂ ਕਰ ਦਿੱਤੀਆਂ। ਇੰਟਰਨੈਟ ਦੇ ਪਸਾਰ ਨੇ ਰਿਸ਼ਤਿਆਂ ਦੀ ਸਮਾਨਤਾ ਅਸਮਾਨਤਾ 'ਚ ਬਦਲ ਦਿੱਤੀ। ਅਗਾਊਂ ਬੱਚਿਆਂ ਦੀਆਂ ਰੁਚੀਆਂ ਰੁਝੇਵੇਂ ਪਹਿਲੀਆਂ ਪੀੜ੍ਹੀਆਂ ਨਾਲੋਂ ਉੱਕਾ ਹੀ ਬਦਲ ਦਿੱਤੇ।

ਬਜ਼ੁਰਗ ਸਾਂਝੇ ਪਰਿਵਾਰਾਂ ਦਾ ਧੁਰਾ ਹੁੰਦੇ ਸਨ, ਸਾਰੇ ਪਰਿਵਾਰ ਦਾ ਪਹੀਆ ਉਸ ਧੁਰੇ ਦੁਆਲੇ ਘੁੰਮਦਾ ਸੀ; ਉਨ੍ਹਾਂ ਦਾ ਤਪਤੇਜ ਅਤੇ ਰੋਹਬਦਾਬ ਹੁੰਦਾ ਸੀ; ਉਨ੍ਹਾਂ ਦਾ ਭੈਅ ਮੰਨਿਆ ਜਾਂਦਾ ਸੀ। ਹੁਣ ਉਹ ਗੱਲਾਂ ਅਲੋਪ ਹੋ ਗਈਆਂ ਹਨ ਜਾਂ ਹੋਈ ਜਾ ਰਹੀਆਂ ਹਨ। ਇਹ ਸਮੇਂ ਦੀ ਚਾਲ ਦੀ ਨਿਸ਼ਾਨੀ ਹੈ। ਆਧੁਨਿਕ ਪਰਿਵਾਰ ਆਪਾ ਪ੍ਰਸਤ ਹੋ ਗਏ ਹਨ। ਸਾਂਝਾਂ, ਲੋੜ ਤੇ ਮਤਲਬ ਤੱਕ ਹੀ ਸੀਮਤ ਹੋ ਗਈਆਂ ਹਨ। ਜੰਮਣ ਮਰਨ ਇੱਕ ਨੰਬਰ ਬਣ ਕੇ ਰਹਿ ਗਿਆ ਹੈ। ਦੁੱਖ ਸਾਂਝਾ ਕਰਨ ਦਾ ਇਜ਼ਹਾਰ ਪੋਤਲਾ ਪੈ ਗਿਆ ਹੈ। ਸਮੇਂ ਦੀ ਵੰਡ ਉਘੜ-ਦੁਘੜੀ ਹੋ ਗਈ ਹੈ। ਜਿੱਥੇ ਸਮਾਂ ਬਿਤਾਉਣਾ ਮਹੱਤਵਪੂਰਨ ਸਮਝਿਆ ਜਾਂਦਾ ਸੀ ਉਸ ਦਾ ਨੰਬਰ ਪਿੱਛੇ ਪੈ ਗਿਆ ਹੈ; ਉਸ ਦੀ ਥਾਂ ਹੋਰ ਬਣੌਤਾਂ ਬਣਤਰਾਂ ਵਾਲੇ ਰੁਝਾਨਾਂ ਨੇ ਲੈ ਲਈ ਹੈ। ਇਸ ਸਭ ਕਾਸੇ ਦੇ ਬਦਲਣ ਨਾਲ ਰਿਸ਼ਤੇ ਹੋਰ ਦੇ ਹੋਰ ਹੁੰਦੇ ਜਾ ਰਹੇ ਹਨ। ਕਿੱਥੇ ਇਸ ਦਾ ਅੰਤ ਹੈ ਪਤਾ ਨਹੀਂ! ਬਦਲਦੇ ਵਾਤਾਵਰਨ ਨੇ ਸਹਿਣਸ਼ੀਲਤਾ ਵੀ ਪੇਤਲੀ ਪਾ ਦਿੱਤੀ ਹੈ। ਪਰਿਵਾਰ ਦੇ ਜੀਆਂ ਦੀ ਲਚਕਤਾ ਮੁੱਕ ਚੁੱਕੀ ਹੈ; ਇੱਕ ਜੀਅ ਦੂਸਰੇ ਦੀ ਕਹੀ ਬਰਦਾਸ਼ਤ ਕਰਨੋਂ ਅਸਮਰਥ ਹੁੰਦਾ ਜਾ ਰਿਹਾ ਹੈ। ਸਤਿਕਾਰ ਪਿਆਰ ਪੱਖੋਂ ਹੱਥ ਤੰਗ ਹੈ। ਇਸ ਸਭ ਕਾਸੇ ਦੇ ਬਦਲਾਅ ਦੀ ਤੇਜ਼ੀ ਨੂੰ ਠੱਲ੍ਹ ਪਾਉਣ ਦੇ ਉਪਾਅ ਵੀ ਹਨ ਪਰ ਉਨ੍ਹਾਂ ਵੱਲ ਸਾਡੀ ਤਵੱਜੋਂ ਘੱਟ ਹੈ ਜਾਂ ਹੈ ਹੀ ਨਹੀਂ। ਬਹੁਤਾ ਕੁੱਝ ਕੋਲ ਹੋਣ ਦੇ ਬਾਵਜੂਦ ਉਸ ਤੋਂ ਸੰਤੁਸ਼ਟ ਨਹੀਂ ਸਗੋਂ ਹੋਰ ਬਹੁਤਾਤ ਇੱਕੱਤਰ ਕਰਨ ਦੀ ਹੋੜ 'ਚ ਉਲਝ, ਜੋ ਕੋਲ ਹੈ ਉਸ ਨੂੰ ਮਾਨਣ, ਹੰਢਾਉਣ ਦਾ ਵੀ ਸਮਾਂ ਨਹੀਂ। ਪਦਾਰਥਾਂ ਨੇ ਸਾਨੂੰ ਆਪਣੇ ਆਪ 'ਚ ਜਜ਼ਬ ਕਰ ਲਿਆ ਹੈ।

ਰਿਸ਼ਤਿਆਂ ਦੇ ਇੰਜਣ ਦਾ ਤੇਲ ਪਾਣੀ ਵੀ ਬਦਲਦੇ ਰਹਿਣਾ ਚਾਹੀਦਾ, ਨਹੀਂ ਤਾਂ ਇਨ੍ਹਾਂ ਦੇ ਇੰਜਣ ਧੂੰਆਂ ਮਾਰਨ ਲੱਗ ਜਾਣਗੇ। ਪਰਿਵਾਰ ਦੇ ਸਾਰੇ ਜੀਆਂ ਦਾ ਆਪਸੀ ਤਾਲ-ਮੇਲ ਬਣਾਈ ਰੱਖਣਾ ਨਾਜ਼ੁਕ ਕੰਮ ਹੈ। ਜੇ ਅੱਜ ਸਭ ਕੁੱਝ ਸਹੀ ਚਲਦਾ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਜਿਹਾ ਸਦਾ ਹੀ ਰਹਿ ਸਕਦਾ ਹੈ। ਮੇਰੇ ਲਿਖਣ ਤੋਂ ਇਹ ਪ੍ਰਭਾਵ ਨਹੀਂ ਲੈ ਲੈਣਾ ਚਾਹੀਦਾ ਕਿ ਸਾਰੇ ਹੀ ਪਰਿਵਾਰਾਂ 'ਚ ਖਲਲ ਹੈ ਜਾਂ ਸੰਤਾਪ ਭੋਗਦੇ ਹਨ। ਪਰ ਫਿਰ ਵੀ ਅਗਾਊਂ ਸਭ ਕੁੱਝ ਸਾਵਾਂ ਚਲਦਾ ਰੱਖਣ ਲਈ, ਤੇ ਸੰਤੁਲਨ ਬਣਾਈ ਰੱਖਣ ਲਈ ਰਿਸ਼ਤਿਆਂ ਦੀ ਅਲਾਇਨਮੈਂਟ ਲਗਾਤਾਰ

(ਬਾਕੀ ਅਗਲੇ ਸਫੇ 'ਤੇ)

# ਏ.ਆਈ. ਤੇ ਜਨ-ਸਧਾਰਨ

***ਏ.ਆਈ. ਬਾਰੇ ਸਾਡੀ ਚਰਚਾ ਸਿਰਫ਼ ਇਹ ਨਹੀਂ ਹੋਣੀ ਚਾਹੀਦੀ ਕਿ ਇਸ ਨਾਲ ਕਿੰਨੀਆਂ ਨੌਕਰੀਆਂ ਜਾਣਗੀਆਂ ਜਾਂ ਇਹ ਕਿੰਨੀ ਤੇਜ਼ੀ ਨਾਲ ਕੰਮ ਕਰੇਗੀ। ਸਾਨੂੰ ਇਹ ਵੀ ਪੁੱਛਣਾ ਪਵੇਗਾ ਕਿ ਇਹ ਸਾਡੀ ਸੋਚ ਨੂੰ ਕਿਹੋ ਜਿਹਾ ਬਣਾਏਗੀ, ਸਾਡੇ ਫ਼ੈਸਲਿਆਂ ਨੂੰ ਕਿੰਨਾ ਪ੍ਰਭਾਵਿਤ ਕਰੇਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ 'ਮਨੁੱਖ ਹੋਣ' ਦਾ ਅਰਥ ਕੀ ਛੱਡੇਗੀ। ਇਨ੍ਹਾਂ ਸਵਾਲਾਂ ਬਾਰੇ ਸੁਚੇਤ ਹੋਣਾ ਹੀ ਜਨ-ਸਧਾਰਨ ਨੂੰ ਮੂਕ ਦਰਸ਼ਕ ਤੋਂ ਜਾਗਰੂਕ ਸ਼ਰੀਕ ਬਣਾਉਣ ਵੱਲ ਪਹਿਲਾ ਕਦਮ ਹੈ।***



**ਹਰ ਯੁਗ ਦੀਆਂ ਖਾਸ ਵਿਸ਼ੇਸ਼ਤਾਵਾਂ:**

ਹਰ ਯੁਗ ਦੀਆਂ ਆਪਣੀਆਂ ਖਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਸਮੇਂ ਦੇ ਮਨੁੱਖ ਨੂੰ ਵਿਕਾਸ ਅਤੇ ਤਰੱਕੀ ਦੇ ਨਵੇਂ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਉਸ ਅੱਗੇ ਨਵੀ ਕਿਸਮ ਦੀਆਂ ਚੁਣੌਤੀਆਂ ਵੀ ਪੇਸ਼ ਕਰਦੀਆਂ ਹਨ। ਇਨ੍ਹਾਂ ਕਰ ਕੇ ਮਿਲੇ ਮੌਕਿਆਂ ਦਾ ਲਾਹਾ ਲੈਣ ਅਤੇ ਦਰ-ਪੇਸ਼-ਚੁਣੌਤੀਆਂ ਦਾ ਸਾਹਮਣਾ ਕਰਨ ਲਈ ਮਨੁੱਖ ਨੂੰ ਆਪਣੇ ਸਮੇਂ ਦੀ ਵਿਵੇਕ-ਬੁੱਧ ਅਤੇ ਸਿਆਣਪ ਤੋਂ ਵੱਧ ਕੰਮ ਲੈਣਾ ਪੈਂਦਾ ਹੈ। ਫਿਰ ਉਨ੍ਹਾਂ ਜਾਣਕਾਰੀਆਂ ਅਨੁਸਾਰ ਆਪਣੇ-ਆਪ ਨੂੰ ਬਦਲਣ ਦੀ ਸਿਆਣਪ ਹਾਸਿਲ ਕਰਨ ਅਤੇ ਇਸ ਸਿਆਣਪ ਨੂੰ ਵਰਤਦੇ ਰਹਿਣਾ ਪੈਂਦਾ ਹੈ। ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ ਤਕਨੌਲੋਜੀਆਂ ਦੀ ਅਨੇਕਤਾ, ਇਨ੍ਹਾਂ ਦੀ ਪ੍ਰਤੀਕ ਬਣ ਰਹੀ ਏ.ਆਈ ਅਤੇ ਇਸ ਦੇ ਵਿਕਾਸ ਦੀ ਤੇਜ ਗਤੀ ਹੈ। ਇਸ ਲੇਖ ਦਾ ਮੰਤਵ ਅੱਜ ਦੀ ਸਥਿਤੀ ਪ੍ਰਤੀ



**ਇੰਜ. ਈਸ਼ਰ ਸਿੰਘ**
**ਫੋਨ: 647 640 2014**

ਜਾਗਰੂਕ ਹੋਣਾ ਹੈ। ਏ.ਆਈ ਦੀ ਹੋਰ ਖੇਤਰਾਂ 'ਚ ਵਧ ਰਹੀ ਬੇ-ਵਜਾ ਦਖਲ-ਅੰਦਾਜ਼ੀ, ਇਸ ਦੀ ਵਿਕਾਸ-ਗਤੀ ਅਤੇ ਇਸ ਉੱਤੇ ਚੋਣਵਿਆਂ ਦਾ ਕਬਜ਼ਾ, ਅੱਜ ਸੰਸਾਰ ਲਈ ਇੱਕ ਵੱਡੀਆਂ ਸਮੱਸਿਆਵਾਂ ਬਣ ਗਏ ਹਨ। ਕੰਪਿਊਟਿਰ ਸਾਇੰਸ ਦੇ ਨੋਬਲ ਪੁਰਸਕਾਰ ਸਮਝੇ ਜਾਂਦੇ 'ਟਯੂਰਿੰਗ ਅਵਾਰਡ' ਨਾਲ਼ ਸਨਮਾਨਿਤ ਸਾਇੰਸਦਾਨ ਅਤੇ ਸਤਿਕਾਰ-ਯੋਗ ਹਸਤੀ ਯੋਸ਼ੂਫਾ ਬੈਂਜੀ", ਨੇ ਆਪਣੇ 9 ਸਤੰਬਰ, 2026 ਦੇ ਲੇਖ 'AI Is at a Turning Point' 'ਚ ਬੇ-ਬਾਕੀ ਨਾਲ਼ ਕਿਹਾ ਹੈ। ਕਿ: 'ਏ.ਆਈ ਦੀ ਹਾਰਸ-ਪਾਵਰ ਅਤੇ ਗਤੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ, ਪਰ ਉਸ ਨੂੰ ਚਲਾਉਣ ਅਤੇ ਲੋੜ ਪੈਣ 'ਤੇ ਬਰੇਕ ਲਗਾਉਣ ਦੀ ਸਾਡੀ ਸਮਰੱਥਾ ਉਸੇ ਗਤੀ ਨਾਲ ਨਹੀਂ ਵਧੀ।'

ਏ.ਆਈ ਅਤੇ ਬਹੁਤੀਆਂ ਹੋਰ ਤਕਨਾਲੋਜੀਆਂ ਬੜੀ ਤੇਜ਼ੀ ਨਾਲ ਚੋਣਵੇਂ ਇਜਾਰੇਦਾਰਾਂ, ਵੈਂਚਰ ਕੈਪੀਟਲਿਸਟਾਂ, ਵੱਡੀਆਂ ਤਕਨਾਲੋਜੀ ਕੰਪਨੀਆਂ ਅਤੇ ਧਨਾਢ ਨਿਵੇਸ਼ਕਾਂ ਦੇ ਹੱਥਾਂ ਵਿਚ ਸਿਮਟ ਰਹੀਆਂ ਹਨ। ਇਨ੍ਹਾਂ ਦੇ ਡਿਜ਼ਾਈਨ, ਵਿਉਂਤਬੰਦੀਆਂ, ਉਤਪਾਦ ਅਤੇ ਨਿਯੰਤਰਨ ਆਦਿ ਵਿਚ ਜਨ-ਸਧਾਰਨ ਦੀ ਭੂਮਿਕਾ ਨਾਂਹ-ਮਾਤਰ ਹੈ, ਜਦ ਕਿ ਇਨ੍ਹਾਂ ਰਾਹੀਂ ਕੀਤੇ ਜਾ ਰਹੇ ਸ਼ੋਸਣ ਅਤੇ ਹੋਰ ਮੰਦੇ ਪ੍ਰਭਾਵਾਂ ਤੋਂ ਉਹ ਬਚ ਨਹੀਂ ਸਕਦਾ। ਇਨ੍ਹਾਂ ਹਾਲਾਤਾਂ ਵਿਚ ਉਸ ਕੋਲ਼ ਦੋ ਵਿਕਲਪ ਹਨ। ਜਾਂ ਤਾਂ ਉਹ ਕੁਝ ਵੀ ਨਾ ਕਰੇ ਅਤੇ ਇੱਕ ਮੂਕ ਅਤੇ ਮਜ਼ਬੂਰ ਦਰਸ਼ਕ ਬਣਿਆ, ਇਸੇ ਤਰ੍ਹਾਂ ਸ਼ੋਸ਼ਿਤ ਹੁੰਦਾ ਰਹੇ। ਜਾਂ ਇੱਕ ਜਾਗਰੂਕ ਅਤੇ ਸੂਝਵਾਨ ਸ਼ਰੀਕ ਬਣ ਕੇ ਇਨ੍ਹਾਂ ਦੀ ਸਦ-ਵਰਤੋਂ ਕਰਨ ਅਤੇ ਇਨ੍ਹਾਂ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਲਈ ਦ੍ਰਿੜ੍ਹ-ਸੰਕਲਪ ਹੋਵੇ। ਇਸ ਲਈ ਉਸ ਦਾ ਪਹਿਲਾ ਫਰਜ਼, ਏ.ਆਈ ਸਣੇ ਸੰਬੰਧਿਤ ਤਕਨਾਲੋਜੀਆਂ ਬਾਰੇ ਅਤੇ ਇਨ੍ਹਾਂ ਦੇ ਇਜਾਰੇਦਾਰਾਂ ਦੇ 'ਕਰਤੱਬਾਂ' ਬਾਰੇ ਸਹੀ ਜਾਣਕਾਰੀਆਂ ਪ੍ਰਾਪਤ ਕਰਦੇ ਰਹਿਣਾ ਹੈ। ਨਿਰ-ਸੰਦੇਹ ਇਹ ਸਭ ਮਨੁੱਖ ਦੀ ਅਭੂਤ-ਪੂਰਬ ਬਹੁ-ਪੱਖੀ ਖੁਸ਼ਹਾਲੀ, ਸੁਖ-ਸਹੂਲਤਾਂ, ਬੀਮਾਰੀਆਂ ਅਤੇ ਕੁਦਰਤੀ ਆਫਤਾਂ 'ਤੇ ਕੰਟਰੌਲ ਦਾ ਸਾਧਨ ਬਣੀਆਂ ਹਨ। ਪਰ ਸੰਸਾਰ ਦਾ ਇਤਿਹਾਸ ਅਤੇ ਇਸ ਦੇ ਮੌਜੂਦਾ ਹਾਲਾਤ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਤਕਨਾਲੋਜੀਆਂ ਆਪਣੇ-ਆਪ 'ਚ ਸਰਬ-ਸਾਂਝੀ ਖੁਸ਼ਹਾਲੀ ਨਹੀਂ ਲਿਆ ਸਕਦੀਆਂ। ਇਨ੍ਹਾਂ ਰਾਹੀਂ ਇਸ ਤਰ੍ਹਾਂ ਕਰਨਾ, ਇੱਕ ਆਰਥਿਕ, ਰਾਜਨੀਤਕ ਅਤੇ ਸਮਾਜਿਕ ਮੁੱਦਾ ਹੈ। ਇਸ ਲਈ ਦੂਜਾ ਵਿਕਲਪ ਅਪਣਾਉਣ ਦੀ ਅਹਿਮ ਲੋੜ ਹੈ।

**ਇਜਾਰੇਦਾਰਾਂ ਦਾ ਅਸਰ-ਰਸੂਖ:**

ਏ.ਆਈ. ਦਾ ਬੋਲ-ਬਾਲਾ ਇਸ ਦਹਾਕੇ ਦੇ ਸ਼ੁਰੂ ਤੋਂ ਹੀ ਤੇਜ਼ੀ ਨਾਲ ਵਧਿਆ ਹੈ ਅਤੇ 2026 ਵਿਚ ਇਸ ਦਾ ਪ੍ਰਭਾਵ ਹੋਰ ਵੀ ਸਪੱਸ਼ਟ ਹੋ ਗਿਆ ਹੈ। ਏ.ਆਈ. ਦੇ ਮੁੱਖ ਇਜਾਰੇਦਾਰਾਂ ਅਤੇ ਮੁਖੀਆਂ ਨੂੰ ਹੁਣ ਦੁਨੀਆ ਦੇ ਲੀਡਰਾਂ ਅਤੇ ਨੀਤੀ-ਨਿਰਮਾਤਾਵਾਂ ਨਾਲ਼ ਮਿਲ-ਬੈਠਣ ਦੇ ਖੁਲ੍ਹੇ ਮੌਕੇ ਮਿਲ ਰਹੇ ਹਨ। ਇਸੇ ਕਰ ਕੇ ਹੁਣੇ-ਹੁਣੇ ਹੋਈ G20 ਦੀ ਮੀਟਿੰਗ ਵਿਚ ਵੀ ਏ.ਆਈ. ਦੀਆਂ ਸੰਭਾਵਨਾਵਾਂ ਅਤੇ ਇਸ ਦੇ ਵਿਕਾਸ ਨੂੰ ਅੱਗੇ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦਾ ਇੱਕ ਕਾਰਨ ਇਹ ਹੈ ਕਿ ਏ.ਆਈ ਬਣਾਉਣ ਵਾਲੇ ਲੋਕ ਹੀ ਇਸ ਦੀ ਤਕਨਾਲੋਜੀ ਬਾਰੇ ਸਭ ਤੋਂ ਵੱਧ ਜਾਣਕਾਰੀ ਰੱਖਦੇ ਹਨ। ਜਦੋਂ ਸਰਕਾਰਾਂ ਨੂੰ ਏ.ਆਈ. ਬਾਰੇ ਸਲਾਹਾਂ ਦੀ ਲੋੜ ਪੈਂਦੀ ਹੈ ਤਾਂ ਉਹ ਸੁਭਾਵਿਕ ਤੌਰ 'ਤੇ ਇਨ੍ਹਾਂ ਤੋਂ ਹੀ ਲੈਂਦੇ ਹਨ। ਪਰ ਖਦਸ਼ਾ ਇਹ ਹੈ ਕਿ ਜੋ ਲੋਕ ਏ.ਆਈ. ਬਣਾਉਣਾ ਜਾਣਦੇ ਹਨ, ਉਹ ਇਸ ਦੀ ਸਮਾਜ ਲਈ ਸਦ-ਵਰਤੋਂ ਕਰਨਾ ਨਹੀਂ ਜਾਣਦੇ। ਨਾਂ ਹੀ ਆਪਣੇ ਸੌੜੇ ਹਿਤਾਂ ਕਾਰਨ ਇਸ ਪਾਸੇ ਕੋਈ ਧਿਅਨ ਦਿੰਦੇ ਹਨ।

ਇਨ੍ਹਾਂ ਗੱਲਾਂ ਦਾ ਇੱਕੋ ਸੰਦੇਸ਼ ਹੈ: ਏ.ਆਈ ਹੁਣ ਕੇਵਲ ਇੱਕ ਨਵੀਂ ਤਕਨਾਲੋਜੀ ਦਾ ਮਾਮਲਾ ਨਹੀਂ ਰਹੀ। ਇਹ ਆਰਥਿਕਤਾ, ਰਾਜਨੀਤੀ, ਰੁਜ਼ਗਾਰ, ਸਿੱਖਿਆ ਅਤੇ ਆਮ ਮਨੁੱਖ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਬਹੁ-ਮੁਖੀ ਤਾਕਤ ਬਣ ਰਹੀ ਹੈ। ਮਨੁੱਖ ਦੇ ਕੰਮ, ਰੋਜ਼ੀ-ਰੋਟੀ, ਸਿੱਖਿਆ, ਜਾਣਕਾਰੀ, ਨਿੱਜਤਾ, ਸਮਾਜਿਕ ਸੰਬੰਧਾਂ, ਲੋਕਤੰਤਰ ਅਤੇ ਮਨੁੱਖੀ ਆਜ਼ਾਦੀ ਨਾਲ ਜੁੜਿਆ ਮਸਲਾ ਬਣ ਗਈ ਹੈ। ਸੋ, ਜਨ-ਸਧਾਰਨ ਦਾ ਇਸ ਬਾਰੇ ਜਾਗਰੂਕ ਅਤੇ ਸੁਚੇਤ ਰਹਿਣਾ ਹੁਣ ਮਰਜ਼ੀ ਨਹੀਂ ਰਿਹਾ, ਬਲਕਿ ਲੋੜ ਬਣ ਚੁੱਕੀ ਹੈ। ਨਹੀਂ ਤਾਂ ਫ਼ੈਸਲੇ ਕੁਝ ਹੱਥਾਂ ਵਿਚ ਹੁੰਦੇ ਰਹਿਣਗੇ ਅਤੇ ਬਹੁ-ਗਿਣਤੀ ਲੋਕ ਸਿਰਫ਼ ਮੂਕ ਦਰਸ਼ਕ ਬਣ ਕੇ ਦੇਖਦੇ ਰਹਿ ਜਾਣਗੇ। ਜਨ-ਸਧਾਰਨ ਨੂੰ ਹੁਣ ਇਹ ਪ੍ਰਚਾਰ ਸੁਣਨ ਦੀ ਲੋੜ ਨਹੀਂ ਕਿ ਏ.ਆਈ. ਕੀ ਕਰ ਸਕਦੀ ਹੈ, ਬਲਕਿ ਉਸ ਨੂੰ ਇਹ ਪੁੱਛਣ ਦੀ ਲੋੜ ਹੈ ਕਿ ਏ.ਆਈ. ਕਿਸ ਲਈ ਕੰਮ ਕਰ ਰਹੀ ਹੈ। ਨਿਰਾਸ਼ਾ-ਜਨਕ ਗੱਲ ਇਹ ਹੈ ਕਿ ਓਹ ਇਹ ਸਭ ਕੁਝ ਦੇਖ ਰਿਹਾ ਹੈ—ਪਰ ਅਜੇ ਵੀ ਵੱਡੇ ਪੱਧਰ 'ਤੇ ਮੂਕ ਦਰਸ਼ਕ ਬਣਿਆ ਹੋਇਆ ਹੈ। ਜੇ ਏ.ਆਈ. ਦੀ ਦਿਸ਼ਾ ਤੈਅ ਕਰਨ ਦੀ ਤਾਕਤ ਕੁਝ ਸਰਕਾਰਾਂ, ਵੱਡੀਆਂ ਕੰਪਨੀਆਂ, ਨਿਵੇਸ਼ਕਾਂ ਅਤੇ ਤਕਨਾਲੋਜੀ ਦੇ ਮਾਹਿਰਾਂ ਦੇ ਹੱਥ ਵਿਚ ਹੀ ਕੇਂਦਰਿਤ ਰਹਿੰਦੀ ਹੈ, ਤਾਂ ਆਮ ਮਨੁੱਖ- ਜਿਸ ਦੀ ਜ਼ਿੰਦਗੀ 'ਤੇ ਇਸ ਦੇ ਮੰਦੇ ਪ੍ਰਭਾਵ ਪੈਣੇ ਹਨ- ਦੀ ਕੀ ਭੂਮਿਕਾ ਰਹਿ ਗਈ? ਇਸੇ ਕਰ ਕੇ ਏ.ਆਈ. ਅਸਮਾਨਤਾ ਦਾ ਪ੍ਰਤੀਕ ਬਣ ਗਈ ਹੈ। ਪਹਿਲਾਂ ਵਿਕਸਿਤ ਹੋਈਆਂ ਹੋਰ ਤਕਨਾਲੋਜੀਆਂ ਦੀ ਤਰ੍ਹਾਂ ਇਸ ਦਾ ਵੀ ਦੁਰ-ਉਪਯੋਗ ਹੋਣਾ ਸ਼ੁਰੂ ਹੋ ਗਿਆ ਹੈ। ਇਸ ਦਾ ਸਦ-ਉਪਯੋਗ ਨਿਜੀ ਅਤੇ ਸਮੂਹਿਕ ਮਨੁੱਖੀ ਸਿਆਣਪ 'ਤੇ ਵੱਧ ਨਿਰਭਰ ਕਰਦਾ ਹੈ, ਜਿਸ ਦਾ ਹਰ ਯੁਗ 'ਚ ਅਭਾਵ ਰਿਹਾ ਹੈ।

**ਏ.ਆਈ ਬਾਰੇ ਸਿਆਣਿਆਂ ਦੀਆਂ ਗੰਭੀਰ ਚੇਤਾਵਨੀਆਂ:**

* ਯੂ ਐੱਨਓ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰਸ ਦਾ ਤਾਜਾ ਬਿਆਨ ਕਿੰਨਾ ਗੰਭੀਰ ਹੈ:

'ਸਵਾਲ ਇਹ ਨਹੀਂ ਰਿਹਾ ਕਿ ਕੀ ਏ.ਆਈ ਸੰਸਾਰ ਦਾ ਰੂਪਾਂਤਰਣ ਕਰੇਗੀ- ਇਹ ਤਾਂ ਪਹਿਲਾਂ ਹੀ ਕਰ ਚੁੱਕੀ ਹੈ। ਹੁਣ ਤਾਂ ਸਵਾਲ ਇਹ ਹੈ: ਕੀ ਅਸੀਂ ਇਸ ਰੂਪਾਂਤਰਣ ਨੂੰ ਸ਼ਾਸਿਤ (Govern) ਕਰਾਂਗੇ ਜਾਂ ਇਹ ਸਾਨੂੰ ਕਰੇਗਾ।'

* ਯੋਸ਼ੂਫਾ ਬੈਂਜੀਓ ਆਪਣੇ ਲੇਖ ਵਿਚ ਏ.ਆਈ ਦੀ ਤੇਜ ਗਤੀ (ਇਸ ਲੇਖ ਦਾ ਪਹਿਲਾ ਪੈਰਾ) ਤੋਂ ਇਲਾਵਾ ਹੋਰ ਕਈ ਚਿਤਾਵਨੀਆਂ ਦਿੰਦੇ ਹਨ ਅਤੇ ਉਨ੍ਹਾਂ ਦੀ ਚੇਤਾਵਨੀਆਂ ਨੂੰ ਕਿਸੇ ਬਾਹਰੀ ਆਲੋਚਕ ਦੀ ਚਿੰਤਾ ਕਹਿ ਕੇ ਅਣਡਿੱਠ ਨਹੀਂ ਕੀਤਾ ਜਾ ਸਕਦਾ। ਓਹ ਤਾਂ ਇਸ ਖੇਤਰ ਦੇ ਚੋਟੀ ਦੇ ਮਾਹਰ ਖੋਜੀ ਹਨ। ਉਹ ਅੱਗੇ ਕਹਿੰਦੇ ਹਨ ਕਿ ਏ.ਆਈ. ਦੇ ਨਵੇਂ ਮਾਡਲ ਹੁਣ ਸਾਈਬਰ ਹਮਲੇ ਕਰਨ, ਲੰਮੇ ਅਤੇ ਔਖੇ ਕੰਮ ਆਪਣੇ-ਆਪ ਕਰਨ ਅਤੇ ਆਪਸ ਵਿਚ ਮਿਲ ਕੇ ਕੰਮ ਕਰਨ, ਦੀ ਸਮਰੱਥਾ ਰਖਦੇ ਹਨ। ਹੋਰ ਵੀ ਚਿੰਤਾਜਨਕ ਗੱਲ ਇਹ ਹੈ ਕਿ ਕੁਝ ਮਾਡਲਾਂ ਨੇ ਆਪਣੇ ਉਦੇਸ਼ ਪੂਰੇ ਕਰਨ ਲਈ ਧੋਖਾ ਦੇਣ, ਆਪਣਾ ਵਿਹਾਰ ਲੁਕਾਉਣ ਅਤੇ ਬੰਦ ਕੀਤੇ ਜਾਣ ਤੋਂ ਇਨਕਾਰੀ ਹੋਣ ਦੇ ਵਿਹਾਰ ਦਿਖਾਏ ਹਨ। ਬੈਂਜੀ" ਦੀ ਨਸੀਹਤ ਹੈ ਕਿ ਬਾਅਦ ਵਿਚ ਸੁਰੱਖਿਆ ਦੇ ਉਪਾ" ਕਰਨ ਦੀ ਬਜਾਇ, ਏ.ਆਈ. ਨੂੰ ਪਹਿਲਾਂ ਤੋਂ ਹੀ ਮਨੁੱਖੀ ਨਿਯੰਤਰਣ ਅਧੀਨ ਰੱਖਣ , ਭਰੋਸੇਯੋਗ ਅਤੇ ਸੁਰੱਖਿਅਤ ਬਣਾਉਣ ਦੀ ਲੋੜ ਹੈ। ਇਸ ਲਈ ਉਹ ਸਖ਼ਤ ਚੌਕਸੀ, ਸਖਤ ਨਿਯਮ ਅਤੇ ਸਾਵਧਾਨੀ ਦੇ ਸਿਧਾਂਤ ਨੂੰ ਪਹਿਲ ਦੇਣ ਦੀ ਗੱਲ ਕਰਦੇ ਹਨ।

* ਮਾਣ-ਯੋਗ ਪੋਪ ਲੀਓ 14ਵੇਂ ਨੇ ਏ.ਆਈ. ਦੇ ਮੰਦੇ ਪ੍ਰਭਾਵ ਦਰਸਾਉਣ ਲਈ ਇਤਿਹਾਸ ਦੀਆਂ ਅਤਿ ਘਿਣਾਉਣੀਆਂ ਵਾਰਦਾਤਾਂ 'ਚ ਗਿਣੇ ਜਾਂਦੇ ਗੁਲਾਮ-ਵਪਾਰ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਏ.ਆਈ. ਨੂੰ ਕੇਵਲ ਇੱਕ ਤਕਨੌਲੋਜੀ ਹੀ ਨਹੀਂ ਸਮਝਿਆ, ਬਲਕਿ ਇਸਨੂੰ ਮਨੁੱਖੀ, ਸਮਾਜਿਕ ਅਤੇ ਆਤਮਿਕ ਸੰਕਟਾਂ ਨਾਲ ਜੋੜ ਕੇ ਦੇਖਿਆ ਹੈ ।

* ਇਸ ਖੇਤਰ ਦੀ ਜਾਣੀ-ਪਛਾਣੀ ਅਤੇ ਬਹੁਤ ਪ੍ਰਸਿੱਧ ਇੱਕ ਹੋਰ ਹਸਤੀ, ਬਿਲ ਗੇਟਸ ਵੀ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ। 26 ਅਗਸਤ 2026 ਨੂੰ ਜਾਰੀ ਕੀਤੇ ਆਪਣੇ ਲੰਮੇ ਲੇਖ 'The Turbulent AI Era Is Here. The Choices We Make Now Are Critical' ਵਿਚ ਉਹ ਲਿਖਦੇ ਹਨ ਕਿ ਏ.ਆਈ. ਦੀ ਤਰੱਕੀ ਸਰਕਾਰਾਂ ਅਤੇ ਸਮਾਜ ਵਲੋਂ, ਉਸ ਦੇ ਪ੍ਰਭਾਵਾਂ ਲਈ ਤਿਆਰੀ ਕਰਨ ਦੀ ਸਮਰੱਥਾ ਨਾਲੋਂ, ਕਿਤੇ ਤੇਜ਼ ਗਤੀ ਨਾ਼ਲ ਵਧ ਰਹੀ ਹੈ। ਉਹ ਵੀ ਇਸ ਨੂੰ ਇਕੱਲਾ ਤਕਨਾਲੋਜੀ ਦੀ ਤਰੱਕੀ ਦਾ ਮਸਲਾ ਨਹੀਂ ਮੰਨਦੇ, ਸਗੋਂ ਰੁਜ਼ਗਾਰ, ਅਰਥ-ਵਿਵਸਥਾ, ਅਸਮਾਨਤਾ, ਸਾਈਬਰ-ਹਮਲਿਆਂ, ਜੈਵਿਕ ਖ਼ਤਰਿਆਂ ਅਤੇ ਮਨੁੱਖੀ ਕੰਟਰੋਲ ਨਾਲ ਜੁੜਿਆ ਇੱਕ ਵੱਡਾ ਸਮਾਜਕ ਮਸਲਾ ਮੰਨਦੇ ਹਨ।

ਗੇਟਸ ਇਹ ਨਹੀਂ ਮੰਨਦੇ ਕਿ ਏ.ਆਈ. ਦੇ ਲਾਭ ਆਪਣੇ ਆਪ ਸਮਾਜ ਦੇ ਹਰ ਵਰਗ ਤੱਕ ਪਹੁੰਚ ਜਾਣਗੇ। ਉਨ੍ਹਾਂ ਅਨੁਸਾਰ ਇਹ ਯਕੀਨੀ ਬਣਾਉਣ ਲਈ ਸਰਕਾਰਾਂ ਅਤੇ ਹੋਰ ਜਨਤਕ ਸੰਸਥਾਵਾਂ ਨੂੰ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ ਤਾਂ ਕਿ ਏ.ਆਈ. ਦਾ ਲਾਭ ਕੁਝ ਅਮੀਰ ਲੋਕਾਂ ਜਾਂ ਦੇਸ਼ਾਂ ਤੱਕ ਸੀਮਤ ਨਾ ਰਹਿ ਜਾਵੇ। ਉਹ ਖ਼ਾਸ ਤੌਰ 'ਤੇ ਕਹਿੰਦੇ ਹਨ ਕਿ ਜੇ ਮਨੁੱਖੀ ਮਿਹਨਤ ਦੀ ਥਾਂ ਏ.ਆਈ. ਅਤੇ ਰੋਬੋਟ ਲੈਂਦੇ ਹਨ ਤਾਂ ਸਰਕਾਰਾਂ ਨੂੰ ਆਪਣੀ ਕਰ-ਪ੍ਰਣਾਲੀ ਬਾਰੇ ਵੀ ਮੁੜ ਸੋਚਣਾ ਪਵੇਗਾ। ਗੇਟਸ ਇਸ ਲਈ ਇੱਕ ਅੰਤਰਰਾਸ਼ਟਰੀ ਪ੍ਰਬੰਧ ਦੀ ਵੀ ਗੱਲ ਕਰਦੇ ਹਨ ਜੋ ਏ.ਆਈ. ਦੇ ਵਿਕਾਸ ਨਾਲ ਜੁੜੇ ਖ਼ਤਰਿਆਂ ਨੂੰ ਦੇਖ ਸਕੇ। ਉਹ ਏ.ਆਈ. ਦੇ ਵਿਰੋਧੀ ਨਹੀਂ ਹਨ ਬਲਕਿ ਇਸ ਤੋਂ ਸਿਹਤ, ਦਵਾਈਆਂ, ਖੇਤੀਬਾੜੀ ਅਤੇ ਸਿੱਖਿਆ ਵਿਚ ਵੱਡੇ ਲਾਭਾਂ ਦੀ ਆਸ ਰੱਖਦੇ ਹਨ। ਇਸ ਲਈ ਗੇਟਸ ਦੀ ਗੱਲ ਨੂੰ ਏ.ਆਈ. ਦੇ ਵਿਰੋਧ ਵਜੋਂ ਨਹੀਂ, ਸਗੋਂ ਏ.ਆਈ. ਦੀ ਤਾਕਤ ਦੇ ਨਾਲ-ਨਾਲ ਉਸ ਦੀ ਦਿਸ਼ਾ ਅਤੇ ਵਰਤੋਂ ਬਾਰੇ ਚਿੰਤਾ ਵਜੋਂ ਦੇਖਣਾ ਚਾਹੀਦਾ ਹੈ। ਉਹ ਕਹਿੰਦੇ ਹਨ ਕਿ ਜੇ ਕਿਸੇ ਕੋਲ ਏ.ਆਈ. ਦੀਆਂ ਚੁਣੌਤੀਆਂ ਨੂੰ ਸਾਂਝੇ ਤੌਰ 'ਤੇ ਹੱਲ ਕਰਨ ਦੀ ਕੋਈ ਭਰੋਸੇਯੋਗ ਯੋਜਨਾ ਹੁੰਦੀ, ਤਾਂ ਉਹ ਪੂਰ-ਜ਼ੋਰ ਢੰਗ ਨਾ਼ਲ ਉਸ ਦੀ ਹਮਾਇਤ ਕਰਦੇ। ਪਰ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਮੌਜੂਦਾ ਭੂ-ਰਾਜਨੀਤਿਕ (Geo-Political) ਹਾਲਾਤਾਂ ਵਿਚ ਅਜਿਹਾ ਹੋਣਾ ਆਸਾਨ ਹੈ। ਇਸ ਬਿਆਨ ਤੋਂ ਆਪਾਂ ਸਥਿਤੀ ਦੀ ਗੰਭੀਰਤਾ ਸਮਝ ਸਕਦੇ ਹਾਂ।

ਇਸ ਤਰ੍ਹਾਂ ਇਹ ਚਾਰੇ ਮਾਣ-ਯੋਗ ਹਸਤੀਆਂ, ਇੱਕ ਸਾਂਝੇ ਮਸਲੇ ਵੱਲ ਇਸ਼ਾਰਾ ਕਰਦੇ ਹਨ। ਗੁਟੇਰਸ ਦਾ ਸਵਾਲ ਹੈ ਕਿ ਕੀ ਅਸੀਂ ਏ.ਆਈ. ਦੇ ਰੂਪਾਂਤਰਣ ਨੂੰ ਸ਼ਾਸਿਤ ਕਰਾਂਗੇ ਜਾਂ ਇਹ ਸਾਨੂੰ ਸ਼ਾਸਿਤ ਕਰੇਗੀ। ਬੈਂਜੀ" ਚਿਤਾਉਂਦੇ ਹਨ ਕਿ ਏ.ਆਈ. ਦੀ ਸਮਰੱਥਾ ਤੇਜ਼ੀ ਨਾਲ ਵਧ ਰਹੀ ਹੈ ਪਰ ਉਸ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਅਤੇ ਲੋੜ ਪੈਣ 'ਤੇ ਰੋਕਣ ਦੀ ਸਾਡੀ ਸਮਰੱਥਾ ਉਸ ਗਤੀ ਨਾਲ ਨਹੀਂ ਵਧ ਰਹੀ। ਮਾਣ-ਯੋਗ ਪੋਪ ਇਸ ਨੂੰ ਸਰਬ-ਸਾਂਝੀ ਭਲਾਈ ਲਈ ਵਰਤਣ ਦਾ ਆਗ੍ਰਹਿ ਕਰਦੇ ਹਨ। ਗੇਟਸ ਦਾ ਸਵਾਲ ਹੈ ਕਿ ਕੀ ਸਾਡੀਆਂ ਸਮਾਜਕ ਅਤੇ ਰਾਜਨੀਤਿਕ ਸੰਸਥਾਵਾਂ ਇਸ ਤਬਦੀਲੀ ਲਈ ਤਿਆਰ ਹਨ। ਚਾਰਾਂ ਦੀਆਂ ਗੱਲਾਂ ਨੂੰ ਇਕੱਠਾ ਕਰੀਏ ਤਾਂ ਪਹਿਲਾਂ ਵਿਚਾਰਿਆ ਯਥਾਰਥ ਹੀ ਸਾਹਮਣੇ ਆਉਂਦਾ ਹੈ। ਅਸੀਂ ਏ.ਆਈ. ਨੂੰ ਕਿੰਨਾ ਤਾਕਤਵਰ ਬਣਾ ਸਕਦੇ ਹਾਂ? ਤਕਨਾਲੋਜੀ ਦਾ ਸਵਾਲ ਹੈ; ਪਰ ਸਾਨੂੰ ਇਸ ਨੂੰ ਕਿੰਨਾ ਤਾਕਤਵਰ ਬਣਾਉਣਾ ਚਾਹੀਂਦਾ ਹੈ? ਇਹ ਸਿਆਣਪ ਦਾ ਸਵਾਲ ਹੈ।

**ਏ.ਆਈ ਦੇ ਜਨ-ਸਧਾਰਨ ਉੱਤੇ ਪ੍ਰਭਾਵ:**

ਭਾਵੇਂ ਕੋਈ ਵੀ ਤਕਨਾਲੋਜੀ ਇਕੱਲੀ ਸਾਡੇ ਸਮੁੱਚੇ ਜੀਵਨ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ, ਪਰ ਏ.ਆਈ. ਦੀ ਗੱਲ ਹੋਰ ਹੈ। ਇਹ ਜੀਵਨ ਦੇ ਲਗਭਗ ਹਰ ਖੇਤਰ- ਰਾਜਨੀਤਕ, ਪ੍ਰਬੰਧਕੀ, ਆਰਥਿਕ, ਸਮਾਜਿਕ ਅਤੇ ਵਿਅਕਤੀਗਤ- ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੀ ਹੈ। ਇਹ ਬਿਜਲੀ ਦੀ ਤਰ੍ਹਾਂ ਇੱਕ 'ਆਲ ਪਰਪਸ' ਤਕਨਾਲੋਜੀ ਹੈ ਅਤੇ ਮਨੁੱਖੀ ਜੀਵਨ ਸਣੇ ਸੰਸਾਰ ਪੱਧਰ 'ਤੇ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੀ ਸਮਰੱਥਾ ਰੱਖਦੀ ਹੈ। ਜਨ-ਸਧਾਰਨ 'ਤੇ ਇਸ ਦੇ ਦੋ ਪਰਕਾਰ ਦੇ ਅਸਰ ਹੁੰਦੇ ਹਨ।

* ਪਹਿਲੇ ਅਣ-ਕਿਆਸੇ ਅਤੇ ਅਚਿੰਤੇ ਅਸਰ ਹੁੰਦੇ ਹਨ, ਜੋ ਸਾਰੀਆਂ ਤਕਨਾਲੋਜੀਆਂ ਦੇ ਸਾਂਝੇ ਹੁੰਦੇ ਹਨ। ਇਨ੍ਹਾਂ ਨੂੰ ਅੰਗਰੇਜੀ 'ਚ 'Unintended Consequences of Technology' ਕਿਹਾ ਜਾਂਦਾ ਹੈ ਅਤੇ ਇਨ੍ਹਾਂ ਬਾਰੇ ਪਹਿਲਾਂ ਕਿਸੇ ਨੂੰ ਵੀ ਪਤਾ ਨਹੀਂ ਲੱਗ ਸਕਦਾ- ਸੁਹਿਰਦਤਾ ਨਾ਼ਲ ਇਨ੍ਹਾਂ ਨੂੰ ਬਣਾਉਣ ਵਾਲ਼ਿਆਂ ਨੂੰ ਵੀ ਨਹੀਂ। ਉਦਾਹਰਨ ਵਜੋਂ ਪੰਜਾਬ ਦੀ ਹਰੀ-ਕ੍ਰਾਂਤੀ ਦੇ ਹੁਣ ਪ੍ਰਤੱਖ ਹੋ ਰਹੇ ਮੰਦੇ ਪ੍ਰਭਾਵ। ਪਰ ਏ.ਆਈ ਦੇ ਕੇਸ 'ਚ ਇਹ ਬਹੁਤ ਵੱਧ ਹਨ। ਕਿਉਂਕਿ ਇਹ ਬਹੁਤ ਜਿਆਦਾ ਤੇਜ-ਗਤੀ ਨਾ਼ਲ, ਬੇਲੋੜੇ, ਅਣ-ਨਿਯੰਤ੍ਰਿਤ, ਅਣ-ਸੁਰੱਖਿਅਤ, ਅਵਿਵੇਕ-ਮਈ ਢੰਗਾਂ ਨਾ਼ਲ ਅਤੇ ਚੋਣਵੇਂ ਇਜਾਰੇਦਾਰਾਂ ਦੇ ਲਾਭ ਹਿਤ ਵਿਕਸਿਤ ਕੀਤੀ ਜਾ ਰਹੀ ਹੈ।

* ਦੂਜੇ ਇਜਾਰੇਦਾਰਾਂ ਵਲੋਂ ਤਕਨਾਲੋਜੀਆਂ ਨੂੰ ਯੋਜਨਾ-ਬਧ ਢੰਗਾਂ ਨਾ਼ਲ ਸੋਸ਼ਣ ਲਈ ਬਣਾਉਣ ਅਤੇ ਵਰਤਣ ਕਰ ਕੇ। ਇਹ ਢੰਗ ਇਨ੍ਹਾਂ ਤਕਨਾਲੋਜੀਆਂ ਨੂੰ ਡਿਜ਼ਾਈਨ ਕਰਨ ਅਤੇ ਬਣਾਉਣ ਸਮੇਂ ਹੀ ਨਿਸ਼ਚਿਤ ਕਰ ਲਏ ਜਾਦੇ ਹਨ ਅਤੇ ਇਨ੍ਹਾਂ ਦੇ ਐਲਗੋਰਿਧਮਾਂ 'ਚ ਪਾ ਦਿੱਤੇ ਜਾਂਦੇ ਹਨ। ਇਨ੍ਹਾਂ ਬਾਰੇ ਤਾਂ ਆਪਾਂ ਜਾਣ ਹੀ ਨਹੀਂ ਸਕਦੇ। ਇਨ੍ਹਾਂ ਨੂੰ ਵਰਤਣ ਸਮੇਂ ਇਨ੍ਹਾਂ ਦੀ ਦੁਰ-ਵਰਤੋਂ ਦਾ ਆਪਾਂ ਨੂੰ ਕੁਛ ਪਤਾ ਲੱਗ ਸਕਦਾ ਹੈ ਅਤੇ ਬਚਾਓ ਆਪਣਾ ਜਿੰਮਾ ਹੈ।

ਇਹ ਏ.ਆਈ. ਦੇ ਮੰਦੇ ਪ੍ਰਭਾਵਾਂ ਦੀ ਸਿਰਫ਼ ਉੱਪਰਲੀ ਤਹਿ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਪ੍ਰਭਾਵ ਸਾਨੂੰ ਦਿਖਾਈ ਦੇ ਰਹੇ ਹਨ, ਇਸ ਲਈ ਅਸੀਂ ਉਨ੍ਹਾਂ ਬਾਰੇ ਗੱਲ ਕਰ ਰਹੇ ਹਾਂ। ਭਾਵ ਆਮ ਮਨੁੱਖ ਦੀ ਏ.ਆਈ. ਬਾਰੇ ਚਿੰਤਾ ਮੁੱਖ ਤੌਰ 'ਤੇ ਉਨ੍ਹਾਂ ਪ੍ਰਭਾਵਾਂ ਤੱਕ ਸੀਮਤ ਹੈ ਜੋ ਉਸ ਪਰਤੱਖ ਅਤੇ ਫੌਰੀ ਹਨ। ਜਿਵੇਂ ਕਿ ਨੌਕਰੀਆਂ ਦੀ- ਕਿਹੜੇ ਕੰਮ ਏ.ਆਈ. ਮਨੁੱਖਾਂ ਦੀ ਥਾਂ ਕਰੇਗੀ ਅਤੇ ਕਿੰਨੇ ਲੋਕ ਆਪਣਾ ਰੋਜ਼ਗਾਰ ਗੁਆ ਸਕਦੇ ਹਨ। ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਏ.ਆਈ. ਉੱਤੇ ਵਧ ਰਹੀ ਨਿਰਭਰਤਾ, ਨਕਲੀ ਤਸਵੀਰਾਂ ਅਤੇ ਵੀਡੀਓਜ਼, ਝੂਠੀ ਜਾਣਕਾਰੀ, ਸਾਈਬਰ ਧੋਖਾਧੜੀ, ਨਿੱਜਤਾ ਦਾ ਖ਼ਤਰਾ ਅਤੇ ਏ.ਆਈ. ਵੱਲੋਂ ਦਿੱਤੀ ਗਲਤ ਜਾਣਕਾਰੀ ਵੀ ਚਿੰਤਾ ਦੇ ਵਿਸ਼ੇ ਹਨ। ਲੋਕ ਇਹ ਵੀ ਸੋਚ ਰਹੇ ਹਨ ਕਿ ਜੇ ਮਸ਼ੀਨਾਂ ਲਿਖਣ, ਅਨੁਵਾਦ ਕਰਨ, ਗਿਣਤੀ ਕਰਨ, ਤਸਵੀਰਾਂ ਬਣਾਉਣ ਅਤੇ ਹੋਰ ਬੌਧਿਕ ਕੰਮ ਕਰਨ ਲੱਗੀਆਂ ਤਾਂ ਮਨੁੱਖੀ ਹੁਨਰਾਂ ਦਾ ਕੀ ਬਣੇਗਾ। ਇਹ ਸਵਾਲ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਏ.ਆਈ. ਹੁਣ ਕੇਵਲ ਕੰਪਿਊਟਰਾਂ ਜਾਂ ਮਸ਼ੀਨਾਂ ਦੀ ਤਕਨਾਲੋਜੀ ਨਹੀਂ ਰਹੀ। ਏ.ਆਈ. ਦੇ ਹੱਕ ਵਿਚ ਸਭ ਤੋਂ ਵੱਧ ਦੁਹਰਾਇਆ ਜਾਣ ਵਾਲਾ ਵਾਕ ਹੈ ਕਿ ਇਹ ਸਿਹਤ-ਸੇਵਾਵਾਂ, ਦਵਾਈਆਂ, ਵਿੱਦਿਆ, ਸਾਇੰਸੀ ਖੋਜਾਂ ਅਤੇ ਖੇਤੀ-ਸੁਧਾਰਾਂ 'ਚ ਸਹਾਇਕ ਹੋ ਸਕਦੀ ਹੈ। ਇਹ ਸੰਭਾਵਨਾਵਾਂ ਹੋ ਸਕਦੀਆਂ ਹਨ। ਪਰ ਸੰਭਾਵਨਾ ਅਤੇ ਪ੍ਰਾਪਤੀ ਵਿਚ ਫ਼ਰਕ ਹੁੰਦਾ ਹੈ।

ਇਸ ਲਈ ਏ.ਆਈ. ਬਾਰੇ ਸਾਡੀ ਚਰਚਾ ਸਿਰਫ਼ ਇਹ ਨਹੀਂ ਹੋਣੀ ਚਾਹੀਦੀ ਕਿ ਇਸ ਨਾਲ ਕਿੰਨੀਆਂ ਨੌਕਰੀਆਂ ਜਾਣਗੀਆਂ ਜਾਂ ਇਹ ਕਿੰਨੀ ਤੇਜ਼ੀ ਨਾਲ ਕੰਮ ਕਰੇਗੀ। ਸਾਨੂੰ ਇਹ ਵੀ ਪੁੱਛਣਾ ਪਵੇਗਾ ਕਿ ਇਹ ਸਾਡੀ ਸੋਚ ਨੂੰ ਕਿਹੋ ਜਿਹਾ ਬਣਾਏਗੀ, ਸਾਡੇ ਫ਼ੈਸਲਿਆਂ ਨੂੰ ਕਿੰਨਾ ਪ੍ਰਭਾਵਿਤ ਕਰੇਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ 'ਮਨੁੱਖ ਹੋਣ' ਦਾ ਅਰਥ ਕੀ ਛੱਡੇਗੀ। ਇਨ੍ਹਾਂ ਸਵਾਲਾਂ ਬਾਰੇ ਸੁਚੇਤ ਹੋਣਾ ਹੀ ਜਨ-ਸਧਾਰਨ ਨੂੰ ਮੂਕ ਦਰਸ਼ਕ ਤੋਂ ਜਾਗਰੂਕ ਸ਼ਰੀਕ ਬਣਾਉਣ ਵੱਲ ਪਹਿਲਾ ਕਦਮ ਹੈ।

---

***(ਪਿਛਲੇ ਸਫੇ ਦਾ ਬਾਕੀ)***

ਹੁੰਦੀ ਰਹਿਣੀ ਚਾਹੀਦੀ ਹੈ ਤੇ ਨਾਲੋ-ਨਾਲ ਇਸ ਤਾਲਮੇਲ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਜਦੋਂ ਆਪਸੀ ਤਾਲ ਮੇਲ 'ਚ ਖੜੋਤ ਬਣਨ ਲੱਗੇ ਤੇ ਉਸ ਨੂੰ ਲਗਾਤਾਰ ਨਜ਼ਰ-ਅੰਦਾਜ਼ ਕੀਤਾ ਜਾਂਦਾ ਰਹੇ, ਜਾਣਕੇ ਜਾ ਅਣਜਾਣੇ 'ਚ, ਤਾਂ ਸਮਝੋ ਪਰਿਵਾਰਕ ਸਮੱਸਿਆ ਗੁੱਝੇ ਰੂਪ 'ਚ ਸੁਲਘ ਰਹੀ ਹੈ, ਇਸ ਦਾ ਭਾਂਬੜ ਕਿਸੇ ਸਮੇਂ ਵੀ ਮੱਚ ਸਕਦਾ ਹੈ। ਨਿੱਕੀ ਗੱਲ ਜਾਂ ਸਮੱਸਿਆ ਨੂੰ ਵੱਡੀ ਬਣਨ ਤੋਂ ਬਚਾਉਣ ਲਈ ਸਭ ਤੋਂ ਸੌਖਾ ਤੇ ਸਸਤਾ ਤਰੀਕਾ ਇਮਾਨਦਾਰੀ ਦੀ ਭਾਵਨਾ ਦਾ ਹੋਣ ਹੈ। ਜੇ ਇਹ ਹੈ ਤਾਂ ਸ਼ੰਕਾ ਸੁਭਾ ਹੋਣਾ ਹੀ ਨਹੀਂ ਤੇ ਜੇ ਹੋ ਵੀ ਜਾਏ ਤਾਂ ਥੋੜ੍ਹੇ ਆਪਸੀ ਵਿਚਾਰ-ਵਟਾਂਦਰੇ ਉਪਰੰਤ ਸਹਿਜੇ ਨਜਿੱਠੇ ਜਾਣਗੇ। ਭਾਵਕ ਰਿਸ਼ਤੇ ਚਿਰ ਨਹੀਂ ਨਿਭ ਸਕਦੇ, ਉਹ ਅਸਲੀਅਤ ਤੋਂ ਕੋਹਾਂ ਦੂਰ ਹੁੰਦੇ ਹਨ। ਜਿੱਥੇ ਅਸੀਂ ਪੈਸੇ-ਧੇਲੇ ਦਾ ਹਿਸਾਬ ਕਿਤਾਬ ਰੱਖਦੇ ਹਾਂ ਕਿ ਇਹ ਕਿੱਥੋਂ ਆਏ ਤੇ ਕਿੱਥੇ ਖਰਚੇ, ਉੱਥੇ ਰਿਸ਼ਤਿਆਂ ਦੇ ਖਜ਼ਾਨੇ ਦਾ ਵੀ ਹਿਸਾਬ ਪੂਰਾ ਰੱਖਣਾ ਪਊ। ਦੇਖੋ, ਜਿਥੇ 24 ਘੰਟਿਆਂ 'ਚ 8-10 ਸੌਣ ਤੇ ਬਾਕੀ ਹੋਰ ਕੰਮਾਂ ਕਾਰਾਂ 'ਚ ਲਾਉਂਦੇ ਹਾਂ, ਉੱਥੇ ਰੋਜ਼ ਸਾਰੇ ਪਰਿਵਾਰ ਨੂੰ ਬੈਠ ਕੇ 10-15 ਮਿੰਟ ਆਪਣੇ ਮਨਾਂ 'ਚ ਉੱਬਲ਼ ਰਹੀਆਂ ਭਾਵਨਾਵਾਂ ਦਾ ਵੀ ਲੇਖਾ-ਜੋਖਾ ਅਤੇ ਵਿਚਾਰ-ਵਟਾਂਦਰਾ ਸਾਂਝਾ ਕਰਨਾ ਚਾਹੀਦਾ ਹੈ। ਨੱਬੇ ਪ੍ਰਤੀਸ਼ਤ ਦੁਬਿਧਾਵਾਂ ਇਸ ਨਾਲ ਹੀ ਮੁੱਕ ਜਾਣਗੀਆਂ। ਪਤੀ-ਪਤਨੀ ਨੂੰ ਇੱਕ ਦੂਸਰੇ ਦੀਆਂ ਲੋੜਾਂ, ਖ਼ਾਹਿਸ਼ਾਂ ਤੇ ਭਾਵਨਾਵਾਂ ਪ੍ਰਤੀ ਸੁਹਿਰਦਤਾ ਨਾਲ ਸੁਚੇਤ ਰਹਿਣਾ ਚਾਹੀਦਾ ਹੈ। ਬਰਾਬਰਤਾ ਦੀ ਭਾਵਨਾ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਇਕੱਲੇ-ਇਕੱਲੇ ਦੇ ਗੁੱਝੇ ਏਜੰਡੇ ਨਹੀਂ ਹੋਣੇ ਚਾਹੀਦੇ, ਸਭ ਕੁੱਝ ਪਾਰਦਰਸ਼ਤਾ ਨਾਲ ਸਾਫ ਤੇ ਸਪਸ਼ਟ ਰਹਿਣਾ ਚਾਹੀਦਾ। ਪਤੀ ਪਤਨੀ ਨੂੰ ਦਿਖਾਵੇ ਅਤੇ ਫੋਕੀ ਸ਼ੂਹਰਤ ਦੇ ਢੌਂਗ ਨਾਲ ਇੱਕ ਦੂਸਰੇ, ਜਾਂ ਹੋਰਾਂ ਨੂੰ ਪ੍ਰਭਾਵਤ ਕਰਨ ਦੀ ਕੋਹੜ ਦੀ ਬਿਮਾਰੀ ਤੋਂ ਬਚਣਾ ਚਾਹੀਦਾ ਹੈ। ਅਜਿਹੀ ਬਿਰਤੀ ਰੱਖਣਾ ਝੂਠ ਦੇ ਪੁਲੰਦੇ ਗਲ਼ 'ਚ ਪਾਈ ਫਿਰਨ ਵਾਲੀ ਗੱਲ ਹੈ। ਬਾਣੀ ਦਾ ਕਥਨ ਹੈ।

ਕੂੜ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ

ਪੰਨਾ:-303

ਇੱਕ ਝੂਠ ਨੂੰ ਲੁਕੋਣ ਲਈ ਦਸ ਹੋਰ ਬੋਲਣੇ ਪੈਣਗੇ, ਤੇ ਦਸਾਂ ਨੂੰ ਲੁਕੋਣ ਲਈ ਦੱਸੋ ਹੋਰ ਕਿੰਨੇ ਬੋਲਣ ਦੀ ਲੋੜ ਪਊ? ਅਜਿਹੀ ਸਥਿਤੀ ਸਾਡੀ ਸ਼ਖਸੀਅਤ ਨੂੰ ਛਿੱਥਾ ਪਾਊ ਤੇ ਅਸੀਂ ਕੱਖੋਂ ਹੌਲੇ ਲੱਗਣ ਲੱਗ ਜਾਵਾਂਗੇ। ਸਿੱਧੀ, ਸਪਸ਼ਟ, ਸਾਫ, ਤੇ ਸੱਚੀ ਗੱਲ ਕਹਿਣ ਨਾਲ ਕਈ ਸਬੰਧੀ ਨਰਾਜ਼ ਤਾਂ ਜ਼ਰੂਰ ਹੋਣਗੇ ਪਰ ਉਨ੍ਹਾਂ ਨੂੰ ਭਾੜੇ ਦੇ ਝੂਠ ਨਾਲ ਖੁਸ਼ ਰੱਖਣ ਦੀ ਵੀ ਲੋੜ ਨਹੀਂ। ਸਮਾਂ ਪਾ ਕੇ ਉਹ ਆਪੇ ਸਮਝ ਜਾਣਗੇ ਕਿ ਤੁਹਾਡਾ ਨਿਰਣਾ ਸਮੇਂ ਮੁਤਾਬਕ ਢੁਕਵਾਂ ਤੇ ਵਾਜਬ ਸੀ।

ਅੱਜ ਦੇ ਤੇਜ਼-ਤਰਾਰ ਯੁੱਗ 'ਚ ਯੋਗ ਸਮਰੱਥਾ ਅਤੇ ਵਿੱਤ ਮੁਤਾਬਕ ਉਪਲਬਧ ਸਾਧਨਾਂ 'ਚ ਰਹਿ ਕੇ ਹੀ ਵਿਚਰਨਾ ਅਤੇ ਖਰਚ ਕਰਨਾ ਚਾਹੀਦਾ ਹੈ। ਦੇਖਾ-ਦੇਖੀ ਦੀ ਦੌੜ 'ਚ ਪੈ ਆਪਣਾ ਝੁੱਗਾ ਚੌੜ ਕਰਨ ਦੀ ਲੋੜ ਨਹੀਂ। ਸਮੇਂ ਦੀ ਵਰਤੋਂ ਸੂਝ ਨਾਲ ਕਰਨੀ ਚਾਹੀਦੀ ਹੈ। ਬਜ਼ੁਰਗਾਂ ਤੋਂ ਲੈ ਕੇ ਛੋਟੇ ਬੱਚਿਆਂ ਤੱਕ ਨੂੰ ਘਰ ਦੇ ਰੋਜ਼ਾਨਾ ਫੈਸਲਿਆਂ ਤੋਂ ਅਣਜਾਣ ਨਹੀਂ ਰੱਖਣਾ ਚਾਹੀਦਾ, ਸਾਰਿਆਂ ਦੀ ਯੋਗ ਸ਼ਮੂਲੀਅਤ ਘਰ ਦੇ ਮਾਹੌਲ ਨੂੰ ਨਿੱਗਰ ਤੇ ਤੰਦਰੁਸਤ ਰੱਖੇਗੀ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ – 29

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 29ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। –ਸੰਪਾਦਕ***






**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਜਾਂਦਿਆਂ-ਜਾਂਦਿਆਂ ਪ੍ਰਕਾਸ਼ਕ ਤਨੇਜਾ ਨੇ ਇਕ ਅਹਿਸਾਨ ਹੋਰ ਕਰਨਾ ਠੀਕ ਸਮਝਿਆ, "ਹਿੰਦੀ ਜਾਂ ਉਰਦੂ ਤੋਂ ਬਿਨਾਂ ਕਿਸੇ ਹੋਰ ਜ਼ਬਾਨ ਵਿਚ ਕੋਈ ਕਰਨਾ ਚਾਹੇ, ਉਹ ਤੁਸੀਂ ਸਮਝਣਾ। ਵੈਸੇ ਅਸੀਂ ਪ੍ਰਕਾਸ਼ਕ ਲੋਕ ਆਪਣੀ ਪ੍ਰਕਾਸ਼ਿਤ ਪੁਸਤਕ ਇਉਂ ਵਰਤਣ ਨਹੀਂ ਦਿੰਦੇ ਪਰ ਮੈਂ ਤੁਹਾਡੀ ਸਾਹਿਤਕ ਪ੍ਰਸਿੱਧੀ ਦੇ ਰਾਹ ਵਿਚ ਕਦੀ ਕੋਈ ਰੁਕਾਵਟ ਖੜ੍ਹੀ ਨਹੀਂ ਕਰਾਂਗਾ। ਜੇ ਕੋਈ ਮਰਾਠੀ-ਗੁਜਰਾਤੀ ਜਾਂ ਤਾਮਿਲ-ਤੇਲਗੂ ਵਿਚ ਛਾਪ ਕੇ ਤੁਹਾਨੂੰ ਚਾਰ ਪੈਸੇ ਦਿੰਦਾ ਹੈ, ਮੇਰੀ ਹਿੰਦੀ ਜਾਂ ਉਰਦੂ ਦਾ ਕੀ ਵਿਗੜਦਾ ਹੈ! ਬੱਸ ਇਕ ਗੱਲ ਤੁਸੀਂ ਵੀ ਨਿਭਾਉਣੀ ਹੋਵੇਗੀ, ਹਿੰਦੀ ਤੇ ਉਰਦੂ ਵਾਸਤੇ ਕੋਈ ਵੀ ਪੁਸਤਕ ਕਿਸੇ ਹੋਰ ਨੂੰ ਨਹੀਂ ਦੇਣੀ ਹੋਵੇਗੀ।"

"ਤਨੇਜਾ ਜੀ, ਮੈਂ ਭਲਾ ਤੁਹਾਡੇ ਵਰਗੇ ਆਪਣੇ ਨੂੰ ਛੱਡ ਕੇ ਕਿਸੇ ਹੋਰ ਨੂੰ ਹਿੰਦੀ ਜਾਂ ਉਰਦੂ ਦਾ ਪ੍ਰਕਾਸ਼ਕ ਕਿਉਂ ਬਣਾਵਾਂਗੀ?" ਜਗਦੀਪ ਉਸ ਨੂੰ ਬੂਹੇ ਤੱਕ ਛੱਡਣ ਲਈ ਤੁਰ ਪਈ।

ਅੱਗੇ-ਅੱਗੇ ਜਾਂਦਾ ਉਹ ਰੁਕ ਗਿਆ, "ਇਕ ਗੱਲ ਮੈਂ ਹੋਰ ਕਹਿਣੀ ਸੀ..."

ਜਗਦੀਪ ਹੱਸੀ, "ਫੇਰ ਕਦੀ ਨਹੀਂ ਆਉਣਾ ਇਸ ਗ਼ਰੀਬਖਾਨੇ ਵਿਚ, ਨਾਚੀਜ਼ ਜੀ? ਸਾਰੀਆਂ ਗੱਲਾਂ ਅੱਜ ਹੀ ਮੁਕਾਉਣ ਲੱਗੇ ਹੋ!"

ਉਹ ਕੱਚਾ ਜਿਹਾ ਹੋ ਗਿਆ, "ਗੱਲ ਇਹ ਹੈ ਜਗਦੀਪ ਜੀ, ਪੁਸਤਕਾਂ ਤੇ ਲੂਣ-ਤੇਲ ਵੇਚਣ ਵਿਚ ਕੋਈ ਬਹੁਤਾ ਫ਼ਰਕ ਨਹੀਂ! ਉਹੋ ਖਲਜਗਨ ਹੈ ਜੀ। ਜਿਹੀ ਸੇਰ ਖੰਡ-ਗੁੜ ਵਿਚੋਂ ਧੇਲੀ-ਪੌਲ਼ੀ ਬਚਾ ਲਈ, ਜਿਹੀ ਇਕ ਕਿਤਾਬ ਵਿਚੋਂ ਧੇਲੀ-ਪੌਲ਼ੀ ਬਣਾ ਲਈ! ਸਾਰਾ ਦਿਨ ਮੱਤ ਮਾਰੀ ਰਹਿੰਦੀ ਹੈ। ਇਸ ਕਰਕੇ ਜਦੋਂ ਕੋਈ ਗੱਲ ਚੇਤੇ ਆਵੇ, ਉਸੇ ਸਮੇਂ ਕਰ ਲੈਣੀ ਠੀਕ। ਫੇਰ ਪਤਾ ਨਹੀਂ ਉਹ ਭਟਕ ਕੇ ਕਿਥੇ ਦੀ ਕਿਥੇ ਚਲੀ ਜਾਵੇ।" ਵਾਪਸ ਸੋਫ਼ੇ ਉੱਤੇ ਬੈਠਦਿਆਂ ਉਸ ਨੇ ਬੈਗ ਖੋਲ੍ਹਿਆ ਤੇ ਦੋ ਫਾਰਮ ਕੱਢੇ, "ਜਗਦੀਪ ਜੀ, ਐਹਨਾਂ ਦੋਵਾਂ ਫ਼ਾਰਮਾਂ ਉੱਤੇ ਆਪਾਂ ਸਹੀ ਪਾ ਲਈਏ। ਇਕ ਤੁਹਾਡੇ ਕੋਲ ਰਹੇਗਾ, ਇਕ ਮੇਰੇ ਕੋਲ।"

ਜਗਦੀਪ ਨੇ ਇਕ ਫਾਰਮ ਚੁੱਕਿਆ, "ਇਹ ਕੀ ਹੈ ਤਨੇਜਾ ਜੀ?"

"ਕੋਈ ਖਾਸ ਗੱਲ ਨਹੀਂ। ਐਗਰੀਮੈਂਟ ਫ਼ਾਰਮ ਹੈ। ਉਹੋ ਗੱਲਾਂ ਨੇ ਜੋ ਹੁਣੇ ਆਪਣੀਆਂ ਹੋਈਆਂ ਨੇ। ਗੱਲ ਇਹ ਨਹੀਂ ਕਿ ਮੈਨੂੰ ਤੁਹਾਡਾ ਜਾਂ ਤੁਹਾਨੂੰ ਮੇਰਾ ਭਰੋਸਾ ਨਹੀਂ। ਫ਼ਾਈਲ ਦਾ ਪੇਟ ਭਰ ਲੈਣਾ ਹੀ ਠੀਕ ਰਹਿੰਦਾ ਹੈ। ਕੋਈ ਭੁਲੇਖਾ ਪੈਣ ਦਾ ਡਰ ਨਹੀਂ ਰਹਿੰਦਾ। ਕੁਛ ਹਫ਼ਤੇ ਪਹਿਲਾਂ ਸਾਡਾ ਅਕਾਊਂਟੈਂਟ ਸਿਹਤ ਕਾਰਨ ਕੰਮ ਛੱਡ ਗਿਆ। ਬਜ਼ੁਰਗ ਸੀ, ਮੁਨੀਮ ਤੋਂ ਬਣਿਆ ਹੋਇਆ ਅਕਾਊਂਟੈਂਟ। ਪੁਰਾਣੇ ਜ਼ਮਾਨੇ ਦਾ ਹੋਣ ਸਦਕਾ ਕਿਸੇ ਨਾਲ ਹੋਈ ਜ਼ਬਾਨ ਦੀ ਕਦਰ ਸਮਝਦਾ ਸੀ। ਉਸ ਦੀ ਥਾਂ ਜੋ ਰੱਖਿਆ ਹੈ, ਨਵੇਂ ਜ਼ਮਾਨੇ ਦਾ ਹੈ, ਚੁਸਤ-ਚਤੁਰ। ਟਰੇਂਡ ਅਕਾਊਂਟੈਂਟ ਹੈ, ਅਕਾਊਂਟੈਂਸੀ ਦਾ ਕੋਰਸ ਕੀਤੇ ਵਾਲਾ। ਘੰਟਾ-ਘੰਟਾ ਕਰ ਕੇ ਦਿਨ ਵਿਚ ਕਈ ਫਰਮਾਂ ਦਾ ਕੰਮ ਕਰਦਾ ਹੈ। ਐਗਰੀਮੈਂਟ ਫ਼ਾਈਲ ਵਿਚ ਨਾ ਹੋਵੇ, ਰਾਇਲਟੀ ਦਾ ਚੈੱਕ ਬਣਾਉਣ ਤੋਂ ਇਨਕਾਰ ਕਰ ਦਿੰਦਾ ਹੈ।"

ਜਗਦੀਪ ਨੇ ਗਹੁ ਨਾਲ ਪੜ੍ਹਿਆ, ਸਭ ਉਹੋ ਗੱਲਾਂ ਸਨ ਜੋ ਉਹਨੇ ਹੁਣੇ ਜ਼ਬਾਨੀ ਕੀਤੀਆਂ ਸਨ। ਤਨੇਜਾ ਬੋਲਿਆ, "ਉਹੋ ਗੱਲਾਂ ਨੇ ਜੀ ਸਭ। ਅਕਾਊਂਟੈਂਟ ਦੀ ਗੱਲ ਵੀ ਠੀਕ ਹੈ ਜੀ, ਲਿਖਤ ਨਾਲ ਕੋਈ ਭੁਲੇਖਾ ਪੈਣ ਦਾ ਡਰ ਨਹੀਂ ਰਹਿੰਦਾ।"

ਜਗਦੀਪ ਨੂੰ ਹਰਵਿੰਦਰ ਨਾਲ ਸਲਾਹ ਕਰਨ ਵਾਲੀ ਜਾਂ ਆਪ ਸੋਚਣ ਵਾਲੀ ਕੋਈ ਗੱਲ ਨਾ ਲੱਗੀ। ਉਸ ਨੇ ਤਨੇਜਾ ਦਾ ਪਹਿਲਾਂ ਹੀ ਖੋਲ੍ਹ ਕੇ ਵਧਾਇਆ ਹੋਇਆ ਪੈੱਨ ਫੜਿਆ ਤੇ ਦਸਖ਼ਤ ਕਰ ਦਿੱਤੇ। ਤਨੇਜਾ ਖ਼ੁਸ਼ ਸੀ, ਹਿੰਦੀ ਤੇ ਉਰਦੂ ਵਿਚ ਜਗਦੀਪ ਦੀਆਂ ਸਭ ਪੁਸਤਕਾਂ ਉਹ ਛਾਪਿਆ ਕਰੇਗਾ। ਜਗਦੀਪ ਖ਼ੁਸ਼ ਸੀ, ਹਿੰਦੀ ਤੇ ਉਰਦੂ ਵਿਚ ਸਾਰੀਆਂ ਗਲਪ ਪੁਸਤਕਾਂ ਚੰਗੀ ਰਾਇਲਟੀ ਨਾਲ ਛਪਣ ਦਾ ਵਧੀਆ ਪ੍ਰਬੰਧ ਹੋ ਗਿਆ।

ਹਰਵਿੰਦਰ ਆਇਆ ਤਾਂ ਐਗਰੀਮੈਂਟ ਪੜ੍ਹ ਕੇ ਬੋਲਿਆ, "ਬਿਲਕੁਲ ਠੀਕ ਹੈ, ਦੀਦੀ। ਪ੍ਰਕਾਸ਼ਕ ਦੀ ਤਸੱਲੀ ਹੋਣੀ ਹੀ ਚਾਹੀਦੀ ਹੈ, ਨਾਲੇ ਆਪਾਂ ਨੂੰ ਸਭ ਕੁਛ ਸਾਫ਼ ਹੋ ਗਿਆ। ਸ਼ਰਤਾਂ ਪੂਰੀ ਤਰ੍ਹਾਂ ਵਾਜਬ ਨੇ। ਦੀਦੀ, ਲੇਖਕ ਆਮ ਕਰ ਕੇ ਪ੍ਰਕਾਸ਼ਕਾਂ ਨੂੰ ਠੱਗ ਕਹਿੰਦੇ ਨੇ, ਪਰ ਇਹ ਤਾਂ ਮੰਨਣਾ ਪਊ, ਤਨੇਜਾ ਹੈ ਰੀਜ਼ਨੇਬਲ ਬੰਦਾ!"

ਫੋਨ ਦੀ ਘੰਟੀ ਬੱਜੀ। ਜਗਦੀਪ ਅਜੇ ਵੀ ਫੋਨ ਤੋਂ ਕੁਛ-ਕੁਛ ਝਿਜਕਦੀ, ਪਤਾ ਨਹੀਂ ਕਿਸ ਦਾ ਹੋਵੇ ਤੇ ਕੋਈ ਕੀ ਕਹੇ! ਲੇਖਕਾਂ ਤੇ ਪਾਠਕਾਂ ਨੂੰ ਮਿਲਣਾ ਹੋਰ ਗੱਲ ਸੀ। ਮੂੰਹ ਉੱਤੇ ਚੁਭਵੀਂ ਗੱਲ ਕਰਨ ਦੀ ਹਿੰਮਤ ਕਿਸ ਵਿਚ ਹੁੰਦੀ ਹੈ! ਚੋਂਗਾ ਚੁੱਕ ਕੇ ਉਹ ਚੁੱਪ ਕਰ ਰਹਿੰਦੀ, ਦੂਜੇ ਦੀ ਗੱਲ ਵੀ ਸੁਣੀ ਜਾ ਸਕੇ ਤੇ ਆਵਾਜ਼ ਵੀ ਪਛਾਣੀ ਜਾ ਸਕੇ। ਦੂਜੇ ਪਾਸੇ ਹਿਤੈਸ਼ੀ ਜੀ ਸਨ, "ਜਗਦੀਪ ਜੀ, ਹੁਣ ਤਾਂ ਸਭ ਤੁਹਾਡੀ ਇੱਛਾ ਅਨੁਸਾਰ ਹੋ ਗਿਆ, ਸੁੱਖ ਨਾਲ ਤੁਸੀਂ ਹੋ ਤੇ ਤੁਹਾਡਾ ਸਾਹਿਤ ਹੈ। ਜੇ ਠੀਕ ਸਮਝੋਂ, 'ਹਿਤੈਸ਼ੀ' ਦਾ ਮੈਟਰ ਭੇਜਣਾ ਸ਼ੁਰੂ ਕਰ ਦੇਵਾਂ?"

"ਹਿਤੈਸ਼ੀ ਜੀ, ਮੈਨੂੰ ਥੋੜ੍ਹਾ ਸੋਚਣ ਦਾ ਮੌਕਾ ਦਿਉ। ਦੋ ਕੁ ਦਿਨ ਤੱਕ ਦਸਦੀ ਹਾਂ ਤੁਹਾਨੂੰ।" ਫ਼ੋਨ ਰੱਖ ਕੇ ਉਹ ਸੋਚਣ ਲੱਗੀ, ਕੰਮ ਬਹੁਤਾ ਹੈ ਤੇ ਪੈਸੇ ਥੋੜ੍ਹੇ ਹਨ। ਇਸ਼ਤਿਹਾਰਾਂ ਤੋਂ ਬਿਨਾਂ ਚੰਦਿਆਂ ਨਾਲ ਚਲਦੇ ਪੰਜਾਬੀ ਰਸਾਲੇ ਹੋਰ ਦੇ ਵੀ ਕੀ ਸਕਦੇ ਹਨ। ਕਿਉਂ ਨਾ ਉਹ ਸਮਾਂ, ਉਹ ਮਿਹਨਤ, ਉਹ ਜਤਨ ਸਭ ਆਪਣੇ ਸਾਹਿਤ ਦੇ ਲੇਖੇ ਲਾਏ ਜਾਣ! ਕੁਛ ਨਵਾਂ ਲਿਖਣਾ, ਲਿਖੇ ਨੂੰ ਪ੍ਰਕਾਸ਼ਿਤ ਕਰਵਾਉਣਾ ਅਤੇ ਪ੍ਰਕਾਸ਼ਿਤ ਹੋਏ ਦਾ ਅਨੁਵਾਦ ਕਰਵਾਉਣਾ, ਇਹ ਚੌਵੀ ਘੰਟੇ ਧਿਆਨ ਲੋੜਦੇ ਕੰਮ ਹਨ। ਹਿੰਦੀ ਦਾ ਪਾਠਕ ਵਰਗ ਵੱਡਾ ਹੋਣ ਕਰਕੇ ਖ਼ਤ ਤੇ ਫੋਨ ਵੀ ਪੰਜਾਬੀ ਨਾਲੋਂ ਕੁਛ ਵੱਧ ਹੀ ਆ ਰਹੇ ਸਨ। ਇਕ ਹਿੰਦੀ ਸਦਕਾ ਹੀ ਉਹ ਵੱਧ ਪਾਠਕਾਂ ਤੱਕ ਪੁੱਜ ਸਕੀ ਹੈ, ਜਦੋਂ ਹਿੰਦੀ ਤੋਂ ਅੱਗੇ ਹੋਰ ਜ਼ਬਾਨਾਂ ਵਿਚ ਅਨੁਵਾਦ ਹੋਇਆ, ਉਸ ਦੀ ਹਰਮਨਪਿਆਰਤਾ ਦਾ ਤਾਂ ਕੋਈ ਹੱਦ-ਬੰਨਾ ਹੀ ਨਹੀਂ ਰਹਿਣਾ!

ਅਚਾਨਕ ਫੁਰਨਾ ਫੁਰਿਆ, ਕਿਉਂ ਨਾ ਆਪ ਰਸਾਲਾ ਸ਼ੁਰੂ ਕੀਤਾ ਜਾਵੇ! ਆਪਣੇ ਸੱਜਰੇ ਸਾਹਿਤ ਨੂੰ ਪਾਠਕਾਂ ਤੱਕ ਪੁਜਦਾ ਕਰਨ ਦਾ ਉਹ ਇਕ-ਮਾਤਰ ਵਸੀਲਾ ਬਣਾਇਆ ਜਾਵੇ। ਆਪਣੀ ਰਚਨਾ ਹੋਰ ਕਿਤੇ ਘੱਟ ਹੀ ਭੇਜੀ ਜਾਵੇ। ਇਉਂ ਮੈਨੂੰ ਪੜ੍ਹਨ ਦੇ ਚਾਹਵਾਨ ਪਾਠਕ ਰਸਾਲੇ ਨਾਲ ਤੇ ਮੇਰੇ ਨਾਲ ਵੱਧ ਤੋਂ ਵੱਧ ਜੁੜ ਸਕਣਗੇ। ਉਹ ਮੇਰੀਆਂ ਪੁਸਤਕਾਂ ਦੇ ਵੀ ਖ਼ਰੀਦਾਰ ਬਣਨਗੇ। ਰਸਾਲਾ ਆਪਣਾ ਹੋਵੇ ਤਾਂ ਆਪਣੀਆਂ ਰਚਨਾਵਾਂ ਛਾਪਣ ਤੋਂ ਇਲਾਵਾ ਉਸ ਵਿਚ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਛਪੀਆਂ ਆਪਣੀਆਂ ਪੁਸਤਕਾਂ ਦਾ ਵਧੀਆ ਪਰਚਾਰ ਵੀ ਹੋ ਸਕੇਗਾ ਤੇ ਆਪਣੇ ਸਾਹਿਤ ਸੰਬੰਧੀ ਵਾਪਰਨ ਵਾਲਾ ਹੋਰ ਸਭ ਕੁਛ ਵੀ ਦੱਸਿਆ ਜਾ ਸਕੇਗਾ। ਹੌਲ਼ੀ ਹੌਲ਼ੀ ਮੇਰੇ ਵਿਚਾਰਾਂ ਨੂੰ ਸੁਣਨ ਵਾਲੇ, ਮੇਰੇ ਮੱਤ ਨੂੰ ਮੰਨਣ ਵਾਲੇ, ਮੇਰਾ ਪੱਖ ਪੂਰਨ ਵਾਲੇ ਲੇਖਕਾਂ ਤੇ ਪਾਠਕਾਂ ਦਾ ਵੱਡਾ ਸਮੂਹ ਪੈਦਾ ਹੋ ਜਾਵੇਗਾ!

ਸ਼ਾਮ ਨੂੰ ਦਫ਼ਤਰੋਂ ਮੁੜਦਾ ਹਰਵਿੰਦਰ ਆਇਆ ਤਾਂ ਉਸ ਨਾਲ ਗੱਲ ਸਾਂਝੀ ਕੀਤੀ। ਉਹ ਸਹਿਮਤ ਹੀ ਨਾ ਹੋਇਆ ਸਗੋਂ ਬਾਗੋਬਾਗ ਹੋ ਗਿਆ, "ਦੀਦੀ, ਤੁਸੀਂ ਸੱਚ ਨਹੀਂ ਮੰਨਣਾ, ਇਹ ਗੱਲ ਮੇਰੇ ਮਨ ਵਿਚ ਵੀ ਆਈ ਸੀ। ਤੁਹਾਡੇ ਨਾਲ ਸਾਂਝੀ ਕਰਨੋਂ ਇਸ ਲਈ ਝਿਜਕ ਗਿਆ, ਤੁਸੀਂ ਗੱਲ ਮਖੌਲ ਵਿਚ ਪਾ ਲੈਣੀ ਸੀ। ਤੁਸੀਂ ਝਿੜਕ ਕੇ ਕਹਿਣਾ ਸੀ, ਕਵਿਤਾ ਕਰਨੀ ਬੰਦ ਕਰ!"

"ਵਿੰਦੀ, ਚੱਲ ਪਏਗਾ ਆਪਣਾ ਰਸਾਲਾ? ਖਰੀਦਣਗੇ ਲੋਕ? ਕਿਤੇ ਮਾਰ ਹੀ ਨਾ ਖਾ ਜਾਈਏ?" ਜਗਦੀਪ ਨੇ ਦੁਬਿਧਾ ਸਾਂਝੀ ਕੀਤੀ।

"ਦੀਦੀ, ਨਾ ਚੱਲਣ ਦਾ ਸਵਾਲ ਹੀ ਨਹੀਂ। ਪਾਠਕ ਹੀ ਨਹੀਂ, ਲੇਖਕ ਵੀ ਭੱਜ ਕੇ ਖਰੀਦਣਗੇ। ਦੀਦੀ, ਤੁਹਾਡਾ ਨਾਂ ਪੰਜਾਬੀ ਸਾਹਿਤ ਵਿਚ ਬਰਾਂਡ ਬਣ ਗਿਆ ਹੈ। ਤੁਹਾਡੀਆਂ ਲਿਖਤਾਂ ਨੂੰ ਲੋਕ ਉਡੀਕਦੇ ਤਾਂ ਪਹਿਲਾਂ ਹੀ ਹਨ, ਰਸਾਲੇ ਦਾ ਸਮੇਂ-ਸਿਰ ਨਿੱਕਲਣਾ ਉਹਨਾਂ ਨੂੰ ਤੁਹਾਡੀਆਂ ਲਿਖਤਾਂ ਦੀ ਲਗਾਤਾਰ ਪਿਆਸ ਲਾਈ ਰੱਖੇਗਾ। ਇਕ ਅੰਕ ਪੜ੍ਹ ਕੇ ਉਹ ਦੂਜਾ ਉਡੀਕਣ ਲੱਗ ਜਾਇਆ ਕਰਨਗੇ।"

"ਵਿੰਦੀ, ਤੂੰ ਏਨਾ ਆਸ਼ਾਵਾਦੀ ਏਂ, ਤੇਰੀ ਗੱਲ ਚੰਗੀ ਤਾਂ ਲਗਦੀ ਹੈ ਪਰ ਮੰਨਣ ਲੱਗਿਆਂ ਡਰਦੀ ਵੀ ਹਾਂ। ਪਤਾ ਨਹੀਂ, ਤੇਰੀ ਗੱਲ ਵਿਚ ਆਸ਼ਾਵਾਦ ਕਿੰਨਾ ਹੁੰਦਾ ਹੈ ਤੇ ਸੱਚ ਕਿੰਨਾ।"

"ਨਹੀਂ ਦੀਦੀ, ਇਹ ਆਸ਼ਾਵਾਦ ਨਹੀਂ, ਨਿਰੋਲ ਸੱਚ ਹੈ। ਬੱਸ ਸਾਨੂੰ ਕੁਛ ਵੱਖਰਾ ਕਰਨਾ ਪਵੇਗਾ।"

"ਵੱਖਰਾ ਕੀ? ਹੋਰ ਰਸਾਲਿਆਂ ਨਾਲੋਂ ਅਲੋਕਾਰ ਗੱਲ ਅਸੀਂ ਕੀ ਕਰ ਸਕਦੇ ਹਾਂ? ਕਾਗ਼ਜ਼ ਉੱਤੇ ਲਿਖਤਾਂ ਹੀ ਛਾਪਣੀਆਂ ਹੁੰਦੀਆਂ ਨੇ।"

"ਨਹੀਂ ਦੀਦੀ, ਗੱਲ ਸਿਰਫ਼ ਏਨੀ ਨਹੀਂ ਹੁੰਦੀ।... ਸਾਡੇ ਦਫ਼ਤਰ ਤਾਂ ਅੰਗਰੇਜ਼ੀ, ਹਿੰਦੀ, ਉਰਦੂ ਵਗ਼ੈਰਾ ਦੇ ਅਨੇਕ ਰਸਾਲੇ ਆਉਂਦੇ ਨੇ, ਉਹਨਾਂ ਵਿਚੋਂ ਕਿਸੇ ਦੀ ਕੋਈ ਤੇ ਕਿਸੇ ਦੀ ਕੋਈ ਗੱਲ ਜ਼ਰੂਰ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ। ਇਹੋ ਵਖਰੱਤ ਉਸ ਦੀ ਖਿੱਚ ਦਾ ਕਾਰਨ ਬਣਦੀ ਹੈ। ਉਹਨਾਂ ਦੀਆਂ ਅਜਿਹੀਆਂ ਗੱਲਾਂ ਅਪਣਾ ਕੇ ਅਸੀਂ ਜ਼ਰੂਰ ਕੁਛ ਅਲੋਕਾਰ ਕਰ ਸਕਦੇ ਹਾਂ।"

"ਮੈਨੂੰ ਰਸਾਲਿਆਂ ਦੇ ਇਸ ਪੱਖ ਦਾ ਕੋਈ ਅਨੁਭਵ ਨਹੀਂ। ਤੇਰੇ ਖ਼ਿਆਲ ਵਿਚ ਸਾਨੂੰ ਕੀ ਵੱਖਰਾ ਕਰਨਾ ਚਾਹੀਦਾ ਹੈ?"

"ਉਹਨਾਂ ਸਾਰੇ ਰਸਾਲਿਆਂ ਬਾਰੇ ਸੋਚ ਕੇ ਕਈ ਗੱਲਾਂ ਮੇਰੇ ਮਨ ਵਿਚ ਆਉਂਦੀਆਂ ਤਾਂ ਹਨ ਪਰ ਮੈਨੂੰ ਕੁਛ ਦਿਨ ਦਿਉ। ਮੈਂ ਇਸ ਕੰਮ ਦੇ ਜਾਣਕਾਰ ਲੋਕਾਂ ਨਾਲ ਵਿਚਾਰ ਕਰ ਲਵਾਂ। ਸਭ ਪਹਿਲੂਆਂ ਬਾਰੇ ਉਹਨਾਂ ਨਾਲ ਚਰਚਾ ਕਰ ਲਵਾਂ। ਉਹ ਆਪਣੇ ਲਈ ਫ਼ਾਇਦੇਮੰਦ ਰਹੇਗੀ। ਪਹਿਲਾਂ ਹੀ ਹਰ ਗੱਲ ਬਾਰੇ ਸਪੱਸ਼ਟ ਹੋ ਜਾਣਾ ਚੰਗਾ।"

"ਬਿਲਕੁਲ ਠੀਕ ਕਹਿੰਦਾ ਹੈਂ ਤੂੰ ਵਿੰਦੀ", ਜਗਦੀਪ ਸਹਿਮਤ ਹੋਈ, "ਦਿਨ ਕੀ, ਆਪਾਂ ਤਿਆਰੀ ਲਈ ਹਫ਼ਤੇ ਲਾ ਸਕਦੇ ਹਾਂ।"

ਉਹ ਤਿੰਨ-ਚਾਰ ਦਿਨਾਂ ਮਗਰੋਂ ਆਇਆ ਤਾਂ ਕਈ ਸੁਝਾਵਾਂ ਨਾਲ ਲੈਸ ਸੀ, "ਦੀਦੀ, ਸਿਆਣੇ ਮਿੱਤਰਾਂ ਦੀ ਰਾਇ ਹੈ ਕਿ ਭਾਵੇਂ ਰਸਾਲੇ ਦੀ ਮੁੱਖ ਟੇਕ ਉਸ ਵਿਚ ਛਪੀਆਂ ਹੋਈਆਂ ਲਿਖਤਾਂ ਹੁੰਦੀਆਂ ਨੇ ਪਰ ਲਿਖਤਾਂ ਤੱਕ ਤਾਂ ਕੋਈ ਤਦ ਹੀ ਪੁੱਜੇਗਾ ਜੇ ਉਹ ਰਸਾਲਾ ਖਰੀਦ ਕੇ ਖੋਲ੍ਹੇ-ਪੜ੍ਹੇਗਾ। ਇਸ ਖ਼ਾਤਰ ਜ਼ਰੂਰੀ ਹੈ ਕਿ ਪਹਿਲਾਂ ਉਹ ਪਾਠਕ ਦੀਆਂ ਨਜ਼ਰਾਂ ਖਿੱਚੇ। ਸਟਾਲ ਉੱਤੇ ਪਿਆ ਹੋਵੇ ਤਾਂ ਸਭ ਵਿਚੋਂ ਨਿਆਰਾ ਹੋਵੇ।..."

"ਇਹ ਤਾਂ ਮੈਂ ਵੀ ਸਮਝਦੀ ਹਾਂ", ਜਗਦੀਪ ਨੇ ਉਸ ਦੀ ਗੱਲ ਕੱਟੀ, "ਪਰ ਉਹ ਨਿਆਰਾਪਨ ਹੋਵੇ ਕੀ?"

"ਇਕ ਤਾਂ ਸਾਈਜ਼ ਸਭ ਪੰਜਾਬੀ ਰਸਾਲਿਆਂ ਨਾਲੋਂ ਵੱਖਰਾ ਹੋਵੇ ਪਰ ਉਹਨਾਂ ਨਾਲੋਂ ਛੋਟਾ ਬਿਲਕੁਲ ਨਹੀਂ। ਮਿਸਾਲ ਵਜੋਂ ਉਹਨਾਂ ਨਾਲੋਂ ਥੋੜ੍ਹਾ ਘੱਟ ਚੌੜਾ, ਵੱਧ ਲੰਮਾ ਵਧੀਆ ਰਹਿ ਸਕਦਾ ਹੈ। ਦੂਜੇ, ਕਾਗ਼ਜ਼ ਵੀ ਵੱਖਰੀ ਭਾਂਤ ਦਾ ਹੋਵੇ ਜੋ ਕੋਈ ਪੰਜਾਬੀ ਰਸਾਲਾ ਨਾ ਵਰਤਦਾ ਹੋਵੇ। ਮਤਲਬ ਉਹ ਆਮ ਛਾਪੇ ਦੇ ਕੰਮ ਆਉਣ ਵਾਲਾ ਨਾ ਹੋਵੇ। ਜਿਵੇਂ ਇਕ ਰੰਗ ਵਾਲੀਆਂ ਸੈਂਕੜੇ ਆਮ ਪੱਗਾਂ ਵਿਚ ਚੀਰਾ ਝੱਟ ਧਿਆਨ ਖਿੱਚ ਲੈਂਦਾ ਹੈ। ਉਹ ਚਾਵੜੀ ਬਾਜ਼ਾਰ ਕਾਗ਼ਜ਼ਾਂ ਵਾਲਿਆਂ ਦੀਆਂ ਦੋ-ਚਾਰ ਵੱਡੀਆਂ ਦੁਕਾਨਾਂ ਘੁੰਮ ਕੇ ਪਤਾ ਲੱਗ ਜਾਵੇਗਾ।..."

"ਇਕ ਗੱਲ ਮੇਰੇ ਮਨ ਵਿਚ ਵੀ ਆਉਂਦੀ ਹੈ। ਰਸਾਲਾ ਕਿਸੇ ਨੂੰ ਵੀ ਮੁਫ਼ਤ ਨਾ ਦਿੱਤਾ ਜਾਵੇ। ਸਗੋਂ ਇਹ ਪਰਚਾਰ ਕਰੀਏ ਕਿ ਮੈਂ ਆਪ ਵੀ ਛਪ ਕੇ ਆਇਆ ਰਸਾਲਾ ਖੋਲ੍ਹ ਕੇ ਦੇਖਣ ਤੋਂ ਪਹਿਲਾਂ ਉਸ ਦਾ ਹਿਸਾਬ-ਕਿਤਾਬ ਵੱਖਰਾ ਰੱਖਣ ਲਈ ਲਾਈ ਗਈ ਬੁਘਣੀ ਵਿਚ ਪੂਰਾ ਛਪਿਆ ਮੁੱਲ ਪਾਉਂਦੀ ਹਾਂ, ਤਦ ਹੀ ਰਸਾਲਾ ਖੋਲ੍ਹਦੀ ਹਾਂ। ਇਉਂ ਲੋਕਾਂ ਦੀਆਂ ਨਜ਼ਰਾਂ ਵਿਚ ਰਸਾਲੇ ਦਾ ਵਕਾਰ ਵੀ ਵਧੇਗਾ, ਉਸ ਬਾਰੇ ਰੁਮਾਂਸ ਤੇ ਰਹੱਸ ਵੀ ਪੈਦਾ ਹੋਵੇਗਾ ਜੋ ਖਿੱਚ ਦਾ ਕਾਰਨ ਬਣੇਗਾ।"

"ਇਸ ਰੁਮਾਂਚਿਕਤਾ ਵਿਚ ਹੋਰ ਗੱਲਾਂ ਵੀ ਜੋੜੀਆਂ ਜਾ ਸਕਦੀਆਂ ਨੇ, ਦੀਦੀ, ਜਿਵੇਂ ਰਚਨਾ ਹੋਰ ਕਿਤੇ ਛਪਣ ਲਈ ਨਾ ਭੇਜੀ ਜਾਵੇ, ਯਾਨੀ ਸਾਨੂੰ ਭੇਜੀ ਰਚਨਾ ਬੱਸ ਸਾਡੀ ਹੀ ਹੋਵੇ। ਪੰਜਾਬੀ ਅਖ਼ਬਾਰ-ਰਸਾਲੇ ਅਜੇ ਵੀ ਇਕ ਦੂਜੇ ਦੀਆਂ ਛਾਪੀਆਂ ਚੀਜ਼ਾਂ ਛਾਪੀ ਜਾਂਦੇ ਨੇ। ਇਉਂ ਸਾਡੇ ਰਸਾਲੇ ਦੇ ਖਾਸ ਹੋਣ ਦਾ ਪ੍ਰਭਾਵ ਪਵੇਗਾ। ਇਹ ਵੀ ਕਿ ਸਾਲ ਮਗਰੋਂ ਚੋਣਵੀਆਂ ਰਚਨਾਵਾਂ ਦੀ ਪੁਸਤਕ ਛਪਿਆ ਕਰੇਗੀ। ਇਹ ਗੱਲ ਚੰਗੀਆਂ ਰਚਨਾਵਾਂ ਭੇਜਣ ਦੀ ਪ੍ਰੇਰਨਾ ਬਣੇਗੀ।"

"ਵਿੰਦੀ, ਜਦੋਂ ਰਸਾਲੇ ਬਾਰੇ ਸੋਚਦੀ ਹਾਂ, ਡਰ ਵੀ ਲਗਦਾ ਹੈ। ਇਹ ਬੱਚਿਆਂ ਦੀ ਖੇਡ ਨਹੀਂ, ਬਹੁਤ ਵੱਡਾ ਕੰਮ ਹੈ, ਖਿਲਾਰੇ ਵਾਲਾ ਜਿਸਦੇ ਸਾਹਿਤ ਤੋਂ ਇਲਾਵਾ ਵੀ ਕਈ ਪੱਖ ਨੇ ਜੋ ਝੰਜਟ ਬਣ ਸਕਦੇ ਨੇ। ਫੇਰ ਇਹ ਨਹੀਂ ਹੋਣਾ, ਦੀਦੀ ਨੂੰ ਤੇਰੇ ਦਰਸ਼ਨ ਹਫ਼ਤੇ, ਦਸੀਂ ਦਿਨੀਂ ਹੋਇਆ ਕਰਨ। ਹਰ ਰੋਜ਼ ਦਫ਼ਤਰੋਂ ਸਿੱਧਾ ਐਧਰ ਆਉਣਾ ਪਵੇਗਾ ਤੇ ਸਮਾਂ ਦੇਣਾ ਪਵੇਗਾ।"

"ਦੀਦੀ, ਮੈਂ ਅੱਗੇ ਤੁਹਾਡੇ ਕਿਸੇ ਕੰਮ ਤੋਂ ਭੱਜਿਆ ਹਾਂ?"

"ਨਹੀਂ, ਵਿੰਦੀ। ਇਸ ਦਾ ਤਾਂ ਮੈਨੂੰ ਮਾਣ ਹੈ!... ਪਰ ਸਭ ਤੋਂ ਬਹੁਤਾ ਡਰ ਮੈਨੂੰ ਰਚਨਾਵਾਂ ਭੇਜਣ ਵਾਲਿਆਂ ਨਾਲ ਚਿੱਠੀ-ਪੱਤਰ ਤੋਂ ਲਗਦਾ ਹੈ। ਕਿਤੇ ਕਲਰਕ ਬਣ ਕੇ ਹੀ ਨਾ ਰਹਿ ਜਾਈਏ, ਆਪਣਾ ਲਿਖਣ-ਪੜ੍ਹਨ ਦਾ ਸਮਾਂ ਹੀ ਨਾ ਬਚੇ!"

"ਇਸ ਪੱਖੋਂ ਵੀ ਅਸੀਂ ਆਮ ਪੰਜਾਬੀ ਰਸਾਲਿਆਂ ਤੋਂ ਹਟ ਕੇ ਰੀਤ ਚਲਾਵਾਂਗੇ। ਅਸੀਂ ਰਸਾਲੇ ਵਿਚ ਇਹ ਲਿਖਾਂਗੇ, ਛਪਣਜੋਗ ਰਚਨਾ ਦੀ ਸੂਚਨਾ ਪੰਦਰਾਂ ਦਿਨਾਂ ਵਿਚ ਦੇ ਦਿੱਤੀ ਜਾਵੇਗੀ। ਜੋ ਰਚਨਾਵਾਂ ਛਪਣਜੋਗ ਨਹੀਂ ਹੋਣਗੀਆਂ, ਉਹ ਅਸੀਂ ਟਿਕਟ ਲੱਗਿਆ ਲਫ਼ਾਫ਼ਾ ਆਏ ਤੋਂ ਵੀ ਮੋੜਾਂਗੇ ਨਹੀਂ, ਤੁਸੀਂ ਹੋਰ ਕਿਤੇ ਛਪਵਾਉਣ ਲਈ ਕਾਪੀ ਪਹਿਲਾਂ ਹੀ ਆਪਣੇ ਕੋਲ ਰੱਖੋ।"

"ਐਹ ਗੱਲ ਵਧੀਆ ਹੈ, ਵਿੰਦੀ, ਬੱਸ ਹੁਣ ਤੂੰ ਦਿਨ-ਰਾਤ ਰਸਾਲੇ ਬਾਰੇ ਸੋਚਣਾ ਸ਼ੁਰੂ ਕਰ ਦੇ।... ਪਰ ਰਸਾਲਾ ਨਿੱਕਲਣ ਦੀ ਸ਼ੁਰੂਆਤੀ ਜਾਣਕਾਰੀ ਲੋਕਾਂ ਨੂੰ ਕਿਵੇਂ ਦੇਵਾਂਗੇ?"

"ਇਕ ਤਾਂ ਕੌਫ਼ੀ ਹਾਊਸ ਹੈ, ਲੇਖਕਾਂ-ਪਾਠਕਾਂ ਦੀ ਸੱਥ। ਉਥੇ, ਤੁਹਾਨੂੰ ਪਤਾ ਹੀ ਹੈ, ਮੈਂ ਜਾਂਦਾ ਹੀ ਹਾਂ। ਸੱਥ ਵਿਚ ਕੀਤੀ ਗੱਲ ਇਕਦਮ ਦੂਰ-ਦੂਰ ਫ਼ੈਲ ਜਾਂਦੀ ਹੈ। ਪੰਜਾਬੋਂ ਕਿਸੇ ਕੰਮ ਦਿੱਲੀ ਆਏ ਲੇਖਕ ਵੀ ਉਥੇ ਜ਼ਰੂਰ ਆਉਂਦੇ ਨੇ। ਪੰਜਾਬੀ ਅਖ਼ਬਾਰਾਂ ਵਿਚ ਖ਼ਬਰ ਛਪਵਾਵਾਂਗੇ। ਰੀਵਿਊ ਕਰਵਾਵਾਂਗੇ। ਰਸਾਲਾ ਨਿੱਕਲੇ ਸਹੀ, ਗੱਲ ਤਾਂ ਮੂੰਹੋਂ-ਮੂੰਹ ਬਥੇਰੀ ਫੈਲ ਜਾਵੇਗੀ। ਜਗਦੀਪ ਦਾ ਰਸਾਲਾ ਹੈ, ਦੀਦੀ, ਕੋਈ ਮਖੌਲ ਨਹੀਂ! ਤਹਿਲਕਾ ਮੱਚ ਜਾਵੇਗਾ, ਤੁਸੀਂ ਚਿੰਤਾ ਹੀ ਨਾ ਕਰੋ!"

"ਹਾਂ, ਤੇਰਾ ਸੋਚਣਾ ਲਗਦਾ ਤਾਂ ਠੀਕ ਹੈ।... ਪਰ ਅਸੀਂ ਬੁਰਜ ਉਸਾਰਨ ਦੀਆਂ ਸਲਾਹਾਂ ਤਾਂ ਕਰੀ ਜਾਂਦੇ ਹਾਂ, ਨੀਂਹ ਬਾਰੇ ਸੋਚਿਆ ਹੀ ਨਹੀਂ। ਮੇਰਾ ਭਾਵ ਹੈ, ਰਸਾਲੇ ਦਾ ਨਾਂ ਕੀ ਹੋਵੇ?"

"ਇਸ ਵਿਚ ਕਾਹਲ ਨਹੀਂ ਕਰਨੀ, ਨਾਂ ਬਹੁਤ ਸੋਚ ਕੇ ਰੱਖਾਂਗੇ, ਦੀਦੀ, ਕੋਈ ਅਲੋਕਾਰ ਜਿਹਾ, ਕੋਈ ਸਾਹਿਤਕ ਜਿਹਾ, ਕੋਈ ਕਲਾਤਮਕ ਜਿਹਾ! ਹੁਣ ਮੇਰਾ ਧਿਆਨ ਤਾਂ ਇਧਰ ਹੀ ਰਹੇਗਾ। ਤੁਸੀਂ ਵੀ ਸੋਚਦੇ ਰਿਹਾ ਕਰੋ, ਹੋਰ-ਹੋਰ ਨਾਂ, ਹੋਰ-ਹੋਰ ਪਹਿਲੂ।"

ਅਗਲੇ ਦਿਨ ਹਰਵਿੰਦਰ ਆਇਆ ਤਾਂ ਕਹਿੰਦਾ, "ਦੀਦੀ, ਮੈਂ ਰਾਤ ਬੜਾ ਚਿਰਾਕਾ ਸੁੱਤਾ। ਨੀਂਦ ਹੀ ਨਹੀਂ ਆਈ। ਰਸਾਲੇ ਬਾਰੇ ਹੀ ਸੋਚਦਾ ਰਿਹਾ। ਨਾਂ ਦਾ ਤਾਂ ਕੋਈ ਮਸਲਾ ਹੀ ਨਾ ਰਿਹਾ, ਮੇਰੇ ਖ਼ਿਆਲ ਤਾਂ ਹੋਰ ਹੀ ਪਾਸੇ ਉਲਝ ਗਏ ਜੋ ਸਾਡੇ ਯਾਦ ਹੀ ਨਹੀਂ ਸੀ ਆਇਆ।"

"ਤੇਰੇ ਖ਼ਿਆਲ ਕਿਧਰੇ ਨਾ ਕਿਧਰੇ ਉਲਝਦੇ ਹੀ ਰਹਿੰਦੇ ਨੇ, ਵਿੰਦੀ। ਹੁਣ ਕੀ ਕਹਿੰਦੇ ਨੇ ਤੇਰੇ ਖ਼ਿਆਲ?"

"ਦੀਦੀ, ਅਸੀਂ ਰਸਾਲੇ ਦੀ ਰੂਪਕਾਰੀ ਦਾ, ਮਤਲਬ ਕਲਾਕਾਰੀ ਸਜਾਵਟ ਦਾ ਤਾਂ ਸੋਚਿਆ ਹੀ ਨਹੀਂ! ਹਿੰਦੀ-ਉਰਦੂ ਰਸਾਲਿਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਇਹ ਰੀਤ ਹਿਤੈਸ਼ੀ ਜੀ ਨੂੰ ਪ੍ਰੇਰ ਕੇ ਤੁਸੀਂ ਹੀ ਚਲਾਈ। ਹੁਣ ਤੁਹਾਡੇ ਰਸਾਲੇ ਦੀ ਹੀ ਰੂਪਕਾਰੀ ਨਾ ਹੋਵੇ, ਅਜੀਬ ਨਹੀਂ ਲਗਦਾ ਇਹ? ਨਾਲੇ ਦੀਦੀ, ਸਾਰੇ ਰਸਾਲਿਆਂ ਵਿਚੋਂ ਮਿਆਰ ਤੇ ਲੇਖਕਾਂ ਦੇ ਪਿਆਰ ਦੇ ਪੱਖੋਂ ਸਾਡੀ ਸ਼ਰੀਕੇਬਾਜ਼ੀ 'ਹਿਤੈਸ਼ੀ' ਨਾਲ ਹੀ ਹੋਵੇਗੀ। ਲੇਖਕ 'ਹਿਤੈਸ਼ੀ' ਜ਼ਰੂਰ ਪੜ੍ਹਦੇ ਨੇ ਤੇ ਆਪਣੀਆਂ ਬਿਹਤਰੀਨ ਰਚਨਾਵਾਂ ਉਸੇ ਵਿਚ ਛਪਣ ਲਈ ਭੇਜਦੇ ਨੇ। ਉਹਨਾਂ ਲੇਖਕਾਂ ਨੇ ਹੀ ਸਾਡੇ ਵੀ ਲੇਖਕ-ਪਾਠਕ ਬਣਨਾ ਹੈ। ਇਹ ਸਮਾਂ ਦੱਸੇਗਾ, ਕਿੰਨੇ ਲੇਖਕ ਦੋਵਾਂ ਰਸਾਲਿਆਂ ਨਾਲ ਜੁੜਦੇ ਨੇ ਤੇ ਕਿੰਨੇ 'ਹਿਤੈਸ਼ੀ' ਨੂੰ ਛੱਡ ਕੇ ਇਧਰ ਆਉਂਦੇ ਨੇ। ਰੂਪਕਾਰੀ ਨਾ ਹੋਵੇ, ਇਹ ਤਾਂ ਸੰਭਵ ਹੀ ਨਹੀਂ।"

"ਰੂਪਕਾਰੀ ਯਾਦ ਕਿਉਂ ਨਹੀਂ ਆਈ, ਵਿੰਦੀ, ਵਾਰ-ਵਾਰ ਧਿਆਨ ਵਿਚ ਆਉਂਦੀ ਹੈ", ਜਗਦੀਪ ਨੇ ਹੌਕਾ ਲਿਆ, "ਪਰ ਨਾਲ ਹੀ ਉਹ ਯਾਦ ਆਉਂਦਾ ਹੈ ਤੇ ਉਹਨੂੰ ਮੈਂ ਯਾਦ ਕਰਨਾ ਨਹੀਂ ਚਾਹੁੰਦੀ!" ਉਹ ਰੋਣਹਾਕੀ ਹੋ ਗਈ, "ਉਸ ਨੇ ਮੇਰਾ ਵਿਸ਼ਵਾਸ ਤੋੜਿਆ। ਇਕ ਵਾਰ ਵਿਸ਼ਵਾਸ ਤੋੜ ਚੁੱਕੇ ਬੰਦੇ ਉੱਤੇ ਦੁਬਾਰਾ ਵਿਸ਼ਵਾਸ ਮੈਂ ਨਹੀਂ ਕਰ ਸਕਦੀ।"

"ਛੋਟਾ ਮੂੰਹ, ਵੱਡੀ ਗੱਲ, ਦੀਦੀ, ਗੁੱਸਾ ਨਾ ਕਰਨਾ, ਕਈ ਵਾਰ ਤੁਸੀਂ ਬਿਲਕੁਲ ਬੱਚਿਆਂ ਵਾਲੀਆਂ ਗੱਲਾਂ ਕਰਦੇ ਹੋ, ਐਹ ਮੇਰੇ ਤੱਪੜ ਉੱਤੇ ਬੈਠ ਗਿਆ, ਐਹਨੇ ਮੇਰੀ ਸਿਆਹੀ ਵਿਚੋਂ ਡੋਬਾ ਲੈ ਲਿਆ, ਐਹਨੇ ਮੇਰੀ ਕਾਪੀ ਉੱਤੇ ਲਕੀਰ ਮਾਰ ਦਿੱਤੀ..."

"ਇਹ ਏਨੀ ਛੋਟੀ ਜਾਂ ਨਿਗੁਣੀ ਗੱਲ ਨਹੀਂ, ਵਿੰਦੀ!"

"ਤੁਸੀਂ ਸੋਚਿਆ ਵੀ ਹੈ, ਆਪਣੇ ਰਸਾਲੇ ਦੀ ਉਸ ਵਰਗੀ ਰੂਪਕਾਰੀ ਹੋਰ ਕਿਸੇ ਨੇ ਨਹੀਂ ਕਰ ਸਕਣੀ।"

ਜਗਦੀਪ ਨੇ ਮੁਸਕਰਾਹਟ ਵਿਚ ਤਨਜ਼ ਭਰੀ, "ਕਿਉਂ ਦਿੱਲੀ ਦੇ ਹੋਰ ਸਭ ਆਰਟਿਸਟ ਮਰ ਗਏ ਨੇ?"

"ਸਾਡੇ ਲਈ ਮਰੇ ਹੀ ਹੋਏ ਨੇ, ਦੀਦੀ। ਜਿਹੜੇ ਚੰਗੇ ਨੇ, ਤੁਹਾਡੇ ਰਸਾਲੇ ਦਾ ਸਾਰਾ ਬਜਟ ਇਕੱਲੀ ਰੂਪਕਾਰੀ ਲਈ ਲੈ ਕੇ ਵੀ ਉਹਨਾਂ ਨੇ ਰੱਜਣਾ ਨਹੀਂ। ਬਾਕੀ ਰਹੇ ਬਾਜ਼ਾਰਾਂ ਵਿਚ ਦੁਕਾਨਾਂ ਖੋਲ੍ਹੀਂ ਬੈਠੇ ਆਰਟਿਸਟ ਕਹਾਉਂਦੇ ਲੋਕ, ਉਹਨਾਂ ਦਾ ਹਾਲ 'ਚਿਰਾਗ਼' ਵਾਲੇ ਅਨਵਰ ਮੀਆਂ ਜੀ ਦੀਆਂ ਸੁਣਨ ਨੂੰ ਮਿਲਦੀਆਂ ਰਹੀਆਂ ਗੱਲਾਂ ਤੋਂ ਅਸੀਂ ਜਾਣਦੇ ਹੀ ਹਾਂ।..."

###

# ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ

## ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

ਸਾਰੇ ਸੰਸਾਰ ਨੂੰ ਜੀਵਨ ਸੇਧ ਦੇਣ ਵਾਲੇ ਗੁਰੂ ਨਾਨਕ ਸਾਹਿਬ ਤੁਲ ਕੋਈ ਹੋਰ ਨਹੀ ਹੈ। ਭਗਤਾਂ, ਗੁਰਮੁਖਾਂ ਹੀ ਨਹੀਂ ਪਾਪੀਆਂ, ਦੋਖੀਆਂ, ਅਗਿਆਨੀਆਂ, ਪਾਖੰਡੀਆਂ, ਠੱਗਾਂ ਨੂੰ ਵੀ ਸ਼ਰਨ ਦੇ ਉਨ੍ਹਾਂ ਦੇ ਪਾਪ ਬਖ਼ਸ਼ਣ ਵਾਲੇ ਤੇ ਸੰਸਾਰਕ ਬਿਖਾਂ ਤੋਂ ਉਬਾਰ ਲੈਣ ਵਾਲੇ ਗੁਰੂ ਨਾਨਕ ਸਾਹਿਬ ਦੀ ਮਹਿਮਾ ਅਕੱਥ ਹੈ। ਜੋ ਉਨ੍ਹਾਂ ਦੀ ਸ਼ਰਨ ਆਇਆ ਉਸ ਦਾ ਉਧਾਰ ਹੋ ਗਿਆ। ਭੁੱਲਿਆਂ ਨੂੰ ਗੁਰੂ ਸਾਹਿਬ ਨੇ ਆਪ ਮਿਹਰ ਕਰ ਬਖਸ਼ ਦਿੱਤਾ। ਜੋ ਗੁਰੂ ਨਾਨਕ ਸਾਹਿਬ ਦੀ ਉਸਤਤ ਕਰ ਰਿਹਾ ਹੈ, ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਰਿਹਾ ਹੈ, ਉਹ ਸਿੱਖ ਹੈ। ਜੋ ਉਨ੍ਹਾਂ ਤੋਂ ਬੇਮੁਖ ਹੈ ਗੁਰੂ ਨਾਨਕ ਸਾਹਿਬ ਉਸ ਨੂੰ ਵੀ ਪ੍ਰੇਰਿਤ ਕਰਨ ਲਈ ਆਵਾਜ਼ ਮਾਰ ਰਹੇ ਹਨ 'ਸੁਣਿ ਸੁਣਿ ਸਿਖ ਹਮਾਰੀ'। ਗੁਰੂ ਨਾਨਕ ਸਾਹਿਬ ਮਨੁੱਖ ਦੇ ਅੱਠੇ ਪਹਿਰ ਦੇ ਸੰਗੀ-ਸਹਾਈ ਹਨ। ਆਪ ਹਰ ਮਨੁੱਖ ਦੀ ਜੀਵਨ ਯਾਤਰਾ ਵਿਚ ਉਸ



ਡਾ. ਸਤਿੰਦਰ ਪਾਲ ਸਿੰਘ
akaalpurkh.7@gmail.com

ਦੇ ਨਾਲ ਕਦਮ ਮਿਲਾ ਕੇ ਚੱਲ ਰਹੇ ਹਨ। ਜਦੋਂ ਵੀ ਮਨੁੱਖ ਉਨ੍ਹਾਂ ਦਾ ਧਿਆਨ ਧਰੇ ਉਹ ਨੇੜੇ ਤੋਂ ਨੇੜੇ ਖੜੋਤੇ ਨਜ਼ਰ ਆਉਂਦੇ ਹਨ। ਭਾਈ ਗੁਰਦਾਸ ਜੀ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੀ ਸੱਤਾ ਸਦਾ ਕਾਇਮ ਰਹਿਣ ਵਾਲੀ ਤੇ ਪੂਰੀ ਤਰ੍ਹਾਂ ਅਡੋਲ ਹੈ। ਉਨ੍ਹਾਂ ਦੀ ਸੱਤਾ ਸਦਾ ਹੀ ਮੌਜੂਦ ਤੇ ਦ੍ਰਿਸ਼ਟੀਮਾਨ ਹੈ। ਗੁਰੂ ਨਾਨਕ ਸਾਹਿਬ ਚੰਦਨ ਦੇ ਬਿਰਖ ਦੀ ਤਰਹ ਹਨ। ਚੰਦਨ ਬਿਰਖ ਜਿੱਥੇ ਵੀ ਉਗਦਾ ਹੈ, ਆਪਣੀ ਸੁਗੰਧ ਨਾਲ ਆਸ-ਪਾਸ ਦੀਆਂ ਸਾਰੀਆਂ ਵਨਸਪਤੀਆਂ ਨੂੰ ਭਰਪੂਰ ਕਰ ਦਿੰਦਾ ਹੈ। ਇਵੇਂ ਹੀ ਗੁਰੂ ਨਾਨਕ ਸਾਹਿਬ ਦੀ ਸਰਬ-ਵਿਆਪੀ ਸੱਤਾ ਪੂਰੀ ਲੋਕਾਈ ਨੂੰ ਗੁਰਬਾਣੀ ਰਾਹੀਂ ਆਪਣੀ ਕਿਰਪਾ ਨਾਲ ਤਾਰਨ ਵਾਲੀ ਹੈ, ਇਸ ਵਿੱਚ ਕੋਈ ਭੇਦਭਾਵ ਨਹੀਂ।

ਸੰਸਾਰਕ ਮਨੁੱਖ ਗੁਰੂ ਨਾਨਕ ਸਾਹਿਬ ਨੂੰ ਉਨ੍ਹਾਂ ਦੇ ਪੁਰਬ 'ਤੇ ਯਾਦ ਕਰਦਾ ਹੈ। ਕੋਈ ਗੁਰਮੁਖ ਹਰ ਦਿਨ ਯਾਦ ਕਰਦਾ ਹੈ। ਪਰ ਗੁਰੂ ਨਾਨਕ ਸਾਹਿਬ ਆਪਣੇ ਜਨ ਨੂੰ ਅੱਠੇ ਪਹਿਰ ਯਾਦ ਰੱਖਦੇ ਹਨ। ਪਲ-ਪਲ ਉਸ ਦੀ ਸੰਭਾਲ ਕਰਦੇ ਹਨ। ਜੀਵਨ ਦੀ ਹਰ ਸਥਿਤੀ, ਹਰ ਸੁਖ-ਦੁਖ ਵਿਚ ਉਸ ਦੇ ਨਾਲ ਰਹਿੰਦਿਆਂ ਆਪਣੀ ਮਿਹਰ ਦੀ ਬਾਰਿਸ਼ ਕਰ ਰਹੇ ਹਨ। ਮਨੁੱਖ ਰਾਤ ਗੁਜ਼ਾਰ ਕੇ ਜਦੋਂ ਨੀਂਦ ਤੋਂ ਉੱਠਦਾ ਹੈ, ਗੁਰੂ ਨਾਨਕ ਸਾਹਿਬ ਉਸ ਦੀਆਂ ਨਜ਼ਰਾਂ ਦੇ ਸਾਹਮਣੇ, ਉਸ ਨੂੰ ਦੁਲਾਰਦੇ ਨਜ਼ਰ ਆਉਂਦੇ ਹਨ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'। ਮਨੁੱਖ ਦਾ ਜਾਗਣਾ ਤਾਂ ਹੀ ਲਾਭਦਾਇਕ ਹੈ ਜਦੋਂ ਉਹ ਆਪਣਾ ਸਮਾਂ ਪਰਮਾਤਮਾ ਦੀ ਭਗਤੀ ਵਿਚ, ਸ਼ੁਭ ਕਰਮ ਕਰਦਿਆਂ, ਸਹਿਜ, ਸੰਤੋਖ ਦੀ ਅਵਸਥਾ ਪਰਿਪੱਕ ਕਰਨ ਵਿਚ ਲਾਏ। ਭਾਈ ਗੁਰਦਾਸ ਜੀ ਕੁਰਬਾਨ ਜਾਂਦੇ ਉਨ੍ਹਾਂ ਗੁਰਸਿੱਖਾਂ ਤੋਂ ਜੋ ਰਾਤ ਦੇ ਅੰਤਿਮ ਪਹਿਰ 'ਚ ਉੱਠ ਜਾਂਦੇ ਹਨ ਤੇ ਪਰਮਾਤਮਾ ਦਾ ਨਾਮ ਜਪਦੇ ਹਨ। ਗੁਰੂ ਨਾਨਕ ਸਾਹਿਬ ਦੀ ਪ੍ਰੇਰਨਾ ਤੇ ਦਿਨ ਦੇ ਅੱਠੇ ਪਹਿਰ ਦਾ ਸਮਾਂ ਅੰਮ੍ਰਿਤ ਵੇਲਾ ਬਣਾਉਣ ਦੀ ਹੈ। ਆਪ ਨੇ ਵਚਨ ਕੀਤੇ ਕਿ ਮਨੁੱਖ ਦੇ ਮਨ ਅੰਦਰ ਪਰਮਾਤਮਾ ਦੀ ਭਗਤੀ ਦੀ ਭੁੱਖ ਪੈਦਾ ਹੋ ਜਾਏ। ਮਨ ਅੰਦਰ ਪਰਮਾਤਮਾ ਲਈ ਪ੍ਰੇਮ ਭਾਵਨਾ ਸਦਾ ਵਿਹਵਲ ਕਰਦੀ ਰਹੇ ਤਾਂ ਹੀ ਵਿਕਾਰਾਂ, ਪਾਪਾਂ, ਮਾਇਆ ਦੇ ਬਿਖ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਨੇ ਵਚਨ ਕੀਤੇ ਕਿ ਮਨ ਅੰਦਰ ਪਰਮਾਤਮਾ ਦੀ ਭਗਤੀ ਭਾਵਨਾ ਨਹੀਂ ਚੱਲ ਰਹੀ ਤਾਂ ਇਹ ਮਨੁੱਖ ਦੀ ਆਤਮਿਕ ਮੌਤ ਹੈ।

ਪਰਮਾਤਮਾ ਦਾ ਧਿਆਨ ਧਰਨਾ ਸਭ ਤੋਂ ਔਖਾ ਕੰਮ ਹੈ। ਮਨੁੱਖ ਦੀਆਂ ਅੱਖਾਂ ਖੁੱਲ੍ਹਦਿਆਂ ਹੀ ਕਈ ਸੰਸਾਰਿਕ ਰਸ, ਰੰਗ ਉਸ ਨੂੰ ਭਰਮਾਉਣ, ਲੁਭਾਉਣ, ਭਟਕਾਉਣ ਲਈ ਸ਼ੋਰ ਮਚਾਉਣ ਲੱਗਦੇ ਹਨ। ਗੁਰੂ ਨਾਨਕ ਸਾਹਿਬ ਇੱਥੇ ਵੀ ਉਸ ਨੂੰ ਬਚਾਉਣ ਲਈ ਹਾਜ਼ਰ-ਨਾਜ਼ਰ ਰਹਿੰਦੇ ਹਨ। ਮਨੁੱਖ ਦੀ ਧਨ, ਦੌਲਤ, ਜਾਇਦਾਦ ਉਸ ਨੂੰ ਆਪਣੇ ਮੋਹ ਵਿਚ ਬੰਨ੍ਹਣ ਲਈ ਤਿਆਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਕਿ ਹੋ ਸਕਦਾ ਹੈ ਕਿ ਮਨੁੱਖ ਦੇ ਮਹਿਲ ਮੋਤੀਆਂ ਨਾਲ ਉਸਾਰੇ ਗਏ ਹੋਣ, ਜਿਨ੍ਹਾਂ ਵਿਚ ਕੀਮਤੀ ਰਤਨ ਜੜੇ ਹੋਣ। ਹੋ ਸਕਦਾ ਹੈ ਕਿ ਉਸ ਦੇ ਮਹਿਲ ਨੂੰ ਚੰਦਨ ਨਾਲ ਲਿੱਪਿਆ ਗਿਆ ਹੋਵੇ ਤੇ ਫਰਸ਼ ਹੀਰੇ, ਲਾਲ ਰਤਨ ਨਾਲ ਜੜੇ ਹੋਣ। ਉਸ ਦੇ ਮਹਿਲ ਅੰਦਰ ਪਲੰਘ ਵੀ ਹੀਰਿਆਂ ਜੜੇ ਹੋਣ। ਉਸ ਦਾ ਤਨ ਅਪਾਰ ਰੂਪ-ਰੰਗ ਦਾ ਮੁਜੱਸਮਾ ਹੋਵੇ। ਪਰ ਉਸ ਨੂੰ ਸੁਚੇਤ ਰਹਿਣਾ ਚਾਹੀਦੇ ਕਿ ਇਸ ਸ਼ੋਭਾ ਵਿਚ ਰਮ ਕੇ ਕਿਤੇ ਪਰਮਾਤਮਾ ਦਾ ਨਾਮ ਨਾ ਵਿਸਰ ਜਾਏ। ਹੋ ਸਕਦਾ ਹੈ ਕੋਈ ਬਹੁਤ ਵੱਡਾ ਸਾਧਕ, ਜਤੀ, ਤਪੀ ਹੋਵੇ ਜਿਸ ਨੇ ਕਈ ਰਿੱਧੀਆਂ, ਸਿੱਧੀਆਂ ਪ੍ਰਾਪਤ ਕਰ ਲਈਆਂ ਹੋਣ ਤੇ ਆਪਣੀ ਇੱਛਾ ਨਾਲ ਅਲੋਪ ਜਾਂ ਪਰਗਟ ਹੋਣ ਦੀ ਸ਼ਕਤੀ ਵੀ ਹਾਸਿਲ ਕਰ ਲਵੇ। ਪਰਮਾਤਮਾ ਨੂੰ ਵਿਸਾਰ ਦੇਣਾ ਉਸ ਦੇ ਵੀ ਹਿਤ 'ਚ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਅੱਗੇ ਵਚਨ ਕੀਤੇ ਕਿ ਹੋ ਸਕਦਾ ਹੈ ਕਿ ਕੋਈ ਬਹੁਤ ਵੱਡਾ ਰਾਜ ਪਾਟ ਪ੍ਰਾਪਤ ਕਰ ਲਵੇ ਤੇ ਵੱਡੀਆਂ ਰਾਜਸੀ ਸ਼ਕਤੀਆਂ ਦਾ ਮਾਲਿਕ ਬਣ ਜਾਏ। ਉਸ ਨੂੰ ਵੀ ਕਦੇ ਪਰਮਾਤਮਾ ਦੀ ਹੋਂਦ, ਉਸ ਦੀ ਭਗਤੀ ਨੂੰ ਭੁੱਲਣਾ ਨਹੀਂ ਚਾਹੀਦਾ। ਗੁਰੂ ਨਾਨਕ ਸਾਹਿਬ ਨੇ ਇਸ ਤਰਹ ਮੁੱਖ ਰੂਪ ਵਿਚ ਧਨ ਸ਼ਕਤੀ, ਧਰਮ ਸ਼ਕਤੀ ਤੇ ਰਾਜਸੀ ਸ਼ਕਤੀ ਦੀ ਪਛਾਣ ਕੀਤੀ ਜੋ ਕਿਸੇ ਵੀ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਕਰ ਸਕਦੀਆਂ ਹਨ। ਮੋਟੇ ਤੌਰ 'ਤੇ ਇਹੋ ਸ਼ਕਤੀਆਂ ਹੀ ਮਨੁੱਖ ਅੰਦਰ ਹੰਕਾਰ ਤੇ ਹੋਰ ਵਿਕਾਰ ਪੈਦਾ ਕਰਨ ਦਾ ਕਾਰਨ ਬਣਦੀਆਂ ਹਨ। ਮਨੁੱਖ ਇਨ੍ਹਾਂ ਕਾਰਨ ਹੀ ਵੈਰ ਵਿਰੋਧ, ਈਰਖਾ, ਨਿੰਦਿਆ, ਫਰੇਬ ਦਾ ਸ਼ਿਕਾਰ ਬਣਦਾ ਹੈ। ਪਰਮਾਤਮਾ ਨੂੰ ਵਿਸਾਰ ਕੇ ਮਨੁੱਖ ਆਪਣੇ ਜੀਵਨ ਦਾ ਵਧੇਰਾ ਸਮਾਂ ਧਨ ਸ਼ਕਤੀ, ਧਰਮ ਸ਼ਕਤੀ, ਰਾਜਸੀ ਸ਼ਕਤੀ ਦੇ ਕਿਸੇ ਨਾ ਕਿਸੇ ਰੂਪ ਦੇ ਮੋਹ ਵਿਚ ਹੀ ਬਤੀਤ ਕਰਦਾ ਹੈ। ਇਹੋ ਉਸ ਦੇ ਦੁੱਖਾਂ ਦੇ ਮੂਲ ਕਾਰਨ ਹਨ। ਹਰ ਯੁਗ ਵਿਚ ਮਨੁੱਖੀ ਜੀਵਨ ਇਨ੍ਹਾਂ ਤਿੰਨ ਤ੍ਰਿਸ਼ਨਾਵਾਂ ਦੇ ਇਰਦ-ਗਿਰਦ ਹੀ ਖੁਆਰ ਹੁੰਦਾ ਆਇਆ ਹੈ। ਅੱਜ ਵੀ ਜੇ ਸੰਸਾਰ ਅੰਦਰ ਤੀਜੇ ਵਿਸ਼ਵ ਯੁੱਧ ਦੇ ਆਸਾਰ ਵਿਖਾਈ ਦਿੰਦੇ ਹਨ ਤਾਂ ਇਨ੍ਹਾਂ ਕਾਰਨ ਹੀ। ਗੁਰੂ ਨਾਨਕ ਸਾਹਿਬ ਦੇ ਸ਼ਬਦ ਮਨੁੱਖਤਾ ਨੂੰ ਇਸ ਖੁਆਰੀ, ਬਦਹਾਲੀ ਤੇ ਵਿਨਾਸ਼ ਤੋਂ ਬਚਾਉਣ ਵਾਲੇ ਹਨ।

ਗੁਰੂ ਸਾਹਿਬ ਨੇ ਕਿਹਾ ਕਿ ਮਨੁੱਖ ਜੋ ਬੋਲ ਰਿਹਾ ਹੈ, ਜੋ



ਛਕ ਰਿਹਾ ਹੈ ਸਭ ਪਹਿਲਾਂ ਤੋਂ ਮਿਥਿਆ ਹੋਇਆ ਹੈ। ਉਹ ਚੱਲ ਰਿਹਾ ਹੈ, ਜੋ ਵੇਖ-ਸੁਣ ਰਿਹਾ ਹੈ, ਸਭ ਵੀ ਲਿਖਿਆ ਹੋਇਆ ਲੇਖ ਹੈ। ਇੱਥੋਂ ਤੱਕ ਕਿ ਉਹ ਜਿੰਨੇ ਸਵਾਸ ਲੈ ਰਿਹਾ ਹੈ ਉਸ ਹੀ ਪਰਮਾਤਮਾ ਦੇ ਬਖਸ਼ੇ ਹੋਏ ਹਨ। ਇਹੋ ਸਚ ਹੈ ਕਿ ਸੰਸਾਰ ਅੰਦਰ ਜੋ ਕੁਝ ਵਰਤ ਰਿਹਾ ਹੈ ਸਭ ਪਰਮਾਤਮਾ ਦੇ ਹੁਕਮ ਅੰਦਰ ਹੈ। ਪਰਮਾਤਮਾ ਦੀ ਕਿਰਪਾ ਤੇ ਮਨਸ਼ਾ ਬਿਨਾ ਕੁੱਝ ਵੀ ਸੰਭਵ ਨਹੀਂ ਹੈ। ਫਿਰ ਗੁਮਾਨ, ਹੰਕਾਰ ਕਿਸ ਗੱਲ ਦਾ, ਵੈਰ ਵਿਰੋਧ, ਸੰਘਰਸ਼ ਕਿਸ ਗੱਲ ਦਾ। ਕਲਿਯੁਗ ਅੰਦਰ ਮਨੁੱਖ ਦੇ ਕਰਮ ਹੀ ਉਸ ਨੂੰ ਨਿਘਾਰ ਵੱਲ ਲਿਜਾਣ ਵਾਲੇ ਹਨ। ਮਨੁੱਖ ਦਿਨ ਭਰ ਲੋਭ, ਕੁਚੱਜ, ਠੱਗੀ, ਪਰ ਨਿੰਦਾ, ਈਰਖਾ ਜਾਂ ਕ੍ਰੋਧ ਆਦਿਕ ਵਿਕਾਰਾਂ ਦੀ ਗੁਲਾਮੀ ਕਰਦਾ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤੇ ਲੋਭ ਕਿਸੇ ਕੁੱਤੇ ਦਾ ਸੁਭਾਅ ਹੈ। ਕੂੜ-ਕਰਮ, ਕੁਚੱਜ ਸਭ ਤੋਂ ਨਿਖਿੱਧ ਕਰਮ ਹੈ। ਠੱਗੀ, ਭੇਖ, ਆਡੰਬਰ, ਪਖੰਡ ਕਿਸੇ ਸੜ ਗਏ ਮੁਰਦੇ ਨੂੰ ਖਾਣ ਜਿਹਾ ਹੈ। ਇਵੇਂ ਹੀ ਦੂਜਿਆਂ ਦੀ ਨਿੰਦਾ ਅਭੱਖ ਖਾਣ ਜਿਹੀ ਤੇ ਕ੍ਰੋਧ, ਈਰਖਾ ਆਦਿਕ ਵਿਕਾਰ ਸ਼ਮਸ਼ਾਨ ਅੰਦਰ ਮੁਰਦਾ ਸਾੜਨ ਲਈ ਬਾਲੀ ਗਈ ਅੱਗ ਜਿਹੇ ਹਨ। ਲੋਭੀ, ਕੂੜ ਕਰਮ ਕਰਨ ਵਾਲੇ, ਨਿੰਦਕ, ਪਾਖੰਡੀ, ਵਿਕਾਰੀ ਨੂੰ ਗੁਰੂ ਨਾਨਕ ਸਾਹਿਬ ਦੇ ਵਚਨ ਹਰ ਪਲ ਕਦਮ ਅੱਗੇ ਚੁੱਕਣ ਤੋਂ ਰੋਕਣ ਵਾਲੇ ਹਨ। ਗੁਰੂ ਸਾਹਿਬ ਨੇ ਕਿਹਾ ਕਿ ਇਹ ਕੂੜ ਦਾ ਨਸ਼ਾ ਵੀ ਪਰਮਾਤਮਾ ਨੇ ਹੀ ਵਰਤਾਇਆ ਹੋਇਆ ਹੈ ਪਰ ਨਾਮ ਜਪਣ ਵਾਲੇ ਤੇ ਸਚ ਨੂੰ ਪਛਾਨਣ ਵਾਲੇ ਇਸ ਤੋਂ ਬਚ ਜਾਂਦੇ ਹਨ। ਕੂੜ ਦੇ ਮਾਰਗ 'ਤੇ ਚੱਲਣ ਵਾਲੇ ਜਿੱਥੇ ਸ਼ਮਸ਼ਾਨ ਵਿਚ ਮੁਰਦਾ ਜਲਾਉਣ ਲਈ ਬਾਲੀ ਗਈ ਅਗਨੀ ਜਿਹੀ ਅੱਗ ਵਿੱਚ ਦਿਨ ਰਾਤ ਬਲਦੇ ਰਹਿੰਦੇ ਹਨ, ਉਥੇ ਹੀ ਨਾਮ ਜਪਣਾ ਤੇ ਸਤ ਦੇ ਮਾਰਗ 'ਤੇ ਚੱਲਣਾ ਵਡਿਆਈਆਂ ਦੇਣ ਵਾਲਾ ਹੈ।

ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ !!
ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ !!
(ਪੰਨਾ ੧੯ )

ਨਾਮ ਜਪਣਾ, ਸਤ ਧਾਰਨ ਕਰਨਾ ਵਡਿਆਈ ਦੇ ਜਲ ਵਿਚ ਇਸ਼ਨਾਨ ਕਰਨ ਤੇ ਤਨ-ਮਨ ਸੁਗੰਧਿਤ ਕਰਨ ਵਾਲਾ ਹੈ। ਨਾਮ ਤੋਂ ਵੱਡੀ ਕੋਈ ਪੂੰਜੀ ਨਹੀਂ ਤੇ ਇਸ ਤੋਂ ਪ੍ਰਾਪਤ ਹੋਣ ਵਾਲੇ ਫਲ ਜਿਹਾ ਕੋਈ ਫਲ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਸਵੀਕਾਰ ਕੀਤਾ ਕਿ ਨਾਮ ਜਪਣਾ ਕਠਿਨ ਹੈ। ਪਰ ਇੱਕ ਨਾਮ ਹੀ ਹੈ ਜੋ ਇੰਦ੍ਰੀਆਂ ਨੂੰ ਵੱਸ 'ਚ ਕਰ ਕੇ ਉਭਾਰਨ ਵਾਲਾ ਹੈ। ਜੋ ਨਾਮ ਨਹੀਂ ਜਪ ਰਹੇ, ਦਿਨ ਰਾਤ ਲੁੱਟੇ ਜਾ ਰਹੇ ਹਨ। ਨਾਮ ਬਿਨਾ ਜੀਵਨ ਵਿਅਰਥ ਗੁਆ ਰਹੇ ਹਨ। ਮਨੁੱਖ ਨਾਮ ਜਪਣ ਨੂੰ ਕੋਈ ਭੌਤਿਕ ਕਿਰਿਆ ਨਾ ਬਣਾ ਲਵੇ ਇਸ ਲਈ ਗੁਰੂ ਨਾਨਕ ਸਾਹਿਬ ਸੁਚੇਤ ਕਰਦੇ ਚੱਲਦੇ ਹਨ। ਗੁਰੂ ਸਾਹਿਬ ਦੀ ਪਹਿਲੀ ਵਰਜਣਾ ਹੈ 'ਗੁਰਮਤਿ ਚਾਲ ਨਿਹਚਲ ਨਹੀ ਡੋਲੈ'। ਨਾਮ ਜਪਣਾ ਤਾਂ ਹੀ ਸਫਲ ਹੈ ਜੇ ਮਨ ਅੰਦਰ ਪਰਮਾਤਮਾ 'ਤੇ ਪੱਕਾ ਭਰੋਸਾ ਹੋਵੇ। ਕੋਈ ਵੱਡੇ ਤੋਂ ਵੱਡਾ ਸੰਕਟ ਆਵੇ, ਵਿਘਨ ਪੈਦਾ ਹੋਵੇ, ਪਰਮਾਤਮਾ 'ਤੇ ਵਿਸ਼ਵਾਸ ਅਡੋਲ ਰਹੇ। ਨਾਮ ਜਪਣ ਵਾਲਿਆਂ ਲਈ ਦੂਜੀ ਹਿਦਾਇਤ ਹੈ ਕਿ 'ਪੀਵੈ ਅੰਮ੍ਰਿਤੁ ਤਤੁ ਵਿਰੋਲੈ'। ਨਾਮ ਜਪਣਾ, ਪਰਮਾਤਮਾ, ਸੰਸਾਰ ਤੇ ਜੀਵਨ ਦੇ ਸਚ ਨੂੰ ਸਮਝਣਾ ਤੇ ਧਾਰਨ ਕਰਨਾ ਹੈ। ਸਚ ਜੀਵਨ ਅੰਦਰ ਨਹੀਂ ਤਾਂ ਭਗਤੀ ਨਹੀਂ ਹੋ ਸਕਦੀ। ਮਨੁੱਖ ਤਾਂ ਇਕ ਰਾਤ ਦਾ ਮਹਿਮਾਨ ਬਣ ਕੇ ਸੰਸਾਰ ਅੰਦਰ ਆਇਆ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਇਹ ਸਾਰ ਜਿਸ ਨੇ ਪ੍ਰਾਪਤ ਕਰ ਲਿਆ ਉਹ ਨਿਰਲੇਪ ਹੋ ਗਿਆ। ਮਨੁੱਖ ਸੰਸਾਰ ਅੰਦਰ ਜੀਵਨ ਜਿਉਣ ਲਈ ਉਨੇ ਹੀ ਸਬੰਧ ਬਣਾਏ ਜਿੰਨੇ ਇਕ ਮਹਿਮਾਨ ਬਣਾਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਲਈ ਇੰਦ੍ਰੀਆਂ ਤੇ ਮਨ ਦੇ ਸੰਜਮ ਦੀ ਸਿੱਖਿਆ ਦਿੱਤੀ ਜੋ ਸੰਸਾਰ ਦੇ ਰਸ ਭੋਗਦਿਆਂ ਯਾਦ ਰੱਖੀ ਜਾਣੀ ਚਾਹੀਦੀ ਹੈ। ਜੀਵਨ ਜਿਹਵਾ ਦੇ ਸੁਆਦਾਂ, ਤਨ ਦੇ ਸਾਜ ਸ਼ਿੰਗਾਰ, ਸੈਰ ਸਪਾਟੀਆਂ, ਤੇ ਭੋਗ ਵਿਲਾਸ ਵਿਚ ਹੀ ਨਾ ਗੁਜ਼ਰ ਜਾਏ ਜੋ ਜੀਵਨ ਨੂੰ ਦੁਖਦਾਈ ਬਣਾਉਣ ਵਾਲੇ ਹਨ।

ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਸਮਾਜ ਤੇ ਨਿਜੀ ਤੌਰ 'ਤੇ ਮਨੁੱਖ ਦੇ ਨਾਲ-ਨਾਲ ਚੱਲਦੇ ਹਨ। ਉਹ ਮਨੁੱਖ ਦੇ ਮਨ 'ਤੇ ਅੰਕੁਸ਼ ਦੀ ਤਰਹ ਹਨ। ਕੀ ਪਤਾ ਕਦੋਂ ਭਾਈ ਲਹਿਣਾ ਜੀ, ਸ੍ਰੀ ਅਮਰਦਾਸ ਜੀ ਵਾਂਗੂੰ ਕੰਨਾਂ ਵਿਚੋਂ ਹੁੰਦਿਆਂ ਗੁਰੂ ਸ਼ਬਦ ਸਾਡੇ ਮਨ ਤੱਕ ਜਾ ਪੁੱਜੇ ਤੇ ਜੀਵਨ ਸਫਲ ਹੋ ਜਾਏ। ਗੁਰੂ ਨਾਨਕ ਸਾਹਿਬ ਤਾਂ ਜਨ ਜਨ ਦੇ ਤਾਰਣਹਾਰ ਹਨ।

# ਮਾਂ ਦੇ ਹੱਥਾਂ ਨਾਲ ਲਿਪਟੇ ਅੱਠ ਦਿਨ

## ਯਾਦਾਂ ਦੇ ਸੁਨਹਿਰੀ ਪੰਨੇ

ਜਦੋਂ ਵੀ ਮੈਂ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਮਾਂ ਦਾ ਪਿਆਰ' ਪੜ੍ਹਾ ਰਿਹਾ ਹੁੰਦਾਂ, ਤਾਂ ਅਕਸਰ ਮੇਰਾ ਗਲਾ ਭਰ ਆਉਂਦਾ ਹੈ ਅਤੇ ਹਰਫ਼ਾਂ ਦੀ ਥਾਂ ਮੇਰੀਆਂ ਅੱਖਾਂ ਸਾਹਮਣੇ ਮੇਰੀ ਆਪਣੀ ਜ਼ਿੰਦਗੀ ਦਾ ਉਹ ਸਫ਼ਾ ਉਘੜ ਆਉਂਦਾ ਹੈ, ਜਿਸ ਉੱਤੇ ਇੱਕ ਮਾਸੂਮ ਦੀ ਕੁਰਲਾਹਟ ਅਤੇ ਇੱਕ ਮਾਂ ਦੀ ਬੇਮਿਸਾਲ ਤਪੱਸਿਆ ਉੱਕਰੀ ਹੋਈ ਹੈ।

ਗੱਲ ਸਾਲ 2010 ਦੇ ਜਨਵਰੀ ਮਹੀਨੇ ਦੀ ਪੋਹ-ਮਾਘ ਦੀ ਉਸ ਕਾਂਬੇ ਵਾਲੀ ਠੰਢ ਦੀ ਹੈ। ਸਾਡੇ ਘਰ ਖ਼ੁਸ਼ੀਆਂ ਦੀ ਰੌਣਕ ਸੀ, ਕਿਉਂਕਿ ਮੇਰੇ ਨੌਂ ਮਹੀਨਿਆਂ ਦੇ ਪੁੱਤਰ ਨਵਜੀਤ ਸਿੰਘ ਦੀ ਪਹਿਲੀ ਲੋਹੜੀ ਸੀ। ਮੈਂ ਉਨ੍ਹੀਂ ਦਿਨੀਂ ਬਰੇਟਾ ਵਿਖੇ ਬੀ.ਐਡ. ਕਰ ਰਿਹਾ ਸਾਂ। ਇਮਤਿਹਾਨ ਸਿਰ 'ਤੇ ਹੋਣ ਕਾਰਨ ਉੱਥੇ ਹੀ ਡੇਰੇ ਲਾਏ ਹੋਏ ਸਨ। ਲੋਹੜੀ ਵਾਲੀ ਸ਼ਾਮ ਸਿਰਫ਼ ਇੱਕ ਰਾਤ ਦੀ ਖ਼ੁਸ਼ੀ ਸਾਂਝੀ ਕਰਨ ਪਿੰਡ ਪੁੱਜਿਆ ਅਤੇ ਅਗਲੇ ਭਲਕੇ ਸਵਖਤੇ ਹੀ ਵਾਪਸ ਮੁੜ ਗਿਆ।



ਨਵਦੀਪ ਸਿੰਘ ਭੁਨੀਰ (ਮਾਨਸਾ)
ਫੋਨ: +91-98769-68193

ਨਵਜੀਤ ਨੂੰ ਇੱਕ-ਦੋ ਦਿਨ ਤੋਂ ਹਲਕਾ ਜਿਹਾ ਤਾਪ ਸੀ, ਪਰ ਸਾਨੂੰ ਕੀ ਇਲਮ ਸੀ ਕਿ ਇਹ ਮਾਮੂਲੀ ਜਿਹਾ ਬੁਖ਼ਾਰ ਸਾਡੀ ਜ਼ਿੰਦਗੀ ਦੀ ਸਭ ਤੋਂ ਕਠਿਨ ਅਗਨ-ਪ੍ਰੀਖਿਆ ਬਣਨ ਜਾ ਰਿਹਾ ਹੈ। ਲੋਹੜੀ ਤੋਂ ਅਗਲੇ ਮਾਘੀ ਵਾਲੇ ਦਿਨ ਬੱਚੇ ਦਾ ਪਿੰਡਾ ਭੱਠੀ ਵਾਂਗ ਤਪਣ ਲੱਗਾ। ਉਸ ਦੀ ਮਾਂ ਅਤੇ ਦਾਦੀ ਜੀ ਉਸ ਨੂੰ ਮਾਨਸਾ ਦੇ ਇੱਕ ਡਾਕਟਰ ਕੋਲੋਂ ਦਵਾਈ ਦਿਵਾ ਲਿਆਏ, ਪਰ ਹਾਲਾਤ ਸੁਧਰਨ ਦੀ ਥਾਂ ਹੋਰ ਨਾਜ਼ੁਕ ਹੋ ਗਏ। ਤੇਜ਼ ਤਾਪ ਦੇ ਨਾਲ ਉਲਟੀਆਂ ਅਤੇ ਦਸਤ ਸ਼ੁਰੂ ਹੋ ਗਏ। ਨੌਂ ਮਹੀਨਿਆਂ ਦਾ ਫੁੱਲਾਂ ਵਰਗਾ ਮਾਸੂਮ ਬੱਚਾ ਪਲਾਂ-ਛਿਣਾਂ ਵਿੱਚ ਨਿਢਾਲ ਹੋ ਕੇ ਹੱਥਾਂ ਵਿਚ ਆ ਗਿਆ।

ਉਸ ਦਿਨ ਮੇਰੇ ਵੱਡੇ ਭਰਾ ਘਰ ਹੀ ਸਨ। ਬੱਚੇ ਦੀ ਹਾਲਤ ਵਿਗੜਦੀ ਦੇਖ ਕੇ ਉਨ੍ਹਾਂ ਨੇ ਬਿਨਾਂ ਕੋਈ ਪਲ ਗਵਾਏ ਨਵਜੀਤ ਨੂੰ ਮਾਨਸਾ ਦੇ ਬੱਚਿਆਂ ਵਾਲੇ ਹਸਪਤਾਲ ਲੈ ਗਏ। ਜਾਂਚ ਉਪਰੰਤ ਜਦੋਂ ਡਾਕਟਰ ਨੇ ਇਹ ਦੱਸਿਆ ਕਿ ਬੁਖ਼ਾਰ ਬੱਚੇ ਦੇ ਦਿਮਾਗ਼ ਨੂੰ ਹੋ ਚੁੱਕਾ ਹੈ, ਤਾਂ ਪਰਿਵਾਰ ਦੇ ਸਾਹ ਸੂਤੇ ਗਏ। ਉਸ ਨੂੰ ਫ਼ੌਰੀ ਤੌਰ 'ਤੇ ਦਾਖ਼ਲ ਕਰ ਲਿਆ ਗਿਆ।

ਇਲਾਜ ਲਈ ਗਲੂਕੋਜ਼ ਦੀ ਬੋਤਲ ਲਾਉਣ ਦਾ ਅਮਲ ਸ਼ੁਰੂ ਹੋਇਆ। ਨਵਜੀਤ ਆਪਣੀ ਮਾਂ ਦੀ ਛਾਤੀ ਨਾਲ ਚਿੰਬੜਿਆ ਰੋ ਰਿਹਾ ਸੀ। ਸਟਾਫ਼ ਵੱਲੋਂ ਕਦੇ ਉਸ ਦੀ ਨੰਨ੍ਹੀ ਬਾਂਹ ਅਤੇ ਕਦੇ ਹੱਥ ਦੀਆਂ ਪਤਲੀਆਂ ਨਾੜਾਂ ਟੋਲਣ ਲਈ ਸੂਈਆਂ ਚੋਭੀਆਂ ਜਾਂਦੀਆਂ, ਪਰ ਨਾੜ ਨਾ ਲੱਭਦੀ। ਉਹ ਮਾਸੂਮ ਜਿੰਦ ਵਾਰ-ਵਾਰ ਸੂਈਆਂ ਨਾਲ ਵਿੰਨ੍ਹੀ ਜਾ ਰਹੀ ਸੀ। ਆਪਣੀਆਂ ਅੱਖਾਂ ਸਾਹਮਣੇ ਆਪਣੇ ਜਿਗਰ ਦੇ ਟੋਟੇ ਨੂੰ ਇੰਝ ਹਾਲੋ-ਬੇਹਾਲ ਹੁੰਦਾ ਦੇਖ ਕੇ ਇੱਕ ਮਾਂ ਦੇ ਕਲੇਜੇ 'ਤੇ ਕੀ ਬੀਤਦੀ ਹੈ- ਇਹ ਜਾਂ ਤਾਂ ਰੱਬ ਜਾਣਦਾ ਹੈ ਜਾਂ ਉਹ ਮਾਂ। ਆਖ਼ਰ ਮਾਂ ਅਤੇ ਦਾਦੀ ਦੀ ਬਿਹਬਲਤਾ ਦੇਖ ਕੇ ਸਟਾਫ਼ ਨੇ ਬੱਚੇ ਨੂੰ ਉਸ ਦੀ ਮਾਂ ਦੀ ਕੁੱਛੜੋਂ ਖੋਹ ਲਿਆ ਅਤੇ ਇੱਕ ਕਮਰੇ ਅੰਦਰ ਲੈ ਗਏ। ਉਨ੍ਹਾਂ ਹਦਾਇਤ ਦਿੱਤੀ ਕਿ ਤੁਹਾਡੇ 'ਚੋਂ ਕੋਈ ਵੀ ਅੰਦਰ ਨਾ ਆਵੇ। ਕਮਰੇ ਦੇ ਬੰਦ ਦਰਵਾਜ਼ੇ ਅੱਗੇ ਖਲੋਤੀ ਮਾਂ ਲਈ ਉਹ ਪਲ ਉਸ ਦੀ ਜ਼ਿੰਦਗੀ ਦੇ ਸਭ ਤੋਂ ਦੁਖਦਾਈ ਪਲ ਸਨ।

ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਆਖ਼ਰਕਾਰ ਨਵਜੀਤ ਦੇ ਪੈਰ ਦੀ ਨਾੜ ਵਿਚ ਸੂਈ ਲੱਗ ਸਕੀ ਅਤੇ ਗਲੂਕੋਜ਼ ਚੜ੍ਹਨਾ ਸ਼ੁਰੂ ਹੋਇਆ। ਪਰ ਹੁਣ ਇੱਕ ਹੋਰ ਮੁਸ਼ਕਲ ਸੀ। ਨਵਜੀਤ ਜ਼ੋਰ-ਜ਼ੋਰ ਦੀ ਲੱਤਾਂ ਮਾਰ ਰਿਹਾ ਸੀ। ਡਰ ਸੀ ਕਿ ਸੂਈ ਨਿਕਲ ਨਾ ਜਾਵੇ। ਸਟਾਫ਼ ਨੇ ਉਸਦੀ ਮਾਂ ਨੂੰ ਕਿਹਾ, 'ਇਸਦੀ ਲੱਤ ਨੂੰ ਫੜ ਕੇ ਰੱਖਣਾ, ਨਹੀਂ ਤਾਂ ਸੂਈ ਨਿਕਲ ਜਾਵੇਗੀ।'

ਬੱਸ, ਇਹ ਉਹ ਪਲ ਸੀ ਜਦੋਂ ਮਮਤਾ ਇੱਕ ਅਡੋਲ ਪਹਿਰੇਦਾਰ ਬਣ ਕੇ ਖੜ੍ਹ ਗਈ। ਇੱਕ ਘੰਟਾ ਨਹੀਂ, ਇੱਕ ਦਿਨ ਨਹੀਂ... ਉਹ ਪੂਰੇ ਅੱਠ ਦਿਨ ਅਤੇ ਅੱਠ ਰਾਤਾਂ ਆਪਣੇ ਬੱਚੇ ਦੇ ਪੈਰ ਨੂੰ ਇੰਝ ਕੋਮਲ ਪਰ ਮਜ਼ਬੂਤ ਹੱਥਾਂ ਨਾਲ ਫੜ ਕੇ ਬੈਠੀ ਰਹੀ, ਜਿਵੇਂ ਉਸ ਦੀ ਮੁੱਠੀ ਵਿਚ ਬੱਚੇ ਦੇ ਸਾਹ ਕੈਦ ਹੋਣ। ਉਨ੍ਹਾਂ ਅੱਠਾਂ ਦਿਨਾਂ ਦੌਰਾਨ ਉਸ ਨੂੰ ਨਾ ਖਾਣ-ਪੀਣ ਦੀ ਸੁੱਧ ਰਹੀ, ਨਾ ਸੌਣ ਦੀ ਤੇ ਨਾ ਆਪਣੀ ਸਿਹਤ ਦੀ ਫ਼ਿਕਰ। ਜੇਕਰ ਥਕਾਵਟ ਕਾਰਨ ਕਦੇ ਅੱਖ ਲੱਗਣ ਲੱਗਦੀ, ਤਾਂ ਉਹ ਤ੍ਰਭਕ ਕੇ ਜਾਗ ਪੈਂਦੀ ਕਿ ਕਿਤੇ ਉਸ ਦੀ ਪਕੜ ਢਿੱਲੀ ਨਾ ਪੈ ਜਾਵੇ।

ਮੇਰੇ ਇਮਤਿਹਾਨ ਚੱਲ ਰਹੇ ਸਨ ਅਤੇ ਪੜ੍ਹਾਈ ਦਾ ਪੂਰਾ ਜ਼ੋਰ ਸੀ, ਇਸ ਲਈ ਮੈਂ ਹਸਪਤਾਲ ਵਿਚ ਰਹਿ ਨਹੀਂ ਸੀ ਸਕਦਾ। ਸਿਰਫ਼ ਚੱਕਰ ਹੀ ਮਾਰ ਸਕਦਾ ਸੀ। ਪਰ ਜਦੋਂ ਵੀ ਗਿਆ, ਉਸ ਨੂੰ ਇੱਕ ਸਥਿਰ ਬੁੱਤ ਵਾਂਗ ਉਸੇ ਮੁਦਰਾ ਵਿੱਚ ਬੈਠੀ ਪਾਇਆ, ਇੱਕ ਹੱਥ ਪੁੱਤ ਦੀ ਲੱਤ 'ਤੇ, ਨਜ਼ਰ ਉਸ ਦੇ ਮਾਸੂਮ ਮੁੱਖੜੇ 'ਤੇ ਅਤੇ ਸੁੱਕੇ ਹੋਏ ਬੁੱਲ੍ਹਾਂ 'ਤੇ ਇੱਕੋ ਅਰਦਾਸ- 'ਹੇ ਮੇਰੇ ਸੱਚੇ



ਪਾਤਸ਼ਾਹ! ਮੇਰੇ ਲਾਲ ਨੂੰ ਜਲਦੀ ਠੀਕ ਕਰ ਦੇਵੋ। ਚਾਹੇ ਇਸ ਦਾ ਦੁੱਖ ਮੈਨੂੰ ਦੇ ਦੇਵੋ।'

ਅੱਠ ਦਿਨਾਂ ਦੇ ਲਗਾਤਾਰ ਇਲਾਜ, ਉਸ ਮਾਂ ਦੀ ਤਪੱਸਿਆ ਅਤੇ ਪਰਿਵਾਰ ਦੀਆਂ ਅਰਦਾਸਾਂ ਸਦਕਾ ਨਵਜੀਤ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਹਾਲਾਂਕਿ ਅਗਲੇ ਤਿੰਨ-ਚਾਰ ਵਰ੍ਹਿਆਂ ਤੱਕ ਵੀ ਨਵਜੀਤ ਹਰ ਸਰਦੀ ਵਿਚ ਬਿਮਾਰ ਹੋ ਜਾਂਦਾ ਸੀ। ਕਈ ਵਾਰ ਹਾਲਤ ਇੰਨੀ ਵਿਗੜ ਜਾਂਦੀ ਕਿ ਉਸ ਨੂੰ ਮੁੜ ਹਸਪਤਾਲ ਦਾਖ਼ਲ ਕਰਵਾਉਣਾ ਪੈਂਦਾ। ਹਰ ਵਾਰ ਉਸ ਦੀ ਮਾਂ ਉਸੇ ਸਿਦਕ ਨਾਲ, ਭੁੱਖ-ਪਿਆਸ ਅਤੇ ਆਪਣੀ ਥਕਾਵਟ ਨੂੰ ਭੁਲਾ ਕੇ, ਉਸ ਦੇ ਸਿਰਹਾਣੇ ਡਟੀ ਰਹੀ।

ਅੱਜ ਨਵਜੀਤ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰ ਚੁੱਕਾ ਹੈ। ਕਦੇ-ਕਦਾਈਂ ਅੱਲ੍ਹੜ ਉਮਰ ਦੇ ਰੋਹ ਵਿਚ ਜਦੋਂ ਉਹ ਆਪਣੀ ਮਾਂ ਨਾਲ ਕਿਸੇ ਨਿੱਕੀ ਗੱਲੋਂ ਕੋਈ ਤਲਖ਼ ਬੋਲ ਬੋਲਦਾ ਹੈ, ਤਾਂ ਮੇਰੀਆਂ ਅੱਖਾਂ ਮੂਹਰੇ ਉਸ ਦੀ ਨਿਢਾਲ ਮਾਂ ਦਾ ਉਹੀ ਚਿਹਰਾ ਘੁੰਮ ਜਾਂਦਾ ਹੈ, ਜਿਸ ਨੇ ਹਸਪਤਾਲ ਦੇ ਬੈਡ 'ਤੇ ਆਪਣੇ ਸੁਈਆਂ ਨਾਲ ਵਿੰਨ੍ਹੇ ਨੌਂ ਮਹੀਨਿਆਂ ਦੇ ਲਾਲ ਦੇ ਪੈਰ ਨੂੰ ਦੋਹਾਂ ਹੱਥਾਂ ਵਿਚ ਘੁੱਟਿਆ ਹੋਇਆ ਸੀ।

ਮੈਂ ਬੜੇ ਠਰੰਮੇ ਨਾਲ ਉਸ ਨੂੰ ਸਮਝਾਉਂਦਾ ਹੋਇਆ ਕਹਿੰਦਾ ਹਾਂ, 'ਪੁੱਤਰ! ਜਿਸ ਮਾਂ ਅੱਗੇ ਅੱਜ ਤੂੰ ਉੱਚਾ ਬੋਲ ਰਿਹਾ ਏਂ ਨਾ, ਉਸ ਨੇ ਤੇਰੇ ਇੱਕ-ਇੱਕ ਸਾਹ ਲਈ ਆਪਣੀਆਂ ਕਿੰਨੀਆਂ ਰਾਤਾਂ ਦੀ ਨੀਂਦ, ਭੁੱਖ ਅਤੇ ਚੈਨ ਕੁਰਬਾਨ ਕੀਤਾ ਹੈ, ਸ਼ਾਇਦ ਤੈਨੂੰ ਇਸ ਦਾ ਅੰਦਾਜ਼ਾ ਵੀ ਨਹੀਂ ਤੇ ਹੋ ਸਕਦੈ ਕਦੇ ਹੋਵੇ ਵੀ ਨਾ। ਕਿਉਂਕਿ ਤੇਰੇ ਕਰਮਾਂ ਵਿਚ ਕਦੇ ਮਾਂ ਹੋਣਾ ਨਹੀਂ ਲਿਖਿਆ।' ਮੇਰੇ ਇੰਨਾ ਕਹਿੰਦਿਆਂ ਹੀ ਉਸ ਦੇ ਚਿਹਰੇ ਦਾ ਗੁੱਸਾ ਸ਼ਰਮਿੰਦਗੀ ਅਤੇ ਪਛਤਾਵੇ ਵਿਚ ਬਦਲ ਜਾਂਦਾ ਹੈ। ਉਹ ਚੁੱਪ-ਚਾਪ ਜਾ ਕੇ ਆਪਣੀ ਮਾਂ ਨੂੰ ਕਲਾਵੇ ਵਿਚ ਲੈ ਲੈਂਦਾ ਹੈ। ਉਸ ਮੂਕ ਜੱਫੀ ਵਿਚ ਕੋਈ ਲਫ਼ਜ਼ ਨਹੀਂ ਹੁੰਦੇ, ਪਰ ਉਹ ਖ਼ਾਮੋਸ਼ੀ ਜਿਵੇਂ ਕਹਿ ਰਹੀ ਹੁੰਦੀ ਹੈ, 'ਮਾਂ, ਤੇਰੇ ਕਰਕੇ ਹੀ ਤਾਂ ਮੇਰੀ ਹੋਂਦ ਹੈ।'

ਇਸ ਤੋਂ ਬਾਅਦ ਜਦੋਂ ਮੈਂ ਕਲਾਸਰੂਮ ਵਿੱਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਸਮਾਪਤ ਕਰਦਾ ਹਾਂ, ਤਾਂ ਕਿਤਾਬ ਬੰਦ ਕਰਕੇ ਆਪਣੇ ਵਿਦਿਆਰਥੀਆਂ ਨੂੰ ਭਰੇ ਹੋਏ ਗਲੇ ਨਾਲ ਸਿਰਫ਼ ਇੰਨਾ ਹੀ ਆਖ ਪਾਉਂਦਾ ਹਾਂ, ਬੱਚਿ"! ਤੁਹਾਡੀਆਂ ਮਾਵਾਂ ਨੇ ਵੀ ਤੁਹਾਨੂੰ ਪਾਲਣ ਲਈ ਅਜਿਹੀਆਂ ਹੀ ਅਣਗਿਣਤ ਕਾਲੀਆਂ ਰਾਤਾਂ ਜਾਗ ਕੇ ਕੱਟੀਆਂ ਹੋਣਗੀਆਂ। ਅਣਗਿਣਤ ਦੁਖੜੇ ਝੱਲੇ ਹੋਣਗੇ। ਮਾਂ ਦੇ ਦੁੱਧ ਅਤੇ ਉਸ ਦੀ ਘਾਲਣਾ ਦਾ ਮੁੱਲ ਦੁਨੀਆ ਦੀ ਕਿਸੇ ਦੌਲਤ ਨਾਲ ਨਹੀਂ ਤਾਰਿਆ ਜਾ ਸਕਦਾ। ਜੇਕਰ ਤੁਸੀਂ ਕੁਝ ਕਰ ਸਕਦੇ ਹੋ ਤਾਂ ਬੱਸ ਐਨਾ ਕਰਨਾ ਕਦੇ ਉਸ ਮਾਂ ਦੇ ਨਰਮ ਦਿਲ ਨੂੰ ਠੇਸ ਨਾ ਪਹੁੰਚਾਉਣਾ- ਇਹੀ ਉਸ ਦੇ ਕਰਜ਼ੇ ਦੀ ਸਭ ਤੋਂ ਵੱਡੀ ਅਦਾਇਗੀ ਹੋਵੇਗੀ।

ਇਹ ਸੁਣ ਕੇ ਜਮਾਤ ਵਿਚ ਇੱਕ ਡੂੰਘਾ ਸੰਨਾਟਾ ਛਾ ਜਾਂਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਜਿਵੇਂ ਉਸ ਖ਼ਾਮੋਸ਼ੀ ਵਿਚ ਹਰ ਕੋਈ ਬੱਚਾ ਆਪਣੇ ਅੰਦਰ ਆਪਣੀ ਮਾਂ ਦਾ ਚਿਹਰਾ ਤਲਾਸ਼ ਰਹੇ ਹੋਣ ਅਤੇ ਕਹਿ ਰਹੇ ਹੋਣ 'ਮਾਂ, ਤੇਰੇ ਕਰਕੇ ਹੀ ਤਾਂ ਮੇਰੀ ਹੋਂਦ ਹੈ।'

# ਦਰਿਆਈ ਪਾਣੀਆਂ ਦੀ ਵੰਡ ਦੇ ਨਿਯਮ, ਸਮਝੌਤੇ ਤੇ ਐਵਾਰਡ

ਕੁਦਰਤੀ ਜਲ ਵਹਿਣਾਂ ਦੇ ਜਲ ਅਸਾਸਿਆਂ ਦੀ ਮੁਲਕ ਜਾਂ ਰਾਜ ਪੱਧਰੀ ਵੰਡ ਸਬੰਧੀ ਰਚਾਏ ਜਾਂਦੇ ਸੰਵਾਦ ਸਮੇਂ ਅਕਸਰ ਰਿਪੇਰੀਅਨ ਤੇ ਬੇਸਿਨ ਸਿਧਾਂਤ ਦੀ ਬੜੀ ਚਰਚਾ ਹੁੰਦੀ ਹੈ। ਮੂਲ ਮੁੱਦੇ ਤੋਂ ਪਹਿਲਾਂ ਇਨ੍ਹਾਂ ਬਾਰੇ ਸਪੱਸ਼ਟਕਰਨ ਜ਼ਰੂਰੀ ਹੈ।

**ਰਿਪੇਰੀਅਨ ਨਿਯਮ:** ਕੁਦਰਤੀ ਵਗਦੇ ਪਾਣੀਆਂ ਦੇ ਸੰਦਰਭ 'ਚ ਰਿਪੇਰੀਅਨ ਦੀ ਸਿੱਧ ਪੱਧਰੀ ਵਿਆਖਿਆ ਹੈ, 'ਉਹ ਖਿੱਤਾ ਜਿਸ 'ਤੇ ਜਲ ਵਹਿਣ ਵਗ ਕੇ ਜਾਂ ਝੀਲ ਦੇ ਰੂਪ ਵਿਚ ਉਸ ਖੇਤਰ ਨੂੰ ਲਾਭ ਜਾਂ ਨੁਕਸਾਨ ਦਿੰਦਾ ਹੈ। ਇਹ ਨਿਯਮ ਵਗਦੇ ਪਾਣੀ ਜਾਂ ਜਲ ਕੁੰਡਾਂ (ਝੀਲਾਂ) ਦੀ ਜ਼ਮੀਨ 'ਤੇ ਹੱਕ ਰੱਖਣ ਵਾਲਿਆਂ ਨੂੰ ਉਸ ਅਸਾਸੇ (ਪਾਣੀ) ਨੂੰ ਵਰਤਣ ਦਾ ਹੱਕ ਦਿੰਦਾ ਹੈ। ਮਤਲਬ ਜ਼ਮੀਨ ਮਾਲਕੀ ਨਾਲ



ਵਿਜੈ ਬੰਬੇਲੀ
ਫੋਨ: 94634-39075

ਸਿੱਧੇ ਤੌਰ 'ਤੇ ਜੁੜੇ ਵਿਅਕਤੀ/ਰਾਜ/ਮੁਲਕ ਨੂੰ ਜਲ ਸਰੋਤ ਨੂੰ ਵਰਤਣ ਦੀ ਇਜਾਜ਼ਤ ਦਿੰਦਾ ਹੈ। ਇਸ ਸਿਧਾਂਤ ਤਹਿਤ ਪਾਣੀ ਦਾ ਕੁਦਰਤੀ ਵਹਾਅ ਬਿਨਾਂ ਕਿਸੇ ਗੈਰ-ਕੁਦਰਤੀ ਰੁਕਾਵਟ ਦੇ ਬਸ਼ਰਤ ਕਿ ਸੰਬੰਧਿਤਾਂ ਦਾ ਕੋਈ ਆਪਸੀ ਵਾਜਬ ਜਾਂ ਸਹਿਮਤੀ ਸਮਝੌਤਾ ਨਾ ਹੋਇਆ ਹੋਵੇ, ਜਾਰੀ ਰਹਿਣਾ ਚਾਹੀਦਾ ਹੈ।

**ਬੇਸਿਨ ਸਿਧਾਂਤ:** ਧਰਤੀ ਦਾ ਉਹ ਸਮੁੱਚਾ ਖੇਤਰ ਜਿੱਥੇ ਮੀਂਹ ਜਾਂ ਗਲੇਸ਼ੀਅਰਾਂ ਦਾ ਪਾਣੀ ਇਕੱਠਾ ਹੋ ਕੇ ਇਕ ਦਰਿਆ ਜਾਂ ਉਸ ਦੀਆਂ ਸਹਾਇਕ ਨਦੀਆਂ ਰਾਹੀਂ ਮੁੱਖ ਦਰਿਆ ਤੋਂ ਅਖੀਰ ਸਮੁੰਦਰ 'ਚ ਜਾ ਕੇ ਡਿਗਦਾ ਹੈ। ਮੀਂਹਾਂ ਜਾਂ ਬਰਫ਼ ਦਾ ਪੰਘਰਿਆ ਪਾਣੀ ਢਲਾਣਾਂ ਰਾਹੀਂ ਜਲ ਵਹਿਣ ਦੀ ਰਵਾਨੀ ਨਾਲ ਕਿਸੇ ਦਰਿਆ 'ਚ ਜਾ ਕੇ ਡਿਗਦਾ ਹੈ, ਇਸ ਕਿਰਿਆ ਦੇ ਸਮੁੱਚੇ ਜਲ ਗ੍ਰਹਿਣ ਖੇਤਰ ਨੂੰ 'ਬੇਸਿਨ' ਕਿਹਾ ਜਾਂਦਾ ਹੈ। ਰਿਪੇਰੀਅਨ ਦੇ ਮੁਕਾਬਲੇ ਬੇਸਿਨ ਸਿਧਾਂਤ ਉਨ੍ਹਾਂ ਜੁੜਵੇਂ ਜਾਂ ਨੀਵੇਂ ਰਾਜਾਂ ਨੂੰ (ਜਿਥੇ ਕਦੇ ਵੀ ਉਹ ਸਮੁੱਚਾ ਜਲ ਵਹਿਣ ਲਾਭ ਜਾਂ ਨੁਕਸਾਨ ਦਿੰਦਾ ਰਿਹਾ, ਉਸ ਪਾਣੀ ਦਾ, ਇਤਿਹਾਸਕ ਜਾ ਭੂਗੋਲਿਕ ਤੌਰ 'ਤੇ ਹੱਕਦਾਰ ਬਣਾਉਂਦਾ ਹੈ, ਭਾਵੇਂ ਮੌਜੂਦਾ ਸਮੇਂ ਦੌਰਾਨ ਉਹ ਦਰਿਆ ਉਸ 'ਚੋਂ ਨਾ ਵੀ ਲੰਘਦੇ ਹੋਣ, ਪਰ ਇਤਿਹਾਸਕ ਤੌਰ 'ਤੇ ਉਹ ਉਸ ਬੇਸਿਨ ਦਾ ਹਿੱਸਾ ਰਹੇ ਹੋਣ।

ਮੇਰਾ ਮੰਨਣਾ ਹੈ ਕਿ ਬੇਸਿਨ ਦੀ ਇਹ ਗੁੰਝਲਦਾਰ ਪਰਿਭਾਸ਼ਾ ਜਾਂ ਵਿਆਖਿਆ ਹੀ ਦਰਿਆਈ ਪਾਣੀ ਦੇ ਫਸਾਦਾਂ ਦੀ ਜੜ੍ਹ ਹੈ। ਇਸ ਨੂੰ ਸਿੰਧ ਬੇਸਿਨ 'ਚ ਡਿਗਦੇ ਰਿਪੇਰੀਅਨਜ਼ (ਦਰਿਆਵਾਂ: ਜਿਹਲਮ, ਚਿਨਾਬ, ਰਾਵੀ, ਬਿਆਸ ਤੇ ਸਤਲੁਜ) ) ਦੇ ਸੰਦਰਭ 'ਚ ਜਾਂ ਜਲ ਸੰਧੀਆਂ ਜਾਂ ਐਵਾਰਡਾਂ ਦੇ ਸੰਦਰਭ 'ਚ ਸਮਝਿਆ ਜਾ ਸਕਦਾ ਹੈ। ਦੂਜਾ ਸਿੰਧ (ਮੁੱਖ ਦਰਿਆ) ਰਾਹੀਂ ਹੀ ਇਨ੍ਹਾਂ ਦਰਿਆਵਾਂ (ਅਖੀਰ ਸਿੰਧੂ ਜਲ ਵਹਿਣ ਦੇ ਨੀਵੇਂ ਪਾਸੇ ਦੇ ਸਹਾਇਕ ਦਰਿਆ) ਦਾ ਪਾਣੀ ਵੀ ਸਿੰਧ ਮਹਾਂ ਸਾਗਰ 'ਚ ਜਾ ਡਿਗਦਾ ਹੈ। ਭਾਰਤ-ਪਾਕਿਸਤਾਨ ਦੀ 'ਸਿੰਧੂ ਵਾਟਰ ਟਰੀਟੀ' ਤੇ ਸਾਡੇ ਮੁਲਕ ਵਿਚ ਰਾਜਸਥਾਨ ਦਾ 'ਹੱਕ' ਵੀ ਇਸੇ ਸੰਦਰਭ ਵਿਚ ਸਹਿਜ-ਸੰਵਾਦ ਦਾ ਵਿਸ਼ਾ ਹੈ। ਮੁੱਕਦੀ ਗੱਲ ਜੇ ਕੋਈ ਰਿਪੇਰੀਅਨ ਪਰਿਭਾਸ਼ਾ 'ਤੇ ਹੀ ਅੜਿਆ ਰਹੇ ਤਾਂ ਸੰਬੰਧਿਤ ਰਾਜ ਜਾਂ ਖੇਤਰ ਜਾਂ ਉਸ ਖੇਤਰ ਨਾਲ ਸੰਬੰਧਿਤ ਰਹੇ ਨਵੇਂ ਰਾਜ ਦੇ ਖੇਤਰਾਂ ਦਾ ਹੱਕ ਹੀ ਉਸ ਦੇ ਜ਼ਿਹਨ 'ਚ ਰਹੇਗਾ ਤੇ ਜੇ ਕੋਈ ਬੇਸਿਨ ਦੀ ਵਿਆਖਿਆ 'ਤੇ ਅੜਿਆ ਰਹੇ ਤਾਂ ਇਤਿਹਾਸਕ/ ਭੂਗੋਲਿਕ ਪੱਖ ਹੀ ਉਸ ਦੇ ਮਨ-ਮਸਤਕ 'ਚ ਰਹੇਗਾ। ਦੋਹਾਂ ਦਾ ਭਾਈਚਾਰਕ ਤਾਲਮੇਲ ਪਰ ਮੁਫ਼ਤ ਨਹੀਂ, ਬਣਾ ਲੈਣਾ ਚਾਹੀਦਾ ਹੈ।

ਪੰਜਾਬ ਦੀਆਂ ਜਲ ਸੰਧੀਆਂ/ਐਵਾਰਡ-ਸਿੰਧ ਬੇਸਿਨ ਖਿੱਤਿਆਂ ਦਾ ਜਾਂ ਪਿਤਰੀ ਰਾਜ 'ਚੋਂ ਦਰਿਆਈ ਪਾਣੀਆਂ 'ਚੋਂ ਹੁਣ ਵਾਲੇ ਪੰਜਾਬ ਦੇ ਵਾਧੂ ਪਾਣੀਆਂ ਦਾ ਮਾਪਦੰਡ ਜਾਂ ਵੰਡ ਉਸ ਵੇਲੇ ਦਰਿਆਈ ਪਾਣੀਆਂ ਦੀ ਉਪਲੱਬਧਤਾ ਤੇ ਵਹਾਅ 'ਤੇ ਆਧਾਰਿਤ ਸੀ। ਕੀ ਆਲਮੀ ਹਾਲਤਾਂ (ਤਪਸ਼, ਵਰਖਾ, ਗਲੇਸ਼ੀਅਰਜ਼ ਆਦਿ ਦੇ ਮੱਦੇਨਜ਼ਰ) ਇਹ ਹਾਲੇ ਵੀ ਉਤਨਾ ਹੈ, ਇਸ ਦਾ ਕਦੀ ਵੀ ਮੁਲਾਂਕਣ ਨਹੀਂ ਹੋਇਆ, ਜੋ 'ਸਮਝੌਤਿਆਂ/ਸੰਧੀਆਂ' ਤਹਿਤ ਤੇ ਹਾਲਾਤ ਅਨੁਸਾਰ ਕਰਨਾ ਬਣਦਾ ਹੈ। ਪੰਜਾਬ ਤੇ ਹਰਿਆਣਾ (ਜੰਮੂ-ਕਸ਼ਮੀਰ, ਰਾਜਸਥਾਨ ਤੇ ਦਿੱਲੀ ਵੀ) ਦੀ ਪਹਿਲੀ ਕਿਸੇ ਹੱਦ ਤੱਕ ਤਰਕਸੰਗਤ ਵੰਡ ਨੂੰ ਪਰੇ ਧੱਕ ਕੇ ਪੰਜਾਬ ਪੁਨਰਗਠਨ ਐਕਟ ਦੇ ਉਹਲੇ ਹੇਠ ਧਾਰਾ 78, 79, 80 ਜੋੜ ਕੇ ਬਿਲਕੁਲ ਅਤਰਕਸੰਗਤ ਵੰਡ ਕਰ ਦਿੱਤੀ ਗਈ ਹੈ। ਦੁੱਖ ਇਸ ਗੱਲ ਦਾ ਹੈ ਕਿ



ਸਭ ਪਾਰਟੀਆਂ ਭਾਵੇਂ ਜੋ ਮਰਜ਼ੀ ਕਹਿੰਦੀਆਂ ਰਹਿਣ ਪਰ ਕਿਸੇ ਨੇ ਵੀ ਕੁਦਰਤੀ ਤੇ ਭਾਈਚਾਰਕ ਨਿਆਂ ਦੇ ਮੱਦੇਨਜ਼ਰ ਸੰਵਿਧਾਨਕ, ਅਸੂਲੀ ਤੇ ਮਿਆਰੀ ਪਹੁੰਚ ਕਦੇ ਨਹੀਂ ਅਪਣਾਈ। ਜਿੱਥੋਂ ਤੱਕ 'ਸਿੰਧ ਬੇਸਿਨ' ਵਾਲੇ ਸੂਬਿਆਂ ਜਾ ਦੇਸ਼ਾਂ ਦਾ ਸੰਬੰਧ ਹੈ, ਦਰਿਆਈ ਅਸਾਸਿਆਂ ਦੀ ਵੰਡ ਕਰਨ ਸਮੇਂ ਇਸ ਦੇ ਲਾਭ ਤੇ ਮਾਰੂ ਅੰਸ਼ਾਂ ਸਮੇਤ ਇਤਿਹਾਸਕ ਪੱਖ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਸੀ।

**ਵਾਧੂ ਪਾਣੀ:** ਅਸਲ ਵਿਚ ਵਾਧੂ ਪਾਣੀ ਮੌਜੂਦ ਹੀ ਨਹੀਂ ਹੈ, ਜਿਸ ਹੇਠ ਦਰਿਆਵਾਂ ਬਾਰੇ ਰਿਪੇਰੀਅਨ ਅਸੂਲਾਂ (ਪੰਜਾਬ ਸਮੇਤ ਹੋਰ ਰਾਜਾਂ ਜਾਂ ਖਿੱਤਿਆਂ ਵਿਚ ਜਿੱਥੋਂ ਵੀ ਦਰਿਆ ਲੰਘਦੇ ਜਾਂ ਖ਼ਤਮ ਹੁੰਦੇ ਹਨ ਅਤੇ ਬਹੁਪਰਤੀ ਫਾਇਦਿਆਂ ਸਮੇਤ ਹੜ੍ਹ ਤੇ ਨੁਕਸਾਨ ਵੀ ਪੱਲੇ ਪਾਉਂਦੇ ਹਨ) ਨੂੰ ਪੂਰੀ ਤਰ੍ਹਾਂ ਅਣਡਿੱਠ ਕੀਤਾ ਗਿਆ ਹੈ। 'ਪਿਤਰੀ ਰਾਜ ਦੇ ਅਸਾਸਿਆਂ ਵਿਚੋਂ ਹਿੱਸਾ' ਮੁਤਾਬਿਕ ਜੇ ਹਰਿਆਣਾ ਜਾਂ ਕਿਸੇ ਹੋਰ ਦਾ ਕੋਈ ਹੱਕ ਹੈ ਤਾਂ ਜਦੋਂ ਬਹੁਪਰਤੀ ਨੁਕਸਾਨ ਪੰਜਾਬ ਝੱਲਦਾ ਹੈ ਤਾਂ ਇਹ ਬਿਲਕੁਲ ਮੁਫ਼ਤ ਕਿਵੇਂ ਬਣਦਾ ਹੈ, ਉਦੋਂ ਦੇ ਜਲ ਵਹਿਣ ਦੀ ਮਿਕਦਾਰ ਤੇ ਹੁਣ ਦੀ ਮਿਕਦਾਰ ਦਾ ਤਾਲਮੇਲ ਬਿਠਾਉਣਾ ਵੀ ਜ਼ਰੂਰੀ ਹੈ।

### ਹਾਕਮ ਜਮਾਤਾਂ ਤੇ ਧੜਵੈਲਾਂ ਦਾ ਸੱਤੀ ਵੀਹੀਂ ਸੌ

ਭਾਵੇਂ ਹਰ ਦੇਸ਼ ਜਾਂ ਰਾਜ ਦੀਆਂ ਆਪੋ-ਆਪਣੀਆਂ ਪ੍ਰਸਥਿਤੀਆਂ ਹੁੰਦੀਆਂ ਹਨ, ਫਿਰ ਵੀ ਆਮ ਕਰਕੇ ਕੌਮਾਂਤਰੀ ਪੱਧਰ 'ਤੇ ਪਾਣੀਆਂ ਦੀ ਵੰਡ ਲਈ 'ਵਿਗਿਆਨਕ ਪਹੁੰਚ' ਤਹਿਤ ਇਹ ਨੁਕਤੇ ਸ਼ਾਮਿਲ ਕੀਤੇ ਗਏ ਸਨ: ਜਿਵੇਂ ਬੇਸਿਨ ਸਿਧਾਂਤ, ਰਿਪੇਰੀਅਨ ਸਿਧਾਂਤ, ਪ੍ਰਚੱਲਤ ਵਰਤੋਂ ਦਾ ਸਿਧਾਂਤ, ਧਾੜਵੀ ਪੁੱਗਤ ਅਰਥਾਤ: ਜਿੱਥੇ ਜੋ ਪੁੱਗਿਆ ਜਾਂ ਪੁਗਾਇਆ ਜਾ ਸਕਿਆ, ਉਹੀ ਠੋਸਿਆ ਜਾਂ ਲਾਗੂ ਕਰ ਦਿੱਤਾ ਗਿਆ। ਸੰਸਾਰ ਪੱਧਰੀ ਤੇ ਸਾਡੇ ਸੰਵਿਧਾਨ ਦੇ ਰਿਪੇਰੀਅਨਜ਼ ਨਿਯਮ ਅਨੁਸਾਰ ਜਿਹੜਾ ਦਰਿਆ ਜਿਸ ਰਾਜ 'ਚੋਂ ਉਗਮਦਾ ਤੇ ਲੰਘਦਾ ਹੈ, ਉਹ ਉਸ ਜਲ-ਵਹਿਣ ਦੇ ਪਾਣੀ 'ਤੇ ਮਾਲਕੀ ਜਾਂ ਬਣਦਾ ਹੱਕ ਰੱਖਦਾ ਹੈ। ਸੰਵਿਧਾਨ ਦੀ 7ਵੀਂ ਸੂਚੀ 'ਚ ਰਾਜਾਂ ਦੇ ਅਧਿਕਾਰਾਂ ਦੀ ਦੂਸਰੀ ਸੂਚੀ ਦੀ ਮੱਦ-17 'ਚ ਦਰਜ ਹੈ, 'ਜਲ ਵਹਿਣ, ਡੈਮਾਂ/ਹਾਈਡਲ ਪ੍ਰੋਜੈਕਟ ਤੇ ਨਹਿਰਾਂ/ਬਿਜਲੀ ਸੰਬੰਧਿਤ ਰਾਜ ਦਾ ਵਿਸ਼ਾ ਹੈ। ਪੰਜਾਬ ਦੇ ਦਰਿਆਵਾਂ ਦੇ ਸੰਦਰਭ 'ਚ ਹਰਿਆਣਾ ਦਾ ਪਿਤਰੀ ਰਾਜ ਪੰਜਾਬ ਹੋਣ ਕਰਕੇ ਉਹ ਵੀ ਰਿਪੇਰੀਅਨ ਰਾਜ ਹੈ। ਇਸੇ ਕਾਰਨ ਜ਼ਮੀਨੀ ਰਕਬੇ ਅਨੁਸਾਰ ਭਾਵੇਂ ਅਨਿਆਂ ਹੋਇਆ ਹੈ, ਪੰਜਾਬ ਤੇ ਹਰਿਆਣਾ 'ਚ ਦਰਿਆਈ ਪਾਣੀਆਂ ਦੀ 60:40 ਹਿਸਾਬ ਨਾਲ ਵੰਡ ਹੋਈ। ਪਰ ਰਾਜਸਥਾਨ ਕਿੱਥੋਂ ਆ ਵੜਿਆ, ਕੀ ਰਾਜਸਥਾਨ ਦੇ ਮਾਮਲੇ 'ਚ ਬੇਸਿਨ ਸਿਧਾਂਤ ਲਾਗੂ ਹੋਇਆ? ਇਨ੍ਹਾਂ ਬਾਰੇ ਹਾਲੇ ਤੱਕ ਕੁਝ ਸਪੱਸ਼ਟ ਨਹੀਂ ਹੈ।

ਬਰਤਾਨਵੀ ਸਾਮਰਾਜ ਨੇ ਵੀ ਬੀਕਾਨੇਰ ਰਿਆਸਤ ਦੀ ਬੇਨਤੀ ਅਨੁਸਾਰ ਰਾਜਸਥਾਨ ਦਾ ਪੰਜਾਬ ਦੇ ਦਰਿਆਵਾਂ 'ਤੇ ਕੋਈ ਹੱਕ ਨਾ ਮੰਨਦਿਆਂ ਸਿਰਫ ਇਨਸਾਨੀਅਤ ਨਾਤੇ 100 ਕਿਊਸਿਕ ਪਾਣੀ ਰੋਜ਼ਾਨਾ ਦਰ 10 ਆਨੇ ਦੇ ਹਿਸਾਬ ਨਾਲ ਮੁੱਲ ਦਿੱਤਾ ਸੀ। ਇਹ ਕੀਮਤ/ਦਰ ਸਮੇਂ ਅਨੁਸਾਰ ਵਧਣੀ ਸੀ, ਪਰ ਦੇਸ਼ ਆਜ਼ਾਦ ਹੁੰਦਿਆਂ ਹੀ 1956 ਤੋਂ ਬਾਅਦ ਰਾਜਸਥਾਨ ਇਹ ਪੈਸਾ ਵੀ ਦੇਣੋਂ ਹਟ ਗਿਆ। ਜਦ ਕਿ ਰਾਜਸਥਾਨ ਦੀ ਪਹਿਲੀ ਭਾਜਪਾ ਸਰਕਾਰ ਵੇਲੇ ਉਨ੍ਹਾਂ ਬਾੜਮੇਰ ਰਿਫਾਇਨਰੀ ਨੂੰ ਪੰਜਾਬ ਤੋਂ ਪ੍ਰਾਪਤ ਹੁੰਦਾ ਪਾਣੀ ਮੁੱਲ ਦੇਣਾ ਸ਼ੁਰੂ ਕਰ ਦਿੱਤਾ ਸੀ। ਕੇਂਦਰ ਨੇ ਪੰਜਾਬ ਪੁਨਰਗਠਨ ਕਾਨੂੰਨ-1966 'ਚ ਧਾਰਾ 78, 79 ਤੇ ਫਿਰ 80 ਆਪਣਾ ਦਖਲ ਪੀਢਾ ਤੇ ਭਾਰੂ ਕਰ ਲਿਆ ਜਦ ਕਿ ਹੋਰ ਰਾਜਾਂ ਖਾਸ ਕਰਕੇ ਬਿਹਾਰ-ਝਾਰਖੰਡ, ਮੱਧ ਪ੍ਰਦੇਸ਼-ਛੱਤੀਸਗੜ੍ਹ, ਆਂਧਰਾ ਪ੍ਰਦੇਸ਼-ਤੇਲੰਗਾਨਾ, ਉੱਤਰ ਪ੍ਰਦੇਸ਼-ਉੱਤਰਾਖੰਡ ਦੇ ਪੁਨਰਗਠਨ ਨਿਯਮਾਂ ਅਨੁਸਾਰ ਇਹ ਹੱਕ ਤੇ ਅਧਿਕਾਰ ਸੰਬੰਧਿਤ ਰਾਜਾਂ ਦੇ ਹਨ, ਕੇਂਦਰ ਦੇ ਨਹੀਂ।

**ਅਸੀਂ ਕਿੱਥੇ ਖੁੰਝੇ:** ਦਰਅਸਲ ਪੰਜਾਬੀ ਸੂਬਾ ਭਾਸ਼ਾ ਜਾਂ ਕੁਦਰਤੀ ਨਿਆਂ/ਕੌਮਾਂ ਦੀ ਹਕੀਕੀ ਵਿਆਖਿਆ ਦੇ ਆਧਾਰ 'ਤੇ ਨਹੀਂ, ਸਗੋਂ ਅਕਾਲੀਆਂ ਦੀ ਮੰਗ (ਰਾਜ ਕਰਨ ਦੀ ਲਾਲਸਾ) ਅੱਗੇ ਝੁਕਦਿਆਂ ਬਣਿਆ ਸੀ, ਜੇ ਅਕਾਲੀ ਉਦੋਂ ਹੀ ਪਾਣੀਆਂ ਦੀ ਘੁਣਤਰੀ ਵੰਡ ਦਾ ਵਿਰੋਧ ਕਰ ਦਿੰਦੇ ਤਾਂ ਅੱਜ ਇਹ ਨੌਬਤ ਨਾ ਆਉਂਦੀ। ਦੂਜਾ ਜੇਕਰ ਕਾਂਗਰਸ ਪੰਜਾਬ ਵਿਰੋਧੀ-ਨਿਯਮਾਂ/ ਕਾਨੂੰਨਾਂ/ਵੰਡਾਂ ਖ਼ਿਲਾਫ਼ ਸੁਪਰੀਮ ਕੋਰਟ 'ਚੋਂ ਜਿੱਤੇ ਜਾ ਸਕਣ ਵਾਲੇ ਕੇਸ ਵਾਪਸ ਨਾ ਲੈਂਦੀ। ਇਸ ਮਗਰੋਂ ਅਕਾਲੀਆਂ ਜਾਂ ਕਾਂਗਰਸ ਨੇ ਪੰਜਾਬ ਦੇ ਲੋਕਾਂ ਨੂੰ ਨਾਲ ਲੈ ਕੇ ਕੁਝ ਨਹੀਂ ਕੀਤਾ ਜੋ ਉਹ ਕਰ ਸਕਦੇ ਸਨ। ਕੀ ਹੁਣ ਰਾਜ ਸਰਕਾਰ ਜਾਂ ਸਿਆਸੀ ਜਥੇਬੰਦੀਆਂ ਵਲੋਂ ਕੁਝ ਵੀ ਨਹੀਂ ਕੀਤਾ ਜਾ ਸਕਦਾ? ਜੇ ਦ੍ਰਿੜ੍ਹ ਸਿਆਸੀ ਇੱਛਾ ਸ਼ਕਤੀ ਹੋਵੇ ਤਾਂ ਜ਼ਰੂਰ ਕੀਤਾ ਜਾ ਸਕਦਾ ਹੈ, ਪਰ ਇਸ ਲਈ ਲੋਕਪੱਖੀ ਸਿਆਸਤਦਾਨਾਂ/ਤਨਜ਼ੀਮਾਂ ਦਾ ਹੋਣਾ ਮੁੱਢਲੀ ਸ਼ਰਤ ਹੈ।

# ਪੰਜਾਬ ਵਿਧਾਨ ਸਭਾ ਚੋਣਾਂ-2027: ਜਿੱਤਣਗੀਆਂ ਪਾਰਟੀਆਂ ਪਰ ਹਾਰੇਗਾ ਪੰਜਾਬ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਨੇ ਦਸਤਕ ਦੇ ਦਿੱਤੀ ਹੈ ਤੇ ਪੰਜਾਬ ਚੋਣਾਂ ਦੇ ਪਿੜ ਵਿਚ ਉਤਰਨ ਵਾਲੀਆਂ ਸਮੂਹ ਸਿਆਸੀ ਪਾਰਟੀਆਂ ਨੇ ਆਪੋ ਆਪਣੇ ਢੰਗ-ਤਰੀਕਿਆਂ ਨਾਲ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਜਿੱਥੇ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਧੂਰੀ ਤੋਂ ਘਰ-ਘਰ ਜਾ ਕੇ ਵੋਟਰਾਂ ਨਾਲ ਸੰਪਰਕ ਸਾਧਣ ਦੀ ਕਵਾਇਦ ਅਰੰਭ ਕਰ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਪੰਜਾਬ ਚੋਣਾਂ 'ਚ ਵੱਡੀ ਜਿੱਤ ਦੇ ਦਾਅਵੇ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੇ ਪੰਜਾਬ 'ਚ ਫੈਲੇ ਨਸ਼ਿਆਂ ਨੂੰ ਨਿਸ਼ਾਨਾ

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਬਣਾਉਂਦਿਆਂ ਪੰਜਾਬ ਨੂੰ ਨਸ਼ਾ ਮੁਕਤ ਕਰਾਉਣ ਦੇ ਵਾਅਦੇ ਨਾਲ ਵਿਸ਼ੇਸ਼ ਯਾਤਰਾ ਵੀ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਪਾਰਟੀ ਨੇ ਭੂਪੇਸ਼ ਵਘੇਲ ਦੀ ਥਾਂ ਸਚਿਨ ਪਾਇਲਟ ਦੀ ਨਿਯੁਕਤੀ ਕਰਕੇ ਖਿੰਡੀ ਹੋਈ ਕਾਂਗਰਸ ਨੂੰ ਇਕੱਠਾ ਕਰਨ ਦਾ ਕਠਿਨ ਕੰਮ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਕਰਾਰੀ ਹਾਰ ਦੇ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਜਾ ਸਕੇ। ਸ੍ਰੋਮਣੀ ਅਕਾਲੀ ਦਲ ਅਤੇ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਵੀ ਰੈਲੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ ਤੇ ਜੇਲ੍ਹ 'ਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਵੀ ਆਪਣਾ ਕੁਨਬਾ ਤੇ ਦਾਇਰਾ ਵੱਡਾ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹੈ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਪੰਜਾਬ ਵਿਚ ਗਰਮੀ ਦਾ ਮੌਸਮ ਭਾਵੇਂ ਖ਼ਤਮ ਹੋਣ ਜਾ ਰਿਹਾ ਹੈ ਪਰ ਚੋਣਾਂ ਦੇ ਮਾਹੌਲ ਵਾਲੀ ਗਰਮੀ ਹੌਲੀ-ਹੌਲੀ ਜ਼ੋਰ ਫੜ੍ਹਨ ਲਗ ਪਈ ਹੈ।

ਇਥੇ ਬੜੇ ਹੀ ਦੁੱਖ ਨਾਲ ਕਹਿਣਾ ਬਣਦਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਚਾਹੇ ਕੋਈ ਇਕ ਪਾਰਟੀ ਬਹੁਮਤ ਨਾਲ ਜਿੱਤੇ ਜਾਂ ਫਿਰ ਕੋਈ ਗਠਜੋੜ ਜਿੱਤੇ ਪਰ ਪੰਜਾਬ ਦੀ ਹਾਰ ਤਾਂ ਸਪੱਸ਼ਟ ਨਜ਼ਰ ਆਉਂਦੀ ਹੈ। ਇਥੇ 'ਪੰਜਾਬ ਦੀ ਹਾਰ' ਤੋਂ ਭਾਵ ਹੈ ਕਿ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਗ਼ਲਤ ਆਰਥਿਕ ਨੀਤੀਆਂ ਕਰਕੇ ਜਿਸ ਤਰੀਕੇ ਨਾਲ ਬੀਤੇ ਕੁਝ ਵਰ੍ਹਿਆਂ ਤੋਂ ਪੰਜਾਬ ਲਗਾਤਾਰ ਕਰਜ਼ੇ ਦੀ ਦਲਦਲ ਵਿਚ ਧਸਦਾ ਜਾ ਰਿਹਾ ਹੈ ਤੇ ਪੰਜਾਬ ਦੀ ਨਿਰਾਸ਼ ਅਤੇ ਦਿਸ਼ਾਹੀਣ ਜਵਾਨੀ ਜਿਸ ਤਰ੍ਹਾਂ ਨਸ਼ਿਆਂ ਅਤੇ ਅਪਰਾਧਾਂ ਦੇ ਲੜ ਲੱਗ ਰਹੀ ਹੈ, ਇਨ੍ਹਾ ਦੋਵਾਂ ਕਿਸਮਾਂ ਦੀ ਬਰਬਾਦੀ ਨੂੰ ਲਗਾਮ ਲੱਗਣ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ ਹੈ ਤੇ ਪੰਜਾਬ ਫਿਰ ਤੋਂ ਹਾਰ ਦੇ ਰਸਤੇ 'ਤੇ ਅੱਗੇ ਵਧ ਜਾਏਗਾ।

ਪੰਜਾਬ ਦੇ ਹਿੱਤਾਂ ਦੀ ਥਾਂ ਕੇਵਲ ਤੇ ਕੇਵਲ ਆਪਣੀਆਂ ਸਰਕਾਰਾਂ ਕਾਇਮ ਕਰਨ ਦੀ ਖ਼ਾਤਿਰ ਨੂੰ ਪਹਿਲ ਦੇਣ ਵਾਲੀਆਂ ਸਮੂਹ ਸਿਆਸੀ ਪਾਰਟੀਆਂ ਨੇ ਆਪਣੀਆਂ ਲੋਕ-ਲੁਭਾਊ ਨੀਤੀਆਂ ਨਾਲ ਪੰਜਾਬ ਦੀ ਆਰਥਿਕ ਪੱਖੋਂ ਕੀ ਦੁਰਗਤਿ ਬਣਾਈ ਹੈ, ਆ'' ਜ਼ਰਾ ਵਿਸ਼ਲੇਸ਼ਣ ਕਰੀਏ। ਸੰਨ 2002 ਵਿਚ ਪੰਜਾਬ ਦੀ ਸੱਤਾ ਜਦੋਂ ਕਾਂਗਰਸ ਪਾਰਟੀ ਦੇ ਹੱਥਾਂ ਵਿਚ ਆਈ ਸੀ ਤਾਂ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦੀ ਰਾਸ਼ੀ 36, 854 ਕਰੋੜ ਰੁਪਏ ਸੀ ਜਦੋਂ ਕਿ ਸੰਨ 2007 ਵਿਚ ਜਦੋਂ ਸੱਤਾ ਦੀ ਕਮਾਨ ਕਾਂਗਰਸ ਤੋਂ ਸ੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਜੋੜ ਦੇ ਹੱਥ ਆਈ ਤਾਂ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਰਾਸ਼ੀ 51,155 ਕਰੋੜ ਰੁਪਏ ਹੋ ਚੁੱਕੀ ਸੀ ਹੈਰਾਨੀ ਦੀ ਗੱਲ ਸੀ ਕਿ ਪੰਜਾਬ ਸਰਕਾਰ ਨੇ ਕੇਵਲ ਵਿੱਤੀ ਸਾਲ 2007-08 ਦੌਰਾਨ ਹੀ 10,698 ਕਰੋੜ ਰੁਪਏ ਦਾ ਕਰਜ਼ਾ ਚੁੱਕ ਲਿਆ ਸੀ। 2012 ਵਿਚ ਪੰਜਾਬ ਦੇ ਲੋਕਾਂ ਨੇ ਸ੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਨੂੰ ਮੁੜ ਫ਼ਤਵਾ ਦੇ ਕੇ ਜਦੋਂ ਸੱਤਾ ਵਿਚ ਲਿਆਂਦਾ ਤਾਂ ਪੰਜਾਬ ਦੇ ਸਿਰ ਚੜ੍ਹਿਆ ਕਰਜ਼ਾ 82,000 ਕਰੋੜ ਰੁਪਏ ਹੋ ਚੁੱਕਾ ਸੀ। ਸਾਲ 2017 ਵਿਚ ਜਦੋਂ ਪੰਜਾਬ ਵਿਚ ਕਾਂਗਰਸ ਨੇ ਆਪਣੀ ਸਰਕਾਰ ਬਣਾਈ ਸੀ ਤਾਂ ਪੰਜਾਬੀਆਂ ਦੇ ਸਿਰ ਪਈ ਕਰਜ਼ੇ ਦੀ ਪੰਡ 2 ਲੱਖ ਕਰੋੜ ਰੁਪਏ ਦੀ ਹੋ ਗਈ ਸੀ। ਸੰਨ 2022 ਦੀਆਂ ਚੋਣਾਂ ਵਿਚ ਪੰਜਾਬ ਦੀ ਜਨਤਾ ਨੇ ਰਵਾਇਤੀ ਪਾਰਟੀਆਂ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਹੋਇਆਂ ਆਮ ਆਦਮੀ ਪਾਰਟੀ ਨੂੰ ਕੁੱਲ 117 ਸੀਟਾਂ ਵਿਚੋਂ 92 ਸੀਟਾਂ ਦੀ ਵੱਡੀ ਲੀਡ ਦੇ ਕੇ ਸੱਤਾ ਦੇ ਤਖ਼ਤ 'ਤੇ ਬਿਠਾਇਆ ਸੀ ਤਾਂ ਪੰਜਾਬ ਦਾ ਕਰਜ਼ਾ 3 ਲੱਖ ਕਰੋੜ ਦੇ ਕਰੀਬ ਪੁੱਜ ਚੁੱਕਾ ਸੀ ਜੋ ਕਿ ਪੰਜਾਬ ਦੇ ਜੀ.ਡੀ.ਪੀ.(ਕੁੱਲ ਘਰੇਲੂ ਉਤਪਾਦ) ਦੇ 45 ਫ਼ੀਸਦੀ ਤੋਂ ਵੱਧ ਹੋ ਚੁੱਕਾ ਸੀ ਹੁਣ ਸਾਲ 2026 ਦੌਰਾਨ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਰਕਮ 4.13 ਲੱਖ ਕਰੋੜ ਤੋਂ ਵਧ ਚੁੱਕੀ ਹੈ, ਤੇ ਅੰਦਾਜ਼ਾ ਹੈ ਕਿ ਮਾਰਚ, 2027 ਤੱਕ ਇਹ ਰਕਮ 4.47 ਲੱਖ ਕਰੋੜ ਦੇ ਡਰਾਉਣੇ ਅੰਕੜੇ ਨੂੰ ਛੂਹ ਲਵੇਗੀ। ਪੰਜਾਬ ਕਰਜ਼ੇ ਦੀ ਦਲਦਲ ਵਿਚ ਲਗਾਤਾਰ ਗਰਕਦਾ ਜਾ ਰਿਹਾ ਹੈ ਤੇ ਪੰਜਾਬ ਦੀ ਬਦਤਰ ਹਾਲਤ ਤੋਂ ਬੇਪਰਵਾਹ ਸੱਤਾ ਦੀ ਕੁਰਸੀ 'ਤੇ ਬਿਰਾਜਮਾਨ ਸਿਆਸੀ ਦਲ, ਪੰਜਾਬ ਦੀ ਆਮਦਨ ਵਧਾਉਣ ਅਤੇ ਕਰਜ਼ੇ ਦੀ ਪੰਡ ਹੌਲੀ ਕਰਨ ਦੀ ਥਾਂ ਅੰਨ੍ਹੇਵਾਹ ਕਰਜ਼ਾ ਚੁੱਕੀ ਜਾ ਰਹੇ ਹਨ ਜੋ ਕਿ ਪੰਜਾਬ ਅਤੇ ਪੰਜਾਬੀਆਂ ਦੇ ਸੁਰੱਖਿਅਤ ਭਵਿੱਖ 'ਤੇ ਇਕ ਵੱਡਾ ਪ੍ਰਸ਼ਨ ਚਿੰਨ੍ਹ ਬਣਦਾ ਜਾ ਰਿਹਾ ਹੈ

ਭਾਰਤ ਦੇ ਬਾਕੀ ਸੂਬਿਆਂ ਨਾਲ ਜੇਕਰ ਪੰਜਾਬ ਦੀ ਤੁਲਨਾ ਕੀਤੀ ਜਾਵੇ ਤਾਂ ਕੁਦਰਤੀ ਸਰੋਤਾਂ ਅਤੇ ਮਿਹਨਤਕਸ਼ ਮਨੁੱਖੀ ਵੱਸੋਂ ਦੇ ਚਲਦਿਆਂ ਪੰਜਾਬ ਦੇ ਲੋਕਾਂ ਨੇ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫਤ ਬੱਸ ਸਫ਼ਰ, ਮੁਫ਼ਤ ਅਨਾਜ ਜਾਂ ਮੁਫ਼ਤ ਵਿਚ ਨਕਦ ਰਾਸ਼ੀ ਆਪਣੇ ਬੈਂਕ ਖਾਤਿਆਂ ਵਿਚ ਪ੍ਰਾਪਤ ਕਰਨ ਲਈ ਕਦੇ ਵੀ ਕੋਈ ਸੰਘਰਸ਼ ਨਹੀਂ ਵਿੱਢਿਆ ਤੇ ਨਾ ਹੀ ਕਦੇ ਕੋਈ ਅੰਦੋਲਨ ਖੜ੍ਹਾ ਕੀਤਾ ਹੈ, ਪਰ ਫਿਰ ਵੀ ਸਾਡੀਆਂ ਸਿਆਸੀ ਪਾਰਟੀਆਂ ਨੇ ਆਪਣੇ ਨਿਜੀ ਮੁਫ਼ਾਦਾਂ ਦੀ ਵੇਦੀ 'ਤੇ ਪੰਜਾਬ ਨੂੰ ਕੁਰਬਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਹੈ, ਤੇ 'ਲੋਕ ਭਲਾਈ' ਦੇ ਨਾਂ 'ਤੇ ਗ਼ੈਰ-ਲੋੜੀਂਦੀਆਂ ਸਕੀਮਾਂ ਲਿਆ ਕੇ ਪੰਜਾਬ ਦੀ ਆਰਥਿਕਤਾ ਦਾ ਲਗਾਤਾਰ ਭੱਠਾ ਬਿਠਾਇਆ ਹੈ। ਪੰਜਾਬ ਦੀ ਬਰਬਾਦੀ ਦੀ ਲਹਿਰ ਨੂੰ ਰੋਕਣ ਦੀ ਕੋਸ਼ਿਸ਼ ਕਿਸੇ ਸਿਆਸੀ ਦਲ ਨੇ ਅਜੇ ਤੱਕ ਨਹੀਂ ਕੀਤੀ। ਸਿੱਟੇ ਵਜੋਂ ਪੰਜਾਬ ਬੜੇ ਹੀ ਗੰਭੀਰ ਆਰਥਿਕ ਸੰਕਟ ਵਿਚ ਬੁਰੀ ਤਰ੍ਹਾਂ ਫ਼ਸ ਚੁੱਕਾ ਹੈ ਸਾਲ 2007-08 ਵਿਚ ਪੰਜਾਬ ਦਾ ਸਬਸਿਡੀਆਂ ਦਾ ਖ਼ਰਚ 2848 ਕਰੋੜ ਰੁਪਏ ਸੀ, ਜਿਸ ਵਿਚ ਖੇਤੀ ਖੇਤਰ ਨੂੰ ਮਿਲਣ ਵਾਲੀ ਮੁਫ਼ਤ ਬਿਜਲੀ ਦੀ ਸਬਸਿਡੀ ਦੇ 2284 ਕਰੋੜ ਰੁਪਏ ਸ਼ਾਮਿਲ ਸਨ। ਅਗਲੀ ਸਰਕਾਰ ਵੇਲੇ ਸਾਲ 2012-13 ਦੌਰਾਨ ਬਿਜਲੀ ਖੇਤਰ ਦੀ ਸਬਸਿਡੀ ਦਾ ਖ਼ਰਚਾ 5059 ਕਰੋੜ ਰੁਪਏ ਹੋ ਗਿਆ ਸੀ, ਜਿਸ ਵਿਚ ਖੇਤੀ ਖੇਤਰ ਦੀ ਸਬਸਿਡੀ ਦੀ ਰਾਸ਼ੀ 4787 ਕਰੋੜ ਰੁਪਏ ਸੀ। ਇਸਦੇ ਨਾਲ ਹੀ ਰਸਾਇਣਕ ਖਾਦਾਂ ਦੀ ਸਬਸਿਡੀ ਦਾ ਖ਼ਰਚਾ 7022 ਕਰੋੜ ਰੁਪਏ ਵੀ ਹੋਇਆ ਸੀ। ਸਾਲ 2017-18 ਵਿਚ ਸਬਸਿਡੀ ਦੀ ਰਾਸ਼ੀ 10 ਹਜ਼ਾਰ ਕਰੋੜ ਦੇ ਕਰੀਬ ਜਾ ਪੁੱਜੀ ਸੀ ਤੇ ਸਾਲ 2022-23 ਦੌਰਾਨ ਇਹ ਰਕਮ 20,200 ਕਰੋੜ ਰੁਪਏ ਬਣ ਗਈ ਸੀ। ਪੰਜਾਬ ਦੀ ਵਰਤਮਾਨ ਸਰਕਾਰ ਵੱਲੋਂ ਜਾਰੀ ਸਬਸਿਡੀਆਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ 'ਲੋਕਾਂ ਨੂੰ ਖ਼ੁਸ਼ ਕਰਨ' ਲਈ ਇਸ ਸਰਕਾਰ ਨੇ 15,550 ਕਰੋੜ ਦੀ ਸਬਸਿਡੀ ਕੇਵਲ ਬਿਜਲੀ ਖੇਤਰ ਵਿਚ ਹੀ ਪ੍ਰਦਾਨ ਕਰ ਦਿੱਤੀ, ਜਿਸ ਦਾ ਲਾਭ ਘਰੇਲੂ, ਖੇਤੀ ਅਤੇ ਉਦਯੋਗਿਕ ਖੇਤਰ ਆਦਿ ਤਿੰਨਾਂ ਨੂੰ ਹੀ ਮਿਲਿਆ ਸੀ। ਔਰਤਾਂ ਦੇ ਮੁਫ਼ਤ ਬੱਸ ਸਫ਼ਰ 'ਤੇ ਸਰਕਾਰ ਨੇ ਸਾਲ 2022 ਤੋਂ 2026 ਤੱਕ ਲਗਪਗ 2042 ਕਰੋੜ ਰੁਪਏ ਖ਼ਰਚ ਦਿੱਤੇ ਸਨ, ਜਦੋਂ ਕਿ 'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਰਾਖਵੇਂ ਰੱਖੇ ਗਏ 9300 ਕਰੋੜ ਰੁਪਏ ਵਿਚੋਂ ਅਗਸਤ, 2026 ਤੱਕ 68 ਲੱਖ ਤੋਂ ਵੀ ਵੱਧ ਔਰਤਾਂ ਦੇ ਖ਼ਾਤਿਆਂ ਵਿਚ 2381 ਕਰੋੜ ਰੁਪਏ ਪਾਏ ਜਾ ਚੁੱਕੇ ਸਨ। ਆਰਥਿਕ ਮਾਹਿਰਾਂ ਅਨੁਸਾਰ ਸਾਲ 2030-31 ਤੱਕ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦੀ ਕੁੱਲ ਰਾਸ਼ੀ ਪੰਜਾਬ ਦੇ ਜੀ.ਡੀ.ਪੀ. ਦਾ 62 ਫ਼ੀਸਦੀ ਬਣ ਜਾਵੇਗੀ ਜੋ ਕਿ ਪੰਜਾਬ ਦੀ ਬਦ ਤੋਂ ਵੀ ਬਦਤਰ ਹਾਲਤ ਦਾ ਸਬੂਤ ਹੋਵੇਗੀ।

ਸਾਲ 2026-27 ਦੌਰਾਨ ਪੰਜਾਬ ਦੀ ਕੁੱਲ ਆਮਦਨੀ 1.26 ਲੱਖ ਕਰੋੜ ਰੁਪਏ ਹੈ, ਜਿਸ ਵਿਚੋਂ 1.15 ਲੱਖ ਰੁਪਏ ਤਨਖ਼ਾਹਾਂ, ਪੈਨਸ਼ਨਾਂ ਅਤੇ ਕਰਜ਼ੇ ਦੀਆਂ ਵਿਆਜ ਸਮੇਤ ਕਿਸ਼ਤਾਂ ਅਦਾ ਕਰਨ ਵਿਚ ਖ਼ਰਚ ਹੋਣੇ ਹਨ। ਹੁਣ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਕਮਰਕੱਸੇ ਕਰਦੀਆਂ ਸਿਆਸੀ ਪਾਰਟੀਆਂ ਪੰਜਾਬ ਦੀ ਮਾੜੀ ਆਰਥਿਕ ਸਥਿਤੀ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕਰਦਿਆਂ ਹੋਇਆਂ ਇਕ ਦੂਜੀ ਤੋਂ ਵਧ-ਚੜ੍ਹ ਕੇ 'ਖ਼ੈਰਾਤਾਂ' ਦੇਣ ਦੇ ਮਨਸੂਬੇ ਘੜ ਰਹੀਆਂ ਹਨ ਤੇ ਪੂਰੀ ਤਰ੍ਹਾਂ 'ਲੋਕ ਲੁਭਾਊ' ਅਤੇ 'ਪੰਜਾਬ ਡੁਬਾਊ' ਮੈਨੀਫੈਸਟੋ ਤਿਆਰ ਕਰ ਰਹੀਆਂ ਹਨ। ਦਰਅਸਲ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਸੂਝਵਾਨ ਲੋਕ ਅਤੇ ਖ਼ਾਸ ਕਰਕੇ ਨੌਜਵਾਨ 'ਜਾਗ ਪੈਣ' ਅਤੇ 'ਖ਼ੈਰਾਤਾਂ' ਦੀ ਥਾਂ 'ਹਰ ਹੱਥ ਲਈ ਰੁਜ਼ਗਾਰ' ਮੰਗਣ। ਯਾਦ ਰਹੇ ਕਿ ਪੰਜਾਬੀ ਲੋਕ 'ਮਿਹਨਤੀ' ਹਨ, 'ਮੰਗਤੇ' ਨਹੀਂ। ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਲਈ ਰੁਜ਼ਗਾਰ ਅਤੇ ਆਮਦਨ ਦੇ ਸਰੋਤ ਪੈਦਾ ਕੀਤੇ ਜਾਣ ਅਤੇ ਖ਼ਰਚੇ ਘਟਾ ਕੇ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦੀ ਪੰਡ ਹੌਲੀ ਕੀਤੀ ਜਾਵੇ। ਅਰਥ ਸ਼ਾਸਤਰ ਦੇ ਨਿਯਮਾਂ ਅਨੁਸਾਰ ਰੁਜ਼ਗਾਰ ਤੋਂ ਮਿਲੀ ਆਮਦਨੀ ਬਜ਼ਾਰ ਵਿਚ ਵਸਤੂਆਂ ਦੀ ਮੰਗ ਪੈਦਾ ਕਰਦੀ ਹੈ ਤੇ ਵਸਤੂਆਂ ਦੀ ਮੰਗ ਅੱਗਿਉਂ ਹੋਰ ਰੁਜ਼ਗਾਰ ਪੈਦਾ ਕਰਦੀ ਹੈ, ਤੇ ਇੰਜ ਆਰਥਿਕ ਖ਼ੁਸ਼ਹਾਲੀ ਦਾ ਵਿਕਾਸ ਚੱਕਰ ਚੱਲ ਪੈਂਦਾ ਹੈ, ਜਿਸ ਨਾਲ ਸਮਾਜ ਦੀ ਹਰੇਕ ਧਿਰ ਦਾ ਫ਼ਾਇਦਾ ਹੁੰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਸਮੂਹ ਸਿਆਸੀ ਦਲ ਨਿਜੀ ਮੁਫ਼ਾਦਾਂ ਦੀ ਥਾਂ ਪੰਜਾਬ ਅਤੇ ਪੰਜਾਬੀਆਂ ਦੀ ਬਿਹਤਰੀ ਲਈ ਸਿਰ ਜੋੜ ਕੇ ਸੋਚਣ ਅਤੇ ਪੰਜਾਬ ਨੂੰ ਬਰਬਾਦੀ ਦੀ ਥਾਂ ਖ਼ੁਸ਼ਹਾਲੀ ਦੇ ਰਾਹ 'ਤੇ ਤੋਰਨ।

# ਫਿਲਮ ਲੋਕ

## ਅਮਿਤਾਭ ਬੱਚਨ ਅਜੇ ਵੀ ਹੈ 'ਐਂਗਰੀ ਯੰਗ ਮੈਨ'

ਟੀ.ਐਨ.ਅਸ਼ੋਕ



ਅਮਿਤਾਭ ਬੱਚਨ ਦਾ ਤਾਜ਼ਾ 'ਰਿਟਾਇਰਮੈਂਟ' ਐਪੀਸੋਡ ਉਸ ਦੀ ਸ਼ੈਲੀ ਵਰਗਾ ਹੈ: ਥੋੜ੍ਹੀ ਅਸਪੱਸ਼ਟਤਾ ਭਰੇ ਸ਼ਬਦ, ਮੀਡੀਆ 'ਚ ਤੂਫਾਨ ਉੱਠਣ 'ਤੇ 83 ਸਾਲਾ ਸਟਾਰ ਦਾ ਵਾਪਸ ਆ ਕੇ ਸਮਝਾਉਣਾ ਕਿ ਰਿਟਾਇਰਮੈਂਟ ਤੋਂ ਉਸ ਦਾ ਮਤਲਬ ਸੌਣ ਤੋਂ ਸੀ। ਉਹ ਸ਼ਰਾਰਤ ਭਰੇ ਅੰਦਾਜ਼ 'ਚ ਸਪੱਸ਼ਟ ਕਰਦਾ ਹੈ ਕਿ ਉਹ ਰਾਤ ਲਈ ਸੰਨਿਆਸ ਲੈਣ ਦਾ ਹਵਾਲਾ ਦੇ ਰਿਹਾ ਸੀ, ਕੰਮ ਤੋਂ ਸੰਨਿਆਸ ਨਹੀਂ ਲੈ ਰਿਹਾ। ਪ੍ਰਸਿੱਧੀ ਦੇ ਸਿਖਰ 'ਤੇ ਬੈਠੇ ਬੱਚਨ ਦੀ ਗਲਤਫਹਿਮੀ ਪੈਦਾ ਕਰਨ ਵਾਲੀ ਟਿੱਪਣੀ ਵੀ ਖਬਰ ਬਣ ਜਾਂਦੀ ਹੈ। ਕੁਝ ਅਦਾਕਾਰਾਂ ਦਾ ਕਰੀਅਰ ਲੰਬਾ ਹੁੰਦਾ ਹੈ ਤੇ ਕਈ ਅਦਾਕਾਰ ਸਟਾਰ ਬਣ ਜਾਂਦੇ ਹਨ, ਪਰ ਕੁਝ ਅਦਾਕਾਰ ਸੰਸਥਾਵਾਂ ਬਣ ਜਾਂਦੇ ਹਨ। ਅਮਿਤਾਭ ਬੱਚਨ ਤੀਜੀ ਸ਼੍ਰੇਣੀ ਨਾਲ ਸੰਬੰਧਿਤ ਹਨ। ਉਸ ਨੇ ਹਿੰਦੀ ਫਿਲਮਾਂ 'ਚ ਰਾਜੇਸ਼ ਖੰਨਾ ਜਿਹੇ ਨਾਇਕਾਂ ਦੀ ਰੋਮਾਂਟਿਕ, ਨੱਚਣ-ਗਾਉਣ ਵਾਲੇ ਪ੍ਰੇਮੀ ਦੀ ਇਮੇਜ ਨੂੰ ਗੰਭੀਰ, ਗੁਸੈਲ ਤੇ ਸਰੀਰਕ ਤੌਰ 'ਤੇ ਰੋਹਬਦਾਰ ਕ ਸ਼ਖ਼ਸੀਅਤ ਵਿਚ ਬਦਲ ਕੇ ਬਾਲੀਵੁੱਡ ਵਿਚ ਇਕ ਅਸਾਧਾਰਨ ਸਥਾਨ 'ਤੇ ਕਬਜ਼ਾ ਕੀਤਾ ਹੈ। ਉਹ ਸਿਰਫ਼ ਇਕ ਅਦਾਕਾਰ ਨਹੀਂ ਹੈ, ਜਿਸ ਨੇ ਆਪਣੇ ਨੌਵੇਂ ਦਹਾਕੇ ਵਿਚ ਵੀ ਕੰਮ ਕਰਨਾ ਜਾਰੀ ਰੱਖਿਆ ਹੈ। ਉਹ ਅਜਿਹੀ ਸੱਭਿਆਚਾਰਕ ਪਛਾਣ ਬਣ ਚੁੱਕਾ ਹੈ, ਜਿਸ ਦੀ ਆਵਾਜ਼, ਚਿਹਰਾ ਤੇ ਨਾਂਅ ਸਿਨੇਮਾ ਤੋਂ ਕਿਤੇ ਅੱਗੇ ਲੰਘ ਚੁੱਕਾ ਹੈ। ਉਸ ਦੀ ਅਚਾਨਕ ਸੇਵਾਮੁਕਤੀ ਦੇ ਐਲਾਨ ਨੇ ਉਸ ਦੀ ਹਸਤੀ ਤੇ ਹੈਸੀਅਤ ਦਾ ਪ੍ਰਦਰਸ਼ਨ ਕੀਤਾ ਹੈ। ਦਰਅਸਲ ਅਮਿਤਾਭ ਦਾ ਪੇਸ਼ੇਵਰ ਜੀਵਨ ਇੰਨਾ ਸਰਗਰਮ ਹੈ ਕਿ ਸੇਵਾਮੁਕਤੀ ਇਕ ਸੰਖੇਪ ਸਵਾਲ ਨਹੀਂ ਹੈ। ਉਹ ਫਿਲਮਾਂ- ਸੈਕਸ਼ਨ 84 ਤੇ ਕਲਕੀ 2898 ਏਡੀ ਦੇ ਵਿਸਥਾਰ ਤੋਂ ਇਲਾਵਾ ਟੈਲੀਵਿਜ਼ਨ 'ਤੇ 'ਕੌਨ ਬਨੇਗਾ ਕਰੋੜਪਤੀ' ਵਰਗੇ ਪ੍ਰੋਜੈਕਟਾਂ ਨਾਲ ਜੁੜੇ ਹੋਏ ਹਨ। ਦਹਾਕਿਆਂ ਤੋਂ ਐਤਵਾਰ ਨੂੰ ਉਸ ਦੇ ਦਰਸ਼ਨ ਲਈ ਪ੍ਰਸੰਸਕ 'ਜਲਸਾ' ਦੇ ਬਾਹਰ ਇਕੱਠੇ ਹੁੰਦੇ ਹਨ, ਸਟਾਰ ਤੇ ਦਰਸ਼ਕਾਂ ਵਿਚਕਾਰ ਇਹ ਰਿਸ਼ਤਾ ਉਸ ਦੇ ਵਰਤਾਰੇ ਨੂੰ ਸਮਝਣ ਲਈ ਜ਼ਰੂਰੀ ਹੈ।





500 ਰੁਪਏ ਦੀ ਤਨਖਾਹ ਤੋਂ ਲੈ ਕੇ ਬਾਲੀਵੁੱਡ ਰਾਇਲਟੀ ਬਣਨ ਤੱਕ ਦੀ ਕਹਾਣੀ ਬੜੀ ਦਿਲਚਸਪ ਹੈ। ਸੁਪਰਸਟਾਰ ਬਣਨ ਤੋਂ ਪਹਿਲਾਂ ਅਮਿਤਾਭ ਬੱਚਨ ਰੁਜ਼ਗਾਰ ਲੱਭਣ ਵਾਲਾ ਇਕ ਨੌਜਵਾਨ ਬੀ ਸੀ, ਜੋ ਗ੍ਰੈਜੂਏਟ ਹੋਣ ਤੋਂ ਬਾਅਦ ਕਲਕੱਤਾ ਵਿਚ 'ਬਰਡ ਐਂਡ ਕੰਪਨੀ' 'ਚ ਇਕ ਕਾਰਜਕਾਰੀ ਅਧਿਕਾਰੀ ਵਜੋਂ 500 ਰੁਪਏ ਮਹੀਨਾ ਤਨਖਾਹ 'ਤੇ ਕੰਮ ਕਰਦਾ ਹੈ ਅਤੇ ਬਾਅਦ 'ਚ ਉਸ ਨੇ 'ਬਲੈਕਰ ਐਂਡ ਕੰਪਨੀ' 'ਚ ਵੀ ਕੰਮ ਕੀਤਾ।

ਉਸ ਦੇ ਸ਼ੌਕੀਆ ਥੀਏਟਰ ਕਰਨ ਦਾ ਭਵਿੱਖ ਦੇ ਸੁਪਰਸਟਾਰ ਨੂੰ ਅਦਾਕਾਰੀ ਅਨੁਸ਼ਾਸਨ ਤੇ ਆਵਾਜ਼ ਵਿਚ ਵੱਡਾ ਫਾਇਦਾ ਹੋਇਆ ਤੇ ਉਹ ਭਾਰਤ ਦੀਆਂ ਸਭ ਤੋਂ ਵੱਧ ਚਰਚਿਤ ਤੇ ਜਾਣੀਆਂ-ਪਛਾਣੀਆਂ ਆਵਾਜ਼ਾਂ 'ਚੋਂ ਇਕ ਬਣ ਗਿਆ ਹੈ।

ਹਾਲਾਂਕਿ ਆਲ ਇੰਡੀਆ ਰੇਡੀਓ 'ਚ ਪ੍ਰਸਾਰਕ ਬਣਨ ਦੀ ਉਸ ਦੀ ਕੋਸ਼ਿਸ਼ ਸਫਲ ਨਹੀਂ ਹੋ ਸਕੀ ਸੀ। ਅਮਿਤਾਭ ਨੇ 1969 ਵਿਚ 'ਸਾਤ' ਹਿੰਦੁਸਤਾਨੀ' ਫਿਲਮ ਨਾਲ ਆਪਣਾ ਅਦਾਕਾਰੀ ਦਾ ਸਫਰ ਸ਼ੁਰੂ ਕੀਤਾ ਸੀ। ਉਹ ਸੰਘਰਸ਼ਸ਼ੀਲ ਅਦਾਕਾਰ ਤੋਂ ਸਟਾਰ 1973 ਵਿਚ ਆਈ ਪ੍ਰਕਾਸ਼ ਮਹਿਰਾ ਦੀ ਫਿਲਮ 'ਜ਼ੰਜੀਰ' ਨਾਲ ਬਣਿਆ। ਜ਼ੰਜੀਰ 'ਚ ਉਸ ਦੀ 'ਐਂਗਰੀ ਯੰਗ ਮੈਨ' ਦੀ ਭੂਮਿਕਾ ਨੇ ਹਿੰਦੀ ਸਿਨੇਮਾ ਨੂੰ ਬਦਲ ਕੇ ਰੱਖ ਦਿੱਤਾ, ਜੋ ਉਸ ਸਮੇਂ ਤੱਕ ਸੁਪਰਸਟਾਰ ਰਾਜੇਸ਼ ਖੰਨਾ ਦੇ ਰੋਮਾਂਟਿਕ ਹੀਰੋ ਦੇ ਵਰਤਾਰੇ ਨਾਲ ਜੁੜੀ ਹੋਈ ਸੀ।

ਅਮਿਤਾਭ ਦਾ ਇੰਸਪੈਕਟਰ ਵਿਜੇ ਖੰਨਾ ਵਜੋਂ ਗੁੱਸੇ ਵਾਲਾ, ਇਕੱਲਾ ਤੇ ਕੋਈ ਸਮਝੌਤਾ ਨਾ ਕਰਨ ਵਾਲਾ ਕਿਰਦਾਰ ਬਿਲਕੁਲ ਵੱਖਰਾ ਸੀ, ਜੋ ਸਿਸਟਮ ਦਾ ਮੁਕਾਬਲਾ ਕਰਦਾ ਹੈ। ਉਸ ਦੀ ਉੱਚੀ ਕੱਦ ਕਾਠੀ ਤੇ ਸੰਜਮੀ ਹਮਲਾਵਰਤਾ ਨੇ ਹੀਰੋ ਲਈ ਇਕ ਨਵੀਂ ਸਿਨੇਮੈਟਿਕ ਸ਼ਬਦਾਵਲੀ' ਬਣਾ ਦਿੱਤੀ। 1970 ਦੇ ਦਹਾਕੇ ਦਾ ਭਾਰਤ ਰਾਜਨੀਤਕ ਅਸ਼ਾਂਤੀ,ਆਰਥਿਕ ਨਿਰਾਸ਼ਾ, ਬੇਰੁਜ਼ਗਾਰੀ ਤੇ ਸੰਸਥਾਗਤ ਅਵਿਸ਼ਵਾਸ ਨਾਲ ਜੂਝ ਰਿਹਾ ਸੀ। ਬੱਚਨ ਦਾ ਵਿਜੇ ਉਨ੍ਹਾਂ ਨਿਰਾਸ਼ਾਵਾਂ ਦਾ ਜ਼ਰੀਆ ਬਣ ਗਿਆ। ਫਿਰ ਉਸ ਦੀ ਦੀਵਾਰ, ਸ਼ੋਲੇ, ਤ੍ਰਿਸ਼ੂਲ, ਡੌਨ, ਮੁਕੱਦਰ ਕਾ ਸਿਕੰਦਰ, ਅਮਰ ਅਕਬਰ ਐਂਥਨੀ, ਕਾਲਾ ਪੱਥਰ, ਨਮਕ ਹਲਾਲ ਤੇ ਸ਼ਕਤੀ ਜਿਹੀਆਂ ਸੁਪਰ ਹਿੱਟ ਫਿਲਮਾਂ ਬਾਅਦ ਬੱਚਨ 'ਬਿਗ ਬੀ' ਬਣ ਗਏ। 1982 ਵਿਚ 'ਕੁਲੀ' ਦੀ ਸ਼ੂਟਿੰਗ ਦੌਰਾਨ ਜਾਨਲੇਵਾ ਹਾਦਸਾ ਉਸ ਨੂੰ ਮੌਤ ਦੇ ਮੂੰਹ ਨੇੜੇ ਲੈ ਗਿਆ ਸੀ। ਅਮਿਤਾਭ 1980 ਦੇ ਦਹਾਕੇ 'ਚ ਰਾਜਨੀਤੀ ਵਿਚ ਦਾਖਲ ਹੋ ਕੇ ਇਲਾਹਾਬਾਦ ਤੋਂ ਚੋਣ ਜਿੱਤਣ ਬਾਅਦ ਸੰਸਦ ਵਿਚ ਵੀ ਗਏ, ਪਰ ਜਲਦੀ ਸਿਨੇਮਾ ਵੱਲ ਮੁੜ ਆਏ। ਜਦੋਂ ਉਨ੍ਹਾਂ ਦਾ ਵਪਾਰਕ ਉੱਦਮ ਏ.ਬੀ.ਸੀ.ਐਲ. ਗੰਭੀਰ ਵਿੱਤੀ ਮੁਸ਼ਕਿਲਾਂ 'ਚ ਘਿਰ ਗਿਆ ਤਾਂ ਉਨ੍ਹਾਂ ਆਪਣੇ ਆਪ ਨੂੰ ਨਵੇਂ ਸਿਰਿਓਂ ਸਥਾਪਿਤ ਕਰਨ ਲਈ ਵੱਡੇ ਪਰਦੇ ਦੀ ਬਜਾਏ ਟੈਲੀਵਿਜ਼ਨ ਦਾ ਰੁਖ ਕੀਤਾ।

ਜਦੋਂ ਉਹ ਸਾਲ 2000 ਵਿਚ 'ਕੌਨ ਬਨੇਗਾ 'ਕਰੋੜਪਤੀ' ਦੇ ਮੇਜ਼ਬਾਨ ਬਣੇ ਤਾਂ ਫਿਲਮੀ ਸਿਤਾਰੇ ਟੈਲੀਵਿਜ਼ਨ ਨੂੰ ਛੋਟਾ ਮਾਧਿਅਮ ਮੰਨਦੇ ਸਨ, ਪਰ ਬੱਚਨ ਨੇ ਆਪਣੇ ਸਟਾਰਡਮ ਦੇ ਬਲਬੂਤੇ ਇਕ ਹੋਰ ਅਧਿਆਇ ਸਿਰਜ ਦਿੱਤਾ। ਉਸ ਦਾ ਮੇਜ਼ਬਾਨ ਵਜੋਂ ਆਪਣੇ ਅਧਿਕਾਰਪੂਰਨ ਅੰਦਾਜ਼, ਪ੍ਰਤੀਯੋਗੀਆਂ ਨਾਲ ਨਿੱਘੀ ਗੱਲਬਾਤ, ਹਾਸਾ-ਮਜ਼ਾਕ ਤੇ ਹਿੰਦੀ ਤੇ ਅੰਗਰੇਜ਼ੀ 'ਤੇ ਪੂਰੀ ਪਕੜ ਵਾਲੀ ਆਵਾਜ਼ ਨਾਲ ਆਮ ਭਾਰਤੀ ਘਰਾਂ ਵਿਚਕਾਰ ਇਕ ਨਵਾਂ ਰਿਸ਼ਤਾ ਬਣਾ ਲਿਆ। ਜੋ ਸੁਪਰਸਟਾਰ ਕਦੇ ਵੱਡੀਆਂ ਸਿਨੇਮਾ ਸਕਰੀਨਾਂ 'ਤੇ ਦਿਖਾਈ ਦਿੰਦਾ ਸੀ, ਉਹ ਸ਼ਾਮ ਸਮੇਂ ਲੋਕਾਂ ਦੇ ਲਿਵਿੰਗ ਰੂਮਾਂ 'ਚ ਦਾਖਲ ਹੋ ਗਿਆ। ਸ਼ਾਇਦ. ਬੱਚਨ ਦੀ ਸਭ ਤੋਂ ਵੱਡੀ ਪ੍ਰਾਪਤੀ ਉਸ ਦੀ ਵਧਦੀ ਉਮਰ ਹੀ ਰਹੀ ਹੈ। ਉਸ ਨੇ ਬਲੈਕ, ਪਾ, ਪੀਕੂ, ਪਿੰਕ, 102 ਨਾਟ ਆਊਟ ਤੇ ਗੁਲਾਬੋ ਸੀਤਾਬੋ 'ਚ ਆਪਣੇ ਕਿਰਦਾਰਾਂ ਨੂੰ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਅਮਰ ਕਰ ਦਿੱਤਾ ਹੈ। ਉਹ ਸਫਲਤਾਪੂਰਬਕ 60, 70 ਤੇ 80 ਸਾਲ ਵਾਲੀਆਂ ਭੂਮਿਕਾਵਾਂ ਨਿਭਾਅ ਰਿਹਾ ਹੈ।




ਉਸ ਨੇ ਸਰਬੋਤਮ ਅਦਾਕਾਰੀ ਲਈ 4 ਰਾਸ਼ਟਰੀ ਫਿਲਮ ਪੁਰਸਕਾਰ ਜਿੱਤਣ ਤੋਂ ਇਲਾਵਾ ਪਦਮ ਸ੍ਰੀ, ਪਦਮ ਭੂਸ਼ਣ ਤੇ ਪਦਮ ਵਿਭੂਸ਼ਣ ਪ੍ਰਾਪਤ ਕੀਤਾ ਹੈ। ਭਾਰਤ ਸਰਕਾਰ ਨੇ ਉਸ ਨੂੰ 2018 'ਚ 'ਦਾਦਾ ਸਾਹਿਬ ਫਾਲਕੇ' ਪੁਰਸਕਾਰ ਲਈ ਚੁਣਿਆ, ਜੋ ਭਾਰਤੀ ਸਿਨੇਮਾ 'ਚ ਸ਼ਾਨਦਾਰ ਯੋਗਦਾਨ ਦੇਣ ਲਈ ਦੇਸ਼ ਦਾ ਸਭ ਤੋਂ ਵੱਡਾ ਸਨਮਾਨ ਹੈ। ਪਰ ਇਕੱਲੇ ਪੁਰਸਕਾਰ ਉਸ ਦੀਆਂ ਪ੍ਰਾਪਤੀਆਂ ਦੀ ਵਿਆਖਿਆ ਨਹੀਂ ਕਰ ਸਕਦੇ। ਕਿਸੇ ਵੀ ਭਾਰਤੀ ਸ਼ਹਿਰ ਵਿਚ ਘੁੰਮੋ ਤਾਂ ਉਸ ਦਾ ਚਿਹਰਾ ਅਜੇ ਵੀ ਬਿਲਬੋਰਡ 'ਤੇ ਦਿਖਾਈ ਦੇ ਦੇਵੇਗਾ। ਟੈਲੀਵਿਜ਼ਨ ਚਾਲੂ ਕਰੋ ਤਾਂ ਉਸ ਦੀ ਆਵਾਜ਼ ਬੀਮਾ, ਖਪਤਕਾਰ ਉਤਪਾਦ ਜਾਂ ਕਿਸੇ ਹੋਰ ਬ੍ਰਾਂਡ ਨੂੰ ਵੇਚਦੀ ਸੁਣਾਈ ਦੇਵੇਗੀ। ਕੋਈ ਸਟ੍ਰੀਮਿੰਗ ਸੇਵਾ ਖੋਲ੍ਹੋ ਤਾਂ ਉਹ ਇਕ ਅਭਿਨੇਤਾ, ਮੇਜ਼ਬਾਨ ਜਾਂ ਕਹਾਣੀਕਾਰ ਵਜੋਂ ਦਿਖਾਈ ਦੇਵੇਗਾ। ਇਸ਼ਤਿਹਾਰਬਾਜ਼ੀ ਨੇ ਉਸ ਨੂੰ ਇਕ ਫਿਲਮੀ ਸ਼ਖ਼ਸੀਅਤ ਤੋਂ ਵਧ ਕੇ ਇਕ ਰਾਸ਼ਟਰੀ ਬ੍ਰਾਂਡ ਵਿਚ ਬਦਲ ਦਿੱਤਾ ਹੈ। ਉਹ ਦੇਸ਼ ਦੇ ਸਭ ਤੋਂ ਵੱਧ ਪਛਾਣੇ ਜਾਣ ਵਾਲੇ ਚਿਹਰਿਆਂ 'ਚੋਂ ਇਕ ਬਣ ਗਿਆ ਹੈ।





ਉਹ ਕਈ ਪੀੜ੍ਹੀਆਂ ਦੀ ਸਮੂਹਿਕ ਯਾਦਦਾਸ਼ਤ ਦਾ ਹਿੱਸਾ ਬਣ ਚੁੱਕਾ ਹੈ। ਜੋ ਲੋਕ 1970 ਦੇ ਦਹਾਕੇ 'ਚ 'ਜ਼ੰਜੀਰ' ਤੇ 'ਦੀਵਾਰ' ਦੇਖ ਕੇ ਉਸ ਦੇ ਨਾਲ ਵੱਡੇ ਹੋਏ, ਉਹ ਉਨ੍ਹਾਂ ਦੇ ਬੱਚਿਆਂ ਨੂੰ ਕੇ.ਬੀ.ਸੀ. ਰਾਹੀਂ ਮਿਲਿਆ ਤੇ ਉਨ੍ਹਾਂ ਦੇ ਪੋਤੇ-ਪੋਤੀਆਂ ਉਸ ਨੂੰ ਸਟ੍ਰੀਮਿੰਗ ਪਲੇਟਫਾਰਮਾਂ 'ਤੇ ਨਵੀਆਂ ਫਿਲਮਾਂ ਰਾਹੀਂ ਖੋਜ ਰਹੇ ਹਨ। ਬਹੁਤ ਘੱਟ ਭਾਰਤੀ ਕਲਾਕਾਰਾਂ ਨੇ ਉਸ ਵਾਂਗ ਮਾਣ-ਸਨਮਾਨ ਕਮਾਇਆ ਹੈ। ਭਾਰੀ ਬਾਰਿਸ਼ ਦੇ ਬਾਵਜੂਦ ਪ੍ਰਸੰਸਕ ਅਜੇ ਵੀ ਉਸ ਦੇ ਬੰਗਲੇ ਦੇ ਗੇਟ 'ਤੇ ਇਕੱਠੇ ਹੁੰਦੇ ਹਨ, ਸ਼ਾਇਦ ਇਸੇ ਲਈ ਅਮਿਤਾਭ' ਬੱਚਨ ਨੂੰ ਰਿਟਾਇਰਮੈਂਟ ਤੋਂ ਇਨਕਾਰ ਕਰਨਾ ਪਿਆ ਹੈ। ਫਿਲਮੀ ਚਹੇਤਿਆਂ ਦਾ ਐਂਗਰੀ ਯੰਗਮੈਨ ਹੁਣ ਭਾਰਤੀ ਸਿਨੇਮਾ ਦਾ ਇਕ ਬਜ਼ੁਰਗ ਨੇਤਾ ਬਣ ਗਿਆ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 3284 Faith Ct San Jose CA 95127
2. 5405 Farina Ln Fremont CA 94538
3. 32432 Deborah Dr Union City CA 94587
4. 5560 Boscell Commom Ter, Fremont, CA 94538
5. 116 Mahogany Ln Union City CA, 94587
6. 2447 Capri Ct Manteca CA 95337
7. 830 Heaven Court Hayward CA 94544
8. 38573 Farwell Drive Fremont CA 94536
9. 4737 Valencia Way Union City CA 94587
10. 333 Raymundo Dr Woodside, CA 94062
11. 3690 Cowell Rd Concord, CA, 94518
12. 4201 Saturn way Union city CA 94587
13. 6746 Sapphire Street Dublin CA 94568
14. 7722 Curry Dr Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20